Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969 CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 42, October 20, 2012 20451 N Plum Grove Rd. Palatine, IL 60074 Ph:847-359-0746, Fax:847-705-9388

# ਰੁੜ੍ਹੇ ਜਾ ਰਹੇ ਪੰਜਾਬ ਬਾਰੇ ਕੋਈ ਫਿਕਰਮੰਦ ਨਹੀਂ

## ਨਸ਼ਿਆਂ ਬਾਰੇ ਤੋਹਮਤਬਾਜ਼ੀ ਸਿਖਰਾਂ 'ਤੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਾਂਗਰਸ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਵੱਲੋਂ ਪੰਜਾਬ ਦੀ ਨੌਜਵਾਨੀ ਦੇ ਨਸ਼ਿਆਂ 'ਚ ਗਰਕਣ ਬਾਰੇ ਕੀਤੀ ਟਿੱਪਣੀ ਤੋਂ ਬਾਅਦ ਬੇਸ਼ੱਕ ਅਕਾਲੀ ਅਤੇ ਕਾਂਗਰਸੀ ਆਗੂ ਇੱਕ-ਦੂਜੇ 'ਤੇ ਚਿੱਕੜ ਸੁੱਟਣ 'ਚ ਰੁੱਝੇ ਹੋਏ ਹਨ ਪਰ ਇਹ ਮਮਲਾ ਭਖਣ ਨਾਲ ਦਿਲਕੰਬਾਊ ਤੱਥ ਸਾਹਮਣੇ ਆਏ ਹਨ। ਪੰਜਾਬ ਪੁਲਿਸ ਦੇ ਐਕਸ਼ਨ ਪਲਾਨ ਵਿਚ ਮੰਨਿਆ ਗਿਆ ਹੈ ਕਿ ਦਿਹਾਤੀ ਖੇਤਰ ਵਿਚਲੇ 67 ਫੀਸਦੀ ਪਰਿਵਾਰਾਂ ਵਿਚੋਂ ਘੱਟੋ-ਘੱਟ ਇਕ ਜੀਅ ਨਸ਼ੇੜੀ ਬਣ ਚੁੱਕਾ ਹੈ।

ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ ਵੱਲੋਂ ਕਰਵਾਏ ਸਰਵੇਖਣ ਅਨੁਸਾਰ ਮਾਝਾ ਤੇ ਦੁਆਬਾ ਦੇ 65 ਫੀਸਦੀ ਪਰਿਵਾਰਾਂ ਅਤੇ ਮਾਲਵਾ ਦੇ 64 ਫੀਸਦੀ ਪਰਿਵਾਰਾਂ ਵਿਚੋਂ ਘੱਟੋ-ਘੱਟ ਇਕ ਜੀਅ ਨਸ਼ਿਆਂ ਦਾ ਆਦੀ ਹੈ। ਹੋਸਟਲਾਂ ਵਿਚ ਰਹਿੰਦੇ ਵਿਦਿਆਰਥੀ ਨਸ਼ਿਆਂ ਦੇ ਵਧੇਰੇ ਸ਼ਿਕਾਰ ਹੋ ਰਹੇ ਹਨ। ਇਸ ਮਾਮਲੇ ਵਿਚ ਦਿਹਾਤੀ ਜ਼ਿਲ੍ਹਾ ਤਰਨਤਾਰਨ ਅਤੇ ਸ਼ਹਿਰੀ ਜ਼ਿਲ੍ਹਾ ਅੰਮ੍ਰਿਤਸਰ ਸਭ ਤੋਂ ਵੱਧ ਪ੍ਰਭਾਵਿਤ ਹਨ। ਕਾਲਜਾਂ ਵਿਚ ਪੜ੍ਹਦੇ 10 ਵਿਦਿਆਰਥੀਆਂ ਵਿਚੋਂ ਤਕਰੀਬਨ 7 ਨਸ਼ਿਆਂ ਦੇ ਆਦੀ ਹਨ। ਨਸ਼ਿਆਂ ਦਾ ਕਹਿਰ ਇਸ ਹੱਦ ਤੱਕ ਵਧ ਚੁੱਕਾ ਹੈ ਕਿ ਪਿਛਲੇ ਮਹੀਨੇ ਫਿਰੋਜ਼ਪੁਰ ਵਿਚ ਫੌਜ ਦੀ ਭਰਤੀ ਵਿਚ 30,000 ਨੌਜਵਾਨਾਂ ਨੇ ਹਿੱਸਾ ਲਿਆ ਪਰ ਇਨ੍ਹਾਂ ਵਿਚੋਂ ਸਿਰਫ 1619 ਹੀ ਸਰੀਰਕ ਟੈਸਟ ਪਾਸ ਕਰ ਸਕੇ।

ਉਂਜ ਇਹ ਸਾਰੇ ਅੰਕੜੇ ਸਰਕਾਰੀ ਹਨ ਜਿਹੜੇ ਪੂਰੀ ਅਸਲੀਅਤ ਨਹੀਂ ਬਿਆਨਦੇ।

*(ਬਾਕੀ ਸਫਾ 6 'ਤੇ)*




*ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਸੈਕਰਾਮੈਂਟੋ ਵੱਲੋਂ ਕਰਵਾਏ ਗਏ ਗਦਰੀ ਬਾਬਿਆਂ ਦੇ ਮੇਲੇ ਦਾ ਗੁਬਾਰੇ ਛੱਡ ਕੇ ਰਸਮੀ ਉਦਘਾਟਨ ਕਰਦੇ ਹੋਏ ਮੁਅਜਜ਼ ਮਹਿਮਾਨ (ਵਿਸਤ੍ਰਿਤ ਰਿਪੋਰਟ ਅਗਲੇ ਅੰਕ 'ਚ)*

## ਸ਼ਹੀਦੀ ਯਾਦਗਾਰ ਬਾਰੇ ਸਿਆਸੀ ਘਮਾਸਾਣ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਗਾਮੀ ਲੋਕ ਸਭਾ ਚੋਣਾਂ ਲਈ ਪਿੜ ਤਿਆਰ ਹੋਣ ਦੇ ਨਾਲ-ਨਾਲ ਵੱਖ-ਵੱਖ ਧਿਰਾਂ ਵੱਲੋਂ ਵੱਖ-ਵੱਖ ਮੁੱਦੇ ਉਭਾਰੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਵੰਗਾਰਨ ਲਈ ਕਾਂਗਰਸ ਵੱਲੋਂ ਪੰਜਾਬ 'ਚ ਮੁੜ ਖਾੜਕੂਵਾਦ ਪੈਦਾ ਹੋਣ ਦਾ ਰੌਲਾ ਪਾਇਆ ਜਾ ਰਿਹਾ ਹੈ। ਕਾਂਗਰਸ ਦੀ ਦਲੀਲ ਹੈ ਕਿ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੀ ਉਸਾਰੀ ਨਾਲ ਪੰਜਾਬ ਦੇ ਹਾਲਾਤ ਵਿਗੜ ਸਕਦੇ ਹਨ। ਇਸ ਬਾਰੇ ਪੰਜਾਬ ਦੇ ਕਾਂਗਰਸੀ ਆਗੂ ਕਈ ਵਾਰ ਕੇਂਦਰ ਸਰਕਾਰ ਤੱਕ ਵੀ ਪਹੁੰਚ ਕਰ ਚੁੱਕੇ ਹਨ। ਅਜੇ ਤੱਕ ਕੇਂਦਰ ਸਰਕਾਰ ਨੇ ਭਾਵੇਂ ਇਸ ਬਾਰੇ ਆਪਣਾ ਪੱਖ ਸਪਸ਼ਟ ਨਹੀਂ ਕੀਤਾ ਪਰ ਮੀਡੀਆ ਰਿਪੋਰਟਾਂ ਅਨੁਸਾਰ ਕੇਂਦਰ ਵੱਲੋਂ 1988 ਦੇ ਇਕ ਕਾਨੂੰਨ ਤਹਿਤ ਸਾਕਾ ਨੀਲਾ ਤਾਰਾ ਯਾਦਗਾਰ 'ਤੇ ਰੋਕ ਲਾਈ ਜਾ ਸਕਦੀ ਹੈ।

ਇਸ ਮਾਮਲੇ ਨੂੰ ਲੈ ਕੇ ਪੰਜਾਬ ਦਾ ਦਰਦ ਸਮਝਣ ਵਾਲੇ ਡਾਢੇ ਪ੍ਰੇਸ਼ਾਨ ਹਨ। ਅਸਲ 'ਚ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਬਣਨ ਨਾਲ ਪੰਜਾਬ ਦੇ ਹਾਲਤ ਵਿਗੜਨ ਦਾ ਤਾਂ ਕੋਈ ਖ਼ਤਰਾ ਨਹੀਂ, ਪਰ ਜੇ ਇਸ ਦੀ ਉਸਾਰੀ ਨੂੰ ਕੇਂਦਰ ਸਰਕਾਰ ਵੱਲੋਂ ਧੱਕੇ ਨਾਲ ਰੋਕਿਆ ਤਾਂ ਇਹ ਸਿੱਖਾਂ ਦੇ ਮਨਾਂ ਅੰਦਰ ਜ਼ਰੂਰ ਰੋਹ ਭਰ ਦੇਵੇਗਾ। ਉਂਜ ਵੀ ਇਹ ਯਾਦਗਾਰ ਗੁਰਦੁਆਰੇ ਦੇ ਰੂਪ 'ਚ ਬਣ ਰਹੀ ਹੈ ਤੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ। ਇਸ ਲਈ ਕਾਂਗਰਸ ਇਹ ਮੁੱਦਾ ਸਿਰਫ ਤੇ ਸਿਰਫ ਅਕਾਲੀ ਦਲ ਨੂੰ ਘੇਰਨ ਲਈ ਚੁੱਕ ਰਹੀ ਹੈ।

ਦੂਜੇ ਪਾਸੇ ਅਕਾਲੀ ਦਲ ਦੀ ਭਾਈਵਾਲ ਭਾਜਪਾ ਵੱਲੋਂ ਵੀ ਗੁੱਝੇ ਰੂਪ 'ਚ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਭਾਜਪਾ ਦਾ ਤਰਕ ਹੈ ਕਿ ਖਾੜਕੂਆਂ ਵੱਲੋਂ ਮਾਰੇ ਗਏ ਲੋਕਾਂ ਦੀ ਯਾਦਗਾਰ ਵੀ ਬਣਾਈ ਜਾਵੇ। ਹੈਰਾਨੀ ਦੀ ਗੱਲ ਹੈ ਕਿ ਭਾਜਪਾ ਨੇ ਅੱਜ ਤੱਕ ਅਜਿਹੀ ਯਾਦਗਾਰ ਬਾਰੇ ਆਪ ਕੋਈ ਤਰੱਦਦ ਨਹੀਂ ਕੀਤਾ ਹੈ ਤੇ ਹੁਣ ਜਦੋਂ ਸਾਕਾ ਨੀਲਾ ਤਾਰਾ ਮੌਕੇ ਸ਼ਹੀਦ ਹੋਏ ਸਿੱਖਾਂ ਦੀ ਯਾਦਗਾਰ ਦੀ ਉਸਾਰੀ ਸ਼ੁਰੂ ਹੋਈ ਹੈ ਤਾਂ ਉਨ੍ਹਾਂ ਵੱਲੋਂ ਇਹ ਮੰਗ ਉਭਾਰੀ ਜਾਣ ਲੱਗੀ ਹੈ। ਸਿਆਸੀ ਮਾਹਿਰ ਇਸ ਨੂੰ ਇਨ੍ਹਾਂ ਧਿਰਾਂ ਦੀ ਨਿਰੋਲ ਸਿਆਸਤ ਆਖ ਰਹੇ ਹਨ।

ਉਧਰ, ਦਲ ਖ਼ਾਲਸਾ ਨੇ ਕੇਂਦਰ ਸਰਕਾਰ ਵੱਲੋਂ 'ਧਾਰਮਿਕ ਸਥਾਨ ਦੁਰਵਰਤੋਂ ਬਚਾਅ ਐਕਟ, 1988' ਤਹਿਤ ਸ਼ਹੀਦੀ ਯਾਦਗਾਰ ਨੂੰ ਰੋਕਣ ਦੇ ਮਨਸੂਬਿਆਂ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਹ ਬਲਦੀ ਅੱਗ ਵਿਚ ਤੇਲ ਪਾਉਣ ਵਾਲੀ ਗੱਲ ਹੈ। ਦਲ ਖਾਲਸਾ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੇਂਦਰ ਨੇ ਯਾਦਗਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬ ਦੇ ਹਾਲਾਤ ਮੁੜ ਫਿਰ 80 ਦੇ ਦਹਾਕੇ ਵਰਗੇ ਬਣ ਜਾਣਗੇ। ਇਸੇ ਦੌਰਾਨ ਮੁੱਖ ਮੰਤਰੀ

*(ਬਾਕੀ ਸਫਾ 6 'ਤੇ)*

REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿਂਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Broker / Associate
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

Indo US Heritage Association

# ਭਾਰਤ ਦੀ ਅਜ਼ਾਦੀ ਲਈ ਕੁਰਬਾਨ ਹੋਈ ਸਮੁੱਚੀ ਗਦਰ ਲਹਿਰ ਨੂੰ ਸਮਰਪਿਤ

# "ਗਦਰੀ ਬਾਬਿਆਂ ਦਾ ਮੇਲਾ"

Indo US Heritage Association



## 21 ਅਕਤੂਬਰ ਦਿਨ ਐਤਵਾਰ

### 1 ਵਜੇ ਦੁਪਹਿਰ ਤੋਂ ਸ਼ਾਮ 6 ਵਜੇ ਤੱਕ

**ਸਥਾਨ: ਰੀਜੈਂਸੀ ਪੈਲੇਸ, 1600 N Willow Ave, Clovis, CA 93612**

**ਭਾਰਤੀ ਅਜ਼ਾਦੀ ਲਈ, ਮਨਾਂ ਵਿੱਚ ਹਥਿਆਰਬੰਦ ਸੰਘਰਸ਼ ਦਾ ਸੰਕਲਪ ਕਰਦੇ ਹੋਏ, ਬਦੇਸ਼ਾਂ ਨੂੰ ਅਲਵਿਦਾ ਕਹਿ ਕੇ, ਸਿਰਾਂ ਤੇ ਕੱਫ਼ਨ ਬੰਨ ਕੇ ਦੇਸ਼ ਵੱਲ ਵਹੀਰਾਂ ਘੱਤਣ ਵਾਲੇ ਸਿਰਲੱਥ ਯੋਧੇ, ਜੋ ਅੰਗਰੇਜ਼ ਸਰਕਾਰ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ, ਹੱਸ ਹੱਸ ਕੇ ਫ਼ਾਂਸੀਆਂ ਤੇ ਚੜ੍ਹੇ, ਕਾਲੇ ਪਾਣੀ ਦੀਆਂ ਸਜਾਵਾਂ ਪਿੰਡੇ ਤੇ ਹੰਢਾਈਆਂ, ਜਾਇਦਾਦਾਂ ਦੀ ਕੁਰਕੀਆਂ ਦੀ ਪਰਵਾਹ ਨਹੀਂ ਕੀਤੀ, ਉਨ੍ਹਾਂ ਮਹਾਨ ਸੂਰਬੀਰਾਂ ਦੀ ਯਾਦ ਅਤੇ ਸੋਚ ਨੂੰ ਸਮਰਪਿਤ ਗਦਰੀ ਬਾਬਿਆਂ ਦੇ ਮੇਲੇ ਵਿੱਚ ਪ੍ਰਵਾਰਾਂ ਸਮੇਤ ਹੁਮ ਹੰਮਾ ਕੇ ਪੁੱਜੋ।**

**ਵਿਦਵਾਨਾਂ ਵੱਲੋਂ ਗਦਰ ਲਹਿਰ ਸਬੰਧੀ ਜਾਣਕਾਰੀ।**
**ਨਾਟਕ: ਪੰਜਾਬ ਲੋਕ ਰੰਗ ਵੱਲੋਂ, ਸੁਰਿੰਦਰ ਧਨੋਆ ਦੀ ਪੇਸ਼ਕਸ਼।**
**ਲੋਕ ਗਾਇਕ: ਸੱਤੀ ਸਤਵਿੰਦਰ,ਬੱਬੂ ਗੁਰਪਾਲ,ਗਗਨ ਸਿੱਧੂ, ਪਰੀਤਮ ਸੋਹੀ**
**ਕੋਰੀਓਗਰਾਫ਼ੀ,ਬੱਚਿਆਂ ਦਾ ਗਿੱਧਾ,ਮਲਵਈ ਗਿੱਧਾ,ਸਕਿੱਟ**
**4.0 ਗਰੇਡ ਵਾਲੇ ਹਾਈ ਸਕੂਲ ਦੇ ਬੱਚਿਆਂ ਨੂੰ ਨਕਦ ਇਨਾਮ ਅਤੇ ਸਰਟੀਫੀਕੇਟ**
**ਫੋਟੋ ਪ੍ਰਦਰਸ਼ਨੀ, ਚਾਹ ਪਾਣੀ ਅਤੇ ਲੰਗਰ ਦਾ ਪਰਬੰਧ।**
**ਮੁਫਤ ਡਾਕਟਰੀ ਕੈਂਪ (ਡਾ. ਗੁਰਦਾਵਰ ਸਿੰਘ ਧਾਲੀਵਾਲ)**
**ਸੰਸਥਾ ਦਾ ਮੈਗਜੀਨ ਮੁਫਤ ਵੰਡਿਆ ਜਾਵੇਗਾ।**



ਪ੍ਰਬੰਧਕ ਕਮੇਟੀ: ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ (ਪ੍ਰਧਾਨ), ਸਾਧੂ ਸਿੰਘ ਸੰਘਾ (ਮੀਤ ਪ੍ਰਧਾਨ), ਸੰਤੋਖ ਸਿੰਘ ਮਿਨਹਾਸ (ਜਨਰਲ ਸਕੱਤਰ) ਪਾਲ ਧਾਲੀਵਾਲ (ਸਹਾਇਕ ਸਕੱਤਰ), ਰਜਿੰਦਰ ਬਰਾੜ ਵੈਰੋਕੇ (ਵਿੱਤ ਸਕੱਤਰ), ਰਣਜੀਤ ਸਿੰਘ ਗਿੱਲ (ਵਿੱਤ ਸਕੱਤਰ), ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਨਿਰਮਲ ਗਿੱਲ ਧਨੌਲਾ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਕਾਹਲੋਂ, ਪੁਸ਼ਪਿੰਦਰ ਕੁਮਾਰ, ਮਨਜੀਤ ਕੁਲਾਰ, ਸੰਤੋਖ ਸਿੰਘ ਢਿੱਲੋਂ, ਹੈਰੀ ਮਾਨ, ਮਨਧੀਰ ਸਿੰਘ।

ਸੰਪਰਕ ਲਈ:(559) 707-2270, 283-6376, 457-8552, 942-6999, 270-4546

## ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ (ਫ਼ਰਿਜਨੋ)

**Directions:-** From 99 ,Make East on 180, East on 168, Exit Shaw Ave, Make Right on Shaw, Left On Willow

**ਫਰੀ ਪਾਰਕਿੰਗ – Free Parking**

ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ

ਸਿੱਖਸ ਫਾਰ ਜਸਟਿਸ

ਸਿੱਖਸ ਫਾਰ ਜਸਟਿਸ
A HUMAN RIGHTS ADVOCACY GROUP


SIKHS FOR JUSTICE
A HUMAN RIGHTS ADVOCACY GROUP

— ਵਲੋਂ —

# ਸਿੱਖ ਨਸਲਕੁਸ਼ੀ ਪ੍ਰਭੂਸੱਤਾ ਕਾਨਫਰੰਸ

ਐਤਵਾਰ 21 ਅਕਤੂਬਰ, 2012
ਸ਼ਾਮ 6:00 - 9:00

ਯੂਨੀਅਨ ਸਿਟੀ ਸਪੋਰਟਸ ਸੈਂਟਰ
31224 ਯੂਨੀਅਨ ਸਿਟੀ ਬੁਲੇਵਰਡ
ਯੂਨੀਅਨ ਸਿਟੀ, ਕੈਲੀਫੋਰਨੀਆ




ਅਗਸਤ 1947 275,000+

ਜੂਨ 1984 10,000+

ਨਵੰਬਰ 1984 30,000+

84-98 ਖੂਨੀ ਧਰਤੀ 100,000+

## ਨਸਲਕੁਸ਼ੀ ਅਜੇ ਵੀ ਜਾਰੀ ਹੈ...

## ਸਮਰਥਨ ਕਰਤਾ

**ਗੁਰਦਵਾਰਾ ਸਾਹਿਬ, ਫਰੀਮੋਂਟ**
ਗੁਰਪਾਲ ਸਿੰਘ ਹੰਸਰਾ (408) 661-5759
ਹਰਜੀਤ ਸਿੰਘ

**ਗੁਰਦਵਾਰਾ ਸਾਹਿਬ ਦਸਮੇਸ਼ ਦਰਬਾਰ, ਟਰੇਸੀ**
ਸੁਰਿੰਦਰ ਸਿੰਘ ਅਟਵਾਲ (209) 321-5476
ਰਘਬੀਰ ਸਿੰਘ (209) 321-2952

**ਗੁਰਦਵਾਰਾ ਸਾਹਿਬ, ਸੈਨ ਹੋਜ਼ੇ**
ਸੁਖਦੇਵ ਸਿੰਘ ਬੈਨੀਵਾਲ (408) 421-9463
ਨੀਟੂ ਸਿੰਘ ਕਾਹਲੋਂ (408) 398-1474

**ਗੁਰਦਵਾਰਾ ਸਾਹਿਬ, ਸੈਲਮਾ**
ਗੁਰਦੀਪ ਸਿੰਘ ਨਿੱਝਰ (559) 917-8062
ਜਸਦੀਪ ਸਿੰਘ ਮਾਨ (559) 960-9156
ਮੋਹਿੰਦਰ ਸਿੰਘ ਸੰਧਾਵਾਲੀਆ (559) 355-4399
ਹਰਵਿੰਦਰ ਸਿੰਘ ਨਿੱਝਰ (559) 288-1908

**ਗੁਰਦਵਾਰਾ ਸਾਹਿਬ, ਯੂਬਾ ਸਿਟੀ**

**ਗੁਰਦਵਾਰਾ ਸਾਹਿਬ, ਸਟੌਕਟਨ**
ਅਮਰਜੀਤ ਸਿੰਘ (209) 817-4252
ਹਰਨੇਕ ਸਿੰਘ ਅਟਵਾਲ (209) 351-5965

**ਗੁਰਦਵਾਰਾ ਸਾਹਿਬ, ਬਰਾਡਸ਼ਾਹ, ਸੈਕਰਾਮੈਂਟੋ**
ਗੁਰਿੰਦਰਪਾਲ ਸਿੰਘ ਲਾਡੀ (916) 717-2277
ਗੁਰਪ੍ਰੀਤ ਸਿੰਘ ਚਾਹਲ (916) 284-0178

**ਗੁਰਦਵਾਰਾ ਕਲਗੀਧਰ ਸਾਹਿਬ, ਫਰਿਜ਼ਨੋ**
ਮਹਿੰਗਾ ਸਿੰਘ ਗਿੱਲ (559) 230-7418
ਭੁਪਿੰਦਰ ਸਿੰਘ (559) 352-6698

**ਗੁਰਦਵਾਰਾ ਸਾਹਿਬ, ਮਿਲਪੀਟਸ**
ਧਨਵੰਤ ਸਿੰਘ ਧਾਲੀਵਾਲ (408) 712-1265
ਬਲਵੰਤ ਸਿੰਘ ਧਾਲੀਵਾਲ (408) 945-1995

**ਗੁਰਦਵਾਰਾ ਸਾਹਿਬ, ਲੋਡਾਈ**
ਜਸਵੀਰ ਸਿੰਘ ਸੋਹਲ

**ਗੁਰਦਵਾਰਾ ਸਾਹਿਬ, ਐਲ ਸਬਰਾਂਟੇ**
ਹਰਜਾਪ ਸਿੰਘ (510) 551-4146
ਚਰਨਜੀਤ ਸਿੰਘ ਸਮਰਾ (415) 269-6987
ਸੁਰਿੰਦਰਜੀਤ ਸਿੰਘ ਬਾਜਵਾ
ਰਵਿੰਦਰ ਸਿੰਘ ਰੰਧਾਵਾ

**ਗੁਰਦਵਾਰਾ ਸਾਹਿਬ, ਮਨਟੀਕਾ**
ਸਰਵਨ ਸਿੰਘ (209) 915-9603
ਅਮਰੀਕ ਸਿੰਘ (209) 623-8196

**ਗੁਰਦਵਾਰਾ ਸਾਹਿਬ, ਟੂਲੇਰੀ**
ਸੁਖਜਿੰਦਰ ਸਿੰਘ (661) 805-6963
ਤਰਸੇਮ ਸਿੰਘ (559) 331-1326

**ਅਮਰੀਕਨ ਗੁਰਦੁਵਾਰਾ ਪ੍ਰਬੰਧਕ ਕਮੇਟੀ**
ਡਾ: ਪ੍ਰਿਤਪਾਲ ਸਿੰਘ (408) 422-5600
ਜਸਵੰਤ ਸਿੰਘ ਹੋਠੀ (408) 898-7056

**ਅੰਮ੍ਰਿਤ ਸੇਵਾ ਸੋਸਾਇਟੀ ਇੰਟਰਨੈਸ਼ਨਲ**
ਕੁਲਵਿੰਦਰ ਸਿੰਘ; ਅਜੈਵੀਰ ਸਿੰਘ

**ਸ਼ਰੋਮਣੀ ਅਕਾਲੀ ਦਲ (ਅੰਮ੍ਰਿਤਸਰ)**
ਰੇਸ਼ਮ ਸਿੰਘ (661) 209-0118
ਕੁਲਜੀਤ ਸਿੰਘ ਨਿੱਝਰ (209) 476-8697
ਦਰਸ਼ਨ ਸਿੰਘ ਸੰਧੂ (510) 377-1140
ਬਲਵਿੰਦਰ ਸਿੰਘ ਮਿੱਠੂ (209) 456- 3210

**ਸਿੱਖ ਯੂਥ ਆਫ ਅਮੈਰੀਕਾ (SYA)**

**ਬੇਅ ਏਰੀਆ ਸਿੱਖ ਅਲਾਇੰਸ**
ਜਸਬੀਰ ਸਿੰਘ (AAA) (510) 755-2132

**ਸਿੱਖ ਫੈਡਰੈਸ਼ਨ ਆਫ ਕੈਲੀਫ਼ੋਰਨੀਆ**
ਅਮਨਦੀਪ ਸਿੰਘ

**ਆਪਣਾ ਪੰਜਾਬ**
ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ)
ਮਨਜੀਤ ਸਿੰਘ ਗਿੱਲ

**ਅਮਰੀਕਨ ਸਿੱਖ ਆਰਗੇਨਾਈਜ਼ੇਸ਼ਨ**
ਦਵਿੰਦਰ ਸਿੰਘ (209) 564-8899
ਜਸਦੇਵ ਸਿੰਘ

**ਖ਼ਾਲਸਾ ਡੈਂਟਲ (ਸੈਨ ਹੋਜ਼ੇ)**
ਡਾ: ਗੁਰਦੀਪ ਸਿੰਘ ਨਰੂਲਾ (408) 274-5000

**ਸ਼ਹੀਦ ਪ੍ਰੀਵਾਰ**
ਬਲਵਿੰਦਰਪਾਲ ਸਿੰਘ ਖਾਲਸਾ (510) 512-5959

**ਖ਼ਾਲਸਾ ਜਾਗ੍ਰਿਤੀ ਲਹਿਰ**
ਹਰਮਿੰਦਰ ਸਿੰਘ ਸੋਢੀ (510) 715-6799

**ਗੁਰਮਤਿ ਚੇਤਨਾ ਲਹਿਰ**
ਕਰਨੈਲ ਸਿੰਘ ਖ਼ਾਲਸਾ (510) 557-9168

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਜਸਬੀਰ ਸਿੰਘ ਦਿੱਲੀ (510) 677-0213 • ਸੁਖਵਿੰਦਰ ਸਿੰਘ ਥਾਨਾ (408) 583-7712 • ਮਹਿੰਦਰ ਸਿੰਘ ਦਿੱਲੀ (510) 780-6023**
ਦਰਸ਼ਨ ਸਿੰਘ ਮਾਨ (925) 348-6171 • ਅਮਰੀਕ ਸਿੰਘ ਪੰਨੂ (510) 734-9335 • ਜਗਜੀਤ ਸਿੰਘ (408) 223-9900 • ਬੀਬੀ ਦਿਲਰਾਜ ਕੌਰ (925) 812-3321 • ਜਸਪਾਲ ਸਿੰਘ ਫਰਿਜ਼ਨੋ (559) 333-1926
ਗੁਰਦੀਪ ਸਿੰਘ (559) 590-4204 • ਹਰਵਿੰਦਰ ਸਿੰਘ (209) 608-1469 • ਨਵਜੋਤ ਕੌਰ (916) 803-5039 • ਪਰਮਿੰਦਰ ਸਿੰਘ ਗਰੇਵਾਲ (530) 682-5860 • ਗੁਰਮੇਜ ਸਿੰਘ ਗਿੱਲ (530) 681-3112 • ਬਲਰਾਜ ਸਿੰਘ ਢਿੱਲੋਂ (530) 682-3979

Like us on Facebook   Follow us on Twitter   Donate $1 a day by PayPal

SIKHS FOR JUSTICE
A HUMAN RIGHTS ADVOCACY GROUP

**ਤੁਸੀਂ ਸਾਥ ਦੇਵੋ, ਅਸੀਂ ਵਚਨਵੱਧ ਹਾਂ**

WWW.SIKHSFORJUSTICE.ORG   E: SUPPORT@SIKHSFORJUSTICE.ORG

EMPIRE STATE BUILDING
350 FIFTH AVE., 59TH FLOOR
NEW YORK, NY 10118

# ਭਗਤ ਸਿੰਘ ਨੂੰ 'ਸ਼ਹੀਦ-ਏ-ਆਜ਼ਮ' ਕਹਿਣਾ ਸਹੀ ਨਹੀਂ ਹੈ: ਅਜਮੇਰ ਸਿੰਘ

**ਸ਼ਿਕਾਗੋ (ਬਿਊਰੋ):** ਭਗਤ ਸਿੰਘ ਦੀ ਕੁਰਬਾਨੀ ਆਪਣੇ ਆਪ ਵਿਚ ਮਹਾਨ ਹੈ ਅਤੇ ਸਾਨੂੰ ਇਸ 'ਤੇ ਮਾਣ ਵੀ ਹੈ ਪਰ ਉਸ ਨੂੰ ਸ਼ਹੀਦ-ਏ-ਆਜ਼ਮ ਕਹਿਣਾ ਸਹੀ ਨਹੀਂ ਹੈ, ਕਿਉਂਕਿ ਸਿੱਖ ਪੰਥ ਵਿਚ ਸ਼ਹੀਦ-ਏ-ਆਜ਼ਮ ਸਿਰਫ਼ ਗੁਰੂ ਅਰਜਨ ਦੇਵ ਜੀ ਹਨ। ਇਹ ਵਿਚਾਰ ਸਿੱਖ ਵਿਦਵਾਨ ਅਤੇ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਬਾਰੇ ਆਪਣੀਆਂ ਪੁਸਤਕਾਂ ਕਰਕੇ ਚਰਚਿਤ ਹੋਏ ਸਿੱਖ ਇਤਿਹਾਸਕਾਰ ਸ. ਅਜਮੇਰ ਸਿੰਘ ਨੇ ਇਥੇ ਗੁਰਦੁਆਰਾ ਪੈਲਾਟਾਈਨ ਵਿਖੇ ਲੰਘੇ ਐਤਵਾਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਪੰਚਮ ਪਾਤਸ਼ਾਹ ਲਈ ਸ਼ਹੀਦ-ਏ-ਆਜ਼ਮ ਸ਼ਬਦ ਦੀ ਮੁੜ ਮੁੜ ਵਰਤੋਂ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਹੀਦੇ-ਆਜ਼ਮ ਸਰਵੁੱਚ ਸ਼ਹੀਦੀ ਦਾ ਲਖਾਇਕ ਹੈ ਅਤੇ ਜੇ ਗੁਰੂ ਅਰਜਨ ਦੇਵ ਦੀ ਸ਼ਹੀਦੀ ਸਰਵੁੱਚ ਹੈ ਤਾਂ ਕਿਸੇ ਦੂਜੇ ਦੀ ਕਿਵੇਂ ਹੋ ਸਕਦੀ ਹੈ?

ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁਖਾ ਦੀ ਸ਼ਹੀਦੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖੀ ਵਿਚ ਸ਼ਹੀਦੀ ਦਾ ਸੰਕਲਪ ਬਿਲਕੁਲ ਨਿਆਰਾ ਹੈ। ਸਿੱਖ ਧਰਮ ਪੂਰੀ ਕਾਇਨਾਤ ਦੀ ਗੱਲ ਕਰਦਾ ਹੈ, ਕਿਸੇ ਵਿਸ਼ੇਸ਼ ਦੇਸ਼ ਜਾਂ ਖਿਤੇ ਦੀ ਨਹੀਂ। ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ 'ਤੇਰਾ ਭਾਣਾ ਮੀਠਾ ਲਾਗੇ' ਕਹਿੰਦਿਆਂ ਇਸ ਕਾਇਨਾਤ ਵਿਚ ਹਰ ਇਕ ਦੇ ਜੀਣ-ਥੀਣ ਦੇ ਬਰਾਬਰ ਦੇ ਹੱਕ ਉਤੇ ਪਹਿਰਾ ਦਿੰਦਿਆਂ ਰੱਬੀ ਰਜਾ ਨੂੰ ਮੰਨਦਿਆਂ ਦਿਤੀ ਸੀ। ਸਿੱਖ ਸਰਬੱਤ ਦਾ ਭਲਾ ਮੰਗਦਾ ਹੈ ਅਤੇ ਇਸ ਪੱਖੋਂ ਸਿੱਖ ਧਰਮ ਹੋਰ ਸਭ ਧਰਮਾਂ-ਵਿਸ਼ਵਾਸਾਂ ਤੋਂ ਨਿਆਰਾ ਹੈ। ਜਦੋਂ ਪੱਛਮੀ ਵਿਦਵਾਨ ਸਿੱਖ ਸ਼ਹੀਦੀਆਂ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸ਼ਹੀਦੀਆਂ ਆਖਦੇ ਹਨ ਤਾਂ ਇਹ ਸਾਡੇ ਸ਼ਹੀਦਾਂ ਨਾਲ ਅਨਿਆਂ ਹੁੰਦਾ ਹੈ। ਪੱਛਮੀ ਵਿਚਾਰਧਾਰਾ ਅਨੁਸਾਰ ਮਨੁਖ ਆਪਣੇ ਦੇਸ਼-ਕਾਲ ਤਕ ਸੀਮਤ ਹੈ ਜਦੋਂ ਕਿ ਸਿੱਖ ਧਰਮ ਸਰਬੱਤ ਦੇ ਭਲੇ ਦੀ



*ਅਜਮੇਰ ਸਿੰਘ*

ਗੱਲ ਕਰਦਾ ਹੈ। ਸਿੱਖਾਂ ਲਈ ਧਰਮ ਸਰਵੁੱਚ ਹੈ, ਦੇਸ਼ ਤੇ ਹੋਰ ਸਭ ਕੁਝ ਬਾਅਦ ਵਿਚ। ਪੱਛਮ ਅਤੇ ਭਾਰਤ ਵਿਚ ਵੀ ਧਰਮ ਨਾਲੋਂ ਦੇਸ਼ ਨੂੰ ਪਹਿਲਾਂ ਰਖਣ ਦੀ ਗੱਲ ਕੀਤੀ ਜਾਂਦੀ ਹੈ। ਇਹ ਗੱਲ ਸਿੱਖੀ ਅਕੀਦੇ ਵਿਚ ਬਿਲਕੁਲ ਫਿਟ ਨਹੀਂ ਬੈਠਦੀ।

ਸ਼ਹੀਦ ਭਗਤ ਸਿੰਘ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭਗਤ ਸਿੰਘ ਨੇ ਸ਼ਹੀਦੀ ਭਾਰਤ ਦੇਸ਼ ਦੀ ਆਜਾਦੀ ਲਈ ਦਿਤੀ ਨਾ ਕਿ ਸਰਬੱਤ ਦੇ ਭਲੇ ਲਈ। ਆਪਣੀ ਗੱਲ ਨੂੰ ਅਗੇ ਤੋਰਦਿਆਂ ਉਨ੍ਹਾਂ ਆਖਿਆ ਕਿ ਗਦਰੀ ਬਾਬਿਆਂ ਨੇ ਵੀ ਲੜ-ਮਰਨ ਦੀ ਪ੍ਰੇਰਨਾ ਸਿੱਖ ਇਤਿਹਾਸ ਤੋਂ ਲਈ। ਉਹ ਪਹਿਲਾਂ ਸਿੱਖ ਸਨ ਤੇ ਫਿਰ ਹੋਰ ਕੁਝ। ਉਨ੍ਹਾਂ ਇਸ ਗੱਲ 'ਤੇ ਇਤਰਾਜ ਕੀਤਾ ਕਿ ਭਾਰਤੀ ਸਥਾਪਤੀ ਵਲੋਂ ਮੁੜ ਮੁੜ ਗਦਰੀ ਬਾਬਿਆਂ ਨੂੰ ਸਿਰਫ ਭਾਰਤੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸ. ਅਜਮੇਰ ਸਿੰਘ ਨੇ ਇਹ ਗੱਲ ਵੀ ਮੁੜ ਮੁੜ ਦੁਹਰਾਈ ਕਿ ਸਿੱਖਾਂ ਦਾ ਇਕੋ ਪਿਤਾ ਦਸ਼ਮੇਸ਼ ਪਿਤਾ ਹੈ, ਫਿਰ ਭਲਾ ਕਿਸੇ ਰਾਸ਼ਟਰਪਿਤਾ ਨੂੰ ਕਿਵੇਂ ਮੰਨ ਸਕਦੇ ਹਨ! ਉਨ੍ਹਾਂ ਭਾਈ ਸੁਖੇ-ਜਿੰਦੇ ਦੀ ਸ਼ਹੀਦੀ ਦੀ ਗੱਲ ਕਰਦਿਆਂ ਆਖਿਆ ਕਿ ਇਹ ਕਹਿਣਾ ਗਲਤ ਹੈ ਕਿ ਉਨ੍ਹਾਂ ਕੋਈ ਬਦਲਾ ਲੈਣ ਲਈ ਕਿਸੇ ਨੂੰ ਮਾਰਿਆ, ਕਿਉਂਕਿ ਸਿੱਖੀ ਵਿਚ ਬਦਲੇ ਲਈ ਕੋਈ ਥਾਂ ਨਹੀਂ। ਭਾਈ ਸੁਖੇ-ਜਿੰਦੇ ਨੇ ਸਿੱਖੀ ਅਸੂਲਾਂ 'ਤੇ ਪਹਿਰਾ ਦਿੰਦਿਆਂ ਸ਼ਹੀਦੀ ਦਿਤੀ। ਉਨ੍ਹਾਂ ਦੀਆਂ ਜੇਲ੍ਹ ਵਿਚੋਂ ਲਿਖੀਆਂ ਚਿਠੀਆਂ ਇਸ ਗੱਲ ਦੀਆਂ ਗਵਾਹ ਹਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਮਨੁੱਖੀ ਅਧਿਕਾਰ ਕਾਰਕੁਨ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਉਨ੍ਹਾਂ ਦੇ ਪਤੀ ਜਸਵੰਤ ਸਿੰਘ ਖਾਲੜਾ ਨੂੰ ਆਪਣੀ ਜਾਨ ਇਸ ਕਰਕੇ ਗਵਾਉਣੀ ਪਈ ਕਿ ਉਨ੍ਹਾਂ ਨੇ ਪੰਜਾਬ ਵਿਚ ਖਾੜਕੂ ਲਹਿਰ ਦੇ ਮਗਰਲੇ ਵਰ੍ਹਿਆਂ ਵਿਚ ਪੁਲਿਸ ਤੇ ਸੁਰੱਖਿਆ ਫੋਰਸਾਂ ਵਲੋਂ ਪੰਜਾਬ ਦੇ ਕੋਈ 25 ਹਜਾਰ ਜਵਾਨਾਂ ਨੂੰ ਮਾਰ ਕੇ ਲਾਪਤਾ ਲਾਸ਼ਾਂ ਵਜੋਂ ਖਤਮ ਕਰ ਦਿਤੇ ਜਾਣ ਵਿਰੁਧ ਆਵਾਜ਼ ਉਠਾਈ ਸੀ। ਭਾਈ ਖਾਲੜਾ ਨੂੰ ਘਰੋਂ ਚੁਕ ਕੇ ਖਤਮ ਕੀਤੇ ਜਾਣ ਅਤੇ ਇਨਸਾਫ ਲਈ ਕੀਤੇ ਸੰਘਰਸ਼ ਦਾ ਵੇਰਵਾ ਦਿੰਦਿਆਂ ਬੜੇ ਭਾਵੁਕ ਲਫਜ਼ਾਂ 'ਚ ਕਿਹਾ ਕਿ ਖਾਲੜਾ ਮਿਸ਼ਨ ਕਮਿਸ਼ਨ ਦਾ ਮਨੋਰਥ ਉਨ੍ਹਾਂ ਸਭ ਪਰਿਵਾਰਾਂ ਨੂੰ ਇਨਸਾਫ ਦਿਵਾਉਣਾ ਹੈ ਜਿਨ੍ਹਾਂ ਦੇ ਪੁੱਤ, ਭਰਾ, ਪਤੀ ਪੁਲਿਸ ਵਲੋਂ ਕਤਲ ਕਰਕੇ ਲਾਵਾਰਿਸ ਲਾਸ਼ਾਂ ਬਣਾ ਦਿਤੇ ਗਏ। ਬੀਬੀ ਖਾਲੜਾ ਨੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ 6 ਸਤੰਬਰ, ਜਿਸ ਦਿਨ ਭਾਈ ਖਾਲੜਾ ਨੂੰ ਘਰੋਂ ਚੁਕਿਆ ਗਿਆ, ਨੂੰ ਇਨਸਾਫ ਦਿਹਾੜੇ ਵਜੋਂ ਮਨਾਇਆ ਜਾਵੇ। ਇਸ ਸਮਾਗਮ ਵਿਚ ਯੰਗਸਟਨ, ਓਹਾਇਓ ਤੋਂ ਬੀਬੀ ਜਸਵੀਰ ਕੌਰ ਭੁੱਲਰ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚੋਂ ਮਿਸਾਲਾਂ ਦਿੰਦਿਆਂ ਗੁਰਮਤਿ ਦੇ ਅਸੂਲਾਂ ਦੇ ਅਸਲ ਧਾਰਨੀ ਬਣਨ ਦੀ ਪ੍ਰੇਰਣਾ ਕੀਤੀ।

# ਸਿੱਖ ਇਨਸਾਫ ਦਾ ਸਮਰਥਨ ਕਰਦੇ ਹਨ, ਨਾ ਕਿ ਅਤਿਵਾਦ ਦਾ-ਸਿੱਖਸ ਫਾਰ ਜਸਟਿਸ

**ਫਰੀਮਾਂਟ (ਬਿਊਰੋ):** ਸੇਵਾ ਮੁਕਤ ਲੈਫਟੀਨੈਂਟ ਜਨਰਲ ਬਰਾੜ ਅਤੇ ਭਾਰਤੀ ਅਧਿਕਾਰੀਆਂ ਦੇ ਇਸ ਦਾਅਵੇ ਕਿ ਵਿਦੇਸ਼ਾਂ ਵਿਚ ਬੈਠੇ ਸਿੱਖ ਅਤਿਵਾਦ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਨੂੰ ਚੁਣੌਤੀ ਦਿੰਦਿਆਂ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਨੇ ਕਿਹਾ ਹੈ ਕਿ ਸਿੱਖ ਇਨਸਾਫ ਦਾ ਸਮਰਥਨ ਕਰਦੇ ਹਨ ਨਾ ਕਿ ਅਤਿਵਾਦ ਦਾ। ਸਿੱਖਸ ਫਾਰ ਜਸਟਿਸ ਨੇ ਕਿਹਾ ਕਿ ਇਨਸਾਫ ਦੀ ਮੰਗ ਕਰਨਾ ਦੇਸ਼ ਧਰੋਹ ਜਾਂ ਭਾਰਤ ਖਿਲਾਫ ਜੰਗ ਦੀ ਕਾਰਵਾਈ ਨਹੀਂ ਹੈ ਜਿਵੇਂ ਕਿ ਲੰਡਨ ਵਿਚ ਵਾਪਰੀ ਘਟਨਾ ਤੋਂ ਬਾਅਦ ਸਿੱਖਾਂ ਖਿਲਾਫ ਸ਼ੁਰੂ ਕੀਤੀ ਗਈ ਸੰਗਠਿਤ ਮੁਹਿੰਮ ਵਿਚ ਪ੍ਰਚਾਰਿਆ ਜਾ ਰਿਹਾ ਹੈ।

ਜਨਰਲ ਬਰਾੜ ਉਤੇ ਲੰਡਨ ਵਿਚ ਹੋਏ ਹਮਲੇ ਨੂੰ ਭਾਵਨਾਵਾਂ ਦਾ ਟਕਰਾਓ ਦਸਦਿਆਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਜੂਨ 1984 ਦੌਰਾਨ ਅਕਾਲ ਤਖਤ ਦੀ ਬੇਅਦਬੀ ਤੇ ਹਜ਼ਾਰਾਂ ਸਿੱਖ ਸ਼ਰਧਾਲੂਆਂ ਦੇ ਕਤਲੇਆਮ ਦੀ ਚੀਸ ਅਜੇ ਵੀ ਸਿੱਖ ਭਾਈਚਾਰੇ ਦੇ ਮਨਾਂ ਵਿਚੋਂ ਗਈ ਨਹੀਂ ਹੈ। ਲੰਡਨ ਘਟਨਾ ਤੋਂ ਬਾਅਦ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਬਦਨਾਮ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਗੈਰ ਜ਼ਿੰਮੇਵਾਰਾਨਾ ਹੈ ਕਿਉਂਕਿ ਇਸ ਨਾਲ ਸਿੱਖ ਭਾਈਚਾਰੇ 'ਤੇ ਵਿਸਕਾਨਸਿਨ ਵਰਗੇ ਹੋਰ ਹਮਲੇ ਹੋ ਸਕਦੇ ਹਨ।

ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵਲੋਂ ਕੀਤੇ ਗਏ ਹਮਲੇ ਨੂੰ ਕਾਂਗਰਸ ਪਾਰਟੀ ਵਲੋਂ ਆਪਣੇ ਸਿਆਸੀ ਲਾਹੇ ਲਈ ਕੀਤਾ ਗਿਆ ਇਕ ਸੰਗਠਿਤ ਹਮਲਾ ਕਰਾਰ ਦਿੰਦਿਆਂ ਅਟਾਰਨੀ ਪੰਨੂ ਨੇ ਕਿਹਾ ਕਿ ਲੈਫ. ਜਨ. ਬਰਾੜ ਦੀ ਅਗਵਾਈ ਵਾਲੀ ਭਾਰਤੀ ਫੌਜ ਨੇ ਸਿੱਖ ਮਰਦਾਂ, ਔਰਤਾਂ ਤੇ ਬੱਚਿਆਂ ਨੂੰ ਪਹਿਲਾਂ ਬੰਦੀ ਬਣਾਇਆ ਤੇ ਫਿਰ ਨੇੜਿਓਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਅਟਾਰਨੀ ਪੰਨੂ ਨੇ ਕਿਹਾ ਕਿ ਬਰਾੜ ਨੇ ਮਨੁੱਖਤਾ ਖਿਲਾਫ ਅਪਰਾਧ ਕੀਤੇ ਹਨ ਅਤੇ ਸਿੱਖਸ ਫਾਰ ਜਸਟਿਸ ਕੌਮਾਂਤਰੀ ਕਾਨੂੰਨਾਂ ਦੀ ਮਦਦ ਨਾਲ ਬਰਾੜ ਨੂੰ ਇਕ ਜੰਗੀ ਅਪਰਾਧੀ ਵਾਂਗ ਕਟਹਿਰੇ ਵਿਚ ਖੜਾ ਕਰੇਗੀ ਤੇ ਉਸ ਦੇ ਪੱਛਮੀ ਦੇਸਾਂ ਵਿਚ ਦਾਖਲੇ 'ਤੇ ਪਾਬੰਦੀ ਦੀ ਮੰਗ ਕਰੇਗੀ। ਉਨ੍ਹਾਂ ਕਿਹਾ ਕਿ ਕਿਤੇ ਵੀ ਇਨਸਾਫ ਤੋਂ ਇਨਕਾਰ ਕੀਤਾ ਜਾਣਾ ਹਰ ਥਾਂ 'ਤੇ ਇਨਸਾਫ ਲਈ ਖਤਰਾ ਬਣਦਾ ਹੈ।

ਆਰਗੇਨਾਈਜੇਸ਼ਨ ਆਫ ਸਿੱਖ ਪ੍ਰੋਫੈਸ਼ਨਲਜ਼ ਦੇ ਚੀਫ ਪੈਟਰਨ ਡਾ. ਬਖਸ਼ੀਸ਼ ਸਿੰਘ ਸੰਧੂ ਨੇ ਸਿੱਖ ਵਿਰੋਧੀ ਚਲਾਈ ਜਾ ਰਹੀ ਮੁਹਿੰਮ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਹੋਰ ਦੂਰ ਕਰ ਦੇਵੇਗੀ ਤੇ ਇਸ ਦਾ ਭਾਰਤ ਦੀ ਆਰਥਿਕਤਾ 'ਤੇ ਦੂਰਗਾਮੀ ਪ੍ਰਭਾਵ ਪਵੇਗਾ।

# ਯੂਨਾਈਟਿਡ ਸਪੋਰਟਸ ਕਲੱਬ ਵਲੋਂ ਨਸ਼ਿਆਂ ਵਿਰੁਧ ਸਰਬ ਪਾਰਟੀ ਮੁਹਿੰਮ 'ਤੇ ਜ਼ੋਰ

**ਫਰੀਮਾਂਟ (ਬਿਊਰੋ):** ਪੰਜਾਬ ਵਿਚ ਨਸ਼ਿਆਂ ਖਿਲਾਫ ਰੇਡੀਓ ਚੜ੍ਹਦੀ ਕਲਾ ਰਾਹੀਂ ਕੈਲੀਫੋਰਨੀਆ ਤੋਂ ਜਾਗਰੂਕਤਾ ਮੁਹਿੰਮ ਚਲਾ ਰਹੀ ਸੰਸਥਾ ਯੂਨਾਈਟਿਡ ਸਪੋਰਟਸ ਕਲੱਬ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਵਲੋਂ ਪੰਜਾਬ ਵਿਚ 70% ਨੌਜਵਾਨਾਂ ਦੇ ਨਸ਼ਿਆਂ ਵਿਚ ਡੁੱਬੇ ਹੋਣ ਦੀ ਗੱਲ ਕਹੇ ਜਾਣ ਤੋਂ ਪੰਜਾਬ ਦੇ ਹੁਕਮਰਾਨ ਅਕਾਲੀ ਦਲ ਦੇ ਆਗੂਆਂ ਵਲੋਂ ਮਚਾਏ ਗਏ ਵਾਵੇਲੇ ਉਤੇ ਸਖਤ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਸੱਚਮੁੱਚ ਹੀ ਪੰਜਾਬ ਦੀ ਜਵਾਨੀ ਨਸ਼ਿਆਂ ਵਿਚ ਗਰਕੀ ਪਈ ਹੈ ਅਤੇ ਪੰਜਾਬ ਵਿਚ ਛੇਵਾਂ ਦਰਿਆ ਨਸ਼ਿਆਂ ਦਾ ਵਹਿ ਰਿਹਾ ਹੈ। ਦੁੱਖ ਦੀ ਗੱਲ ਤਾਂ ਇਹ ਹੈ ਕਿ ਮੌਜੂਦਾ ਸਰਕਾਰ ਨੂੰ ਇਸ ਦੀ ਕੋਈ ਚਿੰਤਾ ਨਹੀਂ। ਸਗੋਂ ਸੱਚ ਤਾਂ ਇਹ ਹੈ ਕਿ ਇਹ ਸਰਕਾਰ ਨਸ਼ਾ ਵਰਤਾਉਣ ਵਾਲਿਆਂ ਦੀ ਅਸਿੱਧੇ ਤਰੀਕੇ ਨਾਲ ਪੁਸ਼ਤਪਨਾਹੀ ਕਰ ਰਹੀ ਹੈ।

ਕਲੱਬ ਦੇ ਬੁਲਾਰੇ ਗੁਰਦਾਵਰ ਸਿੰਘ ਮਹੇੜੂ ਨੇ ਜਾਰੀ ਬਿਆਨ ਰਾਹੀਂ ਕਿਹਾ ਕਿ ਸਾਨੂੰ ਸੱਚਾਈ ਨੂੰ ਲਕਾਉਣਾ ਨਹੀਂ ਚਾਹੀਦਾ ਬਲਕਿ ਸਰਬ ਪਾਰਟੀ ਮੀਟਿੰਗ ਕਰਕੇ ਹੱਲ ਵੱਲ ਵਧਣਾ ਚਾਹੀਦਾ ਹੈ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਹਰ ਹੀਲਾ ਕਰਨਾ ਚਾਹੀਦਾ ਹੈ। ਜਥੇਬੰਦੀ ਦੀ ਇਥੇ ਹੋਈ ਇਕ ਮੀਟਿੰਗ ਵਿਚ ਇਸ ਗੱਲ ਉਤੇ ਤਸੱਲੀ ਜਾਹਰ ਕੀਤੀ ਗਈ ਕਿ ਆਖਰ ਰਾਹੁਲ ਗਾਂਧੀ ਦੀ ਟਿੱਪਣੀ ਤੋਂ ਬਾਅਦ ਪੰਜਾਬ ਵਿਚ ਪਹਿਲੀ ਵਾਰ ਨਸ਼ਿਆਂ ਖਿਲਾਫ ਚਰਚਾ ਤਾਂ ਛਿੜੀ ਹੈ। ਅੰਤਰਰਾਸ਼ਟਰੀ ਮੀਡੀਏ ਬੀ ਬੀ ਸੀ, ਸੀ ਐਨ ਐਨ ਅਤੇ ਯੂਨਾਈਟਿਡ ਨੇਸ਼ਨਜ ਡਿਵੈਲਪਮੈਂਟ ਫੰਡ ਵਲੋਂ ਕਰਵਾਏ ਗਏ ਸਰਵੇਖਣ ਅਨੁਸਾਰ 70% ਤੋਂ ਵੱਧ ਪੰਜਾਬ ਦੀ ਜਵਾਨੀ ਨਸ਼ਿਆਂ ਵਿਚ ਗ੍ਰਸਤ ਹੈ ਪਰ ਪੰਜਾਬ ਸਰਕਾਰ ਇਸ ਨੂੰ ਮੰਨਣ ਲਈ ਤਿਆਰ ਨਹੀਂ ਹਾਲਾਂਕਿ 2009 ਵਿਚ ਸਰਕਾਰ ਨੇ ਖੁਦ ਹਾਈਕੋਰਟ ਵਿਚ ਰਿਪੋਰਟ ਦਰਜ ਕਰਵਾ ਕੇ ਮੰਨਿਆ ਸੀ ਕਿ 65% ਤੋਂ ਵੱਧ ਪੰਜਾਬ ਦੇ ਨੌਜਵਾਨ ਨਸ਼ਿਆਂ 'ਚ ਫਸੇ ਹੋਏ ਹਨ ਪਰ ਹੁਣ ਜਦੋਂ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਨੇ 70% ਜਵਾਨੀ ਦੀ ਗੱਲ ਕਹੀ ਹੈ ਤਾਂ ਮੌਜੂਦਾ ਸਰਕਾਰ ਵਿਚ ਹਲ ਚਲ ਮੱਚ ਗਈ ਹੈ। ਚਾਹੀਦਾ ਤਾਂ ਇਹ ਸੀ ਕਿ ਨਿੱਤ ਦਿਹਾੜੇ ਬਾਰਡਰ ਰਾਹੀਂ ਕਰੋੜਾਂ ਦੇ ਆ ਰਹੇ ਨਸ਼ੇ ਨੂੰ ਰੋਕਣ ਲਈ ਕੇਂਦਰ ਕੋਲੋਂ ਸਹਿਯੋਗ ਲਿਆ ਜਾਂਦਾ।

ਇਸ ਮੀਟਿੰਗ ਵਿਚ ਚੇਅਰਮੈਨ ਸ. ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਬਲਵੀਰ ਸਿੰਘ ਭਾਟੀਆ, ਜੁਗਰਾਜ ਸਿੰਘ ਸਹੋਤਾ, ਮੱਖਣ ਸਿੰਘ ਬੈਂਸ, ਦਲਵਿੰਦਰ ਸਿੰਘ ਪੱਡਾ, ਪਰਮਜੀਤ ਸਿੰਘ ਸੰਧੂ, ਨਰਿੰਦਰ ਸਿੰਘ, ਕੁਲਦੀਪ ਸਿੰਘ ਮਾਨ ਅਤੇ ਪਲਵਿੰਦਰ ਸਿੰਘ ਹਾਜ਼ਰ ਸਨ।

# ਪਾਕਿ 'ਚ 6 ਸ਼ੀਆ ਮੁਸਲਮਾਨਾਂ ਦੀ ਹੱਤਿਆ

**ਇਸਲਾਮਾਬਾਦ:** ਪਾਕਿਸਤਾਨ ਦੇ ਉਤਰ-ਪੱਛਮੀ ਸ਼ਹਿਰ ਕੋਇਟਾ ਵਿਚ ਇਕ ਅਣਪਛਾਤੇ ਬੰਦੂਕਧਾਰੀ ਵੱਲੋਂ ਕੀਤੇ ਗਏ ਹਮਲੇ ਵਿਚ ਸ਼ੀਆ ਮੁਸਲਿਮ ਭਾਈਚਾਰੇ ਦੇ ਛੇ ਵਿਅਕਤੀ ਮਾਰੇ ਗਏ। ਪੁਲਿਸ ਤੇ ਸਥਾਨਕ ਵਾਸੀਆਂ ਨੇ ਦੱਸਿਆ ਕਿ ਕੋਇਟਾ ਦੀ ਸਰਕੀ ਰੋਡ 'ਤੇ ਸਥਿਤ ਸਕਰੈਪ ਮਾਰਕੀਟ 'ਚ ਕੰਮ ਕਰ ਰਹੇ ਵਿਅਕਤੀਆਂ 'ਤੇ ਬੰਦੂਕਧਾਰੀ ਨੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ।

ਇਸ ਹਮਲੇ ਵਿਚ 4 ਵਿਅਕਤੀਆਂ ਦੀ ਥਾਂ 'ਤੇ ਹੀ ਮੌਤ ਹੋ ਗਈ। ਹਮਲਾਵਰ ਮੋਟਰਸਾਈਕਲ 'ਤੇ ਫਰਾਰ ਹੋ ਗਿਆ। ਆਖਰੀ ਖਬਰਾਂ ਮਿਲਣ ਤਕ ਕਿਸੇ ਵੀ ਅਤਿਵਾਦੀ ਜਥੇਬੰਦੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਸੀ।

# ਸ਼੍ਰੋਮਣੀ ਅਕਾਲੀ ਦਲ ਵਲੋਂ ਕਬੱਡੀ ਫੈਡਰੇਸ਼ਨਾਂ ਦੀ ਮੀਟਿੰਗ 19 ਨੂੰ

**ਫਰਿਜ਼ਨੋ (ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਵਲੋਂ ਕੈਲੀਫੋਰਨੀਆ ਦੀਆਂ ਕਬੱਡੀ ਫੈਡਰੇਸ਼ਨਾਂ, ਕਬੱਡੀ ਪ੍ਰੋਮੋਟਰਾਂ ਅਤੇ ਪ੍ਰਬੰਧਕਾਂ ਦੀ ਇਕ ਮੀਟਿੰਗ ਸੰਸਾਰ ਰੈਸਟੋਰੈਂਟ, ਟਰੇਸੀ ਵਿਚ ਸ਼ੁੱਕਰਵਾਰ 19 ਅਕਤੂਬਰ ਨੂੰ ਸ਼ਾਮ 3 ਵਜੇ ਰੱਖੀ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਚੇਅਰਮੈਨ ਹੈਰੀ ਗਿੱਲ ਨੇ ਪਾਰਟੀ ਦੇ ਅਹੁਦੇਦਾਰਾਂ ਦੀ ਇਥੇ ਹੋਈ ਇਕ ਮੀਟਿੰਗ ਤੋਂ ਬਾਅਦ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ ਦਾ ਮਨੋਰਥ ਪੰਜਾਬ ਵਿਚ ਹੋ ਰਹੇ ਵਿਸ਼ਵ ਕਬੱਡੀ ਕੱਪ ਲਈ ਕਬੱਡੀ ਟੀਮਾਂ ਲੈ ਜਾਣ ਸਬੰਧੀ ਪੈਦਾ ਹੋਏ ਝਮੇਲੇ ਨੂੰ ਦੂਰ ਕਰਨਾ ਹੈ। ਉਨ੍ਹਾਂ ਸਮੂਹ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ।

ਪਾਰਟੀ ਦੀ ਇਸ ਮੀਟਿੰਗ ਵਿਚ ਸ੍ਰੀ ਗਿੱਲ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਪ੍ਰਧਾਨ ਮਨਜੀਤ ਸਿੰਘ, ਕੈਲੀਫੋਰਨੀਆ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਖਹਿਰਾ ਅਤੇ ਹੋਰ ਬਹੁਤ ਸਾਰੇ ਸਰਗਰਮ ਮੈਂਬਰਾਂ ਨੇ ਹਿੱਸਾ ਲਿਆ।



# ਵਰਮੌਂਟ ਗੁਰੂ ਘਰ ਦੇ ਪ੍ਰਬੰਧ ਲਈ ਨਵੀਂ ਕਮੇਟੀ ਕਾਇਮ

**ਲਾਸ ਏਂਜਲਸ (ਬਿਊਰੋ):** ਗੁਰਦੁਆਰਾ ਵਰਮੌਂਟ ਦੇ ਇਤਿਹਾਸ ਵਿਚ ਉਸ ਸਮੇਂ ਨਵਾਂ ਮੋੜ ਆਇਆ ਜਦੋਂ ਇਸ ਦੇ 31 ਬੋਰਡ ਮੈਂਬਰਾਂ ਵਿਚੋਂ 22 ਮੈਂਬਰਾਂ ਨੇ ਬੋਰਡ ਭੰਗ ਕਰਨ ਦੇ ਫਾਰਮ 'ਤੇ ਦਸਤਖਤ ਕਰ ਦਿੱਤੇ। ਇਸ ਤਰ੍ਹਾਂ ਪਹਿਲੀ ਅਕਤੂਬਰ ਨੂੰ ਗੁਰਦੁਆਰਾ ਵਰਮੌਂਟ ਦੇ ਬਹੁਸੰਮਤੀ ਬੋਰਡ ਮੈਂਬਰਾਂ ਨੇ ਬੋਰਡ ਖਾਰਜ ਕਰਕੇ 14 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਦੀ ਵਾਗਡੋਰ ਸਰਬਸੰਮਤੀ ਨਾਲ ਚੁਣੀ ਗਈ 7 ਮੈਂਬਰੀ ਕਮੇਟੀ ਨੂੰ ਸੌਂਪ ਦਿੱਤੀ। ਇਹ ਕਮੇਟੀ 31 ਮਾਰਚ 2013 ਤੱਕ ਗੁਰੂ ਘਰ ਦਾ ਪ੍ਰਬੰਧ ਸੰਭਾਲੇਗੀ। ਇਨ੍ਹਾਂ ਚੁਣੇ ਗਏ ਸੇਵਾਦਾਰਾਂ ਵਿਚ ਇਕਬਾਲ ਸਿੰਘ ਸਮਰਾ, ਸੰਤੋਖ ਸਿੰਘ, ਗੁਰਦੇਵ ਸਿੰਘ, ਮਨਜੀਤ ਸਿੰਘ, ਨਰਿੰਦਰ ਸਿੰਘ ਕਾਹਲੋਂ, ਕੁਲਬੀਰ ਸਿੰਘ ਸਮਰਾ ਅਤੇ ਭੁਪਿੰਦਰ ਸਿੰਘ ਢਿੱਲੋਂ ਦੇ ਨਾਂ ਸ਼ਾਮਲ ਹਨ। ਇਹ ਸਭ ਕੁਝ ਗੁਰੂ ਘਰ ਦੇ ਪੁਰਾਣੇ ਪ੍ਰੇਮੀ ਡਾ. ਅਮਰਜੀਤ ਸਿੰਘ ਮਾਰਵਾਹ ਦੇ ਉਦਮ ਸਦਕਾ ਸੰਭਵ ਹੋਇਆ।

ਗੁਰੂ ਘਰ ਦੇ 31 ਮੈਂਬਰੀ ਬੋਰਡ ਵਿਚੋਂ ਜਿਹੜੇ 22 ਮੈਂਬਰਾਂ ਨੇ ਬੋਰਡ ਖਾਰਜ ਕਰਨ ਦੇ ਹੱਕ ਵਿਚ ਫੈਸਲਾ ਲਿਆ ਉਨ੍ਹਾਂ ਵਿਚ ਡਾ. ਅਮਰਜੀਤ ਸਿੰਘ ਮਾਰਵਾਹ, ਡਾ. ਅੰਮ੍ਰਿਤ ਸਿੰਘ, ਡਾ. ਪਿਆਰਾ ਸਿੰਘ, ਜਥੇਦਾਰ ਰੌਣਕ ਸਿੰਘ, ਜਵਾਹਰ ਲਾਲ ਸੈਣੀ, ਗੁਰਦੇਵ ਸਿੰਘ, ਰਣਬੀਰ ਸਿੰਘ, ਤੇਜਾ ਸਿੰਘ, ਰਣਜੀਤ ਸਿੰਘ ਰੰਧਾਵਾ, ਜਸਵੰਤ ਸਿੰਘ ਢਿੱਲੋਂ, ਦਰਸ਼ਨ ਸਿੰਘ, ਮੁਖਤਿਆਰ ਸਿੰਘ ਕੰਬੋਜ, ਸੁਰਜੀਤ ਸਿੰਘ ਮੱਲ੍ਹੀ, ਬਲਜੀਤ ਸਿੰਘ, ਰਾਜਪ੍ਰਭਜੋਤ ਸਿੰਘ, ਝਲਮਣ ਸਿੰਘ, ਤਰਲੋਚਨ ਸਿੰਘ, ਗੁਰਮੇਲ ਸਿੰਘ, ਦਲਬੀਰ ਸਿੰਘ, ਪ੍ਰਸ਼ੋਤਮ ਸਿੰਘ, ਜੋਗਿੰਦਰ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦੇ ਨਾਂ ਸ਼ਾਮਲ ਹਨ। ਬੋਰਡ ਦੇ ਦੋ ਮੈਂਬਰਾਂ ਦਾ ਦਿਹਾਂਤ ਹੋ ਚੁਕਾ ਹੈ ਤੇ ਇਕ ਨੇ ਪਹਿਲਾਂ ਹੀ ਆਪਣਾ ਨਾਂ ਬੋਰਡ ਵਿਚੋਂ ਵਾਪਸ ਲੈ ਲਿਆ ਸੀ ਤੇ ਇੱਕ ਮੈਂਬਰ ਅਮਰੀਕੀ ਪ੍ਰਸ਼ਾਸਨ ਵਲੋਂ ਡਿਪੋਰਟ ਕਰ ਕੇ ਭਾਰਤ ਵਾਪਸ ਭੇਜ ਦਿੱਤਾ ਗਿਆ ਸੀ। ਬਾਕੀ ਦੇ 5 ਮੈਂਬਰਾਂ ਨੇ ਬੋਰਡ ਖਾਰਜ ਕਰਨ ਦੇ ਫਾਰਮ ਉਤੇ ਦਸਤਖਤ ਨਹੀਂ ਕੀਤੇ।

ਡਾ. ਅਮਰਜੀਤ ਸਿੰਘ ਮਾਰਵਾਹ ਇਸ ਘਟਨਾਕ੍ਰਮ ਪ੍ਰਤੀ ਬਹੁਤ ਹੀ ਭਾਵੁਕ ਨਜ਼ਰ ਆਏ ਅਤੇ ਉਨ੍ਹਾਂ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਕਿ ਗੁਰੂ ਦੀ ਮੱਤ ਮੰਨਦਿਆਂ ਮੈਂਬਰਾਂ ਨੇ ਸਹੀ ਫੈਸਲਾ ਲਿਆ। ਜਥੇਦਾਰ ਰੌਣਕ ਸਿੰਘ, ਡਾ. ਅਮ੍ਰਿੰਤ ਸਿੰਘ ਸੇਖੋਂ, ਜਸਵੰਤ ਸਿੰਘ ਢਿੱਲੋਂ, ਵਰਿਆਮ ਸਿੰਘ ਗਰੇਵਰ, ਮਨਜੀਤ ਸਿੰਘ ਸਮਰਾ, ਹਰਜਿੰਦਰ ਸਿੰਘ ਮੱਲ੍ਹੀ, ਸੰਤੋਖ ਸਿੰਘ, ਬਲਜਿੰਦਰ ਸਿੰਘ ਅਤੇ ਸੰਗਤਾਂ ਨੇ ਨਵੀਂ ਬਣੀ ਕਮੇਟੀ ਨੂੰ ਵਧਾਈ ਦਿੱਤੀ ਅਤੇ ਹਰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸੇ ਦੌਰਾਨ ਕਮੇਟੀ ਬਣਨ ਤੋਂ ਬਾਅਦ ਬਲਦੇਵ ਸਿੰਘ ਜੌਹਲ ਨੇ 35,000 ਡਾਲਰ ਦੇ ਕਰੀਬ ਫੰਡ ਇਕੱਠੇ ਕੀਤੇ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਵਰਮੌਂਟ ਦੱਖਣੀ ਕੈਲੀਫੋਰਨੀਆ ਵਿਚ ਬਣਾਇਆ ਗਿਆ ਪਹਿਲਾ ਤੇ ਕੈਲੀਫੋਰਨੀਆ ਦਾ ਤੀਜਾ ਗੁਰੂ ਘਰ ਹੈ।

## ਪੰਜਾਬੀ ਰੇਡੀਓ ਯੂਐਸਏ 'ਤੇ ਟਾਇਰਾ ਬਿਊਨਾ ਗੁਰੂ ਘਰ ਤੋਂ ਸਿੱਧਾ ਪ੍ਰਸਾਰਣ

**ਸੈਨ ਹੋਜ਼ੇ (ਬਿਊਰੋ):** ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਵਲੋਂ ਸਜਾਏ ਜਾ ਰਹੇ 33ਵੇਂ ਨਗਰ ਕੀਰਤਨ ਸਬੰਧੀ ਚੱਲ ਰਹੇ ਦੀਵਾਨਾਂ ਦਾ ਪੰਜਾਬੀ ਰੇਡੀਓ ਯੂਐਸਏ ਉਪਰ ਨਾਲੋ ਨਾਲ ਪ੍ਰਸਾਰਣ 15 ਅਕਤੂਬਰ ਤੋਂ 4 ਨਵੰਬਰ ਤੱਕ ਹਰ ਰੋਜ਼ ਸ਼ਾਮੀਂ 5:30 ਤੋਂ 8:30 ਵਜੇ ਤੱਕ ਕੀਤਾ ਜਾ ਰਿਹਾ ਹੈ। ਰੇਡੀਓ ਵਲੋਂ ਹਾਲ ਹੀ ਵਿਚ ਗੁਰਦੁਆਰਾ ਸਟਾਕਟਨ ਵਲੋਂ ਕਰਵਾਏ ਗਏ 100 ਸਾਲਾ ਜਸ਼ਨਾਂ ਸਬੰਧੀ ਪ੍ਰੋਗਰਾਮਾਂ ਦਾ ਪ੍ਰਸਾਰਣ ਨਾਲੋ ਨਾਲ ਕੀਤਾ ਗਿਆ ਜਿਸ ਨੂੰ ਸਰੋਤਿਆਂ ਵਲੋਂ ਸਲਾਹਿਆ ਗਿਆ।

ਪੰਜਾਬੀ ਰੇਡੀਓ ਯੂਐਸਏ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਦੁਨੀਆਂ ਦਾ ਪਹਿਲਾ ਰੇਡੀਓ ਹੈ, ਜਿਸ ਉਪਰ ਨਨਕਾਣਾ ਸਾਹਿਬ ਤੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਬੰਧੀ ਪ੍ਰੋਗਰਾਮਾਂ ਦੀ ਲਾਈਵ ਕਵਰੇਜ ਪਿਛਲੇ ਦੋ ਸਾਲਾਂ ਤੋਂ ਕੀਤੀ ਜਾ ਰਹੀ ਹੈ। ਸਟਾਕਟਨ ਗੁਰੂਘਰ ਨਗਰ ਕੀਰਤਨ ਵਾਲੇ ਦਿਨ ਲਗਾਏ ਗਏ ਪੰਜਾਬੀ ਰੇਡੀਓ ਯੂਐਸਏ ਦੇ ਸਟਾਲ ਉਪਰ ਸਰੋਤਿਆਂ ਦਾ ਤਾਂਤਾ ਲੱਗਿਆ ਰਿਹਾ। ਬਹੁਤ ਸਾਰੇ ਸਰੋਤਿਆਂ ਨੇ ਭਾਵੁਕ ਹੋ ਕੇ ਦੱਸਿਆ ਕਿ ਕਿਸ ਤਰ੍ਹਾਂ ਪੰਜਾਬੀ ਰੇਡੀਓ ਯੂਐਸਏ ਹੁਣ ਉਨ੍ਹਾਂ ਦੇ ਜੀਵਨ ਦਾ ਅੰਗ ਬਣ ਚੁੱਕਾ ਹੈ। ਪੰਜਾਬੀ ਰੇਡੀਓ ਯੂਐਸਏ ਦੇ ਮੇਜ਼ਬਾਨਾਂ ਨੇ ਸਰੋਤਿਆਂ ਵਲੋਂ ਦਿੱਤੀ ਗਈ ਹੱਲਾਸ਼ੇਰੀ ਦਾ ਧੰਨਵਾਦ ਕੀਤਾ।

ਪੰਜਾਬੀ ਰੇਡੀਓ ਯੂਐਸਏ ਦੇ ਪ੍ਰੋਗਰਾਮ ਰੇਡੀਓ ਸੈਟਾਂ, ਆਈਫੋਨ ਐਂਡਰਾਇਡ, ਵੈਬਸਾਈਟ ਜਾਂ ਟੈਲੀਫੋਨ 832-551-5029 ਜਾਂ 605-475-6868 'ਤੇ ਕਾਲ ਕਰਕੇ ਸੁਣਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਫੋਨ 408-272-2500 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜਨਰਲ ਬਰਾੜ 'ਤੇ ਹਮਲੇ ਪਿੱਛੋਂ ਸੁਰੱਖਿਆ ਵਧਾਈ

**ਨਵੀਂ ਦਿੱਲੀ:** ਸਰਕਾਰ ਨੇ ਸਾਕਾ ਨੀਲਾ ਤਾਰਾ ਦੌਰਾਨ ਦਰਬਾਰ ਸਾਹਿਬ ਵਿਚ ਦਾਖਲ ਹੋਣ ਵਾਲੇ ਫੌਜੀ ਦਸਤੇ ਦੀ ਅਗਵਾਈ ਕਰਨ ਵਾਲੇ ਬ੍ਰਿਗੇਡੀਅਰ (ਸੇਵਾ ਮੁਕਤ) ਇਸਰਾਰ ਰਹੀਮ ਖਾਨ ਨੂੰ ਸੁਰੱਖਿਆ ਮੁਹੱਈਆ ਕਰਾਉਣ ਦਾ ਫੈਸਲਾ ਕੀਤਾ ਹੈ। 1984 ਦੇ ਇਸ ਫੌਜੀ ਅਪਰੇਸ਼ਨ ਵਿਚ ਹਿੱਸਾ ਲੈਣ ਵਾਲੇ ਲੈਫਟੀਨੈਂਟ ਜਨਰਲ ਕੇ.ਐਸ. ਬਰਾੜ ਤੇ ਸੱਤ ਹੋਰ ਸਾਬਕਾ ਫੌਜੀ ਅਫਸਰਾਂ ਨੂੰ ਫੌਜੀ ਜਵਾਨਾਂ ਦੀ ਸੁਰੱਖਿਆ ਮਿਲਦੀ ਰਹੇਗੀ।

## ਫਰਿਜ਼ਨੋ 'ਚ ਨਗਰ ਕੀਰਤਨ 28 ਅਕਤੂਬਰ ਨੂੰ

**ਫਰਿਜ਼ਨੋ (ਨੀਟਾ ਮਾਛੀਕੇ/ਕੁਲਵੰਤ ਉਭੀ):** ਸਥਾਨਕ ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਸੰਗਤ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ 28 ਅਕਤੂਬਰ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਤੀਜਾ ਮਹਾਨ ਨਗਰ ਕੀਰਤਨ 28 ਅਕਤੂਬਰ ਹੀ ਕੀਤਾ ਜਾ ਰਿਹਾ ਹੈ। ਅਖੰਡ ਪਾਠ ਦਾ ਭੋਗ ਸਵੇਰੇ 8 ਤੋਂ 10 ਵਜੇ ਤੱਕ ਗੁਰੂ ਘਰ ਵਿਖੇ ਪਾਇਆ ਜਾਏਗਾ। ਉਪਰੰਤ 10 ਤੋਂ 11 ਵਜੇ ਤੱਕ ਦੀਵਾਨ ਸਜੇਗਾ ਅਤੇ 11 ਵਜੇ ਨਗਰ ਕੀਰਤਨ ਗੁਰੂ ਘਰ ਤੋ ਅਰੰਭ ਹੋਵੇਗਾ।

ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਪੰਜਾਬ ਤੋਂ ਦਰਬਾਰ ਸਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਅਤੇ ਕਥਾਵਾਚਕ ਪੰਡਿਤ ਬਖਸੀਸ਼ ਸਿੰਘ ਤੋਂ ਬਿਨਾ ਉਚ ਕੋਟੀ ਦੇ ਵਿਦਵਾਨ ਅਤੇ ਕੀਰਤਨੀ ਜਥੇ ਪਹੁੰਚ ਰਹੇ ਹਨ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਸਮੂਹ ਸੰਗਤਾਂ ਨੂੰ ਹੁਮ ਹੁਮਾ ਕੇ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ। ਇਸ ਤੀਸਰੇ ਮਹਾਨ ਨਗਰ ਕੀਰਤਨ ਲਈ ਇਲਾਕੇ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਹੈ। ਹੋਰ ਜਾਣਕਾਰੀ ਲਈ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਨਾਲ ਫੋਨ 559-261-5899 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577

**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum


**Personal Injury**
- Auto Collision



*Bhupinder Gill, Esq.*
*Attorney at Law*
*(Admitted in CA)*

*Call for initial consultation*
*Attorney Bhupinder Gill, Esq.*
*Attorney George Heridis, Esq.*
**(408) 940-6065, (408) 736-5203**
**Email: gill@ghfirm.com Web: www.ghfirm.com**
**830 Stewart Drive, Suite#231, Sunnyvale, CA 94085**

**Buy or Sell** *House, Liquor Store, Gas Station etc.*
**In Bay Area & Central Valley**
* For Quick Short Sale
* Home Loans & SBA Loans
* Refinance @ Zero Cost
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**
www.singhraj.bayeastweb.com
**Fax: 510-490-9703**
MISSIONPEAK BROKERS, INC. PEAK OF EXCELLENCE
MLS
**46560 Fremont Blvd., Suite#111, Fremont, CA 94538**



KAUR eye institute
*Putting Patient Care First*
Dr. Harrup Kaur, MD, FACS
Eye Surgeon
CATARACT SPECIALIST, San Jose, CA
- Top 10% of eye surgeons in the U.S.
- Trained at the prestigious Mayo Clinc
- Board Certified: American Board of Ophthalmology
- Fellow, American College of Surgeons

ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ 'ਤੇ ਛੱਡੋ

Cataract surgery continues to evolve. Trust your eyes to a surgeon who has been trained in and uses the most advanced surgical techniques.
*Dr. Kaur has been successfully helping patients see without glasses for the past 8 years.*
MICRO-INCISION SURGERY • NO STITCHES • PREMIUM LENSES
*We accept all major health insurances, including Medicare.*
CALL TODAY TO SCHEDULE YOUR SURGERY CONSULTATION
888-940-3940 • 408-940-3940
Kaur Eye Institute • 555 Knowles Dr., Suite 117 • Los Gatos, CA 95032
www.KaurEye.com

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਸ਼ਿਆਂ ਬਾਰੇ ਤੋਹਮਤਬਾਜ਼ੀ ਸਿਖਰਾਂ 'ਤੇ

*(ਸਫਾ ਇਕ ਦੀ ਬਾਕੀ)*

ਨਸ਼ਿਆਂ ਦੇ ਕੋਹੜ ਨੂੰ ਠੱਲ੍ਹ ਪਾਉਣ ਲਈ ਸਰਗਰਮ ਸਮਾਜਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬ ਦੀ ਹਾਲਤ ਰਾਹੁਲ ਗਾਂਧੀ ਵੱਲੋਂ ਕੀਤੀ ਟਿੱਪਣੀ ਤੋਂ ਵੀ ਅਗਾਂਹ ਖ਼ਤਰਨਾਕ ਹੱਦ ਤੱਕ ਪਹੁੰਚ ਗਈ ਹੈ। ਜਿਹੜੇ ਸਿਆਸੀ ਆਗੂ ਇਕ-ਦੂਜੇ ਖ਼ਿਲਾਫ਼ ਬਿਆਨਬਾਜ਼ੀ ਕਰ ਰਹੇ ਹਨ, ਉਹੀ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇ ਰਹੇ ਹਨ। ਇਕ ਸਰਵੇਖਣ ਅਨੁਸਾਰ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ 80 ਫੀਸਦੀ ਤੋਂ ਵੱਧ ਤਸਕਰਾਂ ਨੂੰ ਕਿਸੇ ਨਾ ਕਿਸੇ ਰੂਪ 'ਚ ਸਿਆਸੀ ਸ਼ਹਿ ਹਾਸਲ ਹੈ। ਇਹੀ ਕਾਰਨ ਹੈ ਕਿ ਪੁਲਿਸ ਅਤੇ ਪ੍ਰਸ਼ਾਸਨ ਸਭ ਕੁਝ ਜਾਣਦੇ ਹੋਏ ਵੀ ਕੁਝ ਕਰਨ ਤੋਂ ਅਸਮਰੱਥ ਰਹਿੰਦੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਪੰਜਾਬ ਫੇਰੀ ਦੌਰਾਨ ਆਲ ਇੰਡੀਆ ਕਾਂਗਰਸ ਕਮੇਟੀ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਵੱਲੋਂ ਪੰਜਾਬ ਦੇ 10 ਵਿਚੋਂ ਸੱਤ ਨੌਜਵਾਨਾਂ ਨੂੰ ਨਸ਼ੇ ਦੇ ਆਦੀ ਦੱਸਣ ਤੋਂ ਬਾਅਦ ਇਹ ਮੁੱਦਾ ਸਿਆਸੀ, ਸਮਾਜੀ ਤੇ ਧਾਰਮਿਕ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਇਸ ਨੂੰ ਪੰਜਾਬ ਦੇ ਨੌਜਵਾਨਾਂ ਦੀ ਬੇਇਜ਼ਤੀ ਕਰਾਰ ਦੇ ਰਹੇ ਹਨ ਜਦੋਂਕਿ ਕਾਂਗਰਸੀ ਸਰਕਾਰ 'ਤੇ ਅਸਲੀਅਤ ਤੋਂ ਭੱਜਣ ਦਾ ਦੋਸ਼ ਮੜ੍ਹ ਰਹੇ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵਰਗੀਆਂ ਧਾਰਮਿਕ ਸੰਸਥਾਵਾਂ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉੱਠਿਆ ਹੈ ਕਿ ਉਹ ਹੁਣ ਤੱਕ ਇਸ ਬਾਰੇ ਖਾਮੋਸ਼ ਕਿਉਂ ਹਨ?

ਉਧਰ, ਪੰਜਾਬ ਪੁਲਿਸ ਵੱਲੋਂ ਰਾਜ ਨੂੰ ਨਸ਼ਿਆਂ ਦੀ ਤਬਾਹੀ ਤੋਂ ਬਚਾਉਣ ਲਈ ਬਣਾਏ ਗਏ ਐਕਸ਼ਨ ਪਲਾਨ ਵਿਚ ਫਿਕਰ ਜ਼ਾਹਿਰ ਕੀਤਾ ਗਿਆ ਹੈ ਕਿ ਨਸ਼ਿਆਂ ਦੇ ਕਾਰੋਬਾਰ ਨੇ ਰਾਜ ਦੀ ਸਮਾਜਕ ਤੇ ਆਰਥਿਕ ਹਾਲਤ ਬੁਰੀ ਤਰ੍ਹਾਂ ਵਿਗਾੜ ਦਿੱਤੀ ਹੈ। ਨਸ਼ਿਆਂ ਦੇ ਤਸਕਰਾਂ ਲਈ ਪੰਜਾਬ ਕਾਰੋਬਾਰ ਦਾ ਨਵਾਂ ਅੱਡਾ ਬਣ ਰਿਹਾ ਹੈ। ਰਾਜ ਵਿਚ ਵੱਡੀ ਗਿਣਤੀ ਨੌਜਵਾਨ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ ਜਿਨ੍ਹਾਂ ਨੇ ਛੇੜਛਾੜ, ਲੁੱਟਾਂ, ਚੋਰੀਆਂ, ਸੰਨ੍ਹਾਂ, ਬਲਾਤਕਾਰ, ਕਤਲ ਜਿਹੇ ਅਪਰਾਧਾਂ ਦੀ ਹਨੇਰੀ ਲਿਆ ਦਿੱਤੀ ਹੈ। ਇਹੀ ਨਹੀਂ ਨਸ਼ਿਆਂ ਨੇ ਰਾਜ ਨੂੰ ਵੱਡੇ ਪੱਧਰ 'ਤੇ ਮਨੁੱਖੀ ਸਰੋਤਾਂ ਤੋਂ ਵੀ ਵਿਰਵੇ ਕਰ ਦਿੱਤਾ ਹੈ ਤੇ ਨਵੀਂ ਪੌਦ ਦੀ ਬਰਬਾਦੀ ਦੇ ਮਾਮਲੇ ਵਿਚ ਪੰਜਾਬ 'ਤੇ ਸਭ ਤੋਂ ਵੱਧ ਖਤਰਾ ਮੰਡਰਾਅ ਰਿਹਾ ਹੈ। ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਤਿਆਰ ਕੀਤੇ ਐਕਸ਼ਨ ਪਲਾਨ ਮੁਤਾਬਕ ਸੂਬਾ ਅਤਿਵਾਦ ਦੇ ਦੌਰ ਵਿਚੋਂ ਉਭਰਨ ਤੋਂ ਬਾਅਦ ਹੁਣ ਨਸ਼ਿਆਂ ਦੇ ਜਾਲ ਵਿਚ ਫਸ ਚੁੱਕਾ ਹੈ ਤੇ ਸੂਬੇ ਦੇ ਨੌਜਵਾਨ ਮਾਨਸਿਕ ਤੇ ਸਰੀਰਕ ਪੱਖੋਂ ਕਮਜ਼ੋਰ ਹੋ ਰਹੇ ਹਨ।

ਹੁਣ ਸ਼ਰਾਬ ਅਤੇ ਹੋਰ ਨਸ਼ੇ ਸੱਭਿਆਚਾਰ ਦਾ ਹਿੱਸਾ ਬਣਦੇ ਜਾ ਰਹੇ ਹਨ। ਕੋਈ ਵੀ ਵਿਆਹ ਸਮਾਗਮ ਸ਼ਰਾਬ ਬਿਨਾਂ ਅਧੂਰਾ ਮੰਨਿਆ ਜਾਂਦਾ ਹੈ। ਇੰਨਾ ਹੀ ਨਹੀਂ ਪਿਛਲੇ ਦੋ ਦਹਾਕਿਆਂ ਦੌਰਾਨ ਨਸ਼ਿਆਂ ਦੀ ਵਰਤੋਂ ਦੇ ਨਵੇਂ ਢੰਗ-ਤਰੀਕੇ ਸਾਹਮਣੇ ਆ ਰਹੇ ਹਨ।

## ਪੰਜਾਬ ਦੇ ਪਿੰਡ-ਪਿੰਡ ਵਿਚ ਠੇਕਾ

ਸਾਲ 2005-06 ਵਿਚ ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਦੀ ਔਸਤਨ ਗਿਣਤੀ 4912 ਸੀ ਜੋ ਸਾਲ 2011-12 ਵਿਚ ਵਧ ਕੇ 12,188 ਹੋ ਗਈ। ਚੇਤੇ ਰਹੇ ਕਿ ਪੰਜਾਬ ਦੇ ਕੁੱਲ ਪਿੰਡਾਂ ਦੀ ਗਿਣਤੀ 12,673 ਹੈ। ਇਸ ਤੋਂ ਇਲਾਵਾ ਪਿੰਡਾਂ 'ਚ ਇਨ੍ਹਾਂ ਠੇਕੇ ਵਾਲਿਆਂ ਨੇ ਘਰਾਂ 'ਚ ਵੀ ਆਪਣੀਆਂ ਗੈਰ-ਕਾਨੂੰਨੀ 'ਬ੍ਰਾਂਚਾਂ' ਖੋਲ੍ਹੀਆਂ ਹੋਈਆਂ ਹਨ।

## ਪੰਜਾਬ ਸਰਕਾਰ ਵੱਲੋਂ ਪੀ.ਜੀ.ਆਈ. ਅਤੇ ਯੂ.ਐਨ. ਤੱਕ ਪਹੁੰਚ

ਨਸ਼ਿਆਂ ਦੀ ਮਾਰ ਤੋਂ ਬਚਣ ਲਈ ਪੰਜਾਬ ਸਰਕਾਰ ਨੇ ਪੀ.ਜੀ.ਆਈ. ਚੰਡੀਗੜ੍ਹ ਅਤੇ ਸੰਯੁਕਤ ਰਾਸ਼ਟਰ ਦੇ 'ਨਸ਼ੇ ਤੇ ਅਪਰਾਧ ਰੋਕੂ ਵਿੰਗ' ਨਾਲ ਸੰਪਰਕ ਕੀਤਾ ਹੈ। ਇਸ ਨੇ ਦੋਹਾਂ ਸੰਸਥਾਵਾਂ ਨੂੰ ਬੇਨਤੀ ਕੀਤੀ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ ਰੋਕਥਾਮ ਲਈ ਐਡਵਾਈਜਰੀ ਕੌਂਸਲ ਕਾਇਮ ਕੀਤੀ ਜਾਵੇ। ਇਹ ਪਹਿਲੀ ਵਾਰ ਹੈ ਕਿ ਪੀ.ਜੀ.ਆਈ., ਸੰਯੁਕਤ ਰਾਸ਼ਟਰ ਨਾਲ ਰਲ ਕੇ ਕਿਸੇ ਪ੍ਰੋਜੈਕਟ 'ਤੇ ਕੰਮ ਕਰੇਗਾ। ਸੰਯੁਕਤ ਰਾਸ਼ਟਰ ਦਾ 'ਨਸ਼ਾ ਤੇ ਅਪਰਾਧ ਰੋਕੂ ਵਿੰਗ' ਸਥਾਨਕ ਮਾਹਿਰਾਂ ਨਾਲ ਰਲ ਕੇ ਸਾਂਝਾ ਪ੍ਰੋਗਰਾਮ ਉਲੀਕੇਗਾ ਤਾਂ ਕਿ ਨਸ਼ਿਆਂ ਦੇ ਵਧ ਰਹੇ ਕਹਿਰ ਨੂੰ ਠੱਲ੍ਹਿਆ ਜਾ ਸਕੇ। ਪੀ.ਜੀ.ਆਈ. ਦੇ ਮਨੋਰੋਗ ਵਿਭਾਗ ਦੇ ਪ੍ਰੋ. ਡੀ. ਵਾਸੂ ਦਾ ਕਹਿਣਾ ਹੈ ਕਿ ਨਸ਼ਿਆਂ ਦੇ ਕਹਿਰ ਬਾਰੇ ਬਹੁ-ਪੱਖੀ ਅਧਿਐਨ ਕੀਤਾ ਜਾਵੇਗਾ।

## ਮਜ਼ਾਕ ਬੰਦ ਕਰੋ: ਕੈਪਟਨ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਹੈ ਕਿ ਉਹ ਨਸ਼ਿਆਂ ਬਾਰੇ ਮਜ਼ਾਕ ਬੰਦ ਕਰ ਕੇ ਇਸ ਮਸਲੇ ਨੂੰ ਤਕੜੇ ਹੋ ਕੇ ਹੱਥ ਪਾਉਣ। ਪੰਜਾਬ ਉਤੇ ਨਸ਼ਾ ਤਸਕਰਾਂ ਦੀ ਪਕੜ ਬਹੁਤ ਪੀਡੀ ਹੁੰਦੀ ਜਾ ਰਹੀ ਹੈ। ਇਸ ਨੂੰ ਰੋਕਣਾ ਬਣਦਾ ਹੈ।

## *ਕਾਂਗਰਸੀਆਂ ਨੇ ਸੁਖਬੀਰ ਨੂੰ ਵੰਗਾਰਿਆ*

ਕਾਂਗਰਸ ਆਗੂਆਂ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੰਗਾਰਿਆ ਹੈ ਕਿ ਉਹ ਕਾਂਗਰਸੀ ਆਗੂਆਂ ਦੇ ਨਸ਼ਿਆਂ ਬਾਰੇ ਟੈਸਟ ਕਰਵਾ ਕੇ ਦੇਖ ਲੈਣ। ਯਾਦ ਰਹੇ ਕਿ ਸ੍ਰੀ ਬਾਦਲ ਨੇ ਬਿਆਨ ਦਾਗਿਆ ਸੀ ਕਿ ਕਾਂਗਰਸ ਦੇ 70 ਫੀਸਦੀ ਆਗੂ ਨਸ਼ੇ ਕਰਦੇ ਹਨ।

## ਦੀਵੇ ਥੱਲੇ ਹਨੇਰਾ:ਮਨਪ੍ਰੀਤ

ਪੀ.ਪੀ.ਪੀ. ਦੇ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਬਾਦਲ 'ਚ ਛੇ ਬੰਦੇ ਸ਼ਰ੍ਹੇਆਮ ਨਸ਼ਿਆਂ ਦਾ ਕਾਰੋਬਾਰ ਕਰਦੇ ਹਨ। ਇਹ ਦੀਵੇ ਥੱਲੇ ਹਨੇਰਾ ਵਾਲੀ ਗੱਲ ਹੈ। ਮੁੱਖ ਮੰਤਰੀ ਹੋਰ ਸਭ ਗੱਲਾਂ ਛੱਡ ਕੇ ਨਸ਼ਿਆਂ ਖਿਲਾਫ਼ ਮੁਹਿੰਮ ਆਪਣੇ ਪਿੰਡ ਤੋਂ ਸ਼ੁਰੂ ਕਰਨੀ ਚਾਹੀਦੀ ਹੈ।

# ਸ਼ਹੀਦੀ ਯਾਦਗਾਰ ਬਾਰੇ ਸਿਆਸੀ ਘਮਾਸਾਣ

*(ਸਫਾ ਇਕ ਦੀ ਬਾਕੀ)*

ਪ੍ਰਕਾਸ਼ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਕਾਂਗਰਸ ਆਗੂ ਭੜਕਾਊ ਬਿਆਨਬਾਜ਼ੀ ਕਰ ਕੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਲਾਂਬੂ ਲਾਉਣ ਤੇ ਗੜਬੜ ਵਾਲਾ ਮਾਹੌਲ ਪੈਦਾ ਕਰਨ ਦੇ ਯਤਨਾਂ ਵਿਚ ਹਨ। ਬੇਵਜ੍ਹਾ ਦੀਆਂ ਗੱਲਾਂ ਨੂੰ ਆਧਾਰ ਬਣਾ ਕੇ ਕਾਂਗਰਸ ਵੱਲੋਂ ਮੁੜ ਅਤਿਵਾਦ ਪੈਦਾ ਹੋਣ ਦਾ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ।

ਜ਼ਿਕਰਯੋਯ ਹੈ ਕਿ ਮੀਡੀਆ 'ਚ ਆਇਆ ਹੈ ਕਿ ਕੇਂਦਰ ਸਰਕਾਰ ਧਾਰਮਿਕ ਸੰਸਥਾਵਾਂ ਦੀ ਦੁਰਵਰਤੋਂ ਰੋਕਣ ਦੇ ਮਕਸਦ ਨਾਲ 1988 ਦੇ ਕਾਨੂੰਨ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਨੂੰ ਆਖ ਸਕਦਾ ਹੈ। ਇਹ ਯਾਦਗਾਰ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਜਾ ਰਹੀ ਹੈ।

ਗ੍ਰਹਿ ਮੰਤਰਾਲਾ ਰਾਜ ਸਰਕਾਰ ਨਾਲ ਧਾਰਮਿਕ ਅਸਥਾਨ ਦੁਰਵਰਤੋਂ ਬਚਾਅ ਕਾਨੂੰਨ 1988 ਨੂੰ ਲਾਗੂ ਕਰਨ ਲਈ ਕਹੇਗਾ ਜਿਸ ਤਹਿਤ ਧਾਰਮਿਕ ਸੰਸਥਾਵਾਂ ਨੂੰ ਸਿਆਸੀ ਤੇ ਹੋਰ ਦੁਰਵਰਤੋਂ ਨੂੰ ਰੋਕਣ ਦੀ ਵਿਵਸਥਾ ਹੈ। ਇਸ ਤਹਿਤ ਕਿਸੇ ਕਾਨੂੰਨ ਦੀ ਉਲੰਘਣਾ ਕਰਦੇ ਹੋਏ ਕਿਸੇ ਵਸਤੂ ਨੂੰ ਰੱਖਣ 'ਤੇ ਪਾਬੰਦੀ ਹੈ ਜਦਕਿ ਬਗ਼ੈਰ ਕਿਸੇ ਜਾਇਜ਼ ਲਾਇਸੈਂਸ ਜਾਂ ਇਜਾਜ਼ਤ ਬਿਨਾਂ ਬੇਸਮੈਂਟ, ਬੈਨਰ, ਟਾਵਰ ਤੇ ਕੰਧਾਂ ਸਣੇ ਕਿਸੇ ਤਰ੍ਹਾਂ ਦੀ ਉਸਾਰੀ ਦੀ ਵੀ ਮਨਜ਼ੂਰੀ ਨਹੀਂ ਹੈ। ਧਾਰਮਿਕ, ਜਾਤੀ, ਭਾਸ਼ਾਈ ਤੇ ਖੇਤਰੀ ਸਮੂਹਾਂ ਜਾਂ ਭਾਈਚਾਰਿਆਂ ਵਿਚਾਲੇ ਨਫ਼ਰਤ ਜਾਂ ਦੁਸ਼ਮਣੀ ਫੈਲਾਉਣ ਦੇ ਇਰਾਦੇ ਨਾਲ ਕੀਤੀਆਂ ਗਈਆਂ ਕੋਸ਼ਿਸ਼ਾਂ ਨੂੰ ਵੀ ਇਹ ਕਾਨੂੰਨ ਰੋਕਦਾ ਹੈ। ਧਾਰਮਿਕ ਅਸਥਾਨ ਦੇ ਪ੍ਰਬੰਧਕ ਜਾਂ ਕਿਸੇ ਕਰਮਚਾਰੀ ਨੂੰ ਆਪਣੇ ਖੇਤਰ ਦੇ ਥਾਣਾ ਮੁਖੀ ਨੂੰ ਕਾਨੂੰਨ ਦੇ ਕਿਸੇ ਪੱਖ ਦੀ ਉਲੰਘਣਾ ਹੋਣ ਦੀ ਸੂਚਨਾ ਦੇਣੀ ਹੁੰਦੀ ਹੈ। ਅਜਿਹਾ ਨਾ ਕਰਨ ਵਾਲੇ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 176 ਤਹਿਤ ਸਜ਼ਾ ਦੀ ਵਿਵਸਥਾ ਹੈ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਮੀਡੀਆ ਰਿਪੋਰਟਾਂ ਤੋਂ ਇਕ ਦਿਨ ਪਹਿਲਾਂ ਹੀ ਕੇਂਦਰ ਸਰਕਾਰ ਨੇ ਸਾਫ ਕੀਤਾ ਸੀ ਕਿ ਉਹ ਯਾਦਗਾਰ ਦੇ ਮਾਮਲੇ ਵਿਚ ਕੋਈ ਦਖਲ ਨਹੀਂ ਦੇਵੇਗੀ। ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਸੀ ਕਿ ਇਹ ਯਾਦਗਾਰ ਬਣਾ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੰਵਿਧਾਨ ਵਿਚ ਮਿਲੇ ਅਧਿਕਾਰਾਂ ਦਾ ਸਰਕਾਰ ਸਨਮਾਨ ਕਰਦੀ ਹੈ।

## ਅਮਰਿੰਦਰ ਨੂੰ ਜਰਮਨੀ ਤੋਂ ਧਮਕੀਆਂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦਾ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਜਰਮਨੀ ਤੋਂ ਧਮਕੀਆਂ ਮਿਲ ਰਹੀਆਂ ਹਨ। ਸ਼ਹੀਦੀ ਯਾਦਗਾਰ ਦੀ ਉਸਾਰੀ ਦੀ ਮੁਖਾਲਫਤ ਕਰਨ ਤੋਂ ਇਕਦਮ ਬਾਅਦ ਉਨ੍ਹਾਂ ਦੇ ਮੋਬਾਈਲ 'ਤੇ ਜਰਮਨੀ ਤੋਂ ਲਗਾਤਾਰ ਧਮਕੀ ਭਰੀਆਂ ਕਾਲਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਜਰਮਨੀ ਤੋਂ ਫੋਨ ਕਰਨ ਵਾਲੇ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਯਾਦਗਾਰ ਦੀ ਉਸਾਰੀ ਖਿਲਾਫ ਬਿਆਨਬਾਜ਼ੀ ਕਿਉਂ ਕਰ ਰਹੇ ਹਨ? ਕੈਪਟਨ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਫੋਨ ਕਰਨ ਵਾਲੇ ਨੂੰ ਸਮਝਾਇਆ ਕਿ ਉਹ ਆਪ ਤਾਂ ਵਿਦੇਸ਼ ਜਾ ਕੇ ਉਥੇ ਪੂਰੀ ਤਰ੍ਹਾਂ ਸੈੱਟ ਹੋ ਗਿਆ ਹੈ ਪਰ ਇਥੇ ਪੰਜਾਬ ਵਿਚ ਬੇਰੁਜ਼ਗਾਰੀ ਕਾਰਨ ਨੌਜਵਾਨਾਂ ਅੱਗੇ ਵੱਡਾ ਸੰਕਟ ਖੜ੍ਹਾ ਹੈ। ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਵਰਗੇ ਮਾਮਲੇ ਸੂਬੇ ਦੇ ਉਦਯੋਗਿਕ ਖੇਤਰ 'ਤੇ ਮਾੜਾ ਅਸਰ ਪਾਉਣਗੇ। ਕੈਪਟਨ ਨੇ ਫੋਨ ਕਰਨ ਵਾਲੇ ਨੂੰ ਇਹ ਵੀ ਸਮਝਾਇਆ ਕਿ ਪੰਜਾਬ ਵਿਚੋਂ ਪਹਿਲਾਂ ਹੀ ਉਦਯੋਗ ਹੋਰ ਰਾਜਾਂ ਵਿਚ ਖਿਸਕ ਰਹੇ ਹਨ ਤੇ ਜੇਕਰ ਸੂਬੇ ਦਾ ਮਾਹੌਲ ਮੁੜ ਖਰਾਬ ਹੋਇਆ ਤਾਂ ਇਹ ਹਾਲਤ ਹੋਰ ਗੰਭੀਰ ਹੋ ਜਾਵੇਗੀ। ਕੈਪਟਨ ਅਮਰਿੰਦਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਫੋਨ ਕਰਨ ਵਾਲੇ ਨੂੰ ਕਿਹਾ ਕਿ ਅਜਿਹੀਆਂ ਧਮਕੀਆਂ ਦਾ ਅਸਰ ਸ਼੍ਰੋਮਣੀ ਅਕਾਲੀ ਦਲ 'ਤੇ ਹੋ ਸਕਦਾ ਹੈ ਪਰ ਉਹ ਅਜਿਹੀਆਂ ਗੱਲਾਂ ਤੋਂ ਡਰਨ ਵਾਲੇ ਨਹੀਂ। ਉਨ੍ਹਾਂ ਕਿਹਾ ਕਿ ਉਹ ਨਿੱਜੀ ਤਜਰਬੇ ਤੋਂ ਜਾਣਦੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਗਰਮਖਿਆਲੀਆਂ ਦੇ ਦਬਾਅ ਹੇਠ ਬੜੀ ਜਲਦੀ ਆ ਜਾਂਦੇ ਹਨ ਤੇ ਯਾਦਗਾਰ ਦੀ ਉਸਾਰੀ ਵੀ ਇਸੇ ਦਬਾਅ ਦਾ ਨਤੀਜਾ ਹੈ। ਸੂਤਰਾਂ ਮੁਤਾਬਕ ਜਰਮਨੀ ਦੇ ਗਰਮਖਿਆਲੀ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਤੋਂ ਵੀ ਖ਼ਫ਼ਾ ਹਨ। ਸੀਨੀਅਰ ਪੁਲੀਸ ਅਧਿਕਾਰੀ ਨੇ ਸ੍ਰੀ ਜਾਖੜ ਨੂੰ ਫੋਨ ਕਰਕੇ ਦੱਸਿਆ ਕਿ ਜਰਮਨੀ ਵਿਚ ਖਾੜਕੂ ਗਰੁੱਪ ਦੀ ਮੀਟਿੰਗ ਵਿਚ ਉਨ੍ਹਾਂ ਦੇ ਨਾਂ ਬਾਰੇ ਚਰਚਾ ਹੋਈ ਹੈ।

## ਚੁਰਾਸੀ ਦੇ ਪੀੜਤਾਂ ਲਈ 'ਫੌਰਗੌਟਨ ਸਿਟੀਜ਼ਨ' ਮੁਹਿੰਮ

**ਅੰਮ੍ਰਿਤਸਰ:** ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਮਾਰੇ ਗਏ ਸੈਂਕੜੇ ਬੇਦੋਸ਼ੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ 21 ਅਕਤੂਬਰ ਤੋਂ ਸ਼ੁਰੂ ਹੋ ਰਹੀ 'ਫੌਰਗੌਟਨ ਸਿਟੀਜ਼ਨ' ਨਾਂ ਦੀ ਜਾਗਰੂਕਤਾ ਮੁਹਿੰਮ ਵਿਚ ਕਈ ਜਥੇਬੰਦੀਆਂ ਦੀ ਸ਼ਮੂਲੀਅਤ ਨਾਲ ਇਹ ਕਾਫ਼ਲਾ ਮਜ਼ਬੂਤ ਹੋ ਰਿਹਾ ਹੈ। ਇਸ ਮੁਹਿੰਮ ਨੂੰ ਸਮਰਥਨ ਦੇਣ ਦਾ ਐਲਾਨ ਕਰਨ ਵਾਲੀ ਜਥੇਬੰਦੀ 'ਸਿੱਖੀ ਸਿਦਕ' ਦੇ ਆਗੂ ਜਗਮਿੰਦਰ ਸਿੰਘ ਨੇ ਦੱਸਿਆ ਕਿ ਇਸ ਬਾਰੇ ਦਿੱਲੀ ਵਿਖੇ ਹੋਈ ਮੀਟਿੰਗ ਵਿਚ ਕਈ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ ਤੇ ਮੁਹਿੰਮ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।

ਇਨ੍ਹਾਂ ਜਥੇਬੰਦੀਆਂ ਵਿਚ ਸਿੱਖ ਫੋਰਮ, ਸਿੱਖੀ ਸਿਦਕ, ਗਿਆਨ ਸੇਵਾ ਟਰਸੱਟ, ਵਿਵੇਕ ਟਰਸੱਟ, ਲੋਕ ਰਾਜ ਸੰਗਠਨ, ਬਚਪਨ ਬਚਾਓ ਅੰਦੋਲਨ, ਅਕਾਲ ਨੈਟਵਰਕ, ਵਿਸਮਾਦ, ਬੈਟਰ ਸਿੱਖ ਸਕੂਲ ਤੇ ਏ.ਐਸ.ਵਾਈ.ਓ. ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਸਰਕਾਰੀ ਅੰਕੜਿਆਂ ਮੁਤਾਬਕ ਨਵੰਬਰ 1984 ਵਿਚ ਵਾਪਰੇ ਸਿੱਖ ਵਿਰੋਧੀ ਦੰਗਿਆਂ ਵਿਚ ਤਿੰਨ ਹਜ਼ਾਰ ਤੋਂ ਵਧੇਰੇ ਵਿਅਕਤੀ 48 ਘੰਟਿਆਂ ਵਿਚ ਮਾਰੇ ਗਏ ਸਨ ਪਰ 28 ਵਰ੍ਹੇ ਬੀਤ ਜਾਣ ਬਾਅਦ ਵੀ ਪੀੜਤ ਲੋਕਾਂ ਨੂੰ ਨਿਆਂ ਨਹੀਂ ਮਿਲ ਸਕਿਆ ਹੈ। ਮੀਟਿੰਗ ਵਿਚ ਨੌਜਵਾਨਾਂ ਦੀਆਂ ਜਥੇਬੰਦੀਆਂ ਨੇ ਪ੍ਰਣ ਕੀਤਾ ਕਿ ਨਿਆਂ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਪੀੜਤ ਪਰਿਵਾਰਾਂ ਨੂੰ ਨਿਆਂ ਦਿੱਤਾ ਜਾਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਪੰਜਾਬ: ਹੁਣ ਘਰਾਂ 'ਚ ਵੀ ਸੁਰੱਖਿਅਤ ਨਹੀਂ ਧੀਆਂ-ਭੈਣਾਂ!



**ਚੰਡੀਗੜ੍ਹ:** ਪੰਜਾਬ ਵਿਚ ਰੋਜ਼ਾਨਾ ਔਸਤਨ ਅੱਠ ਔਰਤਾਂ ਨਾਲ ਬਲਾਤਕਾਰ, ਅਗਵਾ, ਛੇੜਛਾੜ ਤੇ ਜਿਸਮਾਨੀ ਤੌਰ 'ਤੇ ਪ੍ਰੇਸ਼ਾਨ ਕਰਨ ਅਤੇ ਦਾਜ ਦੇ ਲੋਭ ਵਿਚ ਤਸ਼ੱਦਦ ਕਰਨ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪਿਛਲੇ ਮਹੀਨੇ ਫਰੀਦਕੋਟ ਵਿਚ ਇਕ ਨਾਬਾਲਗ ਕੁੜੀ ਨੂੰ ਘਰੋਂ ਚੁੱਕ ਕੇ ਲਿਜਾਣ ਦੇ ਮਾਮਲੇ ਨੇ ਪ੍ਰਸ਼ਾਸਨ ਦੀ ਕਰਗੁਜ਼ਾਰੀ ਉਤੇ ਵੀ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਤਿੰਨ ਹਫਤਿਆਂ ਬਾਅਦ ਵੀ ਪੁਲਿਸ ਅਤੇ ਪ੍ਰਸ਼ਾਸਨ ਇਸ ਮਾਮਲੇ ਦੀ ਕੋਈ ਕੜੀ ਨਹੀਂ ਜੋੜ ਸਕੀ।

ਪੰਜਾਬ ਖੇਤਰ ਵਿਚ ਔਰਤਾਂ ਨੂੰ ਅਗਵਾ ਕਰਨ, ਬਲਾਤਕਾਰ ਅਤੇ ਅਸ਼ਲੀਲ ਵੀਡੀਓ ਬਣਾਉਣ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਹਰਿਆਣੇ ਅਤੇ ਚੰਡੀਗੜ੍ਹ ਵਿਚ ਵੀ ਲੜਕੀਆਂ ਨਾਲ ਛੇੜਛਾੜ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਫਰੀਦਕੋਟ ਵਾਲੀ ਘਟਨਾ ਵੱਧ ਦਿਲਕੰਬਾਊ ਹੈ। ਅਗਵਾ ਹੋਈ ਕੁੜੀ ਦੇ ਪਿਤਾ ਅਸ਼ਵਨੀ ਕੁਮਾਰ ਸਚਦੇਵਾ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ 25 ਜੂਨ ਨੂੰ ਟਿਊਸ਼ਨ ਲਈ ਗਈ ਉਸ ਦੀ 15 ਸਾਲਾ ਧੀ ਸ਼ਰੁਤੀ ਨੂੰ ਫਰੀਦਕੋਟ ਦੇ ਨਿਸ਼ਾਨ ਸਿੰਘ ਨੇ ਅਗਵਾ ਕਰ ਲਿਆ ਸੀ। ਉਦੋਂ ਪੁਲੀਸ ਨੇ ਅਗਵਾ ਦਾ ਕੇਸ ਦਰਜ ਕੀਤਾ ਸੀ। ਉਸ ਦੀ ਧੀ ਫਿਰ ਕਿਸੇ ਤਰ੍ਹਾਂ ਨਿਸ਼ਾਨ ਸਿੰਘ ਦੇ ਚੁੰਗਲ ਵਿਚੋਂ ਬਚ ਕੇ 27 ਜੁਲਾਈ ਨੂੰ ਵਾਪਸ ਘਰ ਆ ਗਈ। ਹੁਣ 24 ਸਤੰਬਰ ਨੂੰ ਨਿਸ਼ਾਨ ਸਿੰਘ ਨੇ ਆਪਣੇ ਹਥਿਆਰਬੰਦ ਸਾਥੀਆਂ ਨਾਲ ਆ ਕੇ ਕੁੜੀ ਨੂੰ ਅਗਵਾ ਕਰ ਲਿਆ।

ਪੰਜਾਬ ਪੁਲੀਸ ਦੇ ਅੰਕੜਿਆਂ ਅਨੁਸਾਰ ਇਸ ਵਰ੍ਹੇ 30 ਜੂਨ ਤੱਕ ਸੂਬੇ ਵਿਚ ਬਲਾਤਕਾਰ ਦੀਆਂ 776 ਘਟਨਾਵਾਂ ਵਾਪਰ ਚੁੱਕੀਆਂ ਹਨ। ਸੂਬੇ ਵਿਚ ਰੋਜ਼ਾਨਾ ਬਲਾਤਕਾਰ ਦੀਆਂ ਦੋ ਘਟਨਾਵਾਂ ਹੋ ਰਹੀਆਂ ਹਨ। 30 ਜੂਨ ਤੱਕ ਅਗਵਾ ਅਤੇ ਉਧਾਲਣ ਦੀਆਂ 1072 ਘਟਨਾਵਾਂ ਹੋਈਆਂ ਹਨ। ਸਾਲ 2010 ਦੌਰਾਨ ਸੂਬੇ ਵਿਚ ਔਰਤਾਂ ਵਿਰੁੱਧ ਵੱਖ-ਵੱਖ ਤਰ੍ਹਾਂ ਦੇ 2853 ਅਪਰਾਧ ਰਿਪੋਰਟ ਹੋਏ।

ਸਾਲ 2009 ਵਿਚ ਇਹ ਗਿਣਤੀ 2631 ਸੀ। ਪੰਜਾਬ ਵਿਚ ਔਰਤਾਂ ਨਾਲ ਬਲਾਤਕਾਰ ਕਰਨ ਦੀਆਂ ਘਟਨਾਵਾਂ ਵਿਚ ਪਿਛਲੇ ਇਕ ਦਹਾਕੇ ਦੌਰਾਨ 63.5 ਫੀਸਦ ਵਾਧਾ ਹੋਇਆ ਹੈ ਅਤੇ ਅਗਵਾ ਤੇ ਉਧਾਲਣ ਦੀਆਂ ਘਟਨਾਵਾਂ ਵਿਚ 97.3 ਫੀਸਦ ਵਾਧਾ ਹੋਇਆ ਹੈ। ਔਰਤਾਂ ਉਤੇ ਤਸ਼ੱਦਦ ਦੀਆਂ ਘਟਨਾਵਾਂ ਵਿਚ ਵੀ ਇਕ ਦਹਾਕੇ ਦੌਰਾਨ 26.8 ਫੀਸਦ ਵਾਧਾ ਹੋਇਆ ਹੈ। ਸਾਲ 2010 ਦੌਰਾਨ ਰਾਜ ਵਿਚ ਔਰਤਾਂ ਨਾਲ ਬਲਾਤਕਾਰ ਦੀਆਂ 547 ਘਟਨਾਵਾਂ ਵਿਚੋਂ 26.6 ਫੀਸਦ ਕੁੜੀਆਂ ਨਾਲ ਸਬੰਦਤ ਸਨ। ਇਸ ਵਿਚੋਂ 11.4 ਫੀਸਦ ਲੜਕੀਆਂ 15 ਸਾਲ ਤੋਂ ਘੱਟ ਉਮਰ ਦੀਆਂ ਸਨ ਅਤੇ 15.2 ਫੀਸਦ ਲੜਕੀਆਂ ਦੀ ਉਮਰ 15 ਤੋਂ 18 ਸਾਲਾਂ ਦੇ ਦਰਮਿਆਨ ਦੀਆਂ ਸਨ। ਬਲਾਤਕਾਰ ਦੀਆਂ ਪੀੜਤ 63.4 ਫੀਸਦ ਔਰਤਾਂ 19 ਤੋਂ 30 ਸਾਲ ਅਤੇ 10 ਫੀਸਦ ਔਰਤਾਂ 30 ਤੋਂ 50 ਸਾਲਾਂ ਦੇ ਵਿਚਕਾਰ ਸਨ।

## ਲਾੜੇ ਦੀ ਸਜ਼ਾ ਨਾਬਾਲਗ ਭਤੀਜੀਆਂ ਨੂੰ

**ਕਰਾਚੀ (ਬਿਊਰੋ):** ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿਚ ਇਕ ਲੜਕੇ ਵਜੋਂ ਪਿੰਡ ਦੀ ਹੀ ਇਕ ਕੁੜੀ ਨਾਲ ਨਿਕਾਹ ਕਰਵਾਉਣ ਦੇ ਦੋਸ਼ ਵਿਚ ਉਸ ਦੀਆਂ ਦੋ ਨਾਬਾਲਗ ਭਤੀਜੀਆਂ ਨੂੰ ਕੁੜੀ ਵਾਲੇ ਪਰਿਵਾਰ ਦੇ ਹਵਾਲੇ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਹ ਹੁਕਮ ਜਿਰਗਾ ਮੁਖੀ ਵੱਲੋਂ ਪਿੰਡ ਦੇ ਇਕੱਠ ਦੌਰਾਨ ਸੁਣਾਇਆ ਗਿਆ।

ਜਾਣਕਾਰੀ ਅਨੁਸਾਰ ਪਿੰਡ ਗਾਜੀ ਚੱਚੜ ਵਿਚ ਸ਼ਾਹ ਮੁਹੰਮਦ ਚੱਚੜ ਨੇ ਪਿੰਡ ਦੀ ਹੀ ਕੁੜੀ ਹਯਾਤਨ ਨਾਲ ਵਿਆਹ ਕਰਵਾ ਲਿਆ। ਇਸ ਬਾਰੇ ਹਯਾਤਨ ਦੇ ਮਾਪਿਆਂ ਨੇ ਜਿਰਗਾ ਕੋਲ ਸ਼ਿਕਾਇਤ ਕਰ ਦਿੱਤੀ। ਜਿਰਗਾ ਮੁਖੀ ਪੀਰਲ ਚੱਚੜ ਨੇ ਪੰਚਾਇਤ ਸੱਦ ਕੇ ਆਪਣਾ ਫੈਸਲਾ ਸੁਣਾ ਦਿੱਤਾ।

ਇਸ ਫੈਸਲੇ ਮੁਤਾਬਕ ਸ਼ਾਹ ਮੁਹੰਮਦ ਚੱਚੜ ਦੇ ਘਰਦਿਆਂ ਨੂੰ ਚਾਰ ਲੱਖ ਰੁਪਏ ਜੁਰਮਾਨਾ ਲਾਇਆ ਗਿਆ ਅਤੇ ਉਸ ਦੀਆਂ ਦੋ ਭਤੀਜੀਆਂ 10 ਸਾਲਾ ਅੱਲਾ ਦੀਵਾਈ ਅਤੇ 6 ਸਾਲਾ ਸਸੂਈ ਨੂੰ ਹਯਾਤਨ ਦੇ ਰਿਸ਼ਤੇਦਾਰਾਂ ਨਾਲ ਵਿਆਹੁਣ ਦਾ ਹੁਕਮ ਚਾੜ੍ਹ ਦਿੱਤਾ ਗਿਆ।

# ਸਿਰਫ 10 ਫੀਸਦ ਔਰਤਾਂ ਨੂੰ ਜ਼ਮੀਨ ਦੀ ਮਾਲਕੀ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਸਿੱਖਿਆ ਦੇ ਪਾੜੇ ਅਤੇ ਪਿਤਾ-ਪੁਰਖੀ ਸਮਾਜ ਦੀਆਂ ਮੁਸ਼ਕਲਾਂ ਕਾਰਨ ਭਾਰਤ ਦੇ ਪੇਂਡੂ ਤਬਕੇ ਦੀਆਂ ਕੇਵਲ 10 ਪ੍ਰਤੀਸ਼ਤ ਔਰਤਾਂ ਹੀ ਜ਼ਮੀਨ ਦੀਆਂ ਮਾਲਕ ਹਨ। ਕੌਮਾਂਤਰੀ ਦਿਹਾਤੀ ਮਹਿਲਾ ਦਿਵਸ (15 ਅਕਤੂਬਰ) ਦੇ ਮੱਦੇਨਜ਼ਰ ਜਾਰੀ ਤਿੰਨ ਰਿਪੋਰਟਾਂ ਵਿਚ ਆਂਧਰਾ ਪ੍ਰਦੇਸ਼ ਅਤੇ ਬਿਹਾਰ ਦੇ ਚਾਰ ਜ਼ਿਲ੍ਹਿਆਂ ਦੇ 19 ਪਿੰਡਾਂ ਵਿਚੋਂ 504 ਮਹਿਲਾਵਾਂ ਤੋਂ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਕੇਵਲ 22% ਪਰਿਵਾਰਾਂ ਨੂੰ ਹੀ ਹਿੰਦੂ ਉਤਰਾਧਿਕਾਰ ਐਕਟ ਬਾਰੇ ਪਤਾ ਹੈ ਜਿਸ ਤਹਿਤ ਔਰਤਾਂ ਨੂੰ ਆਪਣੀ ਪਿਤਾ ਪੁਰਖੀ ਜ਼ਮੀਨ ਦਾ ਹੱਕ 84 ਕਾਨੂੰਨੀ ਹੱਕ ਹੈ। ਭਾਰਤ ਵਿਚ 86% ਪੇਂਡੂ ਔਰਤਾਂ ਖੇਤੀਬਾੜੀ ਦੇ ਕਿੱਤੇ ਨਾਲ ਜੁੜੀਆਂ ਹੋਈਆਂ ਹਨ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਵਿੱਚੋਂ ਕੇਵਲ 10% ਔਰਤਾਂ ਦੇ ਨਾਂ 'ਤੇ ਹੀ ਜ਼ਮੀਨ ਦੀ ਰਜਿਸਟਰੀ ਬੋਲਦੀ ਹੈ।

ਯੂ.ਐਨ. ਵਿਮੈਨ ਸਾਊਥ ਏਸ਼ੀਆ ਰਿਜਨਲ ਪ੍ਰੋਗਰਾਮਰ ਡਾਇਰੈਕਟਰ ਐਨੀ ਸਟੇਨਹੈਮਰ ਦਾ ਕਹਿਣਾ ਹੈ ਕਿ ਗਰੀਬ ਪੇਂਡੂ ਭਾਈਚਾਰੇ ਵਿਚ ਜੇ ਕੋਈ ਮਹਿਲਾ ਜ਼ਮੀਨ ਦਾ ਦਾਅਵਾ ਕਰਦੀ ਹੈ ਤਾਂ ਦਸਤਾਵੇਜ਼ਾਂ ਨਾ ਹੋਣਾ, ਸਾਖਰਤਾ ਦੀ ਕਮੀ ਅਤੇ ਪਿਤਰੀ ਸਮਾਜ ਦੀਆਂ ਬੰਦਸ਼ਾਂ ਉਸ ਲਈ ਵੱਡੀ ਵੰਗਾਰ ਹਨ। ਰਿਪੋਰਟ ਮੁਤਾਬਕ 87% ਔਰਤਾਂ ਦਾ ਇਹ ਮੰਨਣਾ ਹੈ ਕਿ ਉਨ੍ਹਾਂ ਦੇ ਪਤੀ ਉਨ੍ਹਾਂ ਦੇ ਨਾਂ ਜ਼ਮੀਨ ਕਰਾਉਣ ਲਈ ਰਾਜ਼ੀ ਨਹੀਂ। 51% ਮਾਮਲਿਆਂ ਵਿਚ ਸਭਿਆਚਾਰ ਅਤੇ ਧਰਮ ਦੀ ਮਰਿਆਦਾ ਤਹਿਤ ਮਹਿਲਾਵਾਂ ਨੂੰ ਚੁੱਪ ਰਹਿਣਾ ਪੈਂਦਾ ਹੈ। ਕੇਵਲ 12 ਫੀਸਦੀ ਮਹਿਲਾਵਾਂ ਹੀ ਪਿਤਾ ਪੁਰਖੀ ਜ਼ਮੀਨ 'ਤੇ ਦਾਅਵਾ ਕਰਦੀਆਂ ਹਨ।

# ਧੀ ਨੂੰ ਕੁੱਟਣ ਵਾਲੀ ਮਾਂ ਨੂੰ 99 ਸਾਲ ਕੈਦ

**ਵਾਸ਼ਿੰਗਟਨ:** ਅਮਰੀਕਾ ਵਿਚ ਇਕ ਔਰਤ ਨੂੰ ਆਪਣੀ 2 ਸਾਲ ਦੀ ਧੀ ਨੂੰ ਕੁੱਟਣ ਅਤੇ ਉਸ ਦੇ ਹੱਥ ਕੰਧ ਉਤੇ ਚਿਪਕਾਉਣ ਦੇ ਦੋਸ਼ ਵਿਚ 99 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।

'ਦੀ ਹਾਊਸਟਨ ਕਰਾਨੀਕਲ' ਅਖ਼ਬਾਰ ਦੀ ਰਿਪੋਰਟ ਅਨੁਸਾਰ ਡੈਲਸ ਦੇ ਟੈਕਸਾਸ ਸ਼ਹਿਰ ਦੀ ਰਹਿਣ ਵਾਲੀ ਅਲਿਜ਼ਾਬੈਥ ਏਸਕਾਲੋਨਾ ਜੁਲਾਈ ਵਿਚ ਆਪਣੀ ਬੱਚੀ ਨੂੰ ਬੇਰਹਿਮੀ ਨਾਲ ਕੁੱਟਣ ਅਤੇ ਉਸ ਨੂੰ ਚੋਟ ਪਹੁੰਚਾਉਣ ਦੀ ਦੋਸ਼ੀ ਸਾਬਤ ਹੋਈ ਹੈ। ਡਾਕਟਰਾਂ ਨੇ ਦੱਸਿਆ ਕਿ ਬੱਚੀ ਦੇ ਸਿਰ ਵਿਚੋਂ ਖੂਨ ਨਿਕਲ ਰਿਹਾ ਸੀ, ਉਸ ਦੀ ਇਕ ਪਸਲੀ ਟੁੱਟਣ ਤੋਂ ਇਲਾਵਾ ਕਈ ਜਗ੍ਹਾ ਸੱਟਾਂ ਵੀ ਲੱਗੀਆਂ ਹੋਈਆਂ ਸਨ। ਉਹ ਕਈ ਦਿਨਾਂ ਤੱਕ ਕੋਮਾ 'ਚ ਰਹੀ ਸੀ।

ਫੈਸਲਾ ਸੁਣਾਉਂਦਿਆਂ ਜੱਜ ਨੇ ਕਿਹਾ ਕਿ ਅਲਿਜ਼ਾਬੈਥ ਏਸਕਾਲੋਨਾ ਨੇ ਆਪਣੀ ਧੀ ਨਾਲ ਜੋ ਵਿਹਾਰ ਕੀਤਾ ਹੈ, ਉਸ ਲਈ ਉਸ ਨੂੰ ਕਿਸੇ ਵੀ ਸੂਰਤ ਮੁਆਫ ਨਹੀਂ ਕੀਤਾ ਜਾ ਸਕਦਾ। ਇਹ ਫੈਸਲਾ ਹੋਰ ਮਾਵਾਂ ਲਈ ਵੀ ਇਕ ਸਬਕ ਹੋਵੇਗਾ।

Short Sale Specialist
Selling HUD homes anywhere in California



Just Sold
7 Derow Ct., Sacramento, CA 95833
$40,000.00
2625 Hayden Brook Ave., Stockton, CA 95212
$141,500

Listing
2519 Tornado Way, Rancho Cordova, CA 95670
$105,000
4545 Valley Hi Dr., Sacramento, CA 95823
$140,000
2430 Yreka Ave, Sacramento, CA 95822
$63,000

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call: Sohanpreet 'Sam' Chahal
@916-612-5773
visit: www.hudhomestore.com
Serving from Bay Area to Sacramento

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

Yarra, Kharazi & Associates
Phone: (888) 97YARRA (92772)
Bankruptcy & Criminal Law
Offices in Bakersfield, Fresno and Merced
Bring this ad in and receive a free consultation

ਬੈਂਕਰਪਸੀ ਅਤੇ
ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ
'ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ
ਫੋਨ: 1-888-979-2772
Email: Info@rwyarra.com

# ਨਸ਼ਿਆਂ ਨੂੰ ਲੈ ਕੇ ਸਿਆਸਤ

## ਕਾਂਗਰਸ ਤੇ ਅਕਾਲੀ ਹੋਏ ਆਹਮੋ-ਸਾਹਮਣੇ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਵੱਲੋਂ ਪੰਜਾਬ ਫੇਰੀ ਦੌਰਾਨ ਕੀਤੀ ਨਸ਼ਿਆਂ ਬਾਰੇ ਟਿੱਪਣੀ ਨਾਲ ਪੰਜਾਬ ਦੀ ਸਿਆਸਤ ਗਰਮਾ ਗਈ ਹੈ। ਸ੍ਰੀ ਰਾਹੁਲ ਗਾਂਧੀ ਨੇ ਕਿਹਾ ਕਿ ਪੰਜਾਬ ਦੇ 10 ਵਿਚੋਂ ਸੱਤ ਨੌਜਵਾਨ ਨਸ਼ਿਆਂ ਦੀ ਦਲਦਲ 'ਚ ਧਸ ਚੁੱਕੇ ਹਨ। ਉਧਰ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਇਸ ਟਿੱਪਣੀ ਨੂੰ ਪੰਜਾਬੀਆਂ ਦੀ ਬੇਇੱਜ਼ਤੀ ਕਰਾਰ ਦਿੰਦਿਆਂ ਰਾਹੁਲ ਨੂੰ ਮੁਆਫੀ ਮੰਗਣ ਲਈ ਕਿਹਾ ਤਾਂ ਕਾਂਗਰਸ ਨੇ ਪੰਜਾਬ ਸਰਕਾਰ ਦੀ ਪੋਲ ਖੋਲ੍ਹ ਦਿੱਤੀ ਜਿਸ ਕਰਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੜੇ ਕਸੂਤੇ ਘਿਰ ਗਏ।

ਕਾਂਗਰਸ ਨੇ ਜ਼ਬਰਦਸਤ ਹੱਲਾ ਬੋਲਦਿਆਂ ਰਾਜ ਵਿਚ ਨਸ਼ਾਖੋਰੀ ਦੇ ਮਾਮਲੇ 'ਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਦੇ ਬਿਆਨ ਦਾ ਪੱਖ ਪੂਰਦਿਆਂ ਪੰਜਾਬ ਸਰਕਾਰ ਤੋਂ ਅਸਤੀਫੇ ਦੀ ਮੰਗ ਕੀਤੀ। ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਚੌਧਰੀ ਸੁਨੀਲ ਜਾਖੜ ਤੇ ਪਾਰਟੀ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਵਿਚ ਨਸ਼ਿਆਂ ਦੇ ਮੁੱਦੇ 'ਤੇ ਪੇਸ਼ ਹਲਫਨਾਮੇ ਦੀਆਂ ਕਾਪੀਆਂ ਵਿਖਾਉਂਦਿਆਂ ਦੋਸ਼ ਲਾਇਆ ਕਿ ਇਸ ਰਾਹੀਂ ਬਾਦਲ ਸਰਕਾਰ ਨੇ ਖੁਦ ਮੰਨਿਆ ਹੈ ਕਿ ਪੰਜਾਬ ਦੇ 70 ਫੀਸਦੀ ਨੌਜਵਾਨ ਨਸ਼ਿਆਂ 'ਚ ਫਸ ਚੁੱਕੇ ਹਨ। ਇਹ ਹਲਫਨਾਮਾ ਸਰਕਾਰ ਨੇ ਸਾਲ 2009 ਵਿਚ ਪੇਸ਼ ਕੀਤਾ ਸੀ।

ਕਾਂਗਰਸੀ ਆਗੂਆਂ ਨੇ ਕਿਹਾ ਕਿ ਰਾਹੁਲ ਗਾਂਧੀ 'ਤੇ ਉਂਗਲ ਚੁੱਕਣ ਵਾਲੀ ਇਸ ਸਰਕਾਰ ਨੇ ਖੁਦ ਕੌਮੀ ਪੱਧਰ 'ਤੇ ਸ਼ਰਮਸਾਰ ਕੀਤਾ ਹੈ ਤੇ ਇਸ ਲਈ ਅਜਿਹੀ ਸਰਕਾਰ ਨੂੰ ਹੁਣ ਸੱਤਾ ਵਿਚ ਰਹਿਣ ਦਾ ਕੋਈ ਅਧਿਕਾਰ ਨਹੀਂ। ਉਨ੍ਹਾਂ ਖੁਲਾਸਾ ਕੀਤਾ ਕਿ ਪੰਜਾਬ ਸਰਕਾਰ ਨੇ ਆਪਣੇ ਸਟੇਟ ਡਿਜਾਸਟਰ ਪਲਾਨ ਵਿਚ ਵੀ ਬਕਾਇਦਾ ਜ਼ਿਕਰ ਕੀਤਾ ਹੈ ਕਿ ਰਾਜ ਦੇ 70 ਫੀਸਦੀ ਦੇ ਕਰੀਬ ਨੌਜਵਾਨ ਨਸ਼ਿਆਂ ਵਿਚ ਧਸ ਰਹੇ ਹਨ। ਇਸ ਲਈ ਉਪ ਮੁੱਖ ਮੰਤਰੀ ਨੂੰ ਗਲਤ ਬਿਆਨਬਾਜ਼ੀ ਕਰਨ ਲਈ ਰਾਜ ਦੇ ਨੌਜਵਾਨਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ 'ਤੇ ਸੂਬੇ ਵਿਚ ਨਸ਼ਾਖੋਰੀ ਤੇ ਬੇਰੁਜ਼ਗਾਰੀ ਦੀ ਅਸਲੀ ਸਮੱਸਿਆ ਤੋਂ ਭੱਜਣ ਦਾ ਦੋਸ਼ ਲਾਇਆ। ਕੈਪਟਨ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਉਕਤ ਮੁੱਦੇ 'ਤੇ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ ਨਾ ਕਿ ਅਸਲੀਅਤ ਤੋਂ ਭੱਜਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਸਿਰਫ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਵਿਚ ਰੱਖੇ ਪੱਖ ਨੂੰ ਦੁਹਰਾਇਆ ਹੈ। ਸੁਖਬੀਰ ਬਾਦਲ ਜਾਂ ਤਾਂ ਜ਼ਮੀਨੀ ਹਕੀਕਤਾਂ ਤੇ ਆਪਣੀ ਸਰਕਾਰ ਵੱਲੋਂ ਮੰਨੇ ਅੰਕੜਿਆਂ ਤੋਂ ਅਣਜਾਣ ਹਨ ਜਾਂ ਫਿਰ ਤੱਥਾਂ ਨੂੰ ਜਾਣਬੁਝ ਕੇ ਛੁਪਾ ਰਹੇ ਹਨ।

ਸਾਬਕਾ ਮੁੱਖ ਮੰਤਰੀ ਨੇ ਅਫਸੋਸ ਜ਼ਾਹਿਰ ਕੀਤਾ ਕਿ ਕਾਂਗਰਸ ਦੇ ਜਨਰਲ ਸਕੱਤਰ ਵੱਲੋਂ ਪ੍ਰਗਟਾਏ ਫਿਕਰ ਦੀ ਸ਼ਲਾਘਾ ਕਰਨ ਦੀ ਥਾਂ ਪੰਜਾਬ ਸਰਕਾਰ ਸੱਚਾਈ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੀ ਹੈ। ਕੈਪਟਨ ਨੇ ਕਿਹਾ ਕਿ ਇੱਥੋਂ ਤੱਕ ਕਿ ਯੂਨਾਈਟਿਡ ਨੈਸ਼ਨਲ ਡਿਵਲਪਮੈਂਟ ਫੰਡ ਸਰਵੇ ਵਿਚ ਵੀ ਇਹ ਗੱਲ ਸਾਹਮਣੇ ਆਈ ਸੀ ਕਿ ਪੰਜਾਬ ਦੇ 70 ਪ੍ਰਤੀਸ਼ਤ ਨੌਜਵਾਨ ਕਿਸੇ ਨਾ ਕਿਸੇ ਰੂਪ ਵਿਚ ਨਸ਼ੇ 'ਚ ਲਿਪਤ ਹਨ।

## ਕਾਜ਼ੀ ਮੰਡੀ ਇਲਾਕਾ ਬਣਿਆ ਮੌਤ ਦਾ ਖੂਹ

ਜਲੰਧਰ: ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਵੱਲੋਂ ਪੰਜਾਬ ਦੇ 70 ਫੀਸਦੀ ਨੌਜਵਾਨਾਂ ਨੂੰ ਨਸ਼ੇੜੀ ਕਹਿਣ 'ਤੇ ਬੇਸ਼ੱਕ ਸਿਆਸਤ ਗਰਮਾ ਗਈ ਹੈ ਪਰ ਇਹ ਅੰਕੜੇ ਕਈ ਥਾਈਂ 70 ਫੀਸਦੀ ਤੋਂ ਵੀ ਵੱਧ ਹਨ। ਜਲੰਧਰ ਸ਼ਹਿਰ ਵਿਚ ਨਸ਼ਿਆਂ ਦੇ ਕਾਰੋਬਾਰ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਕਾਜ਼ੀ ਮੰਡੀ ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਇਲਾਕੇ ਵਿਚ 70 ਤੋਂ ਲੈ ਕੇ 75 ਫੀਸਦੀ ਨੌਜਵਾਨ ਨਸ਼ਿਆਂ ਵਿਚ ਗ੍ਰਸਤ ਹਨ।

ਇਥੇ ਨਸ਼ਿਆਂ ਕਾਰਨ ਪਿਛਲੇ ਇਕ ਸਾਲ ਦੌਰਾਨ 300 ਤੋਂ ਵੱਧ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ। ਇਲਾਕੇ ਵਿਚ ਨਸ਼ੇ ਵੇਚਣ ਦੇ ਮਾਮਲੇ ਵਿਚ ਔਰਤਾਂ ਵੀ ਸ਼ਾਮਲ ਹਨ ਤੇ ਨਸ਼ੇ ਲੈਣ ਵਾਲਿਆਂ ਵਿਚ 10 ਸਾਲ ਦੇ ਬੱਚੇ ਵੀ ਸ਼ਾਮਲ ਹਨ। ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਧੜੱਲੇ ਨਾਲ ਨਸ਼ਿਆਂ ਦੇ ਹੋ ਰਹੇ ਕਾਰੋਬਾਰ ਲਈ ਲੋਕਾਂ ਨੇ ਦਾਅਵਾ ਕੀਤਾ ਕਿ ਨਸ਼ਿਆਂ ਦੇ ਸੌਦਾਗਰਾਂ ਦੀ ਸਰਪ੍ਰਸਤੀ ਭਾਜਪਾ ਦਾ ਇਕ ਆਗੂ ਕਰ ਰਿਹਾ ਹੈ ਤੇ ਉਸ ਦੀ ਸ਼ਹਿ 'ਤੇ ਹੀ ਨਸ਼ੇ ਵੇਚਣ ਵਾਲੇ ਪੁਲਿਸ ਦੀ ਪ੍ਰਵਾਹ ਨਹੀਂ ਕਰਦੇ ਸਗੋਂ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਸ਼ਿਆਂ ਦਾ ਕਾਰੋਬਾਰ ਵਧ ਫੁੱਲ ਰਿਹਾ ਹੈ।

ਮੂਲ ਰੂਪ ਵਿਚ ਚੇਨਈ ਦੇ ਰਹਿਣ ਵਾਲੇ ਮੱਦੀ ਨਾਂ ਦੇ ਵਿਅਕਤੀ ਦੇ ਦੋ ਪੁੱਤਰ ਵੀ ਨਸ਼ੇੜੀ ਹਨ ਤੇ ਉਹ ਆਪਣੇ ਪੁੱਤਰਾਂ ਨੂੰ ਨਸ਼ਿਆਂ ਤੋਂ ਰੋਕਣ ਲਈ ਜੀਅ-ਜਾਨ ਨਾਲ ਲੱਗਿਆ ਹੋਇਆ ਹੈ। ਉਸ ਦਾ ਇਕ 14 ਸਾਲ ਦਾ ਪੁੱਤਰ ਚਾਰ ਸਾਲ ਪਹਿਲਾਂ ਹੀ ਨਸ਼ਾ ਕਰਨ ਲੱਗ ਪਿਆ ਸੀ। ਹੁਣ ਮੱਦੀ ਨੇ ਆਪਣੇ ਪੁੱਤਰ 'ਤੇ ਨਿਗਰਾਨੀ ਰੱਖ ਕੇ ਉਸ ਨੂੰ ਨਸ਼ੇ ਕਰਨ ਤੋਂ ਹਾਲ ਦੀ ਘੜੀ ਤਾਂ ਰੋਕ ਦਿੱਤਾ ਹੈ ਤੇ ਉਸ ਦੀ ਦਵਾ-ਦਾਰੂ ਕਰਵਾ ਰਿਹਾ ਹੈ।

**ਨਸ਼ਿਆਂ ਨਾਲ ਇਕ ਸਾਲ 'ਚ 300 ਮੌਤਾਂ**

ਚੇਨਈ ਦੇ ਮੂਲ ਵਾਸੀ ਮੁਰਗਨ ਦਾ ਕਹਿਣਾ ਹੈ ਕਿ ਉਸ ਨੇ ਇਲਾਕੇ ਵਿਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਜਿੰਮ ਦਾ ਇੰਤਜ਼ਾਮ ਕੀਤਾ ਹੈ ਜਿਥੇ ਕਰੀਬ 60 ਤੋਂ 70 ਨੌਜਵਾਨ ਕਸਰਤ ਕਰਨ ਲਈ ਆਉਂਦੇ ਹਨ। ਪਹਿਲਾਂ ਇਹ ਤਕਰੀਬਨ ਸਾਰੇ ਹੀ ਕਿਸੇ ਨਾ ਕਿਸੇ ਤਰ੍ਹਾਂ ਦਾ ਨਸ਼ਾ ਕਰਦੇ ਸਨ। ਮੁਰਗਨ ਨੇ ਦੱਸਿਆ ਕਿ ਇਥੇ ਕਈ ਵਾਰ ਤਾਂ ਪੰਜ-ਪੰਜ ਨੌਜਵਾਨਾਂ ਦੀਆਂ ਮੌਤਾਂ ਇਕੋ ਦਿਨ ਵਿਚ ਹੋ ਜਾਂਦੀਆਂ ਹਨ। ਉਸ ਨੇ ਦੱਸਿਆ ਕਿ ਨਸ਼ਿਆਂ ਦੇ ਸੌਦਾਗਰ ਉਸ ਨੂੰ ਧਮਕੀਆਂ ਦਿੰਦੇ ਹਨ ਤੇ ਉਸ ਉੱਪਰ ਮਾਮਲੇ ਵੀ ਦਰਜ ਕਰਵਾਉਣ ਤੱਕ ਚਲੇ ਗਏ ਸਨ। ਉਸਨੇ ਕਿਹਾ ਕਿ ਸਿਆਸੀ ਕਾਰਨ ਕਰਕੇ ਇਸ ਇਲਾਕੇ ਵਿਚ ਨਸ਼ਿਆਂ ਦੇ ਕਾਰੋਬਾਰ ਨੂੰ ਠੱਲ੍ਹ ਨਹੀਂ ਪੈ ਰਹੀ।

ਕਾਜ਼ੀ ਮੰਡੀ ਨਾਲ ਲੱਗਦੇ ਇਲਾਕੇ ਸੰਤੋਸ਼ੀ ਨਗਰ, ਭੀਮ ਨਗਰ ਤੇ ਮਰਾਠੀ ਨਗਰ ਵਿਚ 'ਚੰਡੀਗੜ੍ਹ' ਨਾਂ ਦੀ ਵਿਕਦੀ ਨਾਜਾਇਜ਼ ਸ਼ਰਾਬ ਕਾਰਨ ਲੋਕ ਜ਼ਿਆਦਾ ਮਰ ਰਹੇ ਹਨ। ਇਨ੍ਹਾਂ ਮੁਹੱਲਿਆਂ ਦੇ ਇਕ ਮੋਹਤਬਰ ਵਿਅਕਤੀ ਦਾ ਕਹਿਣਾ ਸੀ ਕਿ 'ਚੰਡੀਗੜ੍ਹ' ਨਾਂ ਦੀ ਸ਼ਰਾਬ ਵਿਚ ਮੱਝਾਂ ਦੇ ਦੁੱਧ ਚੋਣ ਲਈ ਲਾਏ ਜਾਂਦੇ ਟੀਕੇ ਘੋਲੇ ਜਾਂਦੇ ਹਨ ਜਿਸ ਕਾਰਨ ਇਥੇ ਮੌਤਾਂ ਦੀ ਗਿਣਤੀ ਜ਼ਿਆਦਾ ਹੈ।

## ਪਿੰਡਾਂ 'ਚ ਵਗਦੀਆਂ ਨੇ ਸ਼ਰਾਬ ਦੀਆਂ ਨਦੀਆਂ

**ਚੰਡੀਗੜ੍ਹ:** ਪੰਜਾਬ ਦੇ ਬਹੁਤੇ ਪਿੰਡਾਂ 'ਚ ਹੁਣ ਦੁੱਧ ਦੀ ਥਾਂ ਸ਼ਰਾਬ ਦੀਆਂ ਨਹਿਰਾਂ ਵਗਦੀਆਂ ਹਨ। ਪਿੰਡਾਂ ਵਿਚ ਹਰ ਰੋਜ਼ ਕਈ-ਕਈ ਲੀਟਰ ਨਾਜਾਇਜ਼ ਦੇਸੀ ਰੂੜੀ ਮਾਰਕਾ ਸ਼ਰਾਬ ਸ਼ਰੇਆਮ ਕੱਢੀ ਤੇ ਵੇਚੀ ਜਾਂਦੀ ਹੈ। ਇਕ ਅੰਦਾਜ਼ੇ ਮੁਤਾਬਕ ਪਿੰਡਾਂ ਵਿਚ ਮੱਧ ਵਰਗ ਤੋਂ ਲੈ ਕੇ ਹੇਠਲੇ ਪੱਧਰ ਦੀ ਜ਼ਿੰਦਗੀ ਬਸਰ ਕਰਨ ਵਾਲੇ 60 ਫੀਸਦੀ ਨੌਜਵਾਨ ਤੇ ਬਜ਼ੁਰਗ ਸ਼ਰਾਬ ਪੀਣ ਦੇ ਆਦੀ ਹਨ। ਕਈ ਪਿੰਡਾਂ ਵਿਚ ਰੂੜੀ ਮਾਰਕਾ ਸ਼ਰਾਬ ਵਿਕਰੇਤਾਵਾਂ ਦੇ ਘਰਾਂ ਅੰਦਰ ਤੇ ਆਸ-ਪਾਸ ਸ਼ਾਮ ਨੂੰ ਪਿਆਕੜਾਂ ਦੀਆਂ ਭੀੜਾਂ ਵੇਖੀਆਂ ਜਾ ਸਕਦੀਆਂ ਹਨ। ਸੂਤਰਾਂ ਅਨੁਸਾਰ ਪਿੰਡਾਂ ਵਿਚ ਦੇਸੀ ਸ਼ਰਾਬ ਬਣਾਉਣ ਵਾਲਿਆਂ ਵੱਲੋਂ ਸਮੇਂ ਤੇ ਖਰਚ ਦੀ ਬਚਤ ਕਰਦਿਆਂ ਗੁੜ ਦੀ ਲਾਹਣ ਵਿਚ ਕਲੀ ਪਾ ਕੇ ਇਕ-ਦੋ ਦਿਨਾਂ ਵਿਚ ਹੀ ਸ਼ਰਾਬ ਤਿਆਰ ਕਰ ਲਈ ਜਾਂਦੀ ਹੈ ਜੋ ਮਨੁੱਖੀ ਸਿਹਤ ਲਈ ਜ਼ਹਿਰ ਦੇ ਬਰਾਬਰ ਹੈ। ਹਾਸਲ ਵੇਰਵਿਆਂ ਮੁਤਾਬਕ ਸਾਲ 2005-2006 ਵਿਚ ਪੂਰੇ ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਦੀ ਔਸਤਨ ਗਿਣਤੀ 4912 ਹੋਈ ਅਨੁਮਾਨੀ ਗਈ ਸੀ ਜੋ ਸਾਲ 2011-12 ਵਿਚ ਇਹ ਗਿਣਤੀ ਵਧ ਕੇ 12188 ਹੋ ਗਈ ਦੱਸੀ ਜਾਂਦੀ ਹੈ ਜਦੋਂਕਿ ਪੰਜਾਬ ਦੇ ਕੁੱਲ ਪਿੰਡਾਂ ਦੀ ਗਿਣਤੀ 12 ਹਜ਼ਾਰ 673 ਹੈ।

## ਬਾਦਲ ਨੇ ਮੜ੍ਹਿਆ ਕੇਂਦਰ 'ਤੇ ਦੋਸ਼

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਸੂਬੇ ਦੀ ਨੌਜਵਾਨੀ ਬਚਾਉਣ ਲਈ ਪਾਕਿਸਤਾਨ ਤੋਂ ਨਸ਼ਿਆਂ ਦੀ ਸਮਗਲਿੰਗ ਰੋਕਣ ਵਾਸਤੇ ਸਰਹੱਦ 'ਤੇ ਇਕ ਹੋਰ ਸੁਰੱਖਿਆ ਘੇਰਾ ਹੋਣਾ ਚਾਹੀਦਾ ਹੈ। ਸ. ਬਾਦਲ ਨੇ ਰਾਹੁਲ ਗਾਂਧੀ ਦੇ ਉਸ ਬਿਆਨ ਦੀ ਨੁਕਤਾਚੀਨੀ ਕੀਤੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਪੰਜਾਬ ਵਿਚੋਂ 10 ਵਿਚੋਂ ਸੱਤ ਨੌਜਵਾਨ ਨਸ਼ਿਆਂ ਦੇ ਆਦੀ ਹਨ। ਮੁੱਖ ਮੰਤਰੀ ਨੇ ਸੂਬੇ ਵਿਚ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਲਈ ਕਾਂਗਰਸ ਨੂੰ ਜ਼ਿੰਮੇਵਾਰ ਦੱਸਦਿਆਂ ਇਸ ਨੂੰ ਰੋਕਣ ਲਈ ਹੋਰ ਕਦਮ ਚੁੱਕਣ ਦੀ ਮੰਗ ਕੀਤੀ। ਸ. ਬਾਦਲ ਨੇ ਕਿਹਾ ਕਿ ਸਰਹੱਦ ਪਾਰੋਂ ਨਸ਼ਿਆਂ ਦੀ ਸਮਗਲਿੰਗ ਰੋਕਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ। ਉਨ੍ਹਾਂ ਰਾਜਸਥਾਨ ਵਿਚ ਪੋਸਤ ਦੀ ਖੇਤੀ 'ਤੇ ਪਾਬੰਦੀ ਲਾਉਣ ਤੇ ਸਰਹੱਦ ਉੱਤੇ ਪੂਰੀ ਚੌਕਸੀ ਵਰਤਣ ਦੀ ਮੰਗ ਕੀਤੀ।

## ਨਸ਼ਿਆਂ ਨੇ ਮਕਬੂਲਪੁਰਾ ਨੂੰ ਬਣਾਇਆ ਵਿਧਵਾਵਾਂ ਦੀ ਬਸਤੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਗੁਰੂ ਨਗਰੀ ਦੇ ਮਕਬੂਲਪੁਰਾ ਇਲਾਕੇ ਨੂੰ ਵਿਧਵਾਵਾਂ ਦੀ ਬਸਤੀ ਵੀ ਆਖਿਆ ਜਾਂਦਾ ਹੈ। ਇਸ ਇਲਾਕੇ ਵਿਚ ਨਸ਼ਿਆਂ ਦਾ ਕਹਿਰ ਜਾਰੀ ਹੈ ਤੇ ਵਿਧਵਾ ਤੇ ਅਨਾਥ ਬੱਚਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਅੰਮ੍ਰਿਤਸਰ-ਮਹਿਤਾ ਰੋਡ 'ਤੇ ਸਥਿਤ ਮੁਹੱਲਾ ਮਕਬੂਲਪੁਰਾ ਦੇ ਵਧੇਰੇ ਘਰਾਂ ਦੇ ਆਦਮੀ ਨਸ਼ੇ ਦੇ ਆਦੀ ਹਨ। ਇਸ ਇਲਾਕੇ ਵਿਚ ਵਧੇਰੇ ਸ਼ਰਾਬ, ਸਮੈਕ, ਅਫੀਮ, ਨਸ਼ੀਲੀਆਂ ਦਵਾਈਆਂ ਤੇ ਹੋਰ ਨਸ਼ਿਆਂ ਦੀ ਵਰਤੋਂ ਹੁੰਦੀ ਹੈ।

ਸਮਾਜਿਕ ਤੇ ਆਰਥਿਕ ਸਥਿਤੀ ਪੱਖੋਂ ਪੱਛੜੇ ਇਸ ਇਲਾਕੇ ਵਿਚ ਵਧੇਰੇ ਪਰਿਵਾਰਾਂ ਦੇ ਨਸ਼ੇੜੀ ਆਦਮੀ ਮਰ ਚੁੱਕੇ ਹਨ ਤੇ ਤਕਰੀਬਨ ਹਰ ਪਰਿਵਾਰ ਵਿਚ ਵਿਧਵਾ ਤੇ ਅਨਾਥ ਬੱਚੇ ਹਨ। ਇਸੇ ਕਾਰਨ ਹੀ ਇਸ ਆਬਾਦੀ ਨੂੰ ਵਿਧਵਾਵਾਂ ਦੀ ਬਸਤੀ ਵੀ ਆਖਿਆ ਜਾਂਦਾ ਹੈ। ਅਜਿਹੇ ਪ੍ਰਭਾਵਿਤ ਪਰਿਵਾਰਾਂ ਦੇ ਬੱਚਿਆਂ ਲਈ ਸਵੈ-ਸੇਵੀ ਜਥੇਬੰਦੀਆਂ ਦੇ ਸਹਿਯੋਗ ਨਾਲ ਸਿਟੀਜ਼ਨ ਫੋਰਮ ਵਿਦਿਆ ਮੰਦਰ ਨਾਂ ਦਾ ਸਕੂਲ ਵੀ ਚਲਾਇਆ ਜਾ ਰਿਹਾ ਹੈ।



ਮਕਬੂਲਪੁਰਾ 'ਚ ਬੇਸਹਾਰਾ ਹੋਏ ਬੱਚੇ।

ਸਕੂਲ ਦੇ ਪ੍ਰਬੰਧਕ ਸਮਾਜ ਸੇਵੀ ਮਾਸਟਰ ਅਜੀਤ ਸਿੰਘ ਨੇ ਦੱਸਿਆ ਕਿ ਇਲਾਕੇ ਵਿਚ ਨਸ਼ਿਆਂ ਦਾ ਪ੍ਰਕੋਪ ਪਹਿਲਾਂ ਵਾਂਗ ਹੀ ਜਾਰੀ ਹੈ। ਪਿਛਲੇ ਮਹੀਨੇ ਹੀ ਇਕ ਨੌਜਵਾਨ ਦੀ ਨਸ਼ਿਆਂ ਕਾਰਨ ਮੌਤ ਹੋਈ ਹੈ। ਉਹ ਆਪਣੇ ਪਿਛੇ ਦੋ ਬੱਚੇ ਛੱਡ ਗਿਆ। ਇਸ ਵੇਲੇ ਇਕ ਬੱਚੇ ਦਾ ਪਾਲਣ ਪੋਸ਼ਣ ਉਸ ਦੀ ਪਤਨੀ ਆਪਣੇ ਪੇਕੇ ਘਰ ਰਹਿ ਕੇ ਕਰ ਰਹੀ ਹੈ। ਦੂਜੇ ਬੱਚੇ ਦੀ ਸੰਭਾਲ ਉਸ ਦੀ ਦਾਦੀ ਕਰ ਰਹੀ ਹੈ। ਨੌਜਵਾਨ ਦਾ ਪਿਤਾ ਵੀ ਨਸ਼ਿਆਂ ਕਾਰਨ ਹੀ ਮਰਿਆ ਸੀ। ਨਸ਼ਿਆਂ ਕਾਰਨ ਪਰਿਵਾਰਾਂ ਦੀ ਆਰਥਿਕ ਸਥਿਤੀ ਵੀ ਬਦਤਰ ਹੋ ਚੁੱਕੀ ਹੈ।

ਕਈ ਵਾਰ ਤਾਂ ਮੌਤ ਹੋਣ ਤੋਂ ਬਾਅਦ ਪਰਿਵਾਰ ਲਈ ਅੰਤਿਮ ਰਸਮਾਂ ਪੂਰੀਆਂ ਕਰਨੀਆਂ ਵੀ ਔਖੀਆਂ ਹੋ ਜਾਂਦੀਆਂ ਹਨ। ਇਥੇ ਵਧੇਰੇ ਔਰਤਾਂ ਲੋਕਾਂ ਦੇ ਘਰਾਂ ਦਾ ਕੰਮ ਕਰਕੇ ਆਪਣਾ ਤੇ ਬੱਚਿਆਂ ਦਾ ਪੇਟ ਪਾਲ ਰਹੀਆਂ ਹਨ। ਉਨ੍ਹਾਂ ਦਸਿਆ ਕਿ ਨਸ਼ਿਆਂ ਨਾਲ ਪੀੜਤ ਪਰਿਵਾਰਾਂ ਵਿਚੋਂ ਤਕਰੀਬਨ 40 ਫੀਸਦੀ ਲੋਕਾਂ ਦੇ ਘਰ ਤਕ ਵਿਕ ਚੁੱਕੇ ਹਨ। ਅਨੁਮਾਨ ਮੁਤਾਬਕ ਇਥੇ 266 ਪਰਿਵਾਰਾਂ ਦੇ ਮਰਦਾਂ ਦੀ ਮੌਤ ਹੋ ਚੁੱਕੀ ਹੈ। ਪ੍ਰਭਾਵਿਤ ਪਰਿਵਾਰਾਂ ਦੇ ਬੱਚਿਆਂ ਨੂੰ ਪੜ੍ਹਾਉਣ ਲਈ ਖੋਲ੍ਹੇ ਸਕੂਲ ਵਿਚ ਇਸ ਵੇਲੇ 656 ਬੱਚੇ ਹਨ ਤੇ ਇਨ੍ਹਾਂ ਵਿਚੋਂ 80 ਫੀਸਦੀ ਬੱਚੇ ਅਨਾਥ ਤੇ ਨਸ਼ੇੜੀ ਪਰਿਵਾਰਾਂ ਨਾਲ ਸਬੰਧਤ ਹਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਪੰਜਾਬ ਵਿਚ ਨਸ਼ਿਆਂ ਦੇ ਰੁਝਾਨ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਤਕਰੀਬਨ 40 ਪ੍ਰਚਾਰਕ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਧਰਮ ਪ੍ਰਚਾਰ ਕਰ ਰਹੇ ਹਨ। ਪ੍ਰਚਾਰਕਾਂ ਅਨੁਸਾਰ ਇਸ ਵੇਲੇ ਪੰਜਾਬ ਵਿਚ ਖਾਸ ਕਰਕੇ ਦਿਹਾਤੀ ਇਲਾਕਿਆਂ ਵਿਚ 95 ਫੀਸਦੀ ਸਿੱਖ ਬੱਚੇ ਪਤਿਤ ਹੋ ਚੁੱਕੇ ਹਨ ਤੇ 75 ਫੀਸਦੀ ਨੌਜਵਾਨ ਨਸ਼ਿਆਂ ਦੇ ਆਦੀ ਹਨ। ਉਨ੍ਹਾਂ ਦੋਸ਼ ਲਾਇਆ ਕਿ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਸਿਆਸਤਦਾਨ ਦਿਨ ਪ੍ਰਤੀਦਿਨ ਅਮੀਰ ਹੋ ਰਹੇ ਹਨ ਜਿਨ੍ਹਾਂ ਦੀ ਆਰਥਿਕ ਸਥਿਤੀ ਬਾਰੇ ਵੱਡੇ ਪੱਧਰ 'ਤੇ ਜਾਂਚ ਕਰਾਉਣ ਦੀ ਲੋੜ ਹੈ।

ਇਸੇ ਤਰ੍ਹਾਂ ਕਾਂਗਰਸ ਦੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਸਮੇਤ ਹੋਰ ਕਾਂਗਰਸੀ ਆਗੂਆਂ ਨੇ ਆਖਿਆ ਕਿ ਸ੍ਰੀ ਰਾਹੁਲ ਗਾਂਧੀ ਨੇ ਪੰਜਾਬ ਵਿਚ ਨਸ਼ਿਆਂ ਦੇ ਵਧ ਰਹੇ ਰੁਝਾਨ ਦੀ ਗੱਲ ਕਰਕੇ ਸੂਬੇ ਦੇ ਲੋਕਾਂ ਨੂੰ ਚੌਕਸ ਕਰਨ ਦਾ ਯਤਨ ਕੀਤਾ ਹੈ। ਜੇਕਰ ਇਸ ਵੱਲ ਹੁਣ ਵੀ ਧਿਆਨ ਨਾ ਦਿੱਤਾ ਤਾਂ ਹੋਣ ਵਾਲੀ ਬਰਬਾਦੀ ਨੂੰ ਰੋਕਣਾ ਅਸੰਭਵ ਹੋਵੇਗਾ। ਹਾਕਮ ਧਿਰ ਇਸ ਮਾਮਲੇ ਦੀ ਨਿੰਦਾ ਤੇ ਆਲੋਚਨਾ ਕਰਨ ਦੀ ਥਾਂ ਇਸ ਦੀ ਰੋਕਥਾਮ ਤੇ ਬਚਾਓ ਵੱਲ ਵਧੇਰੇ ਧਿਆਨ ਦੇਵੇ।

ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਸ੍ਰੀ ਗਾਂਧੀ ਵੱਲੋਂ ਦਿੱਤਾ ਬਿਆਨ ਅਤੇ ਪੇਸ਼ ਕੀਤੇ ਅੰਕੜੇ ਜ਼ਮੀਨੀ ਹਕੀਕਤ ਤੋਂ ਬਹੁਤ ਦੂਰ ਹਨ। ਨਸ਼ਿਆਂ ਦੇ ਰੁਝਾਨ ਦਾ ਵਧਣਾ ਚਿੰਤਾ ਦਾ ਵਿਸ਼ਾ ਹੈ ਪਰ ਇਹ ਨਸ਼ੇ ਜਿਸ ਰਸਤੇ ਆ ਰਹੇ ਹਨ, ਉਨ੍ਹਾਂ ਵਿਚੋਂ ਵਧੇਰੇ ਰਸਤਿਆਂ 'ਤੇ ਕਾਂਗਰਸ ਕਾਬਜ਼ ਹੈ। ਸੂਬਾ ਸਰਕਾਰ ਵਧੇਰੇ ਚੌਕਸੀ ਵਰਤ ਕੇ ਨਸ਼ੀਲੇ ਪਦਾਰਥਾਂ ਨੂੰ ਬਰਾਮਦ ਕਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਅ ਰਹੀ ਹੈ।

# Matrimonials

**ਵਰ ਦੀ ਲੋੜ ਹੈ**

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5'-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ 'ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790, e-mail: prince.kular@yahoo.com

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

**ਕੰਨਿਆ ਦੀ ਲੋੜ ਹੈ**

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-675-5441

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.


## ਸੁਨਾਮ ਇਲਾਕੇ ਵਿਚ ਕਾਲੇ ਪੀਲੀਏ ਦਾ ਕਹਿਰ

**ਸੁਨਾਮ:** ਇਸ ਇਲਾਕੇ ਨੂੰ ਕਾਲੇ ਪੀਲੀਏ (ਹੈਪੇਟਾਇਟਸ-ਸੀ) ਨੇ ਕਲਾਵੇ ਵਿਚ ਲੈ ਲਿਆ ਹੈ। ਪ੍ਰਦੂਸ਼ਿਤ ਪਾਣੀ ਤੇ ਜ਼ਹਿਰੀਲੀਆਂ ਸਪਰੇਆਂ ਵਿਚੋਂ ਉਗਸਿਆ ਇਹ ਦੁਖਾਂਤ ਦਿਨੋ-ਦਿਨ ਵਧਦਾ ਜਾ ਰਿਹਾ ਹੈ।

ਵੱਖ-ਵੱਖ ਪਿੰਡਾਂ ਤੋਂ ਮਿਲੀਆਂ ਰਿਪੋਰਟਾਂ ਇਹ ਤੱਥ ਜ਼ਾਹਰ ਕਰਦੀਆਂ ਹਨ ਕਿ ਇਨ੍ਹਾਂ ਬਿਮਾਰੀਆਂ ਤੋਂ ਕੋਈ ਪਿੰਡ ਨਹੀਂ ਬਚਿਆ। ਕਾਲੇ ਪੀਲੀਏ ਦੀ ਬਿਮਾਰੀ ਤੋਂ ਪੀੜਤ ਹਰ ਪਿੰਡ ਅੰਦਰ ਦੋ ਤੋਂ ਸੱਤ ਮਰੀਜ਼ ਹਨ। ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਸਾਬਕਾ ਪੀ.ਏ. ਸੁਖਵਿੰਦਰ ਸਿੰਘ ਸੁੱਖ ਨੇੜਲੇ ਪਿੰਡ ਭਰੂਰ ਦਾ ਵਾਸੀ ਹੈ। ਸ੍ਰੀ ਸੁੱਖ ਕਾਲੇ ਪੀਲੀਏ ਕਾਰਨ ਦਿੱਲੀ ਦੇ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਪਿੰਡ ਦਾ ਪੁਲਿਸ ਮੁਲਾਜ਼ਮ ਹਰਦੀਪ ਸਿੰਘ ਕਾਲੇ ਪੀਲੀਏ ਦਾ ਸ਼ਿਕਾਰ ਹੈ। ਮਹਿਲਾ ਪਿੰਡ ਅੰਦਰ ਇਸ ਬਿਮਾਰੀ ਤੋਂ ਪੀੜਤ ਦੋ ਦਰਜਨ ਮਰੀਜ਼ ਹਨ। ਇਹ ਮਰੀਜ਼ ਲੁਧਿਆਣਾ ਦੇ ਡੀ.ਐਮ.ਸੀ. ਹਸਪਤਾਲ ਦੇ ਮਾਹਿਰ ਡਾਕਟਰਾਂ ਤੋਂ ਕਾਲੇ ਪੀਲੀਏ ਦਾ ਇਲਾਜ ਕਰਵਾ ਰਹੇ ਹਨ।



## ਟੀ.ਵੀ. ਹੋਸਟ ਹਰਵਿੰਦਰ ਰਿਆੜ ਦਾ ਫਰਿਜ਼ਨੋ 'ਚ ਸੁਆਗਤ

**ਫਰਿਜ਼ਨੋ (ਕੁਲਵੰਤ ਧਾਲੀਆਂ):** ਟੀ ਵੀ ਹੋਸਟ ਅਤੇ ਨਿਊ ਯਾਰਕ ਤੋਂ ਛਪਦੇ ਪੰਜਾਬੀ ਅਖਬਾਰ ਪੰਜਾਬੀ ਰਾਈਟਰ ਦੇ ਸੰਪਾਦਕ ਹਰਵਿੰਦਰ ਰਿਆੜ ਦਾ ਇਥੇ ਇਕ ਸਮਾਗਮ ਵਿਚ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਦੇ ਸ਼ੁਰੂ ਵਿਚ ਸਭ ਨੂੰ ਜੀ ਆਇਆਂ ਆਖਦਿਆਂ ਅਕਾਲੀ ਆਗੂ ਤੇ ਗਿੱਲ ਇਨਸੋਰੈਂਸ ਦੇ ਮਾਲਕ ਹੈਰੀ ਗਿੱਲ ਨੇ ਰਿਆੜ ਦੀ ਪੱਤਰਕਾਰੀ ਦੀ ਸ਼ਲਾਘਾ ਕੀਤੀ।

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਪਾਲ ਸਹੋਤਾ ਨੇ ਕਿਹਾ ਕਿ ਚਾਹੇ ਕੋਈ ਰਾਜਨੀਤਕ ਮੁੱਦਾ ਹੋਵੇ, ਚਾਹੇ ਧਾਰਮਿਕ ਸ੍ਰੀ ਰਿਆੜ ਜਸ ਪੰਜਾਬੀ ਦੇ 'ਮੁੱਦਾ' ਪ੍ਰੋਗਰਾਮ ਵਿਚ ਸਦਾ ਹੀ ਪੰਜਾਬੀਆਂ ਦੀ ਆਵਾਜ਼ ਬਣ ਕੇ ਗੜਕਦੇ ਹਨ। ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ ਨੇ ਸੁਝਾਅ ਦਿੱਤਾ ਕਿ ਜਸ ਪੰਜਾਬੀ ਦੇ ਪ੍ਰਬੰਧਕਾਂ ਨੂੰ ਖੇਡਾਂ ਦਾ ਕੋਈ ਖਾਸ ਪ੍ਰੋਗਰਾਮ ਟੀ. ਵੀ. 'ਤੇ ਜਰੂਰ ਲੈ ਕੇ ਆਉਣਾ ਚਾਹੀਦਾ ਹੈ। ਹਾਕਮ ਸਿੰਘ ਢਿੱਲੋਂ (ਫਾਰਮਰਸ ਇਨਸ਼ੋਰੈਂਸ) ਨੇ ਹਰਵਿੰਦਰ ਰਿਆੜ ਨੂੰ ਪੰਜਾਬੀਅਤ ਦਾ ਪਹਿਰੇਦਾਰ ਦੱਸਿਆ। ਦੀਪਾ ਚੌਹਾਨ ਨੇ ਰਿਆੜ ਨੂੰ ਅਣਥੱਕ ਅਤੇ ਨਿਰਪੱਖ ਪੱਤਰਕਾਰ ਦੱਸਦਿਆਂ ਉਨ੍ਹਾਂ ਦੀ ਪੱਤਰਕਾਰੀ ਦੀ ਸ਼ਲਾਘਾ ਕੀਤੀ। ਇਸ ਮੌਕੇ ਮੌਜੂਦ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਪੱਤਰਕਾਰਾਂ ਨੂੰ ਲੋਕ ਹਿਤਾਂ ਵਿਚ ਆਪਣੀ ਆਵਾਜ਼ ਉਠਾਉਣ ਦੀ ਨਸੀਹਤ ਕੀਤੀ। ਉਨ੍ਹਾਂ ਸ੍ਰੀ ਰਿਆੜ ਦਾ ਇਕ ਯਾਦਗਾਰੀ ਚਿੰਨ ਦੇ ਕੇ ਸਨਮਾਨ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਰਿਆੜ ਨੇ ਆਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਪੱਤਰਕਾਰ ਬਲਵੰਤ ਮੱਲ੍ਹਾ ਨੂੰ ਪੰਜਾਬੀ ਰਾਈਟਰ ਦਾ ਸੈਂਟਰਲ ਕੈਲੀਫੋਰਨੀਆ ਲਈ ਪ੍ਰਤੀਨਿਧ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਪੱਤਰਕਾਰ ਨੀਟਾ ਮਾਛੀਕੇ ਦੀ ਪੱਤਰਕਾਰੀ ਦੀ ਵੀ ਪ੍ਰਸ਼ੰਸਾ ਕੀਤੀ। ਅੰਤ ਵਿਚ ਚਰਨ ਗੁਰਮ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਡਾ. ਸਿਮਰਜੀਤ ਨੇ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਗਿੱਲ ਇਨਸ਼ੋਰੈਂਸ ਵਾਲੇ ਅਵਤਾਰ ਸਿੰਘ ਗਿੱਲ, ਬਿੱਟੂ ਕੁੱਸਾ, ਭਰਪੂਰ ਸਿੰਘ ਸਾਹੋਕੇ, ਟੋਨੀ ਗਿੱਲ, ਰਾਣਾ ਗਿੱਲ, ਜਸਵਿੰਦਰ ਸਿੰਘ ਅਤੇ ਰਾਜ ਬਰਾੜ ਸ਼ਾਮਲ ਹੋਏ।

## ਗੁਦਾਮ ਨੂੰ ਅੱਗ ਲੱਗਣ ਨਾਲ ਲੱਖਾਂ ਦਾ ਸਾਮਾਨ ਸੜਿਆ

**ਖੰਨਾ:** ਇੱਥੋਂ ਦੇ ਫ਼ੋਕਲ ਪੁਆਇੰਟ ਸਥਿਤ ਮਾਰਕਫੈਡ ਦੇ ਇੱਕ ਗੁਦਾਮ ਵਿਚ ਅਚਾਨਕ ਅੱਗ ਲੱਗਣ ਨਾਲ ਗੋਦਾਮ ਵਿਚ ਪਨਸਪ ਦਾ ਪਿਆ ਲੱਖਾਂ ਰੁਪਏ ਦਾ ਅਨਾਜ, ਚੀਨੀ, ਦਾਲਾਂ, ਕਣਕ ਅਤੇ ਹੋਰ ਸਾਮਾਨ ਸੜ ਕੇ ਸੁਆਹ ਹੋ ਗਿਆ ਪਰ ਇਸ ਅੱਗ ਤੋਂ ਕਿਸੇ ਵੀ ਕਿਸਮ ਦਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ।

ਗੁਦਾਮ ਦੇ ਮੁੱਖ ਪ੍ਰਬੰਧਕ ਦਰਸ਼ਨ ਸਿੰਘ ਨੇ ਦੱਸਿਆ ਕਿ ਅੱਗ ਲੱਗਣ ਦੀ ਘਟਨਾ ਬਾਰੇ ਰਾਤ ਨੂੰ ਚੌਕੀਦਾਰ ਨੈਬ ਸਿੰਘ ਨੇ ਜਾਣਕਾਰੀ ਦਿੱਤੀ, ਜਿਸ ਦੀ ਸੂਚਨਾ 'ਤੇ ਫਾਇਰ ਬ੍ਰਿਗੇਡ ਅਤੇ ਪੁਲਿਸ ਨੇ ਕਾਰਵਾਈ ਅਮਲ ਵਿਚ ਲਿਆਂਦੀ। ਫਾਇਰ ਬ੍ਰਿਗੇਡ ਦੀਆਂ 20 ਦੇ ਕਰੀਬ ਗੱਡੀਆਂ ਅੱਗ ਬੁਝਾਉਣ ਦੇ ਕਾਰਜ ਵਿਚ ਲੱਗੀਆਂ। ਅੱਗ ਨਾਲ ਗੁਦਾਮ ਵਿਚ ਪਈ ਚੀਨੀ, ਦਾਲਾਂ, ਪੋਲੀਥੀਨ, ਸਲਫਾਸ, ਕਣਕ ਤੇ ਗੁਦਾਮ ਦੀ ਇਮਾਰਤ ਦਾ ਕਾਫ਼ੀ ਨੁਕਸਾਨ ਹੋ ਗਿਆ। ਗੁਦਾਮ ਵਿਚ ਪਈ 2 ਹਜ਼ਾਰ ਮੀਟਰਿਕ ਟਨ ਕਣਕ ਸੜ ਕੇ ਸੁਆਹ ਹੋ ਗਈ।

ਪ੍ਰਬੰਧਕਾਂ ਅਨੁਸਾਰ ਇਕ ਅੰਦਾਜ਼ੇ ਮੁਤਾਬਿਕ ਕੁੱਲ ਮਿਲਾ ਕੇ ਇਹ ਨੁਕਸਾਨ 50 ਲੱਖ ਰੁਪਏ ਤੋਂ ਵਧੇਰੇ ਦਾ ਮੰਨਿਆ ਜਾ ਰਿਹਾ ਹੈ।

## ਸੁਮੇਧ ਸੈਣੀ ਦੀ ਨਿਯੁਕਤੀ ਬਾਰੇ ਹਾਈ ਕੋਰਟ ਕਰੇਗੀ ਸੁਣਵਾਈ

**ਚੰਡੀਗੜ੍ਹ:** ਪੰਜਾਬ ਪੁਲੀਸ ਦੇ ਮੁਖੀ ਸੁਮੇਧ ਸੈਣੀ ਦੀ ਨਿਯੁਕਤੀ ਬਾਰੇ ਹਾਈ ਕੋਰਟ ਆਪ ਹੀ ਸੁਣਵਾਈ ਕਰੇਗਾ। ਜਨਹਿੱਤ ਪਟੀਸ਼ਨ ਨੂੰ ਚੀਫ ਜਸਟਿਸ ਅਰਜਨ ਕੁਮਾਰ ਸੀਕਰੀ ਤੇ ਜਸਟਿਸ ਆਰ.ਕੇ. ਜੈਨ 'ਤੇ ਆਧਾਰਤ ਬੈਂਚ ਨੇ ਖਾਰਜ ਕਰ ਦਿੱਤਾ ਹੈ। ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਬੈਂਚ ਨੇ ਸਾਰੇ ਪੱਖਾਂ ਨੂੰ ਨਵੇਂ ਸਿਰੇ ਤੋਂ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਬੈਂਚ ਨੇ ਵਾਇਸ ਫਾਰ ਫਰੀਡਮ ਦੇ ਸੀਨੀਅਰ ਵਕੀਲ ਕੇ.ਐਨ. ਬਾਲ ਗੋਪਾਲ ਤੇ ਕੁਲਦੀਪ ਖੰਡੇਲਵਾਲ ਨੂੰ ਅਦਾਲਤ ਦਾ ਸਹਿਯੋਗ ਦੇਣ ਲਈ 'ਐਮੀਕਸ ਕਯੂਰੇ' ਨਿਯੁਕਤ ਕੀਤਾ ਹੈ। ਬੈਂਚ ਨੇ ਮੰਨਿਆ ਹੈ ਕਿ ਪਟੀਸ਼ਨਰ ਨੂੰ ਇਸ ਮਾਮਲੇ ਵਿਚ ਜਨਹਿੱਤ ਪਟੀਸ਼ਨ ਦਾਖਲ ਕਰਨ ਦਾ ਹੱਕ ਨਹੀਂ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR
SINGAPORE AIRLINES CATHAY PACIFIC Lufthansa CHINA AIRLINES

FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

## ਪੰਜਾਬੀਆਂ ਦੀ ਸ਼ਾਨ ਵੱਖਰੀ

# ਚੰਨੀ ਸਿੰਘ ਤੇ ਪਵਨਿੰਦਰ ਨੂੰ ਸ਼ਾਹੀ ਸਨਮਾਨ

**ਚੰਡੀਗੜ੍ਹ:** ਵਿਦੇਸ਼ ਵਿਚ ਵਸੇ ਪੰਜਾਬੀ ਹਰ ਖੇਤਰ ਵਿਚ ਮੱਲਾਂ ਮਾਰ ਰਹੇ ਹਨ। ਬਿਗਾਨੇ ਮੁਲਕਾਂ ਵਿਚ ਕਾਰੋਬਾਰ ਤੇ ਸਿਆਸਤ ਦੇ ਖੇਤਰ ਵਿਚ ਆਪਣੀ ਚੰਗੀ ਪਕੜ ਬਣਾਉਣ ਤੋਂ ਇਲਾਵਾ ਸੱਭਿਆਚਾਰਕ ਤੇ ਸਮਾਜਿਕ ਖੇਤਰ ਵਿਚ ਵੀ ਪੰਜਾਬੀਆਂ ਨੇ ਚੰਗਾ ਨਾਮਣਾ ਖੱਟਿਆ ਹੈ। ਇਸ ਕੜੀ ਨੂੰ ਭੰਗੜਾ ਕਲਾਕਾਰ ਚੰਨੀ ਸਿੰਘ ਤੇ ਪਵਨਿੰਦਰ ਸਿੰਘ ਅਠਵਾਲ ਨੇ ਅੱਗੇ ਤੋਰਿਆ ਹੈ।

ਚੰਨੀ ਸਿੰਘ ਨੂੰ 'ਆਰਡਰ ਆਫ ਬ੍ਰਿਟਿਸ਼ ਐਂਪਾਇਰ' ਤੇ ਓਂਟਾਰੀਓ ਦੇ ਪਵਨਿੰਦਰ ਸਿੰਘ ਨੂੰ 'ਡਿਊਕ ਆਫ ਈਡਨਬਰਗ ਗੋਲਡ ਮੈਡਲ' ਨਾਲ ਸਨਮਾਨਤ ਕੀਤਾ ਗਿਆ ਹੈ। ਚੰਨੀ ਸਿੰਘ ਬਰਤਾਨੀਆ ਦੀ ਮਹਾਰਾਣੀ ਤੋਂ ਇਹ ਵੱਕਾਰੀ ਐਵਾਰਡ ਹਾਸਲ ਕਰਨ ਵਾਲੇ ਪਹਿਲੇ ਪੰਜਾਬੀ ਹਨ। ਉਨ੍ਹਾਂ ਨੂੰ ਇਹ ਐਵਾਰਡ ਭੰਗੜੇ, ਸਮਾਜ ਸੇਵਾ ਤੇ ਦਾਨ ਦੇ ਕੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਬਦਲੇ ਦਿੱਤਾ ਗਿਆ ਹੈ। ਉਨ੍ਹਾਂ ਨੂੰ ਮਹਾਰਾਣੀ ਦੀ ਇਕ ਸਰਕਾਰੀ ਰਿਹਾਇਸ਼ 'ਤੇ ਬੁਲਾ ਕੇ ਇਹ ਐਵਾਰਡ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਦੀ ਪਤਨੀ ਧੰਨੋ, ਗਾਇਕਾ ਬੇਟੀ



ਮੋਨਾ ਤੇ ਭਰਾ ਪਰਮਜੀਤ ਸਿੰਘ ਹਾਜ਼ਰ ਸਨ। ਚੰਨੀ ਸਿੰਘ ਨੂੰ ਇਹ ਮੈਡਲ ਰਾਜਕੁਮਾਰੀ ਐਨੀ ਨੇ ਭੇਟ ਕੀਤਾ।

ਇਸ ਤੋਂ ਇਲਾਵਾ ਕੈਨੇਡਾ ਵਿਚ ਵਸੇ 18 ਸਾਲਾ ਪਵਨਿੰਦਰ ਸਿੰਘ ਅੱਠਵਾਲ 'ਡਿਊਕ ਆਫ ਈਡਨਬਰਗਜ਼ ਗੋਲਡ ਐਵਾਰਡ' ਹਾਸਲ ਕਰਨ ਵਾਲੇ ਸਭ ਤੋਂ ਛੋਟੀ ਉਮਰ ਦੇ ਪੰਜਾਬੀ ਬਣ ਗਏ ਹਨ। ਉਨ੍ਹਾਂ ਨੂੰ ਇਹ ਐਵਾਰਡ ਓਟਾਵਾ ਕਨਵੈਨਸ਼ਨ ਸੈਂਟਰ ਵਿਚ ਦਿੱਤਾ ਗਿਆ ਜਿੱਥੇ ਉਨ੍ਹਾਂ ਦੇ ਮਾਤਾ-ਪਿਤਾ ਇੰਦਰਪਾਲ ਤੇ ਪਵਨਦੀਪ ਅਠਵਾਲ ਹਾਜ਼ਰ ਸਨ। ਐਪਲਬਾਏ ਕਾਲਜ ਦੇ ਵਿਦਿਆਰਥੀ ਪਵਨਿੰਦਰ ਸਿੰਘ ਨੂੰ ਇਹ ਐਵਾਰਡ ਰਾਜ ਕੁਮਾਰ ਐਡਵਰਡ ਨੇ ਦਿੱਤਾ।

ਤਕਰੀਬਨ 50 ਵਰ੍ਹੇ ਪਹਿਲਾਂ ਸ਼ੁਰੂ ਕੀਤਾ ਗਿਆ 'ਡਿਊਕ ਆਫ ਈਡਨਬਰਗ ਐਵਾਰਡ' ਸਮਾਜ ਸੇਵਾ, ਹੁਨਰ ਵਿਕਾਸ, ਸਰੀਰਕ ਤੰਦਰੁਸਤੀ ਦੇ ਖੇਤਰ ਵਿਚ ਸਰਵੋਤਮ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ। ਪਵਨਿੰਦਰ ਸਿੰਘ 2010 ਵਿਚ ਓਂਟਾਰੀਓ ਦੀ ਲੀਡਰਸ਼ਿਪ ਲਈ ਚੁਣੇ ਗਏ ਸਨ। ਇਸ ਤੋਂ ਬਾਅਦ 2011 ਵਿਚ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਵਿਖੇ ਗਲੋਬਲ ਲੀਡਰ ਕਾਨਫਰੰਸ ਵਿਚ ਕੈਨੇਡਾ ਦੀ ਨੁਮਾਇੰਦਗੀ ਕੀਤੀ ਸੀ। ਪਵਨਿੰਦਰ ਸਿੰਘ ਜੋ ਪੰਜਾਬੀ, ਅੰਗਰੇਜ਼ੀ, ਫਰੈਂਚ ਤੇ ਡੱਚ ਭਾਸ਼ਾ ਬੋਲ ਸਕਦੇ ਹਨ, ਨੇ ਜਰਮਨੀ ਵਿਚ ਇਕ ਸਟੱਡੀ ਪ੍ਰੋਗਰਾਮ ਲਈ ਸਕਾਲਰਸ਼ਿਪ ਹਾਸਲ ਕੀਤੀ ਸੀ।

# ਆਸਟਰੇਲੀਆ ਦਾ ਕਾਨੂੰਨ ਬਦਲਾਉਣ ਲਈ ਡਟੀ ਪੰਜਾਬਣ

**ਮੈਲਬਰਨ:** ਲੁਧਿਆਣਾ ਦੇ ਜਨਤਾ ਨਗਰ ਨਾਲ ਸਬੰਧਤ ਜਸਪ੍ਰੀਤ ਕੌਰ ਨਿਊ ਸਾਊਥ ਵੇਲਜ਼ ਸੂਬੇ ਦੇ ਪਰੋਵੋਕੇਸ਼ਨ ਕਾਨੂੰਨ ਵਿਚ ਸੋਧ ਲਈ ਲੜਾਈ ਲੜ ਰਹੀ ਹੈ। ਸਿਡਨੀ ਦੇ ਵੈਸਟ ਮਿਡ ਵਿਚ ਘਰੇਲੂ ਝਗੜੇ ਕਾਰਨ 2009 ਦੌਰਾਨ ਆਪਣੀ ਭੈਣ ਮਨਪ੍ਰੀਤ ਨੂੰ ਖੋ ਚੁੱਕੀ ਜਸਪ੍ਰੀਤ ਨੂੰ ਦੁੱਖ ਹੈ ਕਿ ਭੈਣ ਨੂੰ ਸਾਹ ਰਗ ਕੱਟ ਕੇ ਮਾਰਨ ਵਾਲਾ ਉਸ ਦਾ ਜੀਜਾ ਇਸ ਕਾਨੂੰਨ ਦਾ ਸਹਾਰਾ ਲੈ ਕੇ ਲੰਬੀ ਕੈਦ ਤੋਂ ਬਚਾਅ ਕਰ ਗਿਆ।

ਸੁਣਵਾਈ ਦੌਰਾਨ ਉਸ ਦਾ ਜੀਜਾ ਅਦਾਲਤ ਨੂੰ ਇਹ ਸਾਬਤ ਕਰਨ ਵਿਚ ਕਾਮਯਾਬ ਰਿਹਾ ਕਿ ਉਸ ਦੀ ਪਤਨੀ ਨੇ ਘਰੇਲੂ ਝਗੜੇ ਦੌਰਾਨ ਬੁਰਾ ਭਲਾ ਕਹਿ ਕੇ ਉਸ ਨੂੰ ਜੁਰਮ ਕਰਨ ਲਈ ਭੜਕਾਇਆ। ਪਰੋਵੋਕੇਸ਼ਨ ਦੇ ਕਾਨੂੰਨ ਨੂੰ ਧਿਆਨ ਵਿਚ ਰੱਖਦਿਆਂ ਉਸ ਨੂੰ ਛੇ ਸਾਲ ਦੀ ਸਜ਼ਾ ਹੀ ਹੋਈ ਜਿਸ ਵਿਚ ਪੈਰੋਲ ਵੀ ਸ਼ਾਮਲ ਸੀ। ਔਰਤ ਦੇ ਕਾਨੂੰਨ ਹੱਕਾਂ ਸਬੰਧੀ ਸਰਗਰਮ ਵਿਮੈਨ ਲੀਗਲ ਸਰਵਿਸਿਜ਼ ਦੀ ਡਾਇਰੈਕਟਰ ਹੈਲਨ ਕੈਂਪਬੈਲ ਨੇ ਪਰੋਵੋਕੇਸ਼ਨ ਨੂੰ ਮੁਲਕ ਦੇ ਵਿਕਟੋਰੀਆ ਤੇ ਤਸਮਾਨੀਆ ਸੂਬਿਆਂ ਵਾਂਗ ਖਤਮ ਕਰਨ ਦੀ ਵਕਾਲਤ ਕੀਤੀ ਹੈ। ਆਪਣੀ ਇਸ ਲੜਾਈ ਤਹਿਤ ਜਸਪ੍ਰੀਤ ਕਾਨੂੰਨ ਮਾਹਿਰਾਂ ਤਕ ਇਹੋ ਗੱਲ ਪਹੁੰਚਾਉਣ ਵਿਚ ਕਾਮਯਾਬ ਰਹੀ ਹੈ ਕਿ ਪਰੋਵੋਕੇਸ਼ਨ ਉਹ ਕਾਨੂੰਨ ਹੈ ਜਿਸ ਨੂੰ ਅਪਰਾਧੀ ਨਾਜਾਇਜ਼ ਵਰਤ ਰਹੇ ਹਨ। ਇਸ ਮਗਰੋਂ ਛਿੜੀ ਬਹਿਸ ਵਿਚ ਇਹ ਮਾਮਲਾ ਸੰਸਦੀ ਕਮੇਟੀ ਦੇ ਵਿਚਾਰ ਅਧੀਨ ਹੈ ਤੇ ਘਰੇਲੂ ਝਗੜਿਆਂ ਦੀ ਰੋਕਥਾਮ ਲਈ ਕੰਮ ਕਰਦੀਆਂ ਜਥੇਬੰਦੀਆਂ ਸਮੇਤ ਬਾਰ ਕੌਂਸਲਾਂ ਤੋਂ ਇਸ ਬਾਰੇ ਰਾਇ ਵੀ ਲਈ ਜਾ ਰਹੀ ਹੈ ਜਿਨ੍ਹਾਂ ਵਿਚੋਂ ਕੁਝ ਨੇ ਪਰੋਵੋਕੇਸ਼ਨ ਨੂੰ ਖਤਮ ਕਰਨ 'ਤੇ ਇਤਰਾਜ਼ ਵੀ ਜਤਾਏ ਹਨ।

ਜਸਪ੍ਰੀਤ ਨੇ ਇਸ ਕਾਨੂੰਨ ਬਾਰੇ ਅਸਹਿਮਤੀ ਪ੍ਰਗਟਾਉਂਦੀ ਵਿਸਥਾਰਤ ਰਿਪੋਰਟ ਵੀ ਇਸ ਸੰਸਦੀ ਕਮੇਟੀ ਸਾਹਮਣੇ ਰੱਖੀ ਹੈ। ਸੋਲ੍ਹਵੀਂ ਸਦੀ ਦੌਰਾਨ ਬਣੇ ਇਸ ਕਾਨੂੰਨ ਦੀ ਹੋਂਦ ਬਾਰੇ ਅਗਲਾ ਫੈਸਲਾ ਕਮੇਟੀ ਦੀ ਸਿਫਾਰਸ਼ ਮਗਰੋਂ ਤੈਅ ਹੋਣ ਦੀ ਆਸ ਹੈ। ਪਰੋਵੋਕੇਸ਼ਨ ਉਹ ਕਾਨੂੰਨ ਹੈ ਜਿਸ ਤਹਿਤ ਭੜਕਾਏ ਜਾਣ ਮਗਰੋਂ ਜੁਰਮ ਕਰਨ ਨੂੰ ਮਨੁੱਖੀ ਕਮਜ਼ੋਰੀ ਮੰਨਿਆ ਜਾਂਦਾ ਹੈ।

## ਪਰਵਾਸੀ ਭਾਰਤੀ ਨੇ ਬੈਲਜੀਅਮ 'ਚ ਚੋਣ ਲੜੀ

**ਬਰੱਸਲਜ਼:** ਭਾਰਤੀ ਮੂਲ ਦੇ ਸੰਜੇ ਮੁਖੋਪਾਧਿਆਏ ਨੇ ਬੈਲਜੀਅਮ ਵਿਚ ਨਗਰ ਕੌਂਸਲ ਚੋਣ ਲੜੀ ਹੈ। ਉਹ ਪਹਿਲਾ ਭਾਰਤੀ ਹੈ ਜਿਸ ਨੇ ਚੋਣਾਂ ਵਿਚ ਹਿੱਸਾ ਲਿਆ ਹੈ। ਇਨ੍ਹਾਂ ਚੋਣਾਂ ਵਿਚ ਪਾਕਿਸਤਾਨ, ਤੁਰਕੀ ਤੇ ਮੋਰੱਕੋ ਦੇ ਨਾਗਰਿਕਾਂ ਦੀ ਅਗਲੀ ਪੀੜ੍ਹੀ ਦੇ ਉਮੀਦਵਾਰਾਂ ਨੇ ਵੀ ਹਿੱਸਾ ਲਿਆ। ਸੂਚਨਾ ਤਕਨਾਲੋਜੀ ਮਾਹਰ ਮੁਖੋਪਾਧਿਆਏ ਨੇ ਕਿਹਾ ਕਿ ਉਹ ਭਾਰਤ ਨਾਲ ਸਬੰਧਤ ਪਹਿਲੀ ਪੀੜ੍ਹੀ ਦਾ ਅਜਿਹਾ ਪਹਿਲਾ ਵਿਅਕਤੀ ਹੈ ਜੋ ਚੋਣਾਂ ਲੜ ਰਿਹਾ ਹੈ।

## ਵਿਦਿਆਰਥੀਆਂ ਦੀ ਮਦਦ ਲਈ ਬਹੁੜੀ ਸਿੱਖ ਫਾਊਂਡੇਸ਼ਨ

**ਵਾਸ਼ਿੰਗਟਨ:** ਅਮਰੀਕੀ ਸਿੱਖਾਂ ਦੀ ਜਥੇਬੰਦੀ ਨੇ 2.50 ਲੱਖ ਅਮਰੀਕੀ ਡਾਲਰ ਤੋਂ ਵਧੇਰੇ ਰਾਸ਼ੀ ਇਕੱਠੀ ਕੀਤੀ ਹੈ ਤਾਂ ਜੋ ਪੰਜਾਬ ਤੇ ਇਸ ਦੇ ਨੇੜਲੇ ਰਾਜਾਂ ਦੇ ਉਨ੍ਹਾਂ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾ ਸਕਣ ਜੋ ਉੱਚ ਪੱਧਰੀ ਪੇਸ਼ੇਵਰ ਸਿੱਖਿਆ ਹਾਸਲ ਕਰਨਾ ਚਾਹੁੰਦੇ ਹਨ।




ਇਹ ਫੰਡ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ (ਐਸ.ਐਚ.ਡੀ.ਐਫ.) ਵਾਸਤੇ ਵੀਆਨਾ ਵਿਚ ਇਕੱਠਾ ਕੀਤਾ ਗਿਆ। ਸੰਸਥਾ ਵੱਲੋਂ ਭਾਰਤ ਵਿਚ ਉੱਚ ਪੱਧਰੀ ਪੇਸ਼ੇਵਰ ਸਿੱਖਿਆ ਹਾਸਲ ਕਰਨ ਵਾਲੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕੀਤੀ ਜਾਂਦੀ ਹੈ। ਫਾਊਂਡੇਸ਼ਨ ਦੇ ਚੇਅਰਮੈਨ ਅਮਰਜੀਤ ਸਿੰਘ ਸੋਨੀ ਨੇ ਦੱਸਿਆ ਕਿ ਪਿਛਲੇ 12 ਸਾਲਾਂ ਦੌਰਾਨ ਉਹ ਲੱਖਾਂ ਡਾਲਰ ਵਜ਼ੀਫੇ ਵਜੋਂ ਦੇ ਚੁੱਕੇ ਹਨ। ਉਨ੍ਹਾਂ ਕੋਲੋਂ ਵਜ਼ੀਫੇ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿਚੋਂ 800 ਨੇ ਗਰੈਜੂਏਸ਼ਨ ਕਰ ਲਈ ਹੈ ਤੇ 31 ਵੱਖ-ਵੱਖ ਖੇਤਰਾਂ ਵਿਚ ਸਫਲਤਾਪੂਰਵਕ ਕੰਮ ਕਰ ਰਹੇ ਹਨ। ਇਨ੍ਹਾਂ ਸਫ਼ਲ ਵਿਦਿਆਰਥੀਆਂ ਨੇ ਆਪਣੇ ਪਰਿਵਾਰਾਂ ਦੀ ਜ਼ਿੰਦਗੀ ਬਦਲ ਦਿੱਤੀ ਹੈ। ਉਨ੍ਹਾਂ ਆਪਣੇ ਭੈਣਾਂ-ਭਰਾਵਾਂ ਨੂੰ ਵੀ ਵਿਦਿਆ ਦਿਵਾਈ ਹੈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਆਸਟਿਨ ਤੋਂ ਪਹੁੰਚੇ ਅੱਖਾਂ ਦੇ ਮਾਹਿਰ ਡਾਕਟਰ ਹਰਜਿੰਦਰਜੀਤ ਸਿੰਘ ਬੈਂਸ ਨੇ ਕਿਹਾ ਕਿ ਉਹ ਸਿੱਖ ਫਾਊਂਡੇਸ਼ਨ ਨੂੰ ਪੂਰੀ ਹਮਾਇਤ ਦਿੰਦੇ ਹਨ ਕਿਉਂਕਿ ਉਹ ਲੋੜਵੰਦ ਤੇ ਸਮਰੱਥ ਵਿਅਕਤੀਆਂ ਨੂੰ ਆਪਣਾ ਭਵਿੱਖ ਉਜਲਾ ਬਣਾਉਣ ਲਈ ਸਹਿਯੋਗ ਦੇ ਰਹੀ ਹੈ।

## ਅਮਰੀਕਾ ਨੇ 'ਈ.ਬੀ.-5' ਵੀਜ਼ੇ ਦੀ ਮਿਆਦ 2015 ਤੱਕ ਵਧਾਈ

**ਚੰਡੀਗੜ੍ਹ:** ਅਮਰੀਕਾ ਵੱਲੋਂ ਢਾਈ ਕਰੋੜ ਰੁਪਏ ਨਿਵੇਸ਼ ਕਰਕੇ ਦਿੱਤੀ ਜਾਣ ਵਾਲੀ ਅਮਰੀਕਾ ਦੀ ਨਾਗਰਿਕਤਾ ਵਾਲੇ ਵੀਜ਼ੇ ਦੀ ਮਿਆਦ ਸਤੰਬਰ 2015 ਤੱਕ ਵਧਾ ਦਿੱਤੀ ਹੈ। ਚੰਡੀਗੜ੍ਹ ਵਿਖੇ ਕੈਲਕੁਲਸ ਗਰੁੱਪ ਨੇ ਦੱਸਿਆ ਕਿ ਇਹ ਯੋਜਨਾ ਬਹੁਤ ਹੀ ਲਾਭਕਾਰੀ ਹੈ ਜਿਸ ਤਹਿਤ ਉਹ ਅਨਪੜ੍ਹ ਲੋਕ ਤੇ ਜਿਨ੍ਹਾਂ ਦਾ ਕੋਈ ਆਪਣਾ ਅਮਰੀਕਾ ਵਿਚ ਨਹੀਂ ਰਹਿੰਦਾ, ਵੀ ਅਮਰੀਕਾ ਵਿਚ ਜਾ ਕੇ ਪੱਕੇ ਤੌਰ 'ਤੇ ਵਸ ਸਕਦੇ ਹਨ। ਚੀਨ ਵਰਗੇ ਦੇਸ਼ ਨੇ ਇਸ ਯੋਜਨਾ ਦਾ ਬਹੁਤ ਫ਼ਾਇਦਾ ਉਠਾਇਆ ਹੈ ਤੇ 2011 ਤੱਕ 2408 ਵੀਜ਼ੇ ਪ੍ਰਾਪਤ ਕੀਤੇ ਹਨ ਜਦਕਿ ਭਾਰਤ ਵਿਚ ਸਿਰਫ਼ ਇਸ ਦੀ ਗਿਣਤੀ 37 ਹੀ ਰਹੀ ਕਿਉਂਕਿ ਲੋਕਾਂ ਨੂੰ ਇਸ ਵੀਜ਼ੇ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ। ਉਨ੍ਹਾਂ ਦੱਸਿਆ ਕਿ 'ਈ.ਬੀ.-5' ਨਾਮਕ ਇਸ ਵੀਜ਼ੇ ਵਿਚ ਕੋਈ ਵੀ ਵਿਅਕਤੀ ਅਮਰੀਕਾ ਵਿਚ ਪੰਜ ਲੱਖ ਡਾਲਰ ਨਿਵੇਸ਼ ਕਰਕੇ ਆਪਣੇ ਪੂਰੇ ਪਰਿਵਾਰ ਸਮੇਤ ਅਮਰੀਕਾ ਦੀ ਨਾਗਰਿਕਤਾ ਪ੍ਰਾਪਤ ਕਰ ਸਕਦਾ ਹੈ ਜਦਕਿ ਪੰਜ ਲੱਖ ਡਾਲਰ ਦੀ ਭਾਰਤੀ ਕਰੰਸੀ ਢਾਈ ਕਰੋੜ ਰੁਪਏ ਦੇ ਕਰੀਬ ਬਣਦੀ ਹੈ।

## ਕੈਨੇਡਾ ਵਿਚ 40 ਫੀਸਦੀ ਭੋਜਨ ਦੀ ਬਰਬਾਦੀ

**ਟਰਾਂਟੋ:** ਰੋਟੀ ਕਮਾਉਣੀ ਕਿੰਨੀ ਔਖੀ ਹੈ ਇਹ ਤਾਂ ਸਭ ਜਾਣਦੇ ਹਨ ਪਰ ਇਹ ਪਹਿਲੀ ਵਾਰ ਜਨਤਕ ਹੋਇਆ ਹੈ ਕਿ ਕੈਨੇਡਿਆਈ ਲੋਕ ਐਨਾ ਰੱਜੇ ਪੁੱਜੇ ਹਨ ਕਿ ਇਸ ਰੋਟੀ ਨੂੰ ਠੋਕਰ ਮਾਰ ਕੇ ਕੂੜੇ ਦੇ ਢੇਰ 'ਤੇ ਸੁੱਟ ਦਿੰਦੇ ਹਨ। ਓਂਟਾਰੀਓ ਦੀ ਸੰਸਥਾ ਵੈਲਿਊ ਚੇਨ ਮੈਨੇਜਮੈਂਟ ਸੈਂਟਰ (ਵੀ.ਸੀ.ਐਮ.ਸੀ.) ਦੀ ਰਿਪੋਰਟ ਮੁਤਾਬਕ ਕੈਨੇਡਾ ਵਾਸੀ 27 ਅਰਬ ਡਾਲਰ ਦਾ ਭੋਜਨ ਕੂੜੇ ਵਿਚ ਸੁੱਟਦੇ ਹਨ ਜਦੋਂਕਿ ਦੁਨੀਆ ਦੇ



ਬਹੁਤ ਸਾਰੇ ਮੁਲਕਾਂ ਵਿਚ ਹਜ਼ਾਰਾਂ ਲੋਕ ਰੋਟੀ ਪਾਣੀ ਖੁਣੋਂ ਮਰ ਰਹੇ ਹਨ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਦੁਨੀਆ ਦੇ 87 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਵੀ.ਸੀ.ਐਮ.ਸੀ. ਮੁਤਾਬਕ ਕੈਨੇਡਿਆਈ ਲੋਕ ਆਪਣੇ ਭੋਜਨ ਦਾ 40 ਫੀਸਦੀ ਜ਼ਾਇਆ ਕਰਦੇ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਮੁਲਕ ਦੇ ਹਰ ਘਰ ਵਿਚ ਹਰ ਹਫ਼ਤੇ ਔਸਤਨ 150 ਡਾਲਰ ਖੁਰਾਕੀ ਵਸਤਾਂ 'ਤੇ ਖਰਚ ਆਉਂਦਾ ਹੈ ਤੇ ਜੇ ਇਸ ਵਿਚੋਂ 20 ਫੀਸਦੀ ਵੀ ਕੂੜੇ ਵਿਚ ਚਲਾ ਜਾਵੇ ਤਾਂ ਇਸ ਦਾ ਮਤਲਬ 30 ਡਾਲਰ ਰੁੜ੍ਹ ਜਾਂਦੇ ਹਨ। ਇਸ ਰਿਪੋਰਟ ਵਿੱਚ ਕੁਝ ਦਿਲਚਸਪ ਅੰਕੜੇ ਦੱਸਦੇ ਹਨ ਕਿ ਕੂੜੇ ਵਿੱਚ ਜਾਂਦੇ ਭੋਜਨ ਵਿੱਚ ਹਰ ਬੰਦੇ ਦੇ ਹਿੱਸੇ ਹਰ ਸਾਲ 122 ਕਿਲੋ ਫਲ ਤੇ ਸਬਜ਼ੀਆਂ, ਛੇ ਕਿਲੋ ਦੁੱਧ ਵਸਤਾਂ, 26 ਕਿਲੋ ਮੀਟ, 18 ਕਿਲੋ ਤੇਲ, ਖੰਡ, ਸਿਰਪ ਤੇ ਹੋਰ ਸਾਮਾਨ ਆਉਂਦਾ ਹੈ।

## ਇਟਲੀ ਵਿਚ ਭਾਰਤੀ ਨੂੰ ਭਾਰਤੀ ਨੇ ਠੱਗਿਆ

**ਰੋਮ:** ਇਟਲੀ ਦੇ ਸਬੋਧੀਆ ਸ਼ਹਿਰ ਨੇੜੇ ਰਹਿੰਦੇ ਵਿਸਾਖਾ ਸਿੰਘ ਮੂਲ ਵਾਸੀ ਪਿੰਡ ਲੱਖਣਪੁਰ, ਡਾਕ. ਖਮਾਣੋਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨੇ ਦੋਸ਼ ਲਾਇਆ ਹੈ ਕਿ ਰੋਮ ਸਥਿਤ ਇਕ ਭਾਰਤੀ ਟਰੈਵਲ ਏਜੰਸੀ ਵੱਲੋਂ ਅਮਰੀਕਾ ਭੇਜਣ ਦੇ ਨਾਂ 'ਤੇ ਉਨ੍ਹਾਂ ਕੋਲੋਂ 3200 ਯੂਰੋ ਹੜੱਪ ਲਏ ਗਏ ਹਨ। ਉਨ੍ਹਾਂ ਕਿਹਾ ਕਿ ਆਪਣੇ ਦੋ ਬੱਚਿਆਂ ਤੇ ਪਤਨੀ ਸਮੇਤ ਇਟਲੀ ਤੋਂ ਅਮਰੀਕਾ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਇਸ ਲਈ ਉਨ੍ਹਾਂ ਰੋਮ ਸਥਿਤ ਇਕ ਭਾਰਤੀ ਟਰੈਵਲ ਏਜੰਸੀ ਨਾਲ ਗੱਲ ਕੀਤੀ।

ਗਲੋਬਲ ਐਕਸਪਰਟ ਨਾਂ ਦੀ ਇਸ ਏਜੰਸੀ ਨੇ ਉਨ੍ਹਾਂ ਤੋਂ ਪ੍ਰਤੀ ਮੈਂਬਰ 800 ਯੂਰੋ (ਕੁੱਲ ਰਕਮ 3200 ਯੂਰੋ) ਲੈ ਕੇ ਫਾਈਲ ਤਿਆਰ ਕਰਕੇ ਵੀਜ਼ਾ ਯਕੀਨਨ ਲੱਗਣ ਦਾ ਭਰੋਸਾ ਦਿੱਤਾ ਪਰ ਜਦੋਂ ਉਹ ਪਰਿਵਾਰ ਸਮੇਤ ਵੀਜ਼ਾ ਲੈਣ ਲਈ 14 ਸਤੰਬਰ ਨੂੰ ਰੋਮ ਵਿਖੇ ਸਥਿਤ ਅਮਰੀਕੀ ਸਫ਼ਾਰਤਖਾਨੇ ਪਹੁੰਚੇ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਵੀਜ਼ਾ ਅਪਲਾਈ ਨਹੀਂ ਹੋ ਸਕਦਾ ਕਿਉਂਕਿ ਜਿਸ ਵਿਅਕਤੀ ਕੋਲੋਂ ਇਹ ਫਾਈਲ ਤਿਆਰ ਕਰਵਾਈ ਹੈ, ਉਹ ਫਰਾਡੀ ਹੈ।

ਇਸ ਬਾਰੇ ਜਦੋਂ ਗਲੋਬਲ ਐਕਸਪਰਟ ਏਜੰਸੀ ਰੋਮ ਦੇ ਐਮ.ਡੀ. ਕਿਸ਼ੋਰ ਕੁਮਾਰ ਸਿੰਗਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਪ੍ਰਤੀ ਵਿਅਕਤੀ ਸਿਰਫ਼ 60 ਯੂਰੋ ਲੈ ਕੇ ਫਾਈਲ ਤਿਆਰ ਕਰਦੇ ਹਨ। ਅੱਗੇ ਵੀਜ਼ਾ ਲੱਗਣਾ ਜਾਂ ਨਾ ਲੱਗਣਾ ਤਾਂ ਫਿਰ ਕੇਸ 'ਤੇ ਨਿਰਭਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਏਜੰਸੀ 'ਤੇ 3200 ਯੂਰੋ ਹੜੱਪੇ ਜਾਣ ਦੇ ਲਾਏ ਗਏ ਦੋਸ਼ ਬਿਲਕੁਲ ਗਲਤ ਹਨ।

# ਅਮਰੀਕਾ ਦੀ ਉਚ ਸਿੱਖਿਆ 'ਚ ਭਾਰਤੀਆਂ ਦੀ ਝੰਡੀ

**ਵਾਸ਼ਿੰਗਟਨ:** ਅਮਰੀਕਾ ਵਿਚ ਸਾਇੰਸ, ਤਕਨਾਲੋਜੀ ਇੰਜਨੀਅਰਿੰਗ ਤੇ ਗਣਿਤ (ਸਟੈਮ) ਵਿਚ ਮਾਸਟਰ ਡਿਗਰੀ ਕਰਨ ਵਾਲਿਆਂ ਵਿਚ ਭਾਰਤੀ ਸਭ ਤੋਂ ਉਪਰ ਹਨ। ਇਸ ਮਾਮਲੇ ਵਿਚ ਚੀਨ ਦੂਜੇ ਨੰਬਰ 'ਤੇ ਹੈ। ਸਾਲ 2009 ਦੀ ਰਿਪੋਰਟ ਵਿਚ ਇਸ ਦਾ ਖੁਲਾਸਾ ਹੋਇਆ ਹੈ। ਅਮਰੀਕਾ ਦੇ ਕੌਮੀ ਵਿਗਿਆਨ ਫਾਊਂਡੇਸ਼ਨ ਬਾਰੇ ਅੰਦਰੂਨੀ ਸੁਰੱਖਿਆ ਵਿਭਾਗ ਦੇ ਸਾਲ 2009 ਦੇ ਅੰਕੜਿਆਂ ਅਨੁਸਾਰ ਭਾਰਤ ਵੱਲੋਂ ਸਟੈਮ ਵਿਚ ਮਾਸਟਰ ਡਿਗਰੀ ਲਈ ਸਭ ਤੋਂ ਵੱਧ ਵਿਦਿਆਰਥੀ ਭੇਜੇ।



ਸਾਲ 2009 ਵਿਚ ਸਟੈਮ ਵਿਚ ਮਾਸਟਰ ਡਿਗਰੀ ਕਰਨ ਵਾਲੇ 56 ਫੀਸਦੀ ਭਾਰਤੀ ਸਨ। ਇਸ ਖੇਤਰ ਵਿਚ ਚੀਨ ਦੂਜੇ ਨੰਬਰ 'ਤੇ ਹੈ। ਉਸ ਦੇ ਵਿਦਿਆਰਥੀਆਂ ਵੱਲੋਂ ਸਟੈਮ ਵਿਚ ਦਾਖਲੇ ਲੈਣ ਦੀ ਗਿਣਤੀ 15 ਫੀਸਦੀ ਰਹੀ। ਬਾਕੀ ਸਿਖਰਲੇ ਅੱਠ ਮੁਲਕਾਂ ਵੱਲੋਂ ਸਟੈਮ ਲਈ 13 ਫੀਸਦੀ ਵਿਦਿਆਰਥੀ ਭੇਜੇ ਗਏ।

ਦੂਜੇ ਪਾਸੇ ਜਦੋਂ ਡਾਕਟਰੇਟ ਕਰਨ ਦਾ ਮਾਮਲਾ ਆਉਂਦਾ ਹੈ ਤਾਂ ਉਸ ਵਿਚ ਚੀਨੀ ਬਾਜ਼ੀ ਮਾਰ ਰਹੇ ਹਨ। ਸਾਲ 2009 ਵਿਚ ਚੀਨ ਨੇ ਸਟੈਮ ਵਿਚ ਡਾਕਟਰੇਟ ਕਰਨ ਲਈ ਸਭ ਤੋਂ ਵੱਧ 35 ਫੀਸਦੀ ਵਿਦਿਆਰਥੀ ਭੇਜੇ। ਇੱਥੇ ਗਣਿਤ ਤੇ ਭੌਤਿਕ ਵਿਗਿਆਨ ਵਿਚ ਪੀਐਚ.ਡੀ. ਕਰਨ ਵਾਲੇ ਸਾਰੇ ਵਿਦੇਸ਼ੀਆਂ ਵਿਚੋਂ ਚੀਨੀ ਅੱਧੇ ਸਨ। ਇਸ ਖੇਤਰ ਵਿਚ 16 ਫੀਸਦੀ ਭਾਰਤੀ ਹਨ।

ਸਾਇੰਸ, ਇੰਜੀਨੀਅਰਿੰਗ ਤੇ ਸਿਹਤ ਦੇ ਖੇਤਰ ਵਿਚ ਗਰੈਜੂਏਸ਼ਨ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਸਾਲ 1990 ਵਿਚ ਇਹ ਗਿਣਤੀ 91,150 ਸੀ ਜੋ ਕਿ 2009 ਵਿਚ 148,923 ਤਕ ਪੁੱਜ ਗਈ।

# ਭਾਰਤੀ ਹੀਰਾ ਡੇਢ ਕਰੋੜ ਡਾਲਰ 'ਚ ਵਿਕਣ ਦੀ ਆਸ

**ਲੰਡਨ:** ਭਾਰਤ ਵਿਚੋਂ ਮਿਲੇ 400 ਸਾਲ ਪੁਰਾਣੇ 76 ਕੈਰੇਟ ਦੇ ਆਰਕਡਿਊਕ ਜੋਜ਼ਫ ਹੀਰੇ ਦੇ ਅਗਲੇ ਮਹੀਨੇ ਜੇਨੇਵਾ ਵਿਚ ਨਿਲਾਮੀ ਦੌਰਾਨ ਡੇਢ ਕਰੋੜ ਅਮਰੀਕੀ ਡਾਲਰ ਵਿਚ ਵਿਕਣ ਦੀ ਉਮੀਦ ਹੈ। ਰੰਗ ਤੋਂ ਰਹਿਤ ਤੇ ਇਕ ਬਾਲਗ ਦੀ ਮੁੱਠੀ ਵਿਚ ਆ ਸਕਣ ਵਾਲੇ ਇਸ ਹੀਰੇ ਦਾ ਵਜ਼ਨ 76.02 ਕੈਰੇਟ ਹੈ। ਕ੍ਰਿਸਟੀ ਦੇ ਗਹਿਣਿਆਂ ਬਾਰੇ ਵਿੰਗ ਦੇ ਮੁਖੀ ਰਾਹੁਲ ਕਾਡਕੀਆ ਨੇ ਕਿਹਾ ਕਿ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ 76.02 ਕੈਰੇਟ ਦਾ ਹੀਰਾ ਆਕਾਰ ਵਿਚ ਕਿੰਨਾ ਵੱਡਾ ਹੋਵੇਗਾ।

ਡੇਲੀ ਮੇਲ ਦੀ ਰਿਪੋਰਟ ਮੁਤਾਬਕ ਇਹ ਹੀਰਾ ਭਾਰਤ ਦੀਆਂ ਗੋਲਕੋਂਡਾ ਖਾਣਾਂ ਵਿਚੋਂ ਮਿਲਿਆ ਤੇ ਇਸ ਦਾ ਮੂਲ ਵਿਸ਼ਵ ਦੇ ਸਭ ਤੋਂ ਮਹਿੰਗੇ ਹੀਰੇ 'ਕੋਹਿਨੂਰ' ਤੇ 'ਰੀਜੈਂਟ' ਨਾਲ ਜਾ



ਜੁੜਦਾ ਹੈ। 'ਕੋਹਿਨੂਰ' ਇਸ ਸਮੇਂ ਬਰਤਾਨੀਆ ਦੇ ਸ਼ਾਹੀ ਘਰਾਣੇ ਦੀ ਮਲਕੀਅਤ ਹੈ ਅਤੇ 'ਰੀਜੈਂਟ' ਫਰਾਂਸ ਵਿਚ ਹੈ। ਸ੍ਰੀ ਕਾਡਕੀਆ ਨੇ ਟੂਡੇ ਰਸਾਲੇ ਨੂੰ ਦੱਸਿਆ ਕਿ ਇਹ ਹੀਰਾ ਬਟੇਰ ਦੇ ਅੰਡੇ ਦੇ ਆਕਾਰ ਦਾ ਹੈ ਤੇ ਇਹ ਪੂਰੀ ਤਰ੍ਹਾਂ ਰੰਗ ਰਹਿਤ ਤੇ ਖਾਲਸ ਹੈ।

ਹਾਲਾਂਕਿ ਇਸ ਦੀ ਅਨੁਮਾਨਤ ਲਾਗਤ ਡੇਢ ਕਰੋੜ ਅਮਰੀਕੀ ਡਾਲਰ ਮਿਥੀ ਗਈ ਹੈ ਪਰ ਮਾਹਰਾਂ ਦਾ ਮੰਨਣਾ ਹੈ ਕਿ ਇਹ ਹੀਰਾ ਮੱਧ ਪੂਰਬ, ਏਸ਼ੀਆ ਤੇ ਰੂਸ ਦੇ ਖਰੀਦਦਾਰਾਂ ਨੂੰ ਆਪਣੇ ਵੱਲ ਖਿੱਚੇਗਾ ਤੇ ਇਸ ਦੀ ਕੀਮਤ ਕਿਤੇ ਵੱਧ ਮਿਲੇਗੀ। ਉਨ੍ਹਾਂ ਕਿਹਾ ਕਿ ਡੇਢ ਕਰੋੜ ਡਾਲਰ ਠੀਕ ਅਨੁਮਾਨ ਹੈ ਤੇ ਉਮੀਦ ਹੈ ਕਿ ਇਸ ਦੀ ਕੀਮਤ ਨਵਾਂ ਰਿਕਾਰਡ ਬਣਾਏਗੀ। ਇਸ ਹੀਰੇ ਦਾ ਨਾਂ ਇਸ ਦੇ ਅਸਲ ਖਰੀਦਦਾਰ ਆਰਕਡਿਊਕ ਜੋਜ਼ਫ ਅਗਸਤ ਦੇ ਨਾਂ ਉਤੇ ਰੱਖਿਆ ਗਿਆ। ਉਹ 19ਵੀਂ ਸਦੀ ਵਿਚ ਹੰਗਰੀ ਵਿਚ ਇਕ ਉੱਚੇ ਦਰਜੇ ਦਾ ਅਧਿਕਾਰੀ ਸੀ।

# ਹਾਈ ਕੋਰਟ ਵੱਲੋਂ ਪੰਜਾਬ ਪੁਲਿਸ ਦੀ ਝਾੜਝੰਬ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਪ੍ਰਿੰਸੀਪਲ ਸਕੱਤਰ (ਗ੍ਰਿਹ) ਨੂੰ ਆਦੇਸ਼ ਦਿੱਤਾ ਹੈ ਕਿ ਉਨ੍ਹਾਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਜਿਨ੍ਹਾਂ ਬਲਾਤਕਾਰ ਦੇ ਮੁਲਜ਼ਮ ਨੂੰ ਬਚਾਉਣ ਵਾਸਤੇ ਦੋ ਹੋਰ ਵਿਅਕਤੀਆਂ ਨੂੰ ਹੀ ਇਸ ਮਾਮਲੇ ਵਿਚ ਨਾਮਜ਼ਦ ਕਰ ਦਿੱਤਾ ਪਰ ਜਾਂਚ ਵਿਚ ਉਨ੍ਹਾਂ ਦੀ ਪੋਲ ਖੁੱਲ੍ਹ ਗਈ।

ਹਾਈ ਕੋਰਟ ਨੇ ਇਹ ਕੁਤਾਹੀ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ ਦਾ ਆਦੇਸ਼ ਦਿੱਤਾ ਹੈ ਤਾਂ ਜੋ ਆਮ ਲੋਕਾਂ ਦਾ ਨਿਆਂ ਪ੍ਰਣਾਲੀ ਵਿਚ ਭਰੋਸਾ ਕਾਇਮ ਰਹਿ ਸਕੇ। ਇਸ ਦੇ ਨਾਲ ਹੀ ਉਨ੍ਹਾਂ ਵਿਅਕਤੀਆਂ ਨੂੰ ਮੁਆਵਜ਼ਾ ਦੇਣ ’ਤੇ ਵਿਚਾਰ ਕਰਨ ਲਈ ਵੀ ਕਿਹਾ ਗਿਆ ਹੈ ਜਿਨ੍ਹਾਂ ਨੂੰ ਇਸ ਮਾਮਲੇ ਵਿਚ ਫਸਾਇਆ ਗਿਆ ਸੀ।

ਇਹ ਹੁਕਮ ਜਸਟਿਸ ਮਹਿੰਦਰ ਸਿੰਘ ਸੁੱਲਰ ਵੱਲੋਂ ਉਦੋਂ ਦਿੱਤੇ ਗਏ ਜਦੋਂ ਇਸ ਘਟਨਾ ਦੀ ਜਾਂਚ ਦੇ ਆਦੇਸ਼ ਪਿੱਛੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪੁਲਿਸ ਮੁਖੀ ਨੇ ਆਪਣੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ। ਆਪਣੀ ਰਿਪੋਰਟ ਵਿਚ ਜ਼ਿਲ੍ਹਾ ਪੁਲਿਸ ਮੁਖੀ ਨੇ ਅਸਲ ਮੁਲਜ਼ਮ ਨੂੰ ਬਚਾਉਣ ਤੇ ਦੂਜੇ ਦੋ ਹੋਰਾਂ ਨੂੰ ਫਸਾਉਣ ਬਾਰੇ ਇਕ ਲਫ਼ਜ਼ ਵੀ ਨਹੀਂ ਕਿਹਾ।

ਪੁਲਿਸ ਨੇ ਇਸ ਮਾਮਲੇ ਵਿਚ ਬਲਾਤਕਾਰ ਪੀੜਤਾ ਦੇ ਬਿਆਨਾਂ ’ਤੇ ਸ਼ੁਰੂ ਵਿਚ ਇੰਦਰਜੀਤ ਸਿੰਘ ਤੇ ਚਰਨਜੀਤ ਸਿੰਘ ਉਰਫ ਮੋਗਲੀ ਨੂੰ ਨਾਮਜ਼ਦ ਕੀਤਾ ਸੀ। ਬਾਅਦ ਵਿਚ 13 ਫਰਵਰੀ ਨੂੰ ਇਕ ਥਾਣੇਦਾਰ ਨੇ ਪੀੜਤਾ ਦੀ ਨਾਨੀ ਦੀ ਹਾਜ਼ਰੀ ਵਿਚ ਉਸ ਦੇ ਬਿਆਨ ਲਏ ਤਾਂ ਉਸ ਨੇ ਕਿਹਾ ਕਿ ਮੋਗਲੀ ਦਾ ਨਾਂ ਅਚੇਤ ਤੌਰ ’ਤੇ ਹੀ ਲਿਖਵਾਇਆ ਗਿਆ ਸੀ ਜਦਕਿ ਇੰਦਰਜੀਤ ਸਿੰਘ, ਜਸਵੰਤ ਰਾਮ ਤੇ ਬਲਜਿੰਦਰ ਸਿੰਘ ਹੀ ਅਸਲ ਮੁਲਜ਼ਮ ਹਨ।

ਉਧਰ ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਜਾਂਚ-ਪੜਤਾਲ ਦੌਰਾਨ ਜਸਵੰਤ ਰਾਮ ਤੇ ਬਲਜਿੰਦਰ ਸਿੰਘ ਨੂੰ ਮੁਲਜ਼ਮ ਮੰਨਿਆ ਗਿਆ ਸੀ ਪਰ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਉਨ੍ਹਾਂ ਦੇ ਇਸ ਗੁਨਾਹ ਨਾਲ ਜੁੜੇ ਹੋਣ ਦਾ ਪਤਾ ਲੱਗਦਾ ਹੋਵੇ। ਸ਼ਿਕਾਇਤਕਰਤਾ ਨੇ ਵੀ ਸ਼ੁਰੂ ਵਿਚ ਉਨ੍ਹਾਂ ਦਾ ਨਾਂ ਨਹੀਂ ਲਿਆ। ਇਸ ਦੇ ਨਾਲ ਹੀ ਜ਼ਿਲ੍ਹਾ ਪੁਲਿਸ ਮੁਖੀ ਨੇ ਇਹ ਵੀ ਕਿਹਾ ਹੈ ਕਿ ਮੋਗਲੀ ਨੇ ਘਟਨਾ ਵੇਲੇ ਕਿਸੇ ਹੋਰ ਦੋ ਵਿਅਕਤੀਆਂ ਨਾਲ ਹੋਣ ਦਾ ਦਾਅਵਾ ਕੀਤਾ ਸੀ ਪਰ ਉਸ ਦਾ ਇਹ ਦਾਅਵਾ ਕਮਜ਼ੋਰ ਸਾਬਤ ਹੋਇਆ।

ਜ਼ਿਲ੍ਹਾ ਪੁਲਿਸ ਮੁਖੀ ਨੇ ਚੱਬੇਵਾਲ ਦੇ ਡੀ.ਐਸ.ਪੀ. ਨੂੰ ਇਹ ਹਦਾਇਤ ਵੀ ਕੀਤੀ ਕਿ ਇਸ ਮਾਮਲੇ ਵਿਚ ਜਸਵੰਤ ਰਾਮ ਤੇ ਬਲਜਿੰਦਰ ਸਿੰਘ ਦੀ ਰਿਹਾਈ ਕਾਨੂੰਨ ਮੁਤਾਬਕ ਯਕੀਨੀ ਬਣਾਈ ਜਾਵੇ ਤੇ ਮੋਗਲੀ ਖ਼ਿਲਾਫ਼ ਚਲਾਨ ਪੇਸ਼ ਕੀਤਾ ਜਾਵੇ। ਉਨ੍ਹਾਂ ਇਹ ਸਿੱਟਾ ਵੀ ਕੱਢਿਆ ਕਿ ਥਾਣੇਦਾਰ ਬਲਕਾਰ ਸਿੰਘ ਨੇ ਕਾਨੂੰਨ ਮੁਤਾਬਕ ਜਾਂਚ-ਪੜਤਾਲ ਨਹੀਂ ਕੀਤੀ ਤੇ ਉਹ ਸਬੂਤ ਘੜਨ ਲਈ ਜ਼ਿੰਮੇਵਾਰ ਹੈ।

ਉਨ੍ਹਾਂ ਕਿਹਾ ਕਿ ਜੇ ਪੀੜਤਾ ਆਪਣਾ ਬਿਆਨ ਦਰਜ ਕਰਵਾਉਣਾ ਚਾਹੁੰਦੀ ਤਾਂ ਇਹ ਥਾਣੇਦਾਰ ਦੀ ਜ਼ਿੰਮੇਵਾਰੀ ਸੀ ਕਿ ਉਸ ਨੂੰ ਇਲਾਕਾ ਮੈਜਿਸਟਰੇਟ ਅੱਗੇ ਪੇਸ਼ ਕਰਦਾ। ਜਸਟਿਸ ਸੁੱਲਰ ਨੇ ਕਿਹਾ ਕਿ ਪੰਜਾਬ ਪੁਲਿਸ ਵਿਚ ਅਜਿਹੀਆਂ ਕੁਝ ਕਾਲੀਆਂ ਭੇਡਾਂ ਹਨ ਜੋ ਬੇਕਸੂਰ ਵਿਅਕਤੀਆਂ ਨੂੰ ਫਸਾ ਕੇ ਅਸਲ ਕਸੂਰਵਾਰਾਂ ਨੂੰ ਬਚਾਉਂਦੀਆਂ ਹਨ। ਇਹ ਰੁਝਾਨ ਦਿਨੋ-ਦਿਨ ਵਧਦਾ ਜਾ ਰਿਹਾ ਜਿਸ ਨੂੰ ਸਖ਼ਤੀ ਨਾਲ ਦਬਾਉਣ ਦੀ ਲੋੜ ਹੈ।

## ਪੰਜਾਬ ਸਰਕਾਰ ਨੇ ਹੁਣ ਬੱਸ ਭਾੜੇ ਵਧਾਏ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲੋਕਾਂ ’ਤੇ ਹੋਰ ਬੋਝ ਪਾਉਂਦਿਆਂ ਬੱਸ ਭਾੜਿਆਂ ਵਿਚ 20 ਫੀਸਦੀ ਦਾ ਵਾਧਾ ਕਰ ਦਿੱਤਾ ਹੈ। ਇਸ ਵਾਧੇ ਪਿੱਛੋਂ ਰਾਜ ਵਿਚ ਬੱਸ ਕਿਰਾਇਆ 79 ਪੈਸੇ ਪ੍ਰਤੀ ਕਿਲੋਮੀਟਰ ਹੋ ਗਿਆ ਜਦਕਿ ਪਹਿਲਾਂ ਇਹ 66 ਪੈਸੇ ਪ੍ਰਤੀ ਕਿਲੋਮੀਟਰ ਸੀ। ਪੈਪਸੂ ਰੋਡ ਟਰਾਂਸਪੋਰਟ ਰਾਜ ਵਿਚ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਕੋਲ ਤਿੰਨ ਹਜ਼ਾਰ ਜਦਕਿ ਪ੍ਰਾਈਵੇਟ ਅਪਰੇਟਰਾਂ ਕੋਲ 3800 ਬੱਸਾਂ ਹਨ। ਉਂਜ ਬੱਸ ਕਿਰਾਏ ਵਿਚ ਵਾਧੇ ਦਾ ਚੁਫੇਰਿਓਂ ਵਿਰੋਧ ਹੋ ਰਿਹਾ ਹੈ।

ਸੀ.ਪੀ.ਆਈ. ਪੰਜਾਬ ਦਾ ਕਹਿਣਾ ਹੈ ਕਿ ਇਕ ਪਾਸੇ ਮੁੱਖ ਮੰਤਰੀ ਵਰਕਰਾਂ ਦੀਆਂ ਘੱਟੋ ਘੱਟ ਉਜਰਤਾਂ ਵਧਾਉਣ ਦੀ ਫਾਈਲ ਦੱਬੀ ਬੈਠੇ ਹਨ ਤੇ ਦੂਜੇ ਪਾਸੇ ਬੱਸ ਕਿਰਾਇਆਂ ਵਿਚ ਵਾਧਾ ਕਰਕੇ ਗਰੀਬ ਤਬਕੇ ਉਪਰ ਹੋਰ ਵਿੱਤੀ ਬੋਝ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਬਿਜਲੀ ਦੀਆਂ ਦਰਾਂ ਵਿਚ ਵਾਧਾ ਕਰਕੇ ਤੇ ਰਾਜ ਦੇ ਲੋਕਾਂ ਉਪਰ 900 ਕਰੋੜ ਰੁਪਏ ਦਾ ਬੋਝ ਪਾ ਕੇ ਕਚੂੰਮਰ ਕੱਢਿਆ ਹੈ ਤੇ ਹੁਣ ਬੱਸ ਕਿਰਾਏ ਵਧਾ ਕੇ ਰਹਿੰਦੀ ਕਸਰ ਕੱਢ ਦਿੱਤੀ ਹੈ।

# ਹਕੂਮਤ ਨੂੰ ਗਦਰੀ ਬਾਬਿਆਂ ਦਾ ਚੇਤਾ ਵੀ ਨਾ ਆਇਆ

**ਚੰਡੀਗੜ੍ਹ:** ਭਾਰਤ ਦੀ ਆਜ਼ਾਦੀ ਲਹਿਰ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਗਦਰ ਪਾਰਟੀ ਦੀ ਸ਼ਤਾਬਦੀ ਨਵੰਬਰ 2013 ਵਿਚ ਆ ਰਹੀ ਹੈ ਪਰ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਇਸ ਸਬੰਧੀ ਕੋਈ ਕੋਈ ਪਹਿਲਕਦਮੀ ਨਹੀਂ ਕੀਤੀ ਗਈ। ਵੱਖ-ਵੱਖ ਜਥੇਬੰਦੀਆਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਹੱਸ-ਹੱਸ ਫਾਂਸੀਆਂ ਦੇ ਰੱਸੇ ਚੁੰਮਣ ਤੇ ਕਾਲੇ ਪਾਣੀ ਵਰਗੀਆਂ ਕਰੜੀਆਂ ਕੈਦਾਂ ਕੱਟਣ ਵਾਲੇ ਸੂਰਮਿਆਂ ਨੂੰ ਸਲਾਮ ਆਖਣ ਤੇ ਲੋਕਾਂ ਪ੍ਰਤੀ ਉਨ੍ਹਾਂ ਵੱਲੋਂ ਦਿਖਾਏ ਗੌਰਵਮਈ ਕੁਰਬਾਨੀ ਵਾਲੇ ਜਜ਼ਬੇ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਦੇਸ਼ ਤੇ ਵਿਦੇਸ਼ਾਂ ’ਚ ਸ਼ਤਾਬਦੀ ਮਨਾਉਣ ਲਈ ਤਿਆਰੀਆਂ ਆਰੰਭ ਹੋ ਗਈਆਂ ਹਨ ਪਰ ਗਦਰੀ ਬਾਬਿਆਂ ਦੀ ਕੁਰਬਾਨੀ ਨਾਲ ਆਜ਼ਾਦ ਹੋਏ ਭਾਰਤ ’ਤੇ ਰਾਜ ਕਰਨ ਵਾਲੇ ਲੋਕਾਂ ਨੂੰ ਇਨ੍ਹਾਂ ਦਾ ਚੇਤਾ ਤੱਕ ਨਹੀਂ।

ਭਾਰਤ ਸਰਕਾਰ ਤੇ ਪੰਜਾਬ ਸਰਕਾਰ ਨੇ ਗਦਰ ਲਹਿਰ ਦੀ ਸ਼ਤਾਬਦੀ ਦਾ ਅਜੇ ਤੱਕ ਨੋਟਿਸ ਵੀ ਨਹੀਂ ਲਿਆ। ਹਾਲਾਂ ਕਿ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਤੇ ਕੁਝ ਹੋਰ ਸੰਸਥਾਵਾਂ ਇਸ ਬਾਰੇ ਸਰਕਾਰਾਂ ਨੂੰ ਸੁਚੇਤ ਵੀ ਕਰ ਚੁੱਕੀਆਂ ਹਨ। ਗਦਰ ਲਹਿਰ ਦੇ ਸੰਗਰਾਮੀਆ ਦੀ ਫਾਂਸੀ ਚੜ੍ਹਨ ਵਿਚ ਗਿਣਤੀ ਸਭ ਤੋਂ ਵਧੇਰੇ ਸੀ। 202 ਸੂਰਮਿਆਂ ਨੇ ਫਾਂਸੀ ਦੇ ਰੱਸੇ ਚੁੰਮੇ ਸਨ ਤੇ ਕਾਲੇ ਪਾਣੀਆਂ ਤੇ ਉਮਰ ਕੈਦ ਦੀ ਕਰੜੀ ਸਜ਼ਾ ਭੁਗਤਣ ਵਾਲਿਆਂ ਵਿਚ ਵੀ 316 ਗਦਰੀ ਸ਼ਾਮਲ ਸਨ। 20ਵੀਂ ਸਦੀ ਦੇ ਦੂਜੇ ਤੇ ਤੀਜੇ ਦਹਾਕੇ ਵਿਚ ਗਦਰ ਲਹਿਰ ਨੇ ਆਜ਼ਾਦੀ ਸੰਗਰਾਮ ਨੂੰ ਨਵੀਆਂ ਬੁਲੰਦੀਆਂ ’ਤੇ ਪਹੁੰਚਾਇਆ ਤੇ ਅੰਗਰੇਜ਼ ਸਾਮਰਾਜ ਦੀਆਂ ਨੀਹਾਂ ਹਿਲਾ ਕੇ ਰੱਖ ਦਿੱਤੀਆਂ ਸਨ। ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਸੱਤ ਗਦਰੀਆਂ ਨੂੰ ਫਾਂਸੀ ਦਿੱਤੀ ਗਈ ਸੀ। ਗਦਰੀਆਂ ਦਾ ਦੇਸ਼ ਲਈ ਕੁਰਬਾਨੀਆਂ ਕਰਨ ਦਾ ਇਤਿਹਾਸ ਲਾਸਾਨੀ ਹੈ।

ਸ਼ਤਾਬਦੀ ਮਨਾਏ ਜਾਣ ਲਈ ਗਦਰ ਪਾਰਟੀ ਦੀ ਜਨਮ ਭੂਮੀ ਕੈਲੀਫੋਰਨੀਆ ਵਿਚ ਅਨੇਕ ਤਿਆਰੀ ਸਮਾਗਮ ਹੋ ਰਹੇ ਹਨ। ਕੈਨੇਡਾ ਤੇ ਇੰਗਲੈਂਡ ਵਿਚ ਵੀ ਸਰਗਰਮੀਆਂ ਚੱਲ ਰਹੀਆਂ ਹਨ। ਭਾਰਤ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਸ ਬਾਰੇ ਉਪਰਾਲਾ ਕੀਤਾ ਜਾ ਰਿਹਾ ਹੈ ਤੇ ਸਾਰੇ ਗਦਰੀਆਂ ਦੇ ਪਿੰਡਾਂ ਵਿਚ ਸਮਾਗਮ ਕਰਵਾਏ ਜਾ ਰਹੇ ਹਨ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਹੁਕਮਰਾਨਾਂ ਨੂੰ ਆਜ਼ਾਦੀ ਸੰਗਰਾਮ ਦੇ ਇਸ ਸੁਨਹਿਰੀ ਅਧਿਆਏ ਦਾ ਚਿੱਤ-ਚੇਤਾ ਵੀ ਨਹੀਂ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



Yarra, Kharazi & Associates
Phone: (888) 97YARRA (92772)

Immigration
Family Law
Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ
ਫੋਨ: 1-888-979-2772
Email: Info@rwyarra.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

# ਸਾਕਾ ਨੀਲਾ ਤਾਰਾ ਯਾਦਗਾਰ ਵਿਰੁਧ ਹਾਈ ਕੋਰਟ 'ਚ ਪਟੀਸ਼ਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਕੰਪਲੈਕਸ ਵਿਖੇ ਥੜਾ ਸਾਹਿਬ ਨੇੜੇ ਉਸਾਰੀ ਜਾ ਰਹੀ ਸਾਕਾ ਨੀਲਾ ਤਾਰਾ ਯਾਦਗਾਰ ਨੂੰ ਢਾਹੁਣ ਦੀ ਮੰਗ ਕਰਦੀ ਇਕ ਲੋਕ ਹਿਤ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਖ਼ਲ ਕੀਤੀ ਗਈ। ਪਟੀਸ਼ਨ ਵਿਚ ਕਿਹਾ ਗਿਆ ਕਿ ਸ਼੍ਰੋਮਣੀ ਕਮੇਟੀ ਕੁਝ ਵੱਖਵਾਦੀ ਸੰਸਥਾਵਾਂ ਨਾਲ ਮਿਲ ਕੇ ਅਜਿਹੀ ਯਾਦਗਾਰ ਬਣਾ ਰਹੀ ਹੈ ਤੇ ਸਰਕਾਰ ਵੀ ਇਸ ਤੋਂ ਚੰਗੀ ਤਰ੍ਹਾਂ ਜਾਣੂ ਹੈ ਤੇ ਇਸ ਯਾਦਗਾਰ ਕਾਰਨ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਵਿਚਾਲੇ ਤਕਰਾਰ ਵੀ ਪੈਦਾ ਹੋਈ ਹੈ।



ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਇਸ ਯਾਦਗਾਰ ਨਾਲ ਸਰਕਾਰ ਦਾ ਕੋਈ ਲੈਣ ਦੇਣ ਨਾ ਹੋਣ ਬਾਰੇ ਬਿਆਨ ਗ਼ਲਤ ਹੈ ਕਿਉਂਕਿ ਅਜਿਹਾ ਨਹੀਂ ਹੋ ਸਕਦਾ ਕਿ ਸਰਕਾਰ ਨੂੰ ਇਸ ਬਾਰੇ ਕੋਈ ਜਾਣਕਾਰੀ ਨਾ ਹੋਵੇ। ਪਟੀਸ਼ਨਰ ਨੇ ਇਹ ਵੀ ਕਿਹਾ ਹੈ ਕਿ ਹੁਣ ਉਨ੍ਹਾਂ ਵਿਅਕਤੀਆਂ ਨੂੰ ਅਕਾਲ ਤਖ਼ਤ 'ਤੇ ਸ਼੍ਰੋਮਣੀ ਕਮੇਟੀ ਤੇ ਦਮਦਮੀ ਟਕਸਾਲ ਵੱਲੋਂ ਸਨਮਾਨਤ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ ਜਿਹੜੇ ਦੇਸ਼ ਵਿਰੋਧੀ ਸਰਗਰਮੀਆਂ ਵਿਚ ਸ਼ਾਮਲ ਰਹੇ ਹਨ। ਖ਼ਾਸ ਕਰ ਕੇ ਭਾਈ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਐਲਾਨਣ ਤੇ ਸਤਿਕਾਰ ਦੇਣ ਦਾ ਹਵਾਲਾ ਦਿੱਤਾ ਗਿਆ।

ਪਟੀਸ਼ਨਰ ਲੁਧਿਆਣਾ ਦੇ ਰਹਿਣ ਵਾਲੇ ਬਲਜੀਤ ਸਿੰਘ ਤੇ ਕੋਟਕਪੂਰਾ ਦੇ ਅਸ਼ੋਕ ਦਿਉਰਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵੱਖਵਾਦੀ ਸੰਸਥਾਵਾਂ ਦੇ ਉਕਸਾਵੇ ਵਿਚ ਆ ਕੇ ਅਜਿਹੀਆਂ ਸਰਗਰਮੀਆਂ ਸ਼ੁਰੂ ਕਰਨ ਲੱਗੀ ਹੋਈ ਹੈ ਜਿਸ ਕਾਰਨ ਮਾਹੌਲ ਖ਼ਰਾਬ ਹੋ ਸਕਦਾ ਹੈ ਤੇ ਇੱਥੋਂ ਤਕ ਕਿ ਅਤਿਵਾਦ ਦਾ ਦੌਰ ਮੁੜ ਆ ਸਕਦਾ ਹੈ ਜਦਕਿ ਪੰਜਾਬ ਵਿਚ ਮਾਹੌਲ ਸੁਧਾਰਨ ਨੂੰ ਪਹਿਲਾਂ ਹੀ ਕਾਫ਼ੀ ਸਮਾਂ ਲਗਿਆ ਤੇ ਇਸ ਲਈ ਕਈ ਜਾਨਾਂ ਵੀ ਗਈਆਂ। ਇਨ੍ਹਾਂ ਤੱਥਾਂ ਦਾ ਹਵਾਲਾ ਦਿੰਦਿਆਂ ਪਟੀਸ਼ਨਰਾਂ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਯਾਦਗਾਰ ਉਸਾਰਨ ਤੋਂ ਰੋਕਿਆ ਜਾਵੇ ਤੇ ਨਾਲ ਹੀ ਜਨਤਕ ਤੇ ਧਾਰਮਕ ਥਾਵਾਂ 'ਤੇ ਖ਼ਾਸ ਕਰ ਕੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਬਣੇ ਅਜਾਇਬ ਘਰਾਂ ਵਿਚੋਂ ਉਨ੍ਹਾਂ ਵਿਅਕਤੀਆਂ ਦੀਆਂ ਤਸਵੀਰਾਂ ਤੇ ਸਾਹਿਤ ਹਟਾਇਆ ਜਾਵੇ ਜਿਹੜੇ ਦੇਸ਼ ਵਿਰੋਧੀ ਸਰਗਰਮੀਆਂ ਵਿਚ ਸਰਗਰਮ ਰਹੇ ਹਨ।

ਇਸ ਦੇ ਨਾਲ ਹੀ ਪਟੀਸ਼ਨਰਾਂ ਵੱਲੋਂ ਇਹ ਮੰਗ ਵੀ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਤੇ ਹੋਰ ਸੰਸਥਾਵਾਂ ਕੋਲੋਂ ਖ਼ਤਰਾ ਹੈ। ਲਿਹਾਜ਼ਾ ਉਨ੍ਹਾਂ ਦੀ ਜਾਨ ਤੇ ਸੁਤੰਤਰਤਾ ਦੀ ਰਾਖੀ ਕੀਤੀ ਜਾਵੇ ਕਿਉਂਕਿ ਪੰਜਾਬ ਦੇ ਕਾਲੇ ਦੌਰ ਵੇਲੇ ਉਨ੍ਹਾਂ (ਪਟੀਸ਼ਨਰਾਂ) ਨੇ ਦੇਸ਼ ਵਿਰੋਧੀ ਵਿਅਕਤੀਆਂ ਵਿਰੁੱਧ ਕਈ ਮਾਮਲੇ ਵੀ ਦਰਜ ਕਰਵਾਏ ਸਨ। ਹਾਈ ਕੋਰਟ ਨੇ ਪਟੀਸ਼ਨ ਦਾ ਨਿਬੇੜਾ ਕਰਦਿਆਂ ਕਿਹਾ ਹੈ ਕਿ ਪਟੀਸ਼ਨਰ ਇਹ ਮੰਗ ਸਰਕਾਰ ਕੋਲ ਲੈ ਕੇ ਜਾਣ।

# ਚੀਨ ਸਾਹਿਤਕਾਰ ਮੋ ਯਾਨ ਨੂੰ ਨੋਬੇਲ ਪੁਰਸਕਾਰ

**ਸਟਾਕਹੋਮ:** ਚੀਨ ਦੇ ਲੇਖਕ ਮੋ ਯਾਨ ਨੂੰ ਸਾਹਿਤ ਦੇ ਖੇਤਰ ਵਿਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ 'ਤੇ ਨੋਬੇਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਅਮਰੀਕੀ ਰਸਾਇਣ ਸ਼ਾਸਤਰੀ ਰਾਬਰਟ ਲੈਫਕੋਵਿਜ਼ ਤੇ ਬ੍ਰਾਇਨ ਕੋਬਿਲਕਾ ਨੂੰ ਸੈੱਲ ਰਿਸੈਪਟਰਾਂ 'ਤੇ ਕੀਤੇ ਖੋਜ ਕਾਰਜ ਬਦਲੇ ਨੋਬੇਲ ਪੁਰਸਕਾਰ ਮਿਲਿਆ। ਯੂਰਪ ਵਿਚ ਸ਼ਾਂਤੀ ਤੇ ਜਮਹੂਰੀਅਤ ਨੂੰ ਉਤਸ਼ਾਹਤ ਕਰਨ ਲਈ ਪਾਏ ਗਏ ਯੋਗਦਾਨ ਬਦਲੇ ਯੂਰਪੀਨ ਸੰਘ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ।

# ਪੁਲਾੜ ਤੋਂ ਛਾਲ ਮਾਰ ਕੇ ਫੀਲਿਕਸ ਨੇ ਨਵਾਂ ਰਿਕਾਰਡ ਬਣਾਇਆ

**ਰੌਸਵੈਲ:** ਆਸਟਰੇਲੀਆ ਦੇ ਇੱਕ ਸਾਹਸੀ ਵਿਅਕਤੀ ਨੇ ਧਰਤੀ ਤੋਂ ਕਰੀਬ 24 ਮੀਲ ਉਪਰ ਪੁਲਾੜ ਨੇੜੇ ਪਹੁੰਚਣ ਪਿੱਛੋਂ ਹੇਠਾਂ ਛਾਲ ਮਾਰੀ ਅਤੇ ਸਕਾਈ-ਡਾਈਵਿੰਗ ਦਾ ਇੱਕ ਨਵਾਂ ਵਿਸ਼ਵ ਰਿਕਾਰਡ ਕਾਇਮ ਕਰ ਦਿੱਤਾ।

ਫੈਲਿਕਸ ਬੌਮਗਾਰਟਨਰ (43 ਸਾਲ) ਨੇ ਪੁਲਾੜ ਨੇੜੇ ਪਹੁੰਚਣ ਵਾਸਤੇ ਇੱਕ ਗੁਬਾਰੇ ਦੀ ਵਰਤੋਂ ਕੀਤੀ। ਜਦੋਂ ਉਹ 1,28,000 ਫੁੱਟ (39 ਸੌ ਮੀਟਰ) ਤੋਂ ਵੱਧ ਦੀ ਉਚਾਈ 'ਤੇ ਪਹੁੰਚ ਗਿਆ ਤਾਂ ਉਸ ਨੇ ਛਾਲ ਮਾਰ ਦਿੱਤੀ। ਰੌਸਵੈਲ (ਨਿਊ ਮੈਕਸੀਕੋ) ਵਿਚ ਜਿੱਥੇ ਫੈਲਿਕਸ ਨੇ ਇਹ ਕਰਤਬ ਦਿਖਾਇਆ, ਉਥੇ ਵੱਡੀ ਗਿਣਤੀ ਵਿਚ ਲੋਕ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ 80 ਲੱਖ ਤੋਂ ਵਧੇਰੇ ਲੋਕ ਇਸ ਸਾਹਸੀ ਕਰਤਬ ਦਾ ਸਿੱਧਾ ਪ੍ਰਸਾਰਨ ਦੇਖ ਰਹੇ ਸਨ। ਐਰੋਨਾਟਿਕ ਇੰਟਰਨੈਸ਼ਨਲ ਫੈਡਰੇਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਫੈਲਿਕਸ 833.9 ਮੀਲ ਪ੍ਰਤੀ ਘੰਟਾ (1,342.8 ਕਿਲੋਮੀਟਰ ਪ੍ਰਤੀ ਘੰਟਾ) ਦੀ ਰਫਤਾਰ ਨਾਲ ਹੇਠਾਂ ਵੱਲ ਡਿੱਗਿਆ ਤੇ ਇਹ ਰਫਤਾਰ ਆਵਾਜ਼ ਦੀ ਗਤੀ ਨਾਲੋਂ ਵੀ ਤੇਜ਼ ਸੀ। ਅਜਿਹਾ ਕਰਨ ਵਾਲਾ ਉਹ ਪਹਿਲਾ ਸਕਾਈ-ਡਾਈਵਰ ਬਣ ਗਿਆ। ਆਵਾਜ਼ ਦੀ ਗਤੀ 690 ਮੀਲ ਪ੍ਰਤੀ ਘੰਟਾ ਹੁੰਦੀ ਹੈ।

ਫੀਲਿਕਸ ਨੇ ਇੱਕੋ ਵੇਲੇ ਤਿੰਨ ਵਿਸ਼ਵ ਰਿਕਾਰਡ ਤੋੜੇ। ਉਸ ਨੇ 1,28,180 ਫੁੱਟ ਤੋਂ ਛਾਲ ਮਾਰੀ ਜੋ ਕਿ ਪਹਿਲੀ ਵਾਰ ਹੋਇਆ। ਉਹ 1,19,846 ਫੁੱਟ ਤਕ ਪੈਰਾਸ਼ੂਟ ਦੀ ਮਦਦ ਤੋਂ ਬਿਨਾਂ ਸਿੱਧਾ ਹੀ ਥੱਲੇ ਵੱਲ ਆਇਆ ਤੇ ਤੀਜਾ ਉਸ ਦੀ ਰਫਤਾਰ 1,342 ਕਿਲੋਮੀਟਰ ਪ੍ਰਤੀ ਘੰਟਾ ਸੀ। ਉਹ ਛਾਲ ਮਾਰਨ ਤੋਂ ਕਰੀਬ 10 ਮਿੰਟ ਬਾਅਦ ਸੁਰੱਖਿਅਤ ਧਰਤੀ 'ਤੇ ਉਤਰਿਆ ਅਤੇ ਹੇਠਾਂ ਉਤਰਦਿਆਂ ਹੀ ਉਸ ਨੇ ਆਪਣੀਆਂ ਬਾਹਵਾਂ ਖੜ੍ਹੀਆਂ ਕਰਕੇ ਦਰਸ਼ਕਾਂ ਨਾਲ ਆਪਣੀ ਸਫਲਤਾ ਦੀ ਖੁਸ਼ੀ ਸਾਂਝੀ ਕੀਤੀ। ਇਸ ਤੋਂ ਛੇਤੀ ਬਾਅਦ ਹੀ ਉਸ ਦੇ ਮਾਪਿਆਂ ਨੇ ਉਸ ਨੂੰ ਕਲਾਵੇ ਵਿਚ ਲੈ ਲਿਆ। ਉਸ ਦੀ ਪ੍ਰੇਮਿਕਾ ਉਸ ਦੀਆਂ ਲੱਤਾਂ ਨੂੰ ਜਾ ਚਿੰਬੜੀ।

ਫੈਲਿਕਸ ਨੇ ਦੱਸਿਆ ਕਿ ਇਹ ਕਾਫੀ ਮੁਸ਼ਕਲ ਸੀ ਤੇ ਪਹਿਲਾਂ ਉਸ ਨੂੰ ਇਸ ਦਾ ਅੰਦਾਜ਼ਾ ਨਹੀਂ ਸੀ। ਫੈਲਿਕਸ ਇਸ ਤੋਂ ਪਹਿਲਾਂ ਵੀ ਅਜਿਹੇ ਕਰਤਬ ਦਿਖਾਉਂਦਾ ਰਿਹਾ ਹੈ ਪਰ ਇਸ ਵਾਰ ਉਸ ਨੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ। ਉਸ ਨੇ ਇਸ ਗੱਲ 'ਤੇ ਚਿੰਤਾ ਜ਼ਾਹਰ ਕੀਤੀ ਸੀ ਕਿ ਉਸ ਦਾ ਹੈਲਮਟ ਪੂਰੀ ਤਰ੍ਹਾਂ ਗਰਮ ਨਹੀਂ ਹੁੰਦਾ ਜਦਕਿ ਇਹ 55 ਡਿਗਰੀ ਫਾਰਨਹੀਟ ਤਕ ਗਰਮ ਰਹਿਣ ਦੀ ਸਹੂਲਤ ਵਾਲਾ ਸੀ।

Triple Transport Inc.
5938 S. 13th St., Milwaukee, WI 53221
Ph: 414-282-2363, Fax: 414-282-2370

ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਮਿਲਵਾਕੀ, ਵਿਸਕਾਨਸਿਨ ਦੀ ਇਕ ਇੰਟਰਮੌਡਲ ਕੰਪਨੀ ਨੂੰ ਅਨੁਭਵੀ ਸੀ ਡੀ ਐਲ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ



ਚੰਗੀ ਤਨਖਾਹ, ਰੋਜ਼ਾਨਾ ਘਰ ਆ ਸਕਦੇ ਹੋ

WI, MN, Upper MI, IL, Intermodal Freight

ਸੰਪਰਕ ਕਰੋ: ਬੇਅੰਤ ਸਿੰਘ ਬੋਪਾਰਾਏ
ਫੋਨ 414-349-3449

ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਨੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਵਜੇ ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 6 ਵਜੇ ਸ਼ਾਮ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ
- ਸੱਜਰੀ ਸਵੇਰ -ਸੋਮਵਾਰ ਤੋਂ ਸ਼ਨਿਚਰਵਾਰ
- ਨਜ਼ਰੀਆ -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- ਤੁਹਾਡੇ ਸ਼ਹਿਰ ਦੇ ਵਿਹੜੇ -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- ਟੌਪ 10 -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ
605.475.6868 • 832.551.5029
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਪੰਜਾਬ ਦੀ ਅਕਾਲੀ ਸਰਕਾਰ ਹਰ ਮੁਹਾਜ ‘ਤੇ ਫੇਲ੍ਹ-ਦਾਖਾ

## ਇਕ ਮੁਲਾਕਾਤ

***ਲੁਧਿਆਣੇ ਦੇ ਵਿਧਾਨ ਸਭਾ ਹਲਕਾ ਦਾਖਾ ਤੋਂ ਦੋ ਵਾਰ ਵਿਧਾਇਕ ਰਹਿ ਚੁਕੇ ਸ. ਮਲਕੀਤ ਸਿੰਘ ਦਾਖਾ ਇਨ੍ਹੀਂ ਦਿਨੀਂ ਅਮਰੀਕਾ ਆਏ ਹੋਏ ਹਨ। ਪਿਛਲੇ ਦਿਨੀਂ ਜਦੋਂ ਉਹ ਸ਼ਿਕਾਗੋ ਆਪਣੇ ਦੋਸਤਾਂ-ਮਿੱਤਰਾਂ ਨੂੰ ਮਿਲਣ ਲਈ ਆਏ ਤਾਂ ਪੰਜਾਬ ਟਾਈਮਜ਼ ਦੇ ਦਫਤਰ ਵੀ ਪਹੁੰਚੇ। ਸਾਡੇ ਸਹਿਯੋਗੀ ਸ. ਸੁਰਿੰਦਰ ਸਿੰਘ ਭਾਟੀਆ ਵਲੋਂ ਉਨ੍ਹਾਂ ਨਾਲ ਕੀਤੀਆਂ ਗਈਆਂ ਗੱਲਾਂ-ਬਾਤਾਂ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ***

**ਸੁਰਿੰਦਰ ਸਿੰਘ ਭਾਟੀਆ**

**ਸਵਾਲ: ਆਪਣੇ ਪਿਛੋਕੜ ਬਾਰੇ ਦਸੋ। ਰਾਜਨੀਤੀ ਵਿਚ ਕਦੋਂ ਤੇ ਕਿਵੇਂ ਆਏ?**

**ਜਵਾਬ:** ਮੇਰੇ ਨਾਂ ਨਾਲ ਦਾਖਾ ਮੇਰੇ ਹਲਕੇ ਕਾਰਨ ਜੁੜ ਗਿਆ ਹੈ ਉਂਜ ਸਾਡਾ ਪਿੰਡ ਬਿਲਾਸਪੁਰ ਹੈ ਜੋ ਸਿਆਸੀ ਪੱਖੋਂ ਬਹੁਤ ਸਰਗਰਮ ਰਿਹਾ ਹੈ। ਮੇਰੀ ਵੀ ਸਿਆਸਤ ਨਾਲ ਸ਼ੁਰੂ ਤੋਂ ਮਸ ਰਹੀ ਹੈ। ਸੰਨ 1978 ਵਿਚ ਮੈਂ ਐਸ. ਜੀ. ਪੀ. ਸੀ. ਦੀ ਚੋਣ ਲੜੀ। 1992 ਵਿਚ ਹਲਕਾ ਦਾਖਾ ਤੋਂ ਮੈਂ ਪਹਿਲੀ ਵਾਰੀ ਐਮ. ਐਲ. ਏ. ਬਣਿਆ। ਫਿਰ 2002 ਵਿਚ ਇਸੇ ਹਲਕੇ ਤੋਂ ਐਮ. ਐਲ. ਏ. ਚੁਣਿਆ ਗਿਆ। ਬੀਬੀ ਰਾਜਿੰਦਰ ਕੌਰ ਭੱਠਲ ਦੀ ਸਰਕਾਰ ਵਿਚ ਤਕਨੀਕੀ ਸਿੱਖਿਆ ਮੰਤਰੀ ਦੇ ਤੌਰ ‘ਤੇ ਕੰਮ ਕਰਨ ਦਾ ਮੌਕਾ ਮਿਲਿਆ। ਹੁਣ ਮੈਂ ਜਿਲਾ ਕਾਂਗਰਸ ਕਮੇਟੀ (ਦਿਹਾਤੀ) ਲੁਧਿਆਣਾ ਦਾ ਪ੍ਰਧਾਨ ਹਾਂ।

**ਸਵਾਲ: 2007 ਵਿਚ ਚੋਣ ਵਿਚ ਤੁਹਾਡੀ ਹਾਰ ਦੇ ਕੀ ਕਾਰਨ ਬਣੇ?**

**ਜਵਾਬ:** ਰਵਾਇਤੀ ਤੌਰ ‘ਤੇ ਇਹ ਇਲਾਕਾ ਅਕਾਲੀ ਪੱਖੀ ਹੈ ਪਰ ਮੈਂ ਆਪਣੇ ਅਸਰ ਰਸੂਖ ਨਾਲ 2002 ਵਿਚ ਚੋਣ ਜਿੱਤ ਗਿਆ ਸੀ ਪਰ 2007 ਵਿਚ ਅਕਾਲੀ ਸਰਕਾਰ ਨੇ ਆਟਾ ਦਾਲ ਸਕੀਮ ਦੇ ਨਾਲ ਹੋਰ ਕਈ ਭਰਮਾਊ ਨਾਅਰੇ, ਝੂਠੇ ਵਾਅਦੇ, ਅਫਹਾਹਾਂ ਤੇ ਪੈਂਤੜੇਬਾਜ਼ੀ ਤੇ ਜੋਰ ਰਖਿਆ। ਅਸੀਂ ਵੋਟਰਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਇਹ ਸਭ ਝੂਠੇ ਲਾਰੇ ਹਨ। ਸੋ ਭਰਮਾਊ ਨਾਅਰਿਆਂ ਦੇ ਅਸਰ ਹੇਠ ਸਾਨੂੰ ਮਾਰ ਪੈ ਗਈ।

**ਸਵਾਲ: 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਤੁਸੀਂ ਗਿੱਲ ਹਲਕੇ ਤੋਂ ਚੋਣ ਲੜੀ, ਜੇਤੂ ਵਿਧਾਨਕਾਰ ਦਰਸ਼ਨ ਸਿੰਘ ਸ਼ਿਵਾਲਕ ਨੂੰ 69131 ਵੋਟ ਪਈਆਂ ਤੇ ਤੁਹਾਨੂੰ 63814 ਵੋਟਾਂ। ਫਰਕ 5317 ਵੋਟਾਂ ਦਾ ਰਿਹਾ ਤੇ ਪੀ.ਪੀ.ਪੀ. ਦੇ ਉਮੀਦਵਾਰ ਨੂੰ 7729 ਵੋਟਾਂ ਮਿਲੀਆਂ। ਕੀ ਤੁਸੀਂ ਸਮਝਦੇ ਹੋ ਕਿ ਪੀ.ਪੀ.ਪੀ ਹੀ ਤੁਹਾਡੀ ਹਾਰ ਦਾ ਕਾਰਨ ਬਣੀ? ਪੀ.ਪੀ.ਪੀ. ਨਾਲ ਕਾਂਗਰਸ ਦੇ ਸੰਭਾਵੀ ਗਠਜੋੜ ਬਾਰੇ ਕੁਝ ਕਹਿਣਾ ਚਾਹੋਗੇ?**

**ਜਵਾਬ:** ਹਾਰ ਦੇ ਤਾਂ ਕਈ ਕਾਰਨ ਸਨ, ਪਰ ਇਹ ਵੀ ਠੀਕ ਹੈ ਸੀ.ਪੀ.ਐਮ. ਤੇ ਸੀ.ਆਈ.ਪੀ. ਦੀ ਚਾਰ ਪੰਜ ਹਜਾਰ ਵੋਟ ਸਾਨੂੰ ਹੀ ਪੈਂਦੀ ਸੀ, ਉਹ ਨਹੀਂ ਪਈ ਤੇ ਬਸਪਾ ਦੀ ਵੋਟ ਵੀ ਸਾਡੇ ਖਾਤੇ ਵਿਚ ਹੁੰਦੀ ਸੀ, ਉਹ ਵੀ ਸਾਡੇ ਹੱਕ ‘ਚ ਨਹੀਂ ਭੁਗਤੀ। ਪੀ.ਪੀ.ਪੀ. ਦਾ ਪਾਰਟੀ ਦੇ ਤੌਰ ‘ਤੇ ਇਸ ਚੋਣ ਵਿਚ ਅਸਰ ਤਾਂ ਹੈ ਹੀ ਸੀ। ਬਾਕੀ ਕਾਂਗਰਸ ਪਾਰਟੀ ਹਾਈ ਕਮਾਂਡ ਜੋ ਵੀ ਗਠਜੋੜ ਕਰੇਗੀ, ਮੈਂ ਉਸ ਫੈਸਲੇ ਦੇ ਨਾਲ ਹੀ ਹਾਂ।

**ਸਵਾਲ: ਅਕਸਰ ਅਕਾਲੀ ਸਰਕਾਰ ਵਲੋਂ ਕਾਂਗਰਸੀ ਲੀਡਰਾਂ ਤੇ ਵਰਕਰਾਂ ਵਿਰੁਧ ਝੂਠੇ ਮੁਕੱਦਮੇ ਦਰਜ ਕਰਨ ਤੇ ਉਨ੍ਹਾਂ ਨੂੰ ਧਮਕਾਉਣ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਕੀ ਇਹ ਸੱਚ ਹਨ ਜਾਂ ਰਾਜਨੀਤੀ ਤੋਂ ਪ੍ਰੇਰਿਤ?**

**ਜਵਾਬ:** ਇਹ ਬਿਲਕੁਲ ਸੱਚ ਹੈ। ਕਾਂਗਰਸੀ ਵਰਕਰਾਂ ਤੇ ਹਮਾਇਤੀਆਂ ਵਿਰੁਧ ਝੂਠੇ ਕੇਸ ਵੀ ਬਣਾਏ ਜਾ ਰਹੇ ਹਨ ਤੇ ਡਰਾ ਧਮਕਾ ਕੇ ਉਨ੍ਹਾਂ ਨੂੰ ਅਕਾਲੀ ਵੀ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਲੋਕ ਇਨ੍ਹਾਂ ਤੋਂ ਬਹੁਤ ਤੰਗ ਨੇ, ਇਨ੍ਹਾਂ ਨੇ ਨਸ਼ੇ ਤੇ ਨੋਟ ਵੰਡ ਕੇ, ਝੂਠੇ ਵਾਅਦੇ ਕਰਕੇ ਚੋਣ ਤਾਂ ਜਿੱਤ ਲਈ ਪਰ ਇਨ੍ਹਾਂ ਕੋਲ ਕੋਈ ਪਾਲਸੀ ਨਹੀਂ ਹੈ। ਨੌਜਵਾਨਾਂ ਨੂੰ ਬੇਰੁਜਗਾਰੀ ਭੱਤਾ ਦੇਣ ਦੇ ਵਾਅਦੇ ਕੀਤੇ, ਹੋਰ ਕਈ ਵਾਅਦੇ ਕੀਤੇ ਪਰ ਪੂਰੇ ਕੋਈ ਨਹੀਂ ਕੀਤੇ। ਭਰਮਾਊ ਨਾਅਰਿਆਂ ਨਾਲ ਚੋਣਾਂ ਤਾਂ ਜਿੱਤੀਆਂ ਜਾ ਸਕਦੀਆਂ ਹਨ ਪਰ ਲੋਕਾਂ ਦੀਆਂ ਸਮਸਿਆਵਾਂ ਹੱਲ ਨਹੀਂ ਕੀਤੀਆਂ ਜਾ ਸਕਦੀਆਂ। ਇਹ ਸਰਕਾਰ ਹਰ ਮੁਹਾਜ ‘ਤੇ ਫੇਲ੍ਹ ਹੋਈ ਹੈ। ਇਹ ਬਹੁਤੀ ਦੇਰ ਨਹੀਂ ਚਲਣ ਵਾਲੀ, ਜਲਦੀ ਹੀ ਇਸ ਦਾ ਭੋਗ ਪੈ ਜਾਏਗਾ।



*ਸ. ਦਾਖਾ (ਸੱਜੇ) ਸ਼ਿਕਾਗੋ ਵਿਚ ਪੰਜਾਬ ਟਾਈਮਜ਼ ਦੇ ਦਫਤਰ ਵਿਚ ਆਪਣੇ ਇਕ ਪੁਰਾਣੇ ਮਿੱਤਰ ਜੈਦੇਵ ਸਿੰਘ (ਸੱਤੀ) ਭੱਠਲ ਨਾਲ*

**ਸਵਾਲ: ਦਾਖਾ ਹਲਕੇ ਵਿਚ ਤੁਹਾਡੇ ਵਿਰੋਧੀ ਜੇਤੂ ਉਮੀਦਵਾਰ ਦਰਸ਼ਨ ਸਿੰਘ ਸ਼ਿਵਾਲਕ ਅਕਸਰ ਕਹਿੰਦੇ ਹਨ ਕਿ ਤੁਹਾਡੇ ਸਮੇਂ ਵਿਚ ਕੋਈ ਖਾਸ ਵਿਕਾਸ ਕਾਰਜ ਨਹੀਂ ਹੋਏ, ਕੀ ਇਹ ਸਹੀ ਹੈ?**

**ਜਵਾਬ:** ਇਹ ਸਭ ਸਿਆਸੀ ਬਿਆਨਬਾਜੀ ਹੈ। ਉਂਜ ਚੋਣ ਹਲਕਿਆਂ ਦੀ ਨਵੀਂ ਹੱਦਬੰਦੀ ਹੋ ਚੁਕੀ ਹੈ, ਕਈ ਹਲਕੇ ਪੁਰਾਣੇ ਦਾਖੇ ਵਿਚ ਨਹੀਂ ਆਉਂਦੇ। ਮੈਂ ਆਪਣੇ ਸਮੇਂ ਵਿਚ ਵਿਸ਼ੇਸ਼ ਧਿਆਨ ਦੇ ਕੇ ਹਲਕੇ ਦੀਆਂ ਸੜਕਾਂ ਚੌੜੀਆਂ ਕਰਵਾਈਆਂ, ਸੀਵਰੇਜ ਦਾ ਚੰਗਾ ਪ੍ਰਬੰਧ ਕੀਤਾ, ਵਾਟਰ ਸਪਲਾਈ ਬਿਹਤਰ ਬਣਾਈ, ਸਿਖਿਆ ਅਤੇ ਸਿਹਤ ਸੇਵਾਵਾਂ ਦੇ ਖੇਤਰ ਵਿਚ ਕਾਫੀ ਵਿਕਾਸ ਹੋਇਆ।

**ਸਵਾਲ: ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਰਪੋਰੇਸ਼ਨ ਚੋਣਾਂ ਵਿਚ ਕਾਂਗਰਸ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ। ਇਸ ਪਿਛੋਂ ਪੰਜਾਬ ਕਾਂਗਰਸ ਪਾਰਟੀ ਪ੍ਰਧਾਨ ਬਦਲਣ ਦੀ ਮੰਗ ਵੀ ਉਠੀ। ਕੀ ਪਾਰਟੀ ਅੰਦਰ ਸਭ ਠੀਕ ਚੱਲ ਰਿਹਾ ਹੈ?**

**ਜਵਾਬ:** ਕਿਸੇ ਵੀ ਤਬਦੀਲੀ ਬਾਰੇ ਕਾਂਗਰਸ ਪਾਰਟੀ ਦੀ ਹਾਈ ਕਮਾਂਡ ਨੇ ਫੈਸਲਾ ਕਰਨਾ ਹੁੰਦਾ ਹੈ। ਬਾਕੀ ਅਹੁਦੇ ਤੇ ਸਦਾ ਲਈ ਕੋਈ ਵੀ ਨਹੀਂ ਹੁੰਦਾ। ਕਿਸ ਨੇ ਮੁਖ ਮੰਤਰੀ ਜਾਂ ਪਾਰਟੀ ਪ੍ਰਧਾਨ ਰਹਿਣਾ ਹੈ, ਉਸ ਬਾਰੇ ਹਾਈ ਕਮਾਂਡ ਜੋ ਵੀ ਮੁਨਾਸਿਬ ਸਮਝਦੀ ਹੈ, ਤਬਦੀਲੀ ਕਰ ਸਕਦੀ ਹੈ। ਮੈਂ ਤਾਂ ਇਹੋ ਕਹਾਂਗਾ ਕੈਪਟਨ ਸਾਹਿਬ ਤੇ ਵਿਧਾਨ ਸਭਾ ‘ਚ ਵਿਰੋਧੀ ਧਿਰ ਦੇ ਲੀਡਰ ਜਾਖੜ ਸਾਹਿਬ ਹੋਰ ਤਗੜੇ ਹੋ ਕੇ ਆਪਣਾ ਵਿਰੋਧੀ ਧਿਰ ਦਾ ਰੋਲ ਅਦਾ ਕਰਨ, ਮੌਜੂਦਾ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਵਿਰੁਧ ਜੋਰਦਾਰ ਅਵਾਜ਼ ਉਠਾਉਣ, ਤਿੱਖਾ ਰੁੱਖ ਅਪਨਾਉਣ ਤੇ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਲੋਕਾਂ ਅੱਗੇ ਉਜਾਗਰ ਕਰਨ।

**ਸਵਾਲ: ਪੰਜਾਬ ਦਾ ਸਰਕਾਰੀ ਖਜ਼ਾਨਾ ਖਾਲੀ ਹੈ ਅਤੇ ਸਰਕਾਰ ਆਪਣੇ ਖਰਚੇ ਪੂਰੇ ਕਰਨ ਲਈ ਟੈਕਸ ਵਧਾਈ ਜਾ ਰਹੀ ਹੈ। ਤੁਸੀਂ ਕੀ ਸਮਝਦੇ ਹੋ? ਪ੍ਰਚੂਨ ਖੇਤਰ ‘ਚ ਸਿੱਧੇ ਵਿਦੇਸ਼ੀ ਨਿਵੇਸ਼ ਬਾਰੇ ਤੁਹਾਡਾ ਕੀ ਖਿਆਲ ਹੈ?**

**ਜਵਾਬ:** ਕੁਦਰਤੀ ਹੈ ਕਿ ਵਿਸ਼ਵ ਮੰਡੀ ਦੇ ਆਉਣ ਨਾਲ ਤਬਦੀਲੀ ਆਉਂਦੀ ਹੈ। ਇਥੇ ਵਿਦੇਸ਼ ਵਿਚ ਸਾਡੇ ਭਾਰਤੀਆਂ ਨੇ ਇਸ ਪ੍ਰਬੰਧਕੀ ਸਿਸਟਮ ਵਿਚ ਰਹਿ ਕੇ ਬੜੀ ਤੱਰਕੀ ਕੀਤੀ ਹੈ। ਜੇ ਵਾਲਮਾਰਟ ਤੇ ਕਾਸਕੋ ਵਰਗੀਆਂ ਹੋਰ ਕੰਪਨੀਆਂ ਉਥੇ ਜਾਣਗੀਆਂ ਤਾਂ ਹੋਰ ਪੈਸਾ ਆਵੇਗਾ ਤੇ ਲੋਕਾਂ ਦੀ ਖਰੀਦ ਸ਼ਕਤੀ ਵਧੇਗੀ, ਖਾਸ ਤੌਰ ‘ਤੇ ਪੰਜਾਬ ਦੀ ਆਰਥਿਕ ਹਾਲਤ ਵਿਚ ਸੁਧਾਰ ਹੋਵੇਗਾ। ਸਰਕਾਰ ਕੋਲ ਪੈਸਾ ਹੋਵੇਗਾ ਤਾਂ ਜਨਤਾ ਨੂੰ ਵੀ ਸਹੂਲਤਾਂ ਮਿਲਣਗੀਆਂ। ਸਰਕਾਰਾਂ ਕੋਲ ਸੂਬੇ ਦੀ ਆਮਦਨ ਵਧਾਉਣ ਲਈ ਦੂਰਦਰਸ਼ੀ ਸਕੀਮਾਂ ਹੋਣੀਆਂ ਚਾਹੀਦੀਆਂ ਹਨ। ਮੌਜੂਦਾ ਸਰਕਾਰ ਦਾ ਖਜ਼ਾਨਾ ਤਾਂ ਖਾਲੀ ਹੈ ਪਰ ਮੰਤਰੀਆਂ ਸੰਤਰੀਆਂ ਦੇ ਖਰਚੇ ਲਗਾਤਾਰ ਵਧ ਰਹੇ ਹਨ। ਇਹ ਖਰਚੇ ਪੂਰੇ ਕਰਨ ਲਈ ਲੋਕਾਂ ਉਤੇ ਹੁਣ ਤੱਕ ਇਹ ਸਰਕਾਰ 2 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਬੋਝ ਲੱਦ ਚੁਕੀ ਹੈ। ਤੁਸੀਂ ਇਥੇ ਆਪਣੇ ਟੈਕਸ ਬਰਾਬਰ ਦਿੰਦੇ ਹੋ, ਸਰਕਾਰ ਲੋਕਾਂ ਨੂੰ ਸਹੂਲਤਾਂ ਦਿੰਦੀ ਹੈ। ਜਦ ਕਿ ਪੰਜਾਬ ਵਿਚ ਟੈਕਸਾਂ ਦੀ ਸ਼ੱਰੇਆਮ ਚੋਰੀ ਹੋ ਰਹੀ ਹੈ, ਸਰਕਾਰ ਕੁਝ ਨਹੀਂ ਕਰ ਰਹੀ। ਪੰਜਾਬ ਦੇ ਵਿਕਾਸ ਲਈ ਇਨ੍ਹਾਂ ਤੋਂ ਵੱਡੀ ਆਸ ਨਹੀਂ ਰੱਖੀ ਜਾ ਸਕਦੀ। ਸਿਰਫ ਵੋਟਾਂ ਲੈਣ ਲਈ ਸਭ ਕੁਝ ਮੁਫਤ ਦੇਣ ਦੇ ਵਾਅਦੇ ਕਰਦੀ ਹੈ ਮਗਰੋਂ ਸਭ ਕੁਝ ਭੁਲ ਜਾਂਦੀ ਹੈ।

**ਸਵਾਲ: ਪੰਜਾਬ ਦਾ ਨੌਜਵਾਨ ਨਸ਼ਿਆਂ ’ਚ ਗਲਤਾਨ ਹੈ, ਕੀ ਕਾਰਨ ਹੈ?**

**ਜਵਾਬ:** ਬੇਰੁਜਗਾਰ ਨੌਜਵਾਨ ਭਟੇਕਗਾ ਹੀ, ਨੌਕਰੀਆਂ ਦੇ ਵਾਧੇ ਲਈ ਕੋਈ ਯੋਜਨਾਬੱਧ ਤਰੀਕੇ ਨਾਲ ਹੱਲ ਨਹੀਂ ਲਭਿਆ ਜਾ ਰਿਹਾ। ਜਿਵੇਂ ਮੈਂ ਪਹਿਲਾ ਵੀ ਕਿਹਾ ਹੈ ਕਿ ਇਨ੍ਹਾਂ ਨੇ ਵੋਟਾਂ ਲੈਣ ਸਮੇਂ ਵਾਅਦਾ ਕੀਤਾ ਸੀ ਕਿ ਬੇਰੁਜਗਾਰੀ ਭੱਤਾ ਦਿੱਤਾ ਜਾਵੇਗਾ ਪਰ ਵਾਅਦਾ ਪੂਰਾ ਨਹੀਂ ਕੀਤਾ। ਦੂਸਰਾ, ਸਰਹੱਦ ਪਾਰੋਂ ਨਸ਼ਾ ਨਾ ਆਵੇ, ਇਸ ਲਈ ਕੇਂਦਰ ਤੇ ਪੰਜਾਬ ਸਰਕਾਰ ਦੋਵਾਂ ਨੂੰ ਸਖਤ ਕਦਮ ਚੁਕਣੇ ਚਾਹੀਦੇ ਹਨ। ਇਕ ਤਾਂ ਨੌਜਵਾਨ ਬੇਰੋਜਗਾਰ, ਉਪਰੋਂ ਨਸ਼ੇ ਮਿਲ ਜਾਣ ਤਾਂ ਸਾਡੀ ਆਉਣ ਵਾਲੀ ਪੀੜੀ ਦਾ ਭਵਿੱਖ ਖਤਰੇ ਵਿਚ ਹੀ ਹੋਵੇਗਾ। ਪੰਜਾਬ ਬਾਰਡਰ ਸਟੇਟ ਹੈ, ਸਰਕਾਰ ਨੂੰ ਨਸ਼ੇ ਦੀ ਸਮਗਲਿੰਗ ਰੋਕਣ ਲਈ ਸਖਤ ਕਦਮ ਚੁਕਣੇ ਚਾਹੀਦੇ ਹਨ। ਦੂਸਰੇ ਪਾਸੇ ਨੌਜਵਾਨਾਂ ਨੂੰ ਨਸ਼ੇ ਦੇ ਕੋਹੜ ਤੋਂ ਬਚਾਉਣ ਲਈ ਸਾਰੀਆਂ ਪਾਰਟੀਆਂ ਨੂੰ ਮਿਲ ਕੇ ਇਕ ਪਲੇਟਫਾਰਮ ਤੋਂ ਨਸ਼ਿਆਂ ਵਿਰੁਧ ਅੰਦੋਲਨ ਛੇੜਨਾ ਚਾਹੀਦਾ ਹੈ।

**ਸਵਾਲ: ਤੁਹਾਡੇ ਇਸ ਅਮਰੀਕਾ ਦੌਰੇ ਦਾ ਸਬੱਬ?**

**ਜਵਾਬ:** ਮੇਰਾ ਇਹ ਨਿਜੀ ਦੌਰਾ ਹੈ। ਮੇਰੀ ਭੈਣ ਕੈਲੀਫੋਰਨੀਆ ਰਹਿੰਦੀ ਹੈ। ਬਹੁਤ ਸਾਰੇ ਯਾਰ ਦੋਸਤ, ਸਨੇਹੀ ਅਮਰੀਕਾ ਵਿਚ ਹਨ। ਮੈਂ ਬੰਦਾ ਸਿੰਘ ਬਹਾਦਰ ਫਾਊਡੇਸ਼ਨ ਦਾ ਸਰਪ੍ਰਸਤ ਹਾਂ। ਮੈਂ ਅਤੇ ਇਸ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਤੇ ਸਾਬਕਾ ਮੰਤਰੀ ਜਸਬੀਰ ਸਿੰਘ ਇਕੱਠੇ ਆਏ ਸੀ। ਅਸੀ ਇਥੇ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਅਲੱਗ ਅਲੱਗ ਥਾਂਵਾਂ- ਟੋਰਾਂਟੋ, ਸਰੀ, ਕੈਲਗਰੀ, ਐਡਮੰਟਨ, ਸਿਆਟਲ ਆਦਿ ਵਿਚ ਮਨਾਇਆ। ਜਸਬੀਰ ਸਿੰਘ ਚਲੇ ਗਏ ਹਨ। ਮੈਂ ਕੈਲੀਫੋਰੀਨਆ ਵਿਚ ਸੈਕਰਾਮੈਂਟੋ, ਸੈਨ ਫਰਾਂਸਿਸਕੋ, ਬੇਕਰਜ਼ਫੀਲਡ, ਐਲ.ਏ. ਤੋਂ ਇਲਾਵਾ ਪੈਨਸਿਲਵੇਨੀਆ, ਵਾਸ਼ਿੰਗਟਨ, ਮਿਲਵਾਕੀ ਤੇ ਸ਼ਿਕਾਗੋ ਵਿਚ ਮਿੱਤਰਾਂ ਤੇ ਸਨੇਹੀਆਂ ਨੂੰ ਮਿਲਿਆ ਹਾਂ। ਕਾਂਗਰਸ ਪਾਰਟੀ ਦਾ ਮੈਂਬਰ ਹੋਣ ਦੇ ਨਾਤੇ ਆਪਣੀ ਪਾਰਟੀ ਦੀਆਂ ਗਤੀਵਿਧੀਆਂ ਤੇ ਨੀਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਾ ਆਪਣਾ ਫਰਜ਼ ਸਮਝਦਾ ਹਾਂ। ਵੱਡੀ ਗੱਲ ਇਹ ਵੀ ਹੈ ਕਿ ਮੈਂ ਇਥੋਂ ਦੇ ਸਿਸਟਮ ਦੀ ਡੂੰਘੀ ਜਾਣਕਾਰੀ ਹਾਸਲ ਕਰ ਰਿਹਾ ਹਾਂ ਕਿ ਕਿਸ ਤਰ੍ਹਾਂ ਇਹ ਲੋਕ ਤਰੱਕੀ ਕਰ ਰਹੇ ਨੇ?

**ਸਵਾਲ: ਵਿਦੇਸ਼ੀ ਵੀਰਾਂ ਲਈ ਕੋਈ ਸੰਦੇਸ਼?**

**ਜਵਾਬ:** ਪੰਜਾਬ ਦੇ ਵਿਕਾਸ ਵਿਚ ਵਿਦੇਸ਼ੀਂ ਰਹਿੰਦੇ ਪੰਜਾਬੀ ਵੀਰ ਅਹਿਮ ਰੋਲ ਨਿਭਾ ਸਕਦੇ ਹਨ। ਆਪੋ-ਆਪਣੇ ਪਿੰਡਾਂ ਵਿਚ ਉਨ੍ਹਾਂ ਨੂੰ ਜਰੂਰ ਲੋਕ ਭਲਾਈ ਦੇ ਕੰਮਾਂ ਵਿਚ ਹਿੱਸੇਦਾਰ ਬਣਨਾ ਚਾਹੀਦਾ ਹੈ। ਮੈਂ ਸਟਾਕਟਨ ਵਿਚ ਗੁਰਦੁਆਰਾ ਸਾਹਿਬ ਦੇ 100 ਸਾਲਾ ਸਥਾਪਨਾ ਦਿਵਸ ਦੇ ਸਮਾਗਮਾਂ ਵਿਚ ਸ਼ਾਮਲ ਹੋਇਆ ਸਾਂ। ਅਗਲੇ ਸਾਲ ਦੇਸ਼ ਭਗਤ ਗਦਰੀ ਬਾਬਿਆਂ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ। ਮੇਰੀ ਕੇਂਦਰ ਸਰਕਾਰ ਨੂੰ ਬੇਨਤੀ ਹੈ ਕਿ ਗਦਰੀ ਬਾਬਿਆਂ ਤੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਦਿੱਲੀ ਤੇ ਪੰਜਾਬ ਵਿਚ ਢੁਕਵੀਂ ਯਾਦ ਬਣਾਈ ਜਾਵੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਤੋਂ ਪ੍ਰੇਰਨਾ ਲੈ ਸਕਣ। ਆਜ਼ਾਦੀ ਖਾਤਰ ਕੁਰਬਾਨੀ ਕਰਨ ਵਾਲੇ ਗਦਰੀ ਬਾਬਿਆਂ ਨੂੰ ਚੇਤੇ ਕਰਨਾ ਸਾਡਾ ਫਰਜ਼ ਹੈ। ਅੱਜ ਅਸੀਂ ਲੋਕ ਆਜਾਦੀ ਦਾ ਜੋ ਸੁਖ ਮਾਣ ਰਹੇ ਹਾਂ ਉਹ ਇਨ੍ਹਾਂ ਗਦਰੀ ਬਾਬਿਆਂ ਕਰਕੇ ਹੈ। ਸਾਡਾ ਫਰਜ਼ ਬਣਦਾ ਹੈ ਕਿ ਇਨ੍ਹਾਂ ਮਹਾਨ ਦੇਸ਼ ਭਗਤਾਂ ਦੀਆਂ ਯਾਦਗਾਰਾਂ ਬਣਾਈਆਂ ਜਾਣ ਅਤੇ ਉਨ੍ਹਾਂ ਦੇ ਦੱਸੇ ਰਾਹ ‘ਤੇ ਚਲਿਆ ਜਾਵੇ।

## ਭਾਰਤ ਲਵੇਗਾ ਅਮਰੀਕਾ ਤੋਂ 245 ਸਟਿੰਗਰ ਮਿਜ਼ਾਈਲਾਂ

**ਨਵੀਂ ਦਿੱਲੀ:** ਅਪੈਚੀ ਹਮਲਾਵਰ ਹੈਲੀਕਾਪਟਰਾਂ ਦੇ ਹਥਿਆਰਾਂ ਬਾਰੇ ਪੈਕੇਜ ਦੇ ਹਿੱਸੇ ਵਜੋਂ ਅਮਰੀਕਾ ਵੱਲੋਂ ਭਾਰਤ ਨੂੰ 245 ਸਟਿੰਗਰ ਮਿਜ਼ਾਈਲਾਂ ਵੀ ਦਿੱਤੀਆਂ ਜਾਣਗੀਆਂ। ਭਾਰਤੀ ਹਵਾਈ ਫੌਜ ਵੱਲੋਂ ਇਹ ਹੈਲੀਕਾਪਟਰ ਖਰੀਦੇ ਜਾ ਰਹੇ ਹਨ।

ਮਿਜ਼ਾਈਲਾਂ ਬਣਾਉਣ ਵਾਲੀ ਕੰਪਨੀ ਰੇਅਥੋਨ ਅਨੁਸਾਰ ਅਪੈਚੀ ਹੈਲੀਕਾਪਟਰਾਂ ਦੇ ਪੈਕੇਜ ਵਿਚ ਹਵਾ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ 245 ਮਜ਼ਾਈਲਾਂ ਤੇ 56 ਲਾਂਚਰ ਵੀ ਸ਼ਾਮਲ ਹਨ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ ’ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ ’ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸ਼ਨਿਚਰਵਾਰ, 20 ਅਕਤੂਬਰ 2012*

## ਨਸ਼ੇ, ਨੇਤਾ ਤੇ ਨਾਟਕ

ਭਾਰਤ ਵਿਚ ਲੋਕ ਸਭਾ ਚੋਣਾਂ ਅਜੇ ਅਗਲੇ ਸਾਲ ਹੋਣੀਆਂ ਹਨ ਪਰ ਸਾਰੀਆਂ ਖੇਤਰੀ ਅਤੇ ਕੌਮੀ ਪਾਰਟੀਆਂ ਨੇ ਹੁਣੇ ਤੋਂ ਅੱਡੀਆਂ ਚੁੱਕੀਆਂ ਹੋਈਆਂ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਤਾਂ ਇਹੀ ਹੈ ਕਿ ਐਤਕੀਂ ਕਿਸੇ ਵੀ ਧਿਰ ਕੋਲ ਕੋਈ ਅਜਿਹਾ ਕਾਰਗਰ ਮਸਲਾ ਜਾਂ ਮਸਾਲਾ ਨਹੀਂ ਹੈ ਕਿ ਬੇੜਾ ਪਾਰ ਲੱਗ ਸਕੇ। ਭਾਰਤੀ ਚੋਣ ਇਤਿਹਾਸ ਭਾਵੇਂ ਕਈ ਮਾਮਲਿਆਂ ਵਿਚ ਬੜਾ ਵਿਚਿੱਤਰ ਰਿਹਾ ਹੈ ਅਤੇ ਬਹੁਤ ਸਾਰੀਆਂ ਗਿਣਤੀਆਂ-ਮਿਣਤੀਆਂ ਦੇ ਬਾਵਜੂਦ ਅਕਸਰ ਤਖਤ ਡੋਲਦੇ ਰਹੇ ਹਨ, ਪਰ ਐਤਕੀਂ ਸ਼ਾਇਦ ਇਹ ਪਹਿਲੀ ਵਾਰ ਹੋਵੇ ਕਿ ਵੱਖ-ਵੱਖ ਧਿਰਾਂ ਨੂੰ ਚੋਣਾਂ ਵਿਚ ਪ੍ਰਚਾਰ ਲਈ ਮੁੱਦੇ ਨਹੀਂ ਥਿਆ ਰਹੇ। ਸ਼ਾਇਦ ਇਸੇ ਕਰ ਕੇ, ਫਿਲਹਾਲ ਇਕ-ਦੂਜੇ ਉਤੇ ਤੋਹਮਤਾਂ ਦਾ ਬਾਜ਼ਾਰ ਵੱਧ ਗਰਮ ਹੈ। ਇਨ੍ਹੀਂ ਦਿਨੀਂ ਪੰਜਾਬ ਵਿਚ ਨਸ਼ਿਆਂ ਬਾਰੇ ਚੱਲ ਰਹੀ ਤੋਹਮਤਬਾਜ਼ੀ ਇਸੇ ਰੁਝਾਨ ਦਾ ਝਲਕਾਰਾ ਹੈ।

ਨਹਿਰੂ-ਗਾਂਧੀ ਪਰਿਵਾਰ ਦਾ ਸ਼ਿੰਗਾਰਿਆ ਹੋਇਆ ਸ਼ਹਿਜ਼ਾਦਾ ਰਾਹੁਲ ਗਾਂਧੀ ਆਪਣੀਆਂ ਰੈਲੀਆਂ ਵਿਚ ਅਕਸਰ ਵਧਵੀਆਂ ਗੱਲਾਂ ਕਰ ਜਾਂਦਾ ਹੈ। ਪੰਜਾਬ ਵਿਚ ਗਿਆ ਤਾਂ ਉਥੇ ਵੀ ਉਹ ਨਸ਼ਿਆਂ ਬਾਰੇ ਟਿਪਣੀ ਕਰ ਗਿਆ ਕਿ ਪੰਜਾਬ ਦੇ 10 ਵਿਚੋਂ 7 ਨੌਜਵਾਨ ਨਸ਼ਿਆਂ ਦੀ ਗ੍ਰਿਫਤ ਵਿਚ ਹਨ। ਇਸ ਇਕ ਟਿਪਣੀ 'ਤੇ ਅਕਾਲੀ ਦਲ ਦੇ ਹਰ ਛੋਟੇ-ਵੱਡੇ ਆਗੂ ਨੇ ਬਿਆਨ ਜਾਰੀ ਕਰ-ਕਰ ਕੇ ਅਖਬਾਰਾਂ ਕਾਲੀਆਂ ਕਰਵਾ ਛੱਡੀਆਂ। ਉਂਜ, ਅੱਜ ਦੇ ਪੰਜਾਬ ਬਾਰੇ ਸੱਚ ਇਹੀ ਹੈ ਕਿ ਜਵਾਨੀ ਨਸ਼ਿਆਂ ਵਿਚ ਰੁੜ੍ਹ ਰਹੀ ਹੈ। ਹੁਣ ਬਹਿਸ ਦਾ ਮੁੱਦਾ ਇਹ ਨਹੀਂ ਕਿ ਕਿੰਨਿਆਂ ਵਿਚੋਂ ਕਿੰਨੇ ਨੌਜਵਾਨ ਨਸ਼ਿਆਂ ਦੇ ਮੱਕੜਜਾਲ ਵਿਚ ਫਸ ਚੁੱਕੇ ਹਨ, ਬਹਿਸ ਦਾ ਮੁੱਦਾ ਤਾਂ ਇਹ ਹੈ ਕਿ ਨੌਜਵਾਨਾਂ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਕੋਈ ਵੀ ਧਿਰ ਕੋਈ ਉਪਰਾਲਾ ਕਿਉਂ ਨਹੀਂ ਕਰ ਰਹੀ। ਬੱਸ, ਆਪਣੇ ਸਿਆਸੀ ਪ੍ਰਚਾਰ ਲਈ ਫੋਕੇ ਬਿਆਨ ਦਾਗੇ ਜਾ ਰਹੇ ਹਨ। ਸਿਤਮਜ਼ਰੀਫੀ ਇਹ ਕਿ ਧੜਾਧੜ ਬਿਆਨ ਛਾਪ ਰਹੇ ਮੀਡੀਆ ਨੇ ਵੀ ਕਿਸੇ ਧਿਰ ਨੂੰ ਇਹ ਸਵਾਲ ਨਹੀਂ ਪਾਇਆ ਕਿ ਨਸ਼ਿਆਂ ਦੀ ਰੋਕਥਾਮ ਲਈ ਸਿਆਸੀ ਧਿਰਾਂ ਨੇ ਖੁਦ ਕੀ ਕੀਤਾ ਹੈ? ਪੰਜਾਬ ਵਿਚ ਨਸ਼ਿਆਂ ਦੀ ਧੜਾਧੜ ਆਮਦ ਲਈ ਪਹਿਲੀ ਕਾਂਗਰਸੀ ਸਰਕਾਰ ਵੀ ਉਤਨੀ ਹੀ ਜ਼ਿੰਮੇਵਾਰ ਹੈ ਜਿੰਨੀ ਅੱਜ ਸ. ਪ੍ਰਕਾਸ਼ ਸਿੰਘ ਬਾਦਲ ਦੀ ਪੰਥਕ ਸਰਕਾਰ ਹੈ। ਕਿਸੇ ਵੀ ਸਰਕਾਰ ਨੇ ਪੰਜਾਬ ਨੂੰ ਨਸ਼ਿਆਂ ਦੀ ਮਾਰ ਤੋਂ ਬਚਾਉਣ ਲਈ ਕੋਈ ਤਰੱਦਦ ਤਾਂ ਕੀ ਕਰਨਾ ਸੀ, ਇਸ ਪਾਸੇ ਪਹਿਲਾ ਕਦਮ ਵੀ ਨਹੀਂ ਚੁੱਕਿਆ। ਇਸ ਮਾਮਲੇ ਵਿਚ ਸਭ ਤੋਂ ਪਹਿਲਾ ਕੰਮ ਸਪਲਾਈ ਨੂੰ ਸੀਮਤ ਕਰਨਾ ਹੁੰਦਾ ਹੈ। ਹੁਣ ਤਾਂ ਸਗੋਂ ਸ਼ਰਾਬ ਠੇਕਿਆਂ ਦੀ ਥਾਂ ਆਮ ਹੱਟੀਆਂ ਤੱਕ ਪਹੁੰਚਾਉਣ ਲਈ ਸਕੀਮਾਂ ਘੜੀਆਂ ਜਾ ਰਹੀਆਂ ਹਨ। ਨਾਲੇ ਜਿਸ ਮਿਕਦਾਰ ਵਿਚ ਹੁਣ ਹੈਰੋਇਨ ਅਤੇ ਹੋਰ ਆਧੁਨਿਕ ਨਸ਼ੇ ਪੰਜਾਬ ਵਿਚ ਪੁੱਜ ਰਹੇ ਹਨ, ਉਸ ਨੇ ਸ਼ਰਾਬ ਬਾਰੇ ਬਹਿਸ ਹੀ ਹਾਸ਼ੀਏ 'ਤੇ ਅਪੜਾ ਦਿੱਤੀ ਹੈ। ਸਰਕਾਰਾਂ ਇਸ ਕਰ ਕੇ ਚੁੱਪ ਹਨ ਕਿ ਸ਼ਰਾਬ ਮਾਲੀਏ ਦਾ ਵੱਡਾ ਜ਼ਰੀਆ ਹੈ; ਹੋਰ ਧਿਰਾਂ ਸ਼ਾਇਦ ਇਸ ਕਰ ਕੇ ਨਹੀਂ ਬੋਲ ਰਹੀਆਂ ਕਿ ਉਨ੍ਹਾਂ ਦੇ ਏਜੰਡੇ ਉਤੇ ਇਹ ਮਸਲਾ ਅਜੇ ਆਇਆ ਹੀ ਨਹੀਂ!

ਢਾਈ-ਤਿੰਨ ਦਹਾਕੇ ਪਹਿਲਾਂ ਅਤਿਵਾਦ ਦੇ ਦਿਨਾਂ ਦੌਰਾਨ ਜਦੋਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦਾ ਚੁੱਪ-ਚੁਪੀਤੇ ਵਟਾਂਦਰਾ ਹੋ ਰਿਹਾ ਸੀ ਤਾਂ ਕਿਸੇ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਨਸ਼ਿਆਂ ਨੇ ਸਮਾਂ ਪਾ ਕੇ ਪੰਜਾਬ ਨੂੰ ਇੰਨਾ ਕੱਸ ਕੇ ਨਾਗਵਲ ਪਾ ਲੈਣਾ ਹੈ। ਅਤਿਵਾਦ ਦੇ ਕਥਿਤ ਖਾਤਮੇ ਤੋਂ ਬਾਅਦ ਬੇਅੰਤ ਸਿੰਘ ਨੇ ਸਭਿਆਚਾਰ ਦੇ ਨਾਂ 'ਤੇ ਜਿਸ ਤਰ੍ਹਾਂ ਦਾ ਕੂੜ-ਕਬਾੜ ਪੰਜਾਬ ਉਤੇ ਥੋਪਿਆ, ਉਸ ਬਾਰੇ ਤਾਂ ਕੁਝ ਸੰਜੀਦਾ ਧਿਰਾਂ ਨੇ ਨਿਸ਼ਾਨਦੇਹੀ ਕਰ ਲਈ ਅਤੇ ਇਸ ਦੇ ਮਾੜੇ ਪੱਖਾਂ ਨੂੰ ਵੀ ਨਾਲੋ-ਨਾਲ ਉਜਾਗਰ ਕੀਤਾ, ਪਰ ਉਸ ਦੌਰ ਵਿਚ ਨਸ਼ਿਆਂ ਦੀ ਵੱਡੇ ਪੱਧਰ 'ਤੇ ਅਰੰਭ ਹੋਈ ਆਮਦ ਬਾਰੇ ਕਿਸੇ ਨੇ ਕਦੀ ਗੱਲ ਨਹੀਂ ਚਲਾਈ। ਜੇ ਕਿਸੇ ਨੇ ਗੱਲ ਚਲਾਈ ਵੀ ਹੈ ਤਾਂ ਉਸ ਨੂੰ ਇਹ ਕਹਿ ਕੇ ਚੁੱਪ ਕਰਵਾਉਣ ਦਾ ਹੀਲਾ ਕੀਤਾ ਗਿਆ ਕਿ ਕੁਝ ਧਿਰਾਂ ਨੂੰ ਬਦਨਾਮ ਕਰਨ ਖਾਤਰ ਹੀ ਇਹ ਸਭ ਕੀਤਾ ਜਾ ਰਿਹਾ ਹੈ। ਹੁਣ ਜਦੋਂ ਵਕਤ ਦੇ ਵਕਫੇ ਨਾਲ ਬਹੁਤ ਸਾਰੀਆਂ ਗੱਲਾਂ ਸਾਫ ਹੋ ਗਈਆਂ ਹਨ ਤਾਂ ਇਹ ਪ੍ਰਸੰਗ ਵਾਰ-ਵਾਰ ਅਤੇ ਹਰ ਮੰਚ ਤੋਂ ਛਿੜਨਾ ਚਾਹੀਦਾ ਹੈ। ਅਤਿਵਾਦ ਦਾ ਦੌਰ ਸੀ ਜਾਂ ਨਸ਼ਿਆਂ ਦੀ ਦਲਦਲ ਦਾ ਮਾਮਲਾ ਹੈ, ਘਾਣ ਤਾਂ ਪੰਜਾਬ ਦੇ ਨੌਜਵਾਨਾਂ ਦਾ ਹੀ ਹੋਇਆ ਹੈ। ਰਤਾ ਕੁ ਹੋਰ ਘੋਖ ਕੀਤੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਬਹੁਤ ਕੁਝ ਸੌੜੇ ਸਿਆਸੀ ਹਿਤਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਜਿਹੜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਸ਼ਿਆਂ ਖਿਲਾਫ ਹਰਾਵਲ ਦਸਤਾ ਬਣ ਸਕਦੀ ਸੀ, ਉਸ ਦੀਆਂ ਚੋਣਾਂ ਵੇਲੇ ਵੀ ਨਸ਼ਿਆਂ ਦੇ ਦਰਿਆ ਵਗਦੇ ਹਨ। ਇਹ ਅਸਲ ਵਿਚ ਅੱਜ ਦੇ ਦੌਰ ਵਿਚ ਆਏ ਸੰਸਥਾਈ ਨਿਘਾਰ ਦੀ ਹੀ ਕੋਈ ਦੂਰ-ਕਥਾ ਹੈ। ਇਹ ਨਿਘਾਰ ਅਜੇ ਰੁਕਣ ਦਾ ਨਾਂ ਨਹੀਂ ਲੈ ਰਿਹਾ; ਜਾਂ ਫਿਰ ਹੁਣ ਦਿਲਾਂ ਉਤੇ ਪੱਥਰ ਰੱਖ ਕੇ ਇਹ ਸਵੀਕਾਰ ਕਰ ਲਿਆ ਜਾਵੇ ਕਿ ਇਹ ਨਿਘਾਰ ਰੋਕਣ ਵਾਲੀਆਂ ਧਿਰਾਂ ਹੋਰ ਕੰਮਾਂ ਵਿਚ ਰੁੱਝ ਗਈਆਂ ਹਨ। ਕਿਤੇ ਕੋਈ ਬਹਿਸ ਨਹੀਂ ਚੱਲ ਰਹੀ ਕਿ ਪੰਜਾਬ ਦੀਆਂ ਬੁਨਿਆਦੀ ਮੁਸ਼ਕਿਲਾਂ ਨੂੰ ਕੱਟੇ ਬਗੈਰ ਕਿਸੇ ਵੀ ਧਿਰ ਦਾ ਬੇੜਾ ਪਾਰ ਨਹੀਂ ਲੱਗਣਾ। ਜਿਨ੍ਹਾਂ ਜਿਉੜਿਆਂ ਨੇ ਕਿਸੇ ਵੀ ਧਿਰ ਦੇ ਦਸਤਿਆਂ ਦਾ ਹਿੱਸਾ ਬਣਨਾ ਹੈ, ਉਹ ਤਾਂ ਨਸ਼ਿਆਂ, ਬੇਰੁਜ਼ਗਾਰੀ ਅਤੇ ਹੋਰ ਬੁਰਿਆਈਆਂ ਦੀ ਚੁੰਗਲ ਵਿਚ ਫਸ ਰਹੇ ਹਨ। ਅੱਜ ਪੰਜਾਬ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਸਭ ਤੋਂ ਪਹਿਲਾਂ ਇਨ੍ਹਾਂ ਬੁਰਿਆਈਆਂ ਨੂੰ ਟੁੱਕਣ ਵਾਲੀ ਭਰਪੂਰ ਸਰਗਰਮੀ ਅਤੇ ਆਵਾਜ਼ ਬੁਲੰਦ ਕਰਨ ਦੀ ਜ਼ਰੂਰਤ ਹੈ। ਇਹ ਸਰਗਰਮੀ ਕਿਸੇ ਸਿਆਸੀ ਗਿਣਤੀ-ਮਿਣਤੀ ਵਿਚੋਂ ਨਹੀਂ ਨਿਕਲਣੀ, ਇਹਦੇ ਲਈ ਰਾਹ ਤਿਆਰ ਕਰਨ ਖਾਤਰ ਮਾਰ ਹੇਠ ਆਈ ਜਵਾਨੀ ਦੇ ਦਰਦ ਨੂੰ ਆਪਣਾ ਦਰਦ ਸਮਝਣ ਦੀ ਜ਼ਰੂਰਤ ਹੈ। ਦੇਖਣਾ ਹੈ ਕਿ ਜਵਾਨੀ ਲਈ ਇਹ ਹੱਲਾ ਕੌਣ ਮਾਰਦਾ ਹੈ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅਣਖੀਲੇ ਪੁੱਤ ਮਾਂਵਾਂ ਦੇ!*

ਹਰ ਸਮੇਂ ਉਹ ਸੁਖ ਦੀ ਨੀਂਦ ਸੌਂਦੇ, ਗਊ ਗਧੇ ਵਿਚ ਫਰਕ ਨਾ ਕਹਿਣ ਜਿਹੜੇ।
ਚੂੰ-ਚਰਾਂ ਵੀ ਹੁੰਦੇ ਨਾ ਕਰਨ ਜੋਗੇ, ਜ਼ੁਲਮੋ ਸਿਤਮ ਨੂੰ ਹੱਸ ਕੇ ਸਹਿਣ ਜਿਹੜੇ।
ਦੇਸ਼ ਕੌਮ ਨੂੰ ਉਨ੍ਹਾਂ ਤੋਂ ਆਸ ਕਾਹਦੀ, ਗੱਲ ਗੱਲ ਤੋਂ ਭੁੰਜੇ ਹੀ ਲਹਿਣ ਜਿਹੜੇ।
ਉਹ ਕੀ ਜਾਣਦੇ ਅਰਥ ਆਜ਼ਾਦੀਆਂ ਦਾ, ਜੂਲੇ ਹੇਠ ਗੁਲਾਮੀ ਦੇ ਰਹਿਣ ਜਿਹੜੇ।
ਜੇਲ੍ਹਾਂ ਫਾਂਸੀਆਂ ਉਨ੍ਹਾਂ ਦੇ ਵਾਸਤੇ ਨੇ, ਸਿਦਕ ਨਾਲ ਜ਼ੁਲਮ ਦੇ ਖਹਿਣ ਜਿਹੜੇ।
ਮਾਂਵਾਂ ਪੁੱਤ ਉਹ ਵਿਰਲੇ ਹੀ ਜਣਦੀਆਂ ਨੇ, ਮੋੜ ਦੇਣ ਦਰਿਆਵਾਂ ਦੇ ਵਹਿਣ ਜਿਹੜੇ!

# ਭਾਰਤ-ਚੀਨ ਜੰਗ ਬਾਰੇ ਜੰਗ

***ਬਾਅਦ ਵਿਚ ਪਤਾ ਲੱਗਾ ਸੀ ਕਿ ਚੀਨ ਅਤੇ ਸੋਵੀਅਤ ਸੰਘ ਦੇ ਆਪਸੀ ਸਬੰਧਾਂ ਵਿਚ ਆਏ ਵਿਗਾੜ ਕਾਰਨ ਸੋਵੀਅਤ ਸੰਘ ਨੇ ਚੀਨ ਨੂੰ ਦਿੱਤੇ ਗਏ ਜਹਾਜ਼ਾਂ ਦੇ ਹੋਰ ਪੁਰਜ਼ਿਆਂ ਦੀ ਸਪਲਾਈ ਰੋਕ ਦਿੱਤੀ ਸੀ ਅਤੇ ਇਸ ਤਰ੍ਹਾਂ ਉਸ ਦੀ ਹਵਾਈ ਫ਼ੌਜ ਦਾ ਵੱਡਾ ਹਿੱਸਾ ਉਡਾਣ ਭਰਨ ਦੀ ਹਾਲਤ ਵਿਚ ਨਹੀਂ ਸੀ ਪਰ ਇਹ ਗੱਲ 1962 ਵਿਚ ਭਾਰਤੀ ਆਗੂਆਂ ਨੂੰ ਪਤਾ ਨਹੀਂ ਸੀ। ਖੈਰ, ਭਾਰਤ ਨੂੰ ਹਰਾਉਣ ਤੋਂ ਬਾਅਦ ਚੀਨੀਆਂ ਨੇ ਉਹ ਚੌਕੀਆਂ ਖਾਲੀ ਕਰ ਦਿੱਤੀਆਂ ਸਨ ਜਿਨ੍ਹਾਂ 'ਤੇ ਉਹ ਕਬਜ਼ਾ ਜਮਾਈ ਰੱਖ ਸਕਦੇ ਸਨ ਅਤੇ ਅਸਲੀ ਕੰਟਰੋਲ ਰੇਖਾ ਤੋਂ ਪਿੱਛੇ ਪਰਤ ਗਏ ਸਨ ਜਿਥੇ ਉਹ ਨਵੰਬਰ, 1959 ਵਿਚ ਸਨ। ਉਨ੍ਹਾਂ ਨੇ ਜੰਗੀ ਕੈਦੀ ਨਹੀਂ ਬਣਾਏ, ਹਾਲਾਂਕਿ ਅਜਿਹਾ ਕਰਨਾ ਉਨ੍ਹਾਂ ਲਈ ਕੋਈ ਮੁਸ਼ਕਿਲ ਨਹੀਂ ਸੀ।***

ਭਾਰਤੀ ਹਵਾਈ ਫ਼ੌਜ ਦੇ ਮੁਖੀ ਐਨ.ਕੇ. ਬਰਾਊਨ ਨੇ ਬਹੁਤ ਸਖ਼ਤ ਦਾਅਵਾ ਕੀਤਾ ਕਿ 1962 ਦੀ ਭਾਰਤ-ਚੀਨ ਜੰਗ ਦੌਰਾਨ ਭਾਰਤ ਨੇ ਜੇ 'ਹਮਲਾਵਰ ਹਵਾਈ ਤਾਕਤ' ਦੀ ਵਰਤੋਂ ਕੀਤੀ ਹੁੰਦੀ ਤਾਂ ਜੰਗ ਦਾ ਰੁਖ਼ ਬਦਲ ਸਕਦਾ ਸੀ ਅਤੇ ਭਾਰਤ ਨੂੰ ਸ਼ਰਮਨਾਕ ਹਾਰ ਦਾ ਮੂੰਹ ਨਾ ਦੇਖਣਾ ਪੈਂਦਾ ਪਰ ਨਹਿਰੂ ਸਰਕਾਰ ਨੇ ਭਾਰਤੀ ਹਵਾਈ ਫ਼ੌਜ ਵੱਲੋਂ ਜੰਗ ਦੌਰਾਨ ਨਿਭਾਈ ਜਾਣ ਵਾਲੀ ਭੂਮਿਕਾ, ਜ਼ਮੀਨੀ ਫ਼ੌਜ ਨੂੰ ਆਵਾਜਾਈ ਸਹਾਇਤਾ ਮੁਹੱਈਆ ਕਰਾਉਣ ਤੱਕ ਹੀ ਸੀਮਤ ਕਰ ਦਿੱਤੀ।

■ ਪ੍ਰਫੁੱਲ ਬਿਦਵਈ

ਸਰਕਾਰ ਦਾ ਮੰਨਣਾ ਸੀ ਕਿ ਹਵਾਈ ਫ਼ੌਜ ਦੀ ਵਰਤੋਂ ਲੜਾਈ 'ਤੇਜ਼' ਕਰਨ ਵਾਲਾ ਕਦਮ ਹੋਵੇਗਾ ਜੋ ਚੀਨ ਨੂੰ ਭਾਰਤੀ ਸ਼ਹਿਰਾਂ ਉਤੇ ਬੰਬਾਰੀ ਲਈ ਉਕਸਾ ਦੇਵੇਗਾ। ਅਤੀਤ ਵੱਲ ਝਾਕਦਿਆਂ ਹਵਾਈ ਫ਼ੌਜ ਦੇ ਮੁਖੀ ਨੇ ਕਿਹਾ ਕਿ ਭਾਰਤ ਨੂੰ ਇਤਿਹਾਸ ਤੋਂ ਖੁੱਲ੍ਹਾ ਅਤੇ ਸਪੱਸ਼ਟ ਸਬਕ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਦੀ ਤੁਲਨਾ ਕਾਰਗਿਲ ਵਿਚ ਹਮਲਾਵਰ ਹਵਾਈ ਤਾਕਤ ਦੀ ਵਰਤੋਂ ਨਾਲ ਕੀਤੀ ਜਿਸ ਕਾਰਨ ਲੜਾਈ ਛੇਤੀ ਖ਼ਤਮ ਹੋ ਗਈ ਸੀ। ਇਸੇ ਤਰ੍ਹਾਂ ਦੇ ਵਿਚਾਰ 2006 ਵਿਚ ਇੰਡੀਅਨ ਡਿਫੈਂਸ ਰਿਵਿਊ ਵਿਚ ਛਪੇ ਆਪਣੇ ਲੇਖ ਵਿਚ ਏਅਰ ਵਾਈਸ ਮਾਰਸ਼ਲ ਏ.ਕੇ. ਤਿਵਾੜੀ ਨੇ ਪ੍ਰਗਟਾਏ ਸਨ। ਇਸ ਬਾਰੇ ਉਨ੍ਹਾਂ ਨੇ ਲੈਫਟੀਨੈਂਟ ਜਨਰਲ ਬੀ.ਐਮ. ਕੌਲ ਜੋ ਅੱਜਕੱਲ੍ਹ ਅਰੁਣਾਚਲ ਪ੍ਰਦੇਸ਼ ਵਿਚ ਫ਼ੌਜੀ ਕਮਾਂਡਰ ਹਨ, ਦੀ ਇਸ ਟਿੱਪਣੀ ਦਾ ਜ਼ਿਕਰ ਕੀਤਾ ਸੀ ਕਿ 'ਹਵਾਈ ਫ਼ੌਜ ਦੀ ਵਰਤੋਂ ਨਜ਼ਦੀਕੀ ਸਹਾਇਕ ਵਜੋਂ ਨਾ ਕਰ ਕੇ ਭਾਰੀ ਗ਼ਲਤੀ ਕੀਤੀ ਗਈ ਸੀ...।'

ਇਥੇ ਅਹਿਮ ਧਾਰਨਾ ਇਹ ਕੰਮ ਕਰਦੀ ਹੈ ਕਿ ਉਸ ਸਮੇਂ ਭਾਰਤੀ ਅਤੇ ਚੀਨੀ ਹਵਾਈ ਫ਼ੌਜਾਂ ਵਿਚ ਹੁਣ ਦੇ ਮੁਕਾਬਲੇ ਘੱਟ ਗ਼ੈਰ-ਬਰਾਬਰੀ ਸੀ ਅਤੇ ਭਾਰਤੀ ਹਵਾਈ ਫ਼ੌਜ ਦੀ ਸਰਗਰਮ ਤਾਇਨਾਤੀ ਨਾਲ ਚੀਨ ਦੀ ਚੜ੍ਹਤ ਘੱਟ ਹੋ ਸਕਦੀ ਸੀ ਜੋ ਉਸ ਨੂੰ ਜ਼ਮੀਨੀ ਫ਼ੌਜ ਦੇ ਮਾਮਲੇ ਵਿਚ ਹਾਸਲ ਸੀ। ਇਨ੍ਹਾਂ ਅੰਦਾਜ਼ਿਆਂ ਨਾਲ ਭਾਰਤ ਦੇ ਫ਼ੌਜੀ ਆਗੂਆਂ ਨੂੰ ਦੇਰ ਨਾਲ ਹੀ ਸਹੀ, ਕੁਝ ਰਾਹਤ ਮਿਲ ਸਕਦੀ ਹੈ ਪਰ ਇਹ ਕਿਆਫਿਆਂ ਅਤੇ 'ਕੀ ਹੁੰਦਾ ਜੇ' ਵਾਲੇ ਸਵਾਲ 'ਤੇ ਆਧਾਰਿਤ ਹੈ ਜਿਸ ਨੂੰ ਸਮਾਜ ਵਿਗਿਆਨੀ ਹਕੀਕਤ ਤੋਂ ਉਲਟ ਕਰਾਰ ਦਿੰਦੇ ਹਨ। ਇਨ੍ਹਾਂ ਨੂੰ ਸਹੀ ਜਾਂ ਗ਼ਲਤ ਸਿੱਧ ਕਰਨਾ ਬਹੁਤ ਮੁਸ਼ਕਿਲ ਹੈ ਪਰ ਕੋਈ ਵੀ ਉਸ ਸਮੇਂ ਦੇ ਪ੍ਰਸੰਗ ਅਤੇ ਉਦੋਂ ਦੇ ਮੁਹੱਈਆ ਤੱਥਾਂ 'ਤੇ ਵਿਚਾਰ ਕਰ ਕੇ ਇਨ੍ਹਾਂ ਦੀ ਸੰਭਾਵਨਾ ਬਾਰੇ ਅੰਦਾਜ਼ਾ ਤਾਂ ਲਾ ਹੀ ਸਕਦਾ ਹੈ। ਇਨ੍ਹਾਂ ਕਸੌਟੀਆਂ 'ਤੇ ਪਰਖਿਆਂ ਇਹ ਬੇਹੱਦ ਅਸੰਭਵ ਜਾਪਦਾ ਹੈ ਕਿ ਹਵਾਈ ਫ਼ੌਜ ਦੀ ਵਰਤੋਂ ਨਾਲ ਭਾਰਤ-ਚੀਨ ਫ਼ੌਜੀ ਸੰਤੁਲਨ ਵਿਚ ਕੋਈ ਵੱਡਾ ਫ਼ਰਕ ਪੈ ਸਕਦਾ ਸੀ। ਉਦੋਂ ਅਜਿਹਾ ਮੰਨਿਆ ਜਾਂਦਾ ਸੀ ਕਿ ਜਹਾਜ਼ਾਂ ਦੀ ਕੁੱਲ ਗਿਣਤੀ ਅਨੁਸਾਰ ਚੀਨ ਦੀ ਹਵਾਈ ਤਾਕਤ ਭਾਰਤ ਤੋਂ 3:1 ਦੇ ਅਨੁਪਾਤ ਵਿਚ ਵੱਧ ਸੀ। ਲੜਾਕੂ ਜਹਾਜ਼ਾਂ ਦੇ ਮਾਮਲੇ ਵਿਚ ਇਹ ਅਸੰਤੁਲਨ ਹੋਰ ਵੀ ਜ਼ਿਆਦਾ ਸੀ। ਹਵਾਈ ਫ਼ੌਜ ਦੀ ਵਰਤੋਂ ਜਵਾਬੀ ਹਮਲੇ ਨੂੰ ਸੱਦਾ ਦੇਣ ਵਾਲੀ ਗੱਲ ਹੀ ਹੋਣੀ ਸੀ ਜਿਸ ਨਾਲ ਭਾਰਤੀ ਸ਼ਹਿਰਾਂ 'ਤੇ ਬੰਬਾਰੀ ਹੁੰਦੀ ਜਿਸ ਵਿਚ ਵੱਡੀ ਗਿਣਤੀ ਵਿਚ ਨਾਗਰਿਕ ਮਾਰੇ ਜਾਂਦੇ। ਇਸ ਤਰ੍ਹਾਂ ਦੇ ਹਮਲਿਆਂ ਖਿਲਾਫ਼ ਬਚਾਅ ਲਈ ਭਾਰਤ ਕੋਲ ਉਪਾਅ ਬੇਹੱਦ ਘੱਟ ਸਨ। ਇਸ ਤੋਂ ਇਲਾਵਾ ਕਿੰਨੀ ਵੀ ਹਵਾਈ ਤਾਕਤ ਕਿਉਂ ਨਾ ਲਗਾ ਦਿੱਤੀ ਜਾਂਦੀ, ਫ਼ੌਜ ਦੀ ਮੁਢਲੀ ਕਮਜ਼ੋਰੀ ਨੂੰ ਤਾਂ ਦੂਰ ਨਹੀਂ ਸੀ ਕੀਤਾ ਜਾ ਸਕਦਾ। ਭਾਰਤ ਦੇ ਫ਼ੌਜੀ ਲੜਾਈ ਲਈ ਤਿਆਰ ਨਹੀਂ ਸਨ, ਠੰਢੇ ਮੌਸਮ ਲਈ ਮੁਕੰਮਲ ਕੱਪੜੇ ਨਹੀਂ ਸਨ ਅਤੇ ਹਥਿਆਰਾਂ ਦੀ ਵੀ ਕਮੀ ਸੀ। ਇਸ ਤੋਂ ਇਲਾਵਾ ਉਨ੍ਹਾਂ ਦੀ ਅਗਵਾਈ ਵੀ ਕੋਈ ਬਹੁਤੀ ਚੰਗੀ ਨਹੀਂ ਸੀ। ਉੱਤਰ-ਪੂਰਬ ਅਤੇ ਪੱਛਮੀ ਖੇਤਰ ਦੋਵਾਂ ਵਿਚ ਹੀ ਉਨ੍ਹਾਂ ਨੂੰ ਪਹਿਲੇ ਪੰਦਰਵਾੜੇ ਵਿਚ ਹੀ ਖਦੇੜ ਦਿੱਤਾ ਗਿਆ ਸੀ।

ਇਹ ਸਮਝ ਨਹੀਂ ਆਉਂਦੀ ਕਿ ਜਿਸ ਹਵਾਈ ਫ਼ੌਜ ਦੀ ਕਮਾਨ ਅਰੁਣਾਚਲ ਪ੍ਰਦੇਸ਼ ਦੇ ਨੇੜੇ ਨਹੀਂ ਸੀ, ਉਹ ਜੰਗ ਦੇ ਨਤੀਜਿਆਂ ਨੂੰ ਕਿਵੇਂ ਬਦਲਦੀ? ਸਮੁੱਚਾ ਰਣਨੀਤਕ ਸੰਤੁਲਨ ਅਤੇ ਭਾਰਤੀ ਫ਼ੌਜ ਤੇ ਸਰਕਾਰ ਦੇ ਘਟੀਆ ਮਿਆਰਾਂ ਦੇ ਚਲਦਿਆਂ ਬਿਹਤਰ ਨਤੀਜੇ ਨਹੀਂ ਸਨ ਨਿਕਲ ਸਕਦੇ।

ਇਹ ਬਾਅਦ ਵਿਚ ਪਤਾ ਲੱਗਾ ਸੀ ਕਿ ਚੀਨ ਅਤੇ ਸੋਵੀਅਤ ਸੰਘ ਦੇ ਆਪਸੀ ਸਬੰਧਾਂ ਵਿਚ ਆਏ ਵਿਗਾੜ ਕਾਰਨ ਸੋਵੀਅਤ ਸੰਘ ਨੇ ਚੀਨ ਨੂੰ ਦਿੱਤੇ ਗਏ ਜਹਾਜ਼ਾਂ ਦੇ ਹੋਰ ਪੁਰਜ਼ਿਆਂ ਦੀ ਸਪਲਾਈ ਰੋਕ ਦਿੱਤੀ ਸੀ ਅਤੇ ਇਸ ਤਰ੍ਹਾਂ ਉਸ ਦੀ ਹਵਾਈ ਫ਼ੌਜ ਦਾ ਵੱਡਾ ਹਿੱਸਾ ਉਡਾਣ ਭਰਨ ਦੀ ਹਾਲਤ ਵਿਚ ਨਹੀਂ ਸੀ ਪਰ ਇਹ ਗੱਲ 1962 ਵਿਚ ਭਾਰਤੀ ਆਗੂਆਂ ਨੂੰ ਪਤਾ ਨਹੀਂ ਸੀ। ਖੈਰ, ਭਾਰਤ ਨੂੰ ਹਰਾਉਣ ਤੋਂ ਬਾਅਦ ਚੀਨੀਆਂ ਨੇ ਉਹ ਚੌਕੀਆਂ ਖਾਲੀ ਕਰ ਦਿੱਤੀਆਂ ਸਨ ਜਿਨ੍ਹਾਂ 'ਤੇ ਉਹ ਕਬਜ਼ਾ ਜਮਾਈ ਰੱਖ ਸਕਦੇ ਸਨ ਅਤੇ ਅਸਲੀ ਕੰਟਰੋਲ ਰੇਖਾ ਤੋਂ ਪਿੱਛੇ ਪਰਤ ਗਏ ਸਨ ਜਿਥੇ ਉਹ ਨਵੰਬਰ, 1959 ਵਿਚ ਸਨ। ਉਨ੍ਹਾਂ ਨੇ ਜੰਗੀ ਕੈਦੀ ਨਹੀਂ ਬਣਾਏ, ਹਾਲਾਂਕਿ ਅਜਿਹਾ ਕਰਨਾ ਉਨ੍ਹਾਂ ਲਈ ਕੋਈ ਮੁਸ਼ਕਿਲ ਨਹੀਂ ਸੀ। ਚੀਨੀ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਕੋਲਕਾਤਾ ਤੱਕ ਕੂਚ ਕਰ ਸਕਦੇ ਸਨ ਪਰ ਆਪਣੀ ਗੱਲ ਸਮਝਾ ਕੇ ਉਹ ਪਿੱਛੇ ਪਰਤ ਗਏ। ਇਸ ਦਾ ਮਤਲਬ ਇਹ ਨਹੀਂ ਕਿ ਚੀਨੀ ਕੋਈ ਉਦਾਰ ਫਰਿਸ਼ਤੇ ਸਨ, ਸਗੋਂ ਇਹ ਹੈ ਕਿ 1962 ਦੀ ਉਨ੍ਹਾਂ ਦੀ ਕਾਰਵਾਈ ਦਾ ਮਕਸਦ ਭਾਰਤ ਦੀ ਗ਼ਲਤ ਤਰੀਕੇ ਨਾਲ ਸੋਚੀ ਹੋਈ 'ਅੱਗੇ ਵਧਣ ਦੀ ਨੀਤੀ ਦਾ ਵਿਰੋਧ ਕਰਨਾ ਸੀ'। ਇਸ ਨੀਤੀ ਤਹਿਤ ਸਰਹੱਦੀ ਵਿਵਾਦ ਨੂੰ ਗੰਭੀਰਤਾ ਨਾਲ ਨਜਿੱਠੇ ਬਗੈਰ ਹੀ ਉਨ੍ਹਾਂ ਨੂੰ ਵਿਵਾਦਿਤ ਖੇਤਰਾਂ ਤੋਂ ਹਟਾਉਣ ਦਾ ਯਤਨ ਕੀਤਾ ਗਿਆ ਸੀ। ਕਈ ਭਾਰਤੀ ਆਗੂਆਂ ਨੂੰ ਇਹ ਭਰਮ ਸੀ ਕਿ ਉਹ ਫ਼ੌਜੀ ਤੌਰ 'ਤੇ ਚੀਨ ਨੂੰ ਹਰਾ ਸਕਦੇ ਹਨ।

ਚੀਨੀ ਸਰਕਾਰ ਦੇ ਦਿਮਾਗ ਵਿਚ 1962 ਦੀ ਜੰਗ ਦੂਰ-ਦੂਰ ਤੱਕ ਨਹੀਂ ਹੈ ਪਰ ਭਾਰਤ ਵਿਚ ਇਸ ਬਾਰੇ ਅਕਸਰ ਚਰਚਾ ਛਿੜਦੀ ਰਹਿੰਦੀ ਹੈ ਹਾਲਾਂ ਕਿ ਇਸ ਵਿਚ ਮਰਨ ਵਾਲਿਆਂ ਦੀ ਗਿਣਤੀ 1980 ਦੇ ਦਹਾਕੇ ਵਿਚ ਸ੍ਰੀਲੰਕਾ ਵਿਚ ਭਾਰਤੀ ਸ਼ਾਂਤੀ ਸੈਨਾ ਦੀ ਕਾਰਵਾਈ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਤੋਂ ਕਿਤੇ ਘੱਟ ਸੀ। ਇਸ ਦਾ ਮੁੱਖ ਕਾਰਨ ਫ਼ੌਜੀ ਹਾਰ ਤੋਂ ਜ਼ਿਆਦਾ ਬਰਤਾਨਵੀ ਬਸਤੀਵਾਦੀ ਦਾਅਵਿਆਂ 'ਤੇ ਜ਼ੋਰ ਦਿੰਦਿਆਂ ਭਾਰਤ ਵੱਲੋਂ ਚੀਨ ਨਾਲ ਗ਼ੈਰ-ਨਿਰਧਾਰਿਤ ਸਰਹੱਦ ਦੇ ਸਵਾਲ 'ਤੇ ਗੱਲ ਕਰਨ ਤੋਂ ਇਨਕਾਰ ਕਰਨਾ ਸੀ।

ਭਾਰਤ ਦੀ ਇਹ ਮੰਗ ਸੀ ਕਿ ਚੀਨ ਉੱਤਰ-ਪੂਰਬ ਵਿਚ ਮੈਕਮੋਹਨ ਰੇਖਾ (ਜਿਸ 'ਤੇ ਅੰਗਰੇਜ਼ਾਂ ਨੇ 1914 ਵਿਚ ਤਿੱਬਤ ਨਾਲ ਸਮਝੌਤਾ ਕੀਤਾ ਸੀ ਪਰ ਜਿਸ ਨੂੰ ਚੀਨ ਨੇ ਕਦੇ ਸਵੀਕਾਰ ਨਹੀਂ ਕੀਤਾ) ਅਤੇ ਪੱਛਮ ਵਿਚ ਜਾਨਸਨ ਨਕਸ਼ਾ ਮੰਨ ਲਵੇ। ਇਹ ਦੋਵੇਂ ਹੀ ਮੰਗਾਂ ਆਪਣੀ ਬਸਤੀਵਾਦੀ ਫ਼ੌਜ ਦਾ ਵਿਸਥਾਰ ਕਰਨ ਦੀ ਆਪਣੀ ਬਰਤਾਨਵੀ ਨੀਤੀ ਦਾ ਹਿੱਸਾ ਸਨ। ਜਿਵੇਂ 1930 ਦੇ ਦਹਾਕੇ ਵਿਚ ਕਾਂਗਰਸ ਪਾਰਟੀ ਨੇ ਮੰਨਿਆ ਸੀ ਕਿ ਉਹ ਨੀਤੀ ਰਵਾਇਤੀ ਰੂਪ ਵਿਚ ਉਸ ਦੀਆਂ ਸਰਹੱਦਾਂ ਦੀ ਰਾਖੀ ਕਰਨ ਤੋਂ ਜ਼ਿਆਦਾ ਭਾਰਤ ਨੂੰ ਅਧੀਨ ਬਣਾਈ ਰੱਖਣ ਵੱਲ ਸੇਧਤ ਸੀ ਅਤੇ ਇਕ ਸਵੈ-ਸ਼ਾਸਨ ਵਾਲੇ ਦੇਸ਼ ਭਾਰਤ ਨੂੰ ਆਪਣੇ ਗੁਆਂਢੀ ਰਾਜਾਂ ਤੋਂ ਕੋਈ ਡਰ ਨਹੀਂ ਹੋਵੇਗਾ... ਪਰ ਆਜ਼ਾਦ ਭਾਰਤ ਦੇ ਹਾਕਮਾਂ ਨੇ ਖ਼ੁਦ ਨੂੰ ਬਸਤੀਵਾਦੀ ਰਾਜ ਦੇ ਵਾਰਸਾਂ ਵਜੋਂ ਦੇਖਿਆ। ਇਨ੍ਹਾਂ ਵਿਚੋਂ ਬਹੁਤਿਆਂ ਲਈ ਭਾਰਤ ਦੀਆਂ ਸਰਹੱਦਾਂ ਪਾਵਨ ਅਤੇ ਪਵਿੱਤਰ ਮਾਤ ਭੂਮੀ ਦਾ ਅਨਿੱਖੜਵਾਂ ਅੰਗ ਬਣ ਗਈਆਂ। ਉਪਨਿਸ਼ਦਾਂ ਅਤੇ ਮਹਾਂਭਾਰਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਮੈਕਮੋਹਨ ਰੇਖਾ ਭਾਰਤ ਦੀਆਂ 2000 ਸਾਲ ਪਹਿਲਾਂ ਵਾਲੀਆਂ ਸਰਹੱਦਾਂ ਨਾਲ ਮੇਲ ਖਾਂਦੀ ਹੈ। ਉਨ੍ਹਾਂ ਨੇ ਗੱਲਬਾਤ ਦੀਆਂ ਚੀਨੀ ਪੇਸ਼ਕਸ਼ਾਂ ਨੂੰ ਵਾਰ-ਵਾਰ ਠੁਕਰਾ ਦਿੱਤਾ। 1960 ਵਿਚ ਉਨ੍ਹਾਂ ਨੇ ਚੀਨ ਵੱਲੋਂ ਮੈਕਮੋਹਨ ਰੇਖਾ, ਜਿਥੇ ਉਹ ਬਰਮਾ ਨੂੰ ਛੂੰਹਦੀ ਸੀ, ਨੂੰ ਸਵੀਕਾਰ ਕਰ ਲਏ ਜਾਣ ਤੋਂ ਬਾਅਦ ਭਾਰਤ ਨਾਲ ਵੀ ਉਸੇ ਤਰ੍ਹਾਂ ਦਾ ਸਮਝੌਤਾ ਕਰਨ ਦੀ ਚਾਓ ਐਨ ਲਾਈ ਦੀ ਪੇਸ਼ਕਸ਼ ਨੂੰ ਵੀ ਨਾਮਨਜ਼ੂਰ ਕਰ ਦਿੱਤਾ ਜਿਸ ਤਹਿਤ ਬਦਲੇ ਵਿਚ ਉਹ ਪੱਛਮ 'ਚ ਸਿਆਚਿਨ ਨੂੰ ਚੀਨ ਦਾ ਹਿੱਸਾ ਸਵੀਕਾਰ ਕਰਾਉਣਾ ਚਾਹੁੰਦੇ ਸਨ। ਇਹ ਬੇਹੱਦ ਵਿਹਾਰਕ ਹੁੰਦਾ, ਕਿਉਂਕਿ ਸਿਆਚਿਨ ਚੀਨ ਲਈ ਅਹਿਮ ਹੈ ਜਦੋਂ ਕਿ ਭਾਰਤ ਲਈ ਅਹਿਮੀਅਤ ਇਸ ਦੀ ਨਹੀਂ, ਸਗੋਂ ਅਰੁਣਾਚਲ ਪ੍ਰਦੇਸ਼ ਦੀ ਹੈ। 1959 ਤੋਂ ਬਾਅਦ ਹੌਲੀ-ਹੌਲੀ ਦੋਹਾਂ ਦੇਸ਼ਾਂ ਦੇ ਰੁਖ਼ ਸਖ਼ਤ ਹੁੰਦੇ ਗਏ। ਘਰੇਲੂ ਦਬਾਅ ਵਿਚ ਨਹਿਰੂ ਸਖ਼ਤ ਰੁਖ਼ ਅਪਣਾਉਣ ਲੱਗੇ। ਇਸ ਤੋਂ ਬਾਅਦ ਆਈ 'ਅੱਗੇ ਵਧਣ ਦੀ ਨੀਤੀ' ਅਤੇ ਫਿਰ ਹਾਰ। ਇਸ ਨੂੰ ਲੁਕਾਉਣ ਲਈ ਮੀਡੀਆ, ਪਾਠ-ਪੁਸਤਕਾਂ ਅਤੇ ਅਰਧ-ਸਰਕਾਰੀ ਵੇਰਵਿਆਂ ਰਾਹੀਂ ਅਤਿ-ਰਾਸ਼ਟਰਵਾਦ ਦਾ ਢੋਲ ਪਿੱਟਿਆ ਗਿਆ। ਸਰਕਾਰ ਨੇ ਅਜੇ ਤੱਕ ਫ਼ੌਜੀ ਹਾਰ ਦਾ ਵਿਸ਼ਲੇਸ਼ਣ ਕਰਨ ਵਾਲੀ ਹੈਂਡਰਸਨ-ਬਰੁਕਸ ਰਿਪੋਰਟ ਨੂੰ ਪ੍ਰਕਾਸ਼ਿਤ ਨਹੀਂ ਕੀਤਾ ਅਤੇ ਇਸੇ ਤਰ੍ਹਾਂ ਦੇ ਅਤਿ-ਰਾਸ਼ਟਰਵਾਦ ਨੂੰ ਹੀ ਹਵਾ ਦਿੱਤੀ ਗਈ।

ਇਸ ਸਭ ਤੋਂ ਅਸਲੀ ਸਬਕ ਇਹ ਲਿਆ ਜਾਣਾ ਚਾਹੀਦਾ ਹੈ ਕਿ ਭਾਰਤ ਨੂੰ ਚੀਨ ਨਾਲ ਸਮਝੌਤੇ ਦੀ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਵਿਹਾਰਕ ਦ੍ਰਿਸ਼ਟੀਕੋਣ ਨਾਲ ਸਰਹੱਦੀ ਵਿਵਾਦ ਸੁਲਝਾ ਲੈਣਾ ਚਾਹੀਦਾ ਹੈ। ਭਵਿੱਖ ਦਾ ਰਸਤਾ, ਮੇਲ-ਮਿਲਾਪ ਅਤੇ ਚੀਨ ਵੱਲੋਂ ਪ੍ਰਸਤਾਵਿਤ 'ਪੈਕੇਜ ਡੀਲ' ਉਤੇ ਗੱਲਬਾਤ ਨਾਲ ਖੁੱਲ੍ਹਦਾ ਹੈ, ਨਾ ਕਿ ਇਨ੍ਹਾਂ ਹੈਂਕੜ ਭਰੇ ਦਾਅਵਿਆਂ ਨਾਲ ਕਿ ਭਾਰਤ ਜੰਗ ਜਿੱਤ ਸਕਦਾ ਸੀ ਜਾਂ ਇਹ ਕਿ ਉਹ ਅੱਜ ਵੀ ਆਪਣੀ ਹਾਰ ਦਾ ਬਦਲਾ ਲੈ ਸਕਦਾ ਹੈ।



*1962 ਦੀ ਜੰਗ 'ਚ ਪੁਜ਼ੀਸ਼ਨਾਂ ਲੈ ਰਹੀ ਭਾਰਤੀ ਫ਼ੌਜ।*

ਦੇਸ-ਪਰਦੇਸ

# ਝੂਠੇ ਕੇਸ ਅਤੇ ਸੱਤਾਧਾਰੀਆਂ ਦੇ ਸੌੜੇ ਹਿੱਤ

***ਹਾਕਮ ਜਮਾਤ ਪਾਰਟੀਆਂ ਅਨੁਸਾਰ 1993 ਤੋਂ ਬਾਅਦ ਹਾਲਾਤ ਬਿਲਕੁਲ 'ਆਮ' ਹਨ। ਜਦੋਂ ਖਾਲਿਸਤਾਨ ਪੱਖੀ ਸਿੱਖ ਜਥੇਬੰਦੀਆਂ ਹਥਿਆਰਬੰਦ ਲੜਾਈ ਲੜ ਰਹੀਆਂ ਸਨ, ਉਦੋਂ ਮੁਲਕ ਦੇ ਹੁਕਮਰਾਨ ਹਾਏ-ਤੌਬਾ ਮਚਾਉਂਦੇ ਹਨ ਕਿ ਇਹ "ਮੁੱਖ ਧਾਰਾ" ਵਿਚ ਸ਼ਾਮਲ ਹੋ ਕੇ 'ਸੰਵਿਧਾਨਕ' ਲੜਾਈ ਕਿਉਂ ਨਹੀਂ ਲੜਦੇ। ਹੁਣ ਜੇ ਉਹ ਆਪਣੇ ਸੰਵਿਧਾਨਕ ਹੱਕ ਦਾ ਇਸਤੇਮਾਲ ਕਰ ਕੇ ਆਪਣੀ ਸਿਆਸਤ ਦਾ ਪ੍ਰਚਾਰ ਕਰ ਰਹੇ ਹਨ ਤਾਂ ਹਕੂਮਤ ਉਨ੍ਹਾਂ ਨੂੰ ਘਰ ਬੈਠਿਆਂ ਨੂੰ ਝੂਠੇ ਮਾਮਲਿਆਂ 'ਚ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ 'ਚ ਬੰਦ ਕਰ ਰਹੀ ਹੈ। ਅਕਾਲੀ ਦਲ (ਪੰਚ ਪ੍ਰਧਾਨੀ) ਦੇ ਮੁੱਖ ਆਗੂ ਦਲਜੀਤ ਸਿੰਘ ਬਿੱਟੂ ਨੂੰ ਬਹੁਤ ਸਾਰੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਕੇ ਜੇਲ੍ਹ 'ਚ ਰੱਖਿਆ ਗਿਆ। ਕੁਝ ਮਹੀਨੇ ਬਾਅਦ ਹੁਣ ਦਲਜੀਤ ਸਿੰਘ ਬਿੱਟੂ ਅਤੇ ਮੌਜੂਦਾ ਪ੍ਰਧਾਨ ਕੁਲਬੀਰ ਸਿੰਘ ਬੜਾ ਪਿੰਡ ਨੂੰ ਉਨ੍ਹਾਂ ਦੇ ਘਰਾਂ 'ਚੋਂ ਗ੍ਰਿਫ਼ਤਾਰ ਕਰ ਕੇ ਜੰਗ ਛੇੜਨ ਅਤੇ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਤਹਿਤ ਹਥਿਆਰਾਂ ਅਤੇ ਗ਼ੈਰ-ਕਾਨੂੰਨੀ ਸਾਹਿਤ ਰੱਖਣ ਦੇ ਝੂਠੇ ਕੇਸ ਪਾ ਦਿੱਤੇ ਗਏ। ਦਰਅਸਲ ਹੁਕਮਰਾਨ ਬਾਦਲ ਧੜਾ ਉਨ੍ਹਾਂ ਨੂੰ ਕਿਸੇ ਨਾ ਕਿਸੇ ਕੇਸ 'ਚ ਫਸਾ ਕੇ ਸਿਆਸੀ ਮੈਦਾਨ ਵਿਚੋਂ ਬਾਹਰ ਰੱਖਣਾ ਚਾਹੁੰਦਾ ਹੈ ਤਾਂ ਜੋ ਸਿੱਖ ਅਵਾਮ ਅੰਦਰ ਉਨ੍ਹਾਂ ਦੇ ਸਿੱਖੀ ਵਿਰੋਧੀ ਕਿਰਦਾਰ ਖ਼ਿਲਾਫ਼ ਲੋਕ ਰਾਇ ਲਾਮਬੰਦ ਵਾਲਾ ਕੋਈ ਮੰਚ ਸਰਗਰਮੀ ਨਾ ਕਰ ਸਕੇ।***

ਭਾਰਤ ਦੀ ਰਾਜ ਮਸ਼ੀਨਰੀ, ਖ਼ਾਸ ਕਰ ਕੇ ਪੁਲਿਸ ਇਸ ਪੱਖੋਂ ਹਮੇਸ਼ਾ ਵਿਵਾਦਾਂ 'ਚ ਘਿਰੀ ਰਹੀ ਹੈ ਕਿ ਇਹ ਜੁਰਮ ਕਰਨ ਵਾਲੀਆਂ ਅਸਲ ਤਾਕਤਾਂ ਪ੍ਰਤੀ ਨਾ ਸਿਰਫ਼ ਅੱਖਾਂ ਮੀਟੀ ਰੱਖਦੀ ਹੈ ਸਗੋਂ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣ ਲਈ ਤਰੱਦਦ ਵੀ ਕਰਦੀ ਹੈ (ਅੱਜਕੱਲ੍ਹ ਫ਼ਰੀਦਕੋਟ ਦੇ ਸ਼ਰੁਤੀ ਅਗਵਾ ਮਾਮਲੇ 'ਚ ਅਜਿਹੀ ਭੂਮਿਕਾ ਸਪਸ਼ਟ ਨਜ਼ਰ ਆ ਰਹੀ ਹੈ) ਜਦਕਿ ਇਹੀ ਰਾਜ-ਮਸ਼ੀਨਰੀ ਨਿਰਦੋਸ਼ ਲੋਕਾਂ ਉੱਪਰ ਮਨਘੜਤ ਦੋਸ਼ਾਂ ਤਹਿਤ ਝੂਠੇ ਮੁਕੱਦਮੇ ਦਰਜ ਕਰਨ ਅਤੇ ਉਨ੍ਹਾਂ ਨੂੰ ਅਜਿਹੇ ਜੁਰਮਾਂ ਦੀਆਂ ਸਜ਼ਾਵਾਂ ਦਿਵਾਉਣ ਲਈ ਪੂਰੀ ਸਰਗਰਮੀ ਦਿਖਾਉਂਦੀ ਜਿਨ੍ਹਾਂ ਨਾਲ ਉਨ੍ਹਾਂ ਦਾ ਕਦੇ ਕੋਈ

**ਬੂਟਾ ਸਿੰਘ**

ਫ਼ੋਨ: 91-94634-74342

ਲਾਗਾ-ਦੇਗਾ ਹੀ ਨਹੀਂ ਹੁੰਦਾ। ਜਿਨ੍ਹਾਂ ਇਲਾਕਿਆਂ ਵਿਚ ਕੋਈ ਸਰਕਾਰ ਜਾਂ ਰਾਜ ਵਿਰੋਧੀ ਲਹਿਰ ਚੱਲ ਰਹੀ ਹੁੰਦੀ ਹੈ, ਉੱਥੇ ਅਜਿਹੇ ਝੂਠੇ ਮਾਮਲਿਆਂ ਦੀ ਗਿਣਤੀ ਦੀ ਕੋਈ ਸੀਮਾ ਨਹੀਂ ਹੁੰਦੀ। ਉਂਜ ਜਿੱਥੇ ਹੁਕਮਰਾਨਾਂ ਦੀ ਨਜ਼ਰਾਂ 'ਚ ਹਾਲਾਤ "ਆਮ" ਹਨ, ਉੱਥੇ ਵੀ ਅਕਸਰ ਨਿਰਦੋਸ਼ ਵਿਅਕਤੀਆਂ ਵਿਰੁੱਧ ਝੂਠੇ ਮਾਮਲਿਆਂ ਦੀਆਂ ਲੂੰ-ਕੰਡੇ ਖੜ੍ਹੇ ਕਰਨ ਵਾਲੀਆਂ ਕਹਾਣੀਆਂ ਚਰਚਾ 'ਚ ਆਉਂਦੀਆਂ ਰਹਿੰਦੀਆਂ ਹਨ। ਸਿਆਸੀ ਤੌਰ 'ਤੇ ਵੱਖਰੇ ਵਿਚਾਰ ਰੱਖਣ ਵਾਲਿਆਂ, ਧਾਰਮਿਕ ਘੱਟ-ਗਿਣਤੀਆਂ, ਖ਼ਾਸ ਕਰ ਕੇ ਮੁਸਲਿਮ ਨੌਜਵਾਨਾਂ, ਆਦਿਵਾਸੀਆਂ, ਦਲਿਤਾਂ, ਕਿਸਾਨਾਂ, ਮਛੇਰਿਆਂ, ਮਨੁੱਖੀ ਅਧਿਕਾਰ ਕਾਰਕੁਨਾਂ, ਪੱਤਰਕਾਰਾਂ, ਕਲਾਕਾਰਾਂ ਆਦਿ ਵਿਰੁੱਧ ਐਨੇ ਘ੍ਰਿਣਤ ਕਿਸਮ ਦੇ ਕੇਸ ਬਣਾਏ ਗਏ ਹਨ ਕਿ ਐਮਰਜੰਸੀ ਦੌਰਾਨ ਇੰਦਰਾ ਰਾਜ ਵਲੋਂ ਢਾਹੇ ਜ਼ੁਲਮ ਇਨ੍ਹਾਂ ਸਾਹਮਣੇ ਕੁਝ ਵੀ ਨਹੀਂ। ਵਿਰੋਧ ਦੀ ਆਵਾਜ਼ ਨੂੰ ਕੁਚਲਣ ਲਈ ਕਾਰਪੋਰੇਟ ਪੱਖੀ ਅਤੇ ਖ਼ਾਸ ਹੁਕਮਰਾਨ ਜਮਾਤ ਪੱਖੀ ਕਾਨੂੰਨ ਬਣਾ ਕੇ ਜਾਂ ਕਾਨੂੰਨੀ ਸੋਧਾਂ ਕਰ ਕੇ ਰਾਜ ਮਸ਼ੀਨਰੀ ਨੂੰ ਇਸ ਤਰ੍ਹਾਂ ਵੱਧ ਤੋਂ ਵੱਧ ਆਪਾਸ਼ਾਹ ਬਣਾ ਦਿੱਤਾ ਗਿਆ ਹੈ ਜੋ ਕੇਂਦਰ ਦੀ ਸੱਤਾਧਾਰੀ ਜੁੰਡਲੀ, ਖ਼ਾਸ ਕਰ ਕੇ ਇਸ ਦੇ ਗ੍ਰਹਿ ਮੰਤਰਾਲੇ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ।

ਭਾਰਤੀ ਹੁਕਮਰਾਨ ਸ਼ੁਰੂ ਤੋਂ ਹੀ ਮਸਲਿਆਂ ਦੀ ਅਸਲ ਜੜ੍ਹ ਨੂੰ ਮੁਖ਼ਾਤਿਬ ਹੋਣ ਦੀ ਥਾਂ ਲੋਕ ਬੇਚੈਨੀ ਨੂੰ ਕੂੜ ਪ੍ਰਚਾਰ ਅਤੇ ਫ਼ੌਜੀ ਤਾਕਤ ਰਾਹੀਂ ਕੁਚਲਣ 'ਚ ਵਿਸ਼ਵਾਸ ਰੱਖਦੇ ਆਏ ਹਨ। ਇਸ ਪੱਖੋਂ ਇਨ੍ਹਾਂ ਅੱਗੇ ਅੰਗਰੇਜ਼ਾਂ ਦਾ ਬਸਤੀਵਾਦ ਰਾਜ ਕਿਤੇ ਬੌਣਾ ਨਜ਼ਰ ਆਉਂਦਾ ਹੈ।

28-29 ਸਤੰਬਰ ਨੂੰ ਮੁਲਕ ਦੀਆਂ 30 ਜਥੇਬੰਦੀਆਂ ਨੇ ਰਾਜਧਾਨੀ ਦਿੱਲੀ ਵਿਚ ਲੋਕ ਪੰਚਾਇਤ ਲਗਾਈ ਜਿਸ ਦਾ ਮੁੱਖ ਮਕਸਦ ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ ਨਿਰਦੋਸ਼ ਲੋਕਾਂ ਵਿਰੁੱਧ ਦਰਜ ਕੀਤੇ ਝੂਠੇ, ਖ਼ਾਸ ਕਰ ਸਭ ਤੋਂ ਘ੍ਰਿਣਤ ਮਾਮਲਿਆਂ ਨੂੰ ਚਰਚਾ 'ਚ ਲਿਆਉਣਾ, ਨਾਗਰਿਕਾਂ ਦੇ ਬੁਨਿਆਦੀ ਹੱਕਾਂ, ਮਨੁੱਖੀ ਹੱਕਾਂ ਅਤੇ ਸ਼ਹਿਰੀ ਆਜ਼ਾਦੀਆਂ ਦੀ ਰਾਖੀ ਲਈ ਆਵਾਜ਼ ਉਠਾਉਣਾ, ਜੇਲ੍ਹਾਂ 'ਚ ਸੜ ਰਹੇ ਨਿਰਦੋਸ਼ ਲੋਕਾਂ ਦੀ ਰਿਹਾਈ ਲਈ ਕਾਨੂੰਨੀ ਕਾਰਵਾਈ 'ਚ ਮਦਦ ਕਰਨਾ, ਮੁੱਖ-ਧਾਰਾ ਮੀਡੀਆ ਉੱਪਰ ਸਮਾਜੀ ਤੌਰ 'ਤੇ ਜ਼ਿੰਮੇਵਾਰਾਨਾ ਭੂਮਿਕਾ ਨਿਭਾਉਣ ਅਤੇ ਭਾਰਤੀ ਰਾਜ ਉੱਪਰ ਨਿਰਦੋਸ਼ਾਂ ਦੀ ਰਿਹਾਈ ਲਈ ਜਨਤਕ ਦਬਾਅ ਪਾਉਣਾ ਸੀ। ਕਸ਼ਮੀਰ ਤੋਂ ਲੈ ਕੇ ਕੁਡਨਕੁਲਮ, ਉੱਤਰ-ਪੂਰਬ ਤੋਂ ਲੈ ਕੇ ਕੇਂਦਰੀ ਭਾਰਤ ਦੇ ਸੂਬਿਆਂ ਤੱਕ, ਹਰ ਥਾਂ ਸੈਂਕੜਿਆਂ ਦੀ ਤਾਦਾਦ 'ਚ ਲੋਕ ਝੂਠੇ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਕਸ਼ਮੀਰ, ਮਨੀਪੁਰ, ਅਸਾਮ, ਛੱਤੀਸਗੜ੍ਹ, ਝਾਰਖੰਡ, ਬਿਹਾਰ, ਉੜੀਸਾ, ਬੰਗਾਲ ਆਦਿ ਵਿਚ ਤਾਂ ਅਜਿਹੇ ਮਾਮਲੇ ਹਜ਼ਾਰਾਂ ਹਨ। ਸੋਨੀ ਸੋਰੀ, ਬਿਨਾਇਕ ਸੇਨ, ਸੀਮਾ ਆਜ਼ਾਦ-ਵਿਸ਼ਵ, ਅਬਦੁੱਲ ਨਾਸਰ ਮਦਾਨੀ, ਉਦੈ ਕੁਮਾਰ, ਜੀਤਨ ਮਰੰਡੀ, ਅਰੁਣ ਫੈਰੇਰਾ ਕੁਝ ਚਰਚਿਤ ਨਾਂ ਹਨ ਜਿਨ੍ਹਾਂ ਬਾਰੇ ਭਾਰਤ ਦੇ ਜਾਗਰੂਕ ਲੋਕ ਜਾਣਦੇ ਹਨ ਕਿ ਇਨ੍ਹਾਂ ਨੂੰ ਕਿਹੋ ਜਹੇ ਝੂਠੇ ਮਾਮਲਿਆਂ 'ਚ ਅਤੇ ਕਿਉਂ ਫਸਾਇਆ ਗਿਆ, ਪਰ ਉਨ੍ਹਾਂ ਬੇਪਛਾਣ, ਗੁੰਮਨਾਮ ਬੇਸ਼ੁਮਾਰ ਲੋਕਾਂ ਦੀਆਂ ਦਰਦ ਕਹਾਣੀਆਂ ਦੀ ਕਿਸੇ ਨੂੰ ਜਾਣਕਾਰੀ ਨਹੀਂ ਜਿਨ੍ਹਾਂ ਦੇ ਮਾਮਲੇ ਕਦੇ ਕਿਤੇ ਚਰਚਾ 'ਚ ਨਹੀਂ ਆਉਂਦੇ। ਬਹੁਤ ਸਾਰੇ ਵਿਅਕਤੀ 'ਖਾੜਕੂ' ਜਾਂ 'ਦਹਿਸ਼ਤਪਸੰਦ' ਜਾਂ ਮਾਓਵਾਦੀ ਹੋਣ ਦੇ ਦੋਸ਼ਾਂ ਤਹਿਤ ਲੰਮੀਆਂ ਸਜ਼ਾਵਾਂ ਭੁਗਤ ਚੁੱਕੇ ਹਨ ਜਾਂ ਅਨੇਕਾਂ ਅੱਜ ਵੀ ਸੀਖਾਂ ਪਿੱਛੇ ਕੈਦ ਹਨ। ਇਨ੍ਹਾਂ ਉੱਪਰ ਦੋਸ਼ ਹੈ ਕਿ ਇਹ ਰਾਜ ਵਿਰੁੱਧ ਜੰਗ ਛੇੜਨ, ਰਾਜ-ਧ੍ਰੋਹ ਦੀ ਸਾਜ਼ਿਸ਼ ਰਚਣ 'ਚ ਸ਼ਾਮਲ ਹਨ ਜਾਂ ਅਜਿਹੀਆਂ ਕਾਰਵਾਈਆਂ 'ਚ ਸ਼ਾਮਲ ਹੋਣ ਦਾ 'ਸ਼ੱਕ' ਹੈ। ਉਹ ਕਿਸੇ ਤਰ੍ਹਾਂ ਜੇਲ੍ਹ ਤੋਂ ਬਾਹਰ ਨਾ ਨਿਕਲ ਸਕਣ, ਇਸ ਇਰਾਦੇ ਤਹਿਤ ਉਨ੍ਹਾਂ ਉੱਪਰ ਕਤਲਾਂ, ਹਥਿਆਰਾਂ ਜਾਂ ਪੁਲਿਸ ਉੱਪਰ ਹਮਲਿਆਂ ਦੇ ਥੋਕ ਮਾਮਲੇ ਦਰਜ ਕੀਤੇ ਹੋਏ ਹਨ। ਇਨ੍ਹਾਂ ਦਾ ਇਕ ਹਿੱਸਾ ਉਹ ਜਾਗਰੂਕ ਕਾਰਕੁਨ ਹਨ ਜੋ ਮੁਲਕ ਨੂੰ ਦਰਪੇਸ਼ ਮਸਲਿਆਂ ਦੇ ਕਾਰਨਾਂ ਅਤੇ ਇਨ੍ਹਾਂ ਦੇ ਹੱਲ ਬਾਰੇ ਰਾਜ ਕਰਦਾ ਜਮਾਤ ਨਾਲੋਂ ਵੱਖਰੇ ਵਿਚਾਰ ਰੱਖਦੇ ਹਨ ਅਤੇ ਰਾਜ ਦੀ ਧੱਕੜ ਪਹੁੰਚ ਦਾ ਵਿਰੋਧ ਕਰਦੇ ਹਨ। ਦੂਜੇ ਉਹ ਲੋਕ ਹਨ ਜੋ ਰਾਜ ਦੀਆਂ ਨੀਤੀਆਂ ਦੇ ਪੀੜਤ ਹਨ। ਇਹ ਆਪਣੇ ਇਲਾਕਿਆਂ ਵਿਚ ਆਰਥਿਕ, ਸਮਾਜੀ, ਸੱਭਿਆਚਾਰਕ, ਧਾਰਮਿਕ ਅਤੇ ਕੌਮੀਅਤ ਹਿੱਤਾਂ ਲਈ ਲੜ ਰਹੀਆਂ ਤਨਜ਼ੀਮਾਂ ਨਾਲ ਸਬੰਧਤ ਹਨ ਅਤੇ ਇਹ ਕਿਸੇ ਤਰ੍ਹਾਂ ਦੀ ਹਿੰਸਾ 'ਚ ਸ਼ਾਮਲ ਹੀ ਨਹੀਂ ਹਨ। ਇਨ੍ਹਾਂ ਨੂੰ ਸਿਰਫ਼ ਰਾਜ ਦੀ ਸੀਨਾਜ਼ੋਰੀ ਅਤੇ ਰਾਜਕੀ ਹਿੰਸਾ ਵਿਰੁੱਧ ਜਮਹੂਰੀ ਲੜਾਈ ਲੜ ਰਹੇ ਹੋਣ ਕਾਰਨ ਝੂਠੇ ਕੇਸਾਂ 'ਚ ਫਸਾਇਆ ਜਾਂਦਾ ਹੈ।

ਕੁਡਨਕੁਲਮ (ਤਾਮਿਲਨਾਡੂ) ਵਿਚ ਪ੍ਰਮਾਣੂ ਪਲਾਂਟ ਲਗਾਉਣ ਦਾ ਵਿਰੋਧ ਕਰ ਰਹੇ ਲੋਕਾਂ ਵਿਰੁੱਧ 109 ਐੱਫ.ਆਈ.ਆਰ. ਦਰਜ ਹਨ ਜਿਨ੍ਹਾਂ ਵਿਚ 55,795 ਲੋਕਾਂ ਨੂੰ ਫਸਾਇਆ ਗਿਆ ਹੈ। 3,600 ਲੋਕਾਂ ਖ਼ਿਲਾਫ਼ "ਮੁਲਕ ਵਿਰੁੱਧ ਜੰਗ ਛੇੜਨ" ਅਤੇ 3,200 ਹੋਰਾਂ ਵਿਰੁੱਧ ਦੇਸ਼-ਧ੍ਰੋਹ ਦੇ ਦੋਸ਼ ਹਨ। ਇਸ ਅੰਦੋਲਨ ਦੇ ਮੁੱਖ ਆਗੂ ਪੁਸ਼ਪਰਾਇਨ ਵਿਕਟੋਰੀਆ ਖ਼ਿਲਾਫ਼ ਕੁਲ 325 ਮਾਮਲੇ ਹਨ। ਇਸੇ ਤਰ੍ਹਾਂ ਦਾ ਮਾਮਲਾ ਉੜੀਸਾ ਦੇ ਜਗਤਸਿੰਘਪੁਰਾ ਇਲਾਕੇ ਵਿਚ ਕੋਰੀਅਨ ਕੰਪਨੀ ਪੋਸਕੋ ਵਿਰੁੱਧ ਸੰਘਰਸ਼ ਦਾ ਹੈ। ਸਰਕਾਰ ਵਲੋਂ ਸਥਾਨਕ ਲੋਕਾਂ ਨੂੰ ਉਜਾੜ ਕੇ 4,000 ਏਕੜ ਜ਼ਮੀਨ ਇਸ ਕੰਪਨੀ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿੱਥੇ 12 ਅਰਬ ਡਾਲਰ ਦਾ ਸਟੀਲ ਪਲਾਂਟ ਲਗਾਉਣ ਦੀ ਤਜਵੀਜ਼ ਸੀ। ਇੱਥੇ ਵੀ 1,435 ਔਰਤਾਂ ਤੇ ਮਰਦਾਂ ਉੱਪਰ 208 ਮਾਮਲੇ ਦਰਜ ਹਨ ਜੋ ਧੱਕੇ ਨਾਲ ਜ਼ਮੀਨ ਖੋਹਣ ਦਾ ਵਿਰੋਧ ਕਰ ਰਹੇ ਹਨ। ਪੋਸਕੋ ਪ੍ਰਤੀਰੋਧ ਸੰਗਰਾਮ ਸਮਿਤੀ ਦੇ ਆਗੂ ਅਭੈ ਸਾਹੂ ਉੱਪਰ 2008 'ਚ ਗ੍ਰਿਫ਼ਤਾਰ ਕਰ ਕੇ 37 ਕੇਸ ਪਾਏ ਗਏ ਅਤੇ ਫਿਰ 2011 ਵਿਚ 14 ਕੇਸ ਹੋਰ ਪਾ ਦਿੱਤੇ। ਉਸ ਦੇ ਆਪਣੇ ਸ਼ਬਦਾਂ 'ਚ, "ਪੁਲਿਸ ਨੇ ਆਈ.ਪੀ.ਸੀ. (ਭਾਰਤੀ ਦੰਡਾਵਲੀ) ਅਤੇ ਸੀ.ਪੀ.ਸੀ. (ਫ਼ੌਜਦਾਰੀ ਕਾਨੂੰਨ) ਦੀ ਹਰ ਸੰਭਵ ਧਾਰਾ ਤਹਿਤ ਮੇਰੇ 'ਤੇ ਕੇਸ ਪਾਏ ਹਨ।" 1998 'ਚ ਮੱਧ ਪ੍ਰਦੇਸ ਦੇ ਮੁਲਤਾਈ ਖੇਤਰ ਵਿਚ ਕਿਸਾਨਾਂ ਦੇ ਉਜਾੜੇ ਵਿਰੁੱਧ ਕਿਸਾਨ ਸੰਘਰਸ਼ ਸੋਮਤੀ ਦੀ ਅਗਵਾਈ ਹੇਠ ਜਦੋਂ 75,000 ਕਿਸਾਨ ਉਠੇ ਤਾਂ ਕਾਂਗਰਸ ਸਰਕਾਰ ਦੇ ਰਾਜ 'ਚ ਪੁਲਿਸ ਨੇ ਗੋਲੀ ਚਲਾ ਕੇ 24 ਕਿਸਾਨ ਥਾਏਂ ਮਾਰ ਦਿੱਤੇ ਅਤੇ 115 ਜ਼ਖ਼ਮੀ ਕਰ ਦਿੱਤੇ। ਸਮਿਤੀ ਪ੍ਰਧਾਨ (ਸਾਬਕਾ ਐਮ.ਐਲ.ਏ.) ਸੁਨੀਲਮ ਨੂੰ ਗ੍ਰਿਫ਼ਤਾਰ ਕਰ ਕੇ ਉਸ ਉੱਪਰ 133 ਕੇਸ ਪਾਏ ਗਏ। ਉਹਦੇ ਸ਼ਬਦਾਂ 'ਚ, "ਭਾਰਤ ਵਿਚ ਪ੍ਰਬੰਧ ਇਸ ਤਰੀਕੇ ਨਾਲ ਕੰਮ ਕਰਦਾ ਹੈ ਕਿ ਜਾਂ ਤਾਂ ਤੁਸੀਂ ਪ੍ਰਬੰਧ ਦਾ ਹਿੱਸਾ ਹੁੰਦੇ ਹੋ ਜਾਂ ਤੁਹਾਨੂੰ ਪ੍ਰਬੰਧ 'ਚ ਰਲਾ ਲਿਆ ਜਾਂਦਾ ਹੈ।...ਜੇ ਤੁਸੀਂ ਪ੍ਰਬੰਧ ਦੇ ਖ਼ਿਲਾਫ਼ ਕੰਮ ਕਰਦੇ ਹੋ, ਜਾਂ ਤਾਂ ਤੁਸੀਂ ਮਾਰੇ ਜਾਂਦੇ ਹੋ ਜਾਂ ਤੁਹਾਨੂੰ ਝੂਠੇ ਕੇਸਾਂ 'ਚ ਫਸਾ ਦਿੱਤਾ ਜਾਂਦਾ ਹੈ।" ਇਸੇ ਤਰ੍ਹਾਂ ਦਾ ਮਾਮਲਾ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਜੈਤਾਪੁਰ ਪ੍ਰਮਾਣੂ ਊਰਜਾ ਪਲਾਂਟ ਵਿਰੁੱਧ ਲੋਕਾਂ ਨੂੰ ਜਥੇਬੰਦ ਕਰ ਰਹੀ ਵੈਸ਼ਾਲੀ ਪਾਟਿਲ ਉੱਪਰ ਇਲਾਕੇ ਤੋਂ ਬਾਹਰਲੀ ਹੋਣ ਦੇ ਆਧਾਰ 'ਤੇ ਇਲਾਕੇ 'ਚ ਦਾਖ਼ਲ ਹੋਣ 'ਤੇ ਪਾਬੰਦੀ ਲਾ ਦਿੱਤੀ ਗਈ ਅਤੇ ਫਿਰ ਪੁਲਿਸ ਦੀ ਵੈਨ ਨੂੰ ਅੱਗ ਲਾਉਣ, ਪੁਲਿਸ ਅਧਿਕਾਰੀ ਉੱਪਰ ਕਾਤਲਾਨਾ ਹਮਲਾ ਕਰਨ ਵਰਗੇ ਕੇਸ ਦਰਜ ਕੀਤੇ ਗਏ।

'ਕਸ਼ਮੀਰ ਦੇ ਭੁੱਲੇ-ਵਿਸਰੇ ਕੈਦੀ' ਨਾਂ ਦੀ ਜਥੇਬੰਦੀ ਦੀ ਆਗੂ ਅੰਜੁਮ ਜ਼ਾਮਾਰੂਦ ਹਬੀਬ ਦੱਸਦੀ ਹੈ ਕਿ "ਕਸ਼ਮੀਰ ਵਿਚ ਜੋ ਵੀ ਕੋਈ ਟਾਕਰਾ ਲਹਿਰ ਨਾਲ ਜੁੜਿਆ ਹੋਇਆ ਹੈ, ਉਸ ਵਿਰੁੱਧ ਕਦੇ ਨਾ ਕਦੇ ਕੇਸ ਦਰਜ ਜ਼ਰੂਰ ਹੋਇਆ ਹੋਵੇਗਾ।" ਅੰਜੁਮ ਨੂੰ ਵੀ ਦਿੱਲੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ ਕਿਉਂਕਿ ਉਹ ਕਸ਼ਮੀਰੀ ਔਰਤਾਂ ਉੱਪਰ ਜ਼ੁਲਮਾਂ ਵਿਰੁੱਧ ਆਵਾਜ਼ ਉਠਾ ਰਹੀ ਸੀ। ਝੂਠੇ ਕੇਸ ਤਹਿਤ ਉਹ ਪੌਣੇ ਪੰਜ ਸਾਲ ਜੇਲ੍ਹ 'ਚ ਰਹੀ। ਇਕ ਹੋਰ ਰੌਂਗਟੇ ਖੜ੍ਹੇ ਕਰਨ ਵਾਲੀ ਰਿਪੋਰਟ ਜਾਮੀਆ ਟੀਚਰਜ਼ ਸਾਲੀਡੈਰਿਟੀ ਐਸੋਸੀਏਸ਼ਨ ਵਲੋਂ ਪੇਸ਼ ਕੀਤੀ ਗਈ ਹੈ। ਰਿਪੋਰਟ ਵਿਚ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਵਲੋਂ ਪਿਛਲੇ ਸਮੇਂ 'ਚ 16 ਕੇਸਾਂ 'ਚ ਫਸਾਏ ਗਏ 42 (ਕਸ਼ਮੀਰੀ ਤੇ ਮਨੀਪੁਰੀ) ਮੁਸਲਿਮ ਨੌਜਵਾਨਾਂ ਦਾ ਵੇਰਵਾ ਦਿੱਤਾ ਗਿਆ ਹੈ ਜਿਨ੍ਹਾਂ ਵਿਚੋਂ 36 ਕਸ਼ਮੀਰੀ ਮੁਸਲਮਾਨ ਹਨ। ਇਹ ਸਾਰੇ ਉਚੇਰੀ ਪੜ੍ਹਾਈ, ਕਾਰੋਬਾਰ ਦੀ ਤਲਾਸ਼, ਦਿੱਲੀ ਹੋ ਕੇ ਅਗਾਂਹ ਸਫ਼ਰ 'ਤੇ ਜਾਣ ਦੇ ਉਦੇਸ਼ ਨਾਲ ਦਿੱਲੀ 'ਚ ਸਨ ਪਰ ਵਿਸ਼ੇਸ਼ ਸੈੱਲ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਪਾਕਿਸਤਾਨ ਦੇ ਇਸ਼ਾਰੇ 'ਤੇ ਬੰਬ ਧਮਾਕੇ ਕਰਨ ਵਾਲੇ 'ਦਹਿਸ਼ਤਗ਼ਰਦ' ਬਣਾ ਦਿੱਤਾ। ਚੇਤੇ ਰਹੇ ਕਿ 16 ਮਾਮਲਿਆਂ ਵਿਚੋਂ ਸਿਰਫ਼ ਇਕ 'ਚ ਅਦਾਲਤ ਨੇ ਚਾਰ ਨੂੰ ਦੋਸ਼ੀ ਠਹਿਰਾਇਆ। ਇਹ ਮਾਮਲਾ 10 ਖਿਲਾਫ ਦਰਜ ਹੋਇਆ ਸੀ। ਬਾਕੀ ਸਾਰਿਆਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ। ਇਨ੍ਹਾਂ ਨੂੰ ਹਕੂਮਤ ਵਿਰੁੱਧ ਜੰਗ ਛੇੜਨ ਅਤੇ ਬੰਬ ਧਮਾਕਿਆਂ ਦੀ ਸਾਜ਼ਿਸ਼ ਰਚਣ ਦੇ ਝੂਠੇ ਦੋਸ਼ਾਂ ਤਹਿਤ ਇਕ ਤੋਂ ਲੈ ਕੇ 14 ਸਾਲ ਤੱਕ ਜੇਲ੍ਹ 'ਚ ਸੜਨਾ ਪਿਆ।

ਵਿਸ਼ੇਸ਼ ਸੈਲ ਵੱਲੋਂ ਇਨ੍ਹਾਂ "ਦਹਿਸ਼ਤਪਸੰਦਾਂ" ਦੀਆਂ 'ਸਾਜ਼ਿਸ਼ਾਂ ਦਾ ਭਾਂਡਾ ਭੰਨਣ' ਬਾਬਤ ਘੜੀਆਂ ਕਹਾਣੀਆਂ ਐਨੀਆਂ ਬੇਤੁਕੀਆਂ ਹੁੰਦੀਆਂ ਕਿ ਪਹਿਲੀ ਨਜ਼ਰੇ ਹੀ ਇਹ ਝੂਠ ਦਾ ਪੁਲੰਦਾ ਲਗਦੀਆਂ ਹਨ। ਦੋ ਵਿਅਕਤੀਆਂ ਨੂੰ ਬੱਸ ਵਿਚੋਂ ਉੱਤਰਨ ਸਮੇਂ ਗ੍ਰਿਫ਼ਤਾਰ ਕੀਤੇ ਦੱਸਿਆ ਗਿਆ ਜਦਕਿ ਮੁਕੱਦਮੇ ਦੌਰਾਨ ਸਾਹਮਣੇ ਆਇਆ ਕਿ ਉਸ ਰੂਟ ਉੱਪਰ ਤਾਂ ਬੱਸ ਹੀ ਨਹੀਂ ਜਾਂਦੀ। ਇਨ੍ਹਾਂ ਵਿਚੋਂ ਦੋ ਕਸ਼ਮੀਰੀ ਨੌਜਵਾਨਾਂ ਦਾ ਮਾਮਲਾ ਹੋਰ ਵੀ ਦਿਲਚਸਪ ਹੈ ਜੋ ਪਹਿਲਾਂ ਆਈ.ਬੀ. (ਇੰਟੈਲੀਜੈਂਸ ਬਿਓਰੋ) ਦੇ ਮੁਖ਼ਬਰ ਰਹੇ ਸਨ। ਬਾਅਦ 'ਚ ਇਨ੍ਹਾਂ ਨੇ ਮੁਖ਼ਬਰੀ ਛੱਡ ਦਿੱਤੀ ਅਤੇ ਇਨ੍ਹਾਂ ਨੂੰ ਝੂਠੇ ਕੇਸਾਂ 'ਚ ਫਸਾ ਦਿੱਤਾ ਗਿਆ। ਇਨ੍ਹਾਂ ਨੇ ਭੇਤ ਖੋਲ੍ਹਿਆ ਕਿ ਆਈ.ਬੀ. ਮੁਸਲਿਮ ਨੌਜਵਾਨਾਂ ਅੰਦਰ ਜਹਾਦੀ ਮੌਲਵੀਆਂ ਦੇ ਭੇਖ 'ਚ ਆਪਣੇ ਬੰਦੇ ਲਗਾ ਕੇ ਪਹਿਲਾਂ ਅਣਭੋਲ ਨੌਜਵਾਨਾਂ ਨੂੰ ਵਰਗਲਾ ਕੇ ਆਪਣੇ ਜਾਲ ਵਿਚ ਫਸਾਉਂਦੀ ਹੈ ਅਤੇ ਫਿਰ ਉਨ੍ਹਾਂ ਦੇ ਆਲੇ-ਦੁਆਲੇ ਕੇਸ ਬੁਣਦੀ ਹੈ। ਅਦਾਲਤੀ ਹੁਕਮਾਂ ਅਤੇ ਸੀ.ਬੀ.ਆਈ. ਦੀਆਂ ਸਿਫਾਰਸ਼ਾਂ ਦੇ ਬਾਵਜੂਦ ਅਜਿਹੇ ਝੂਠੇ ਕੇਸ ਦਰਜ ਕਰਨ ਵਾਲੇ ਇਕ ਵੀ ਅਧਿਕਾਰੀ ਖ਼ਿਲਾਫ਼ ਕੇਸ ਦਰਜ ਨਹੀਂ ਹੋਇਆ; ਉਲਟਾ ਇਨ੍ਹਾਂ ਵਿਚੋਂ ਇਕ ਰਾਵਿੰਦਰ ਤਿਆਗੀ ਨੂੰ 2008 'ਚ ਰਾਸ਼ਟਰਪਤੀ ਵਲੋਂ ਵਿਸ਼ੇਸ਼ ਪੁਲਿਸ ਬਹਾਦਰੀ ਸਨਮਾਨ ਦਿੱਤਾ ਗਿਆ, ਜਿਵੇਂ ਇਸ ਵਰ੍ਹੇ ਸੋਨੀ ਸੋਰੀ ਨੂੰ ਬੇਪੱਤ ਕਰਨ ਵਾਲੇ ਛੱਤੀਸਗੜ੍ਹ ਦੇ ਐੱਸ.ਪੀ. ਅੰਕਿਤ ਗਰਗ ਨੂੰ ਸਨਮਾਨਿਆ ਗਿਆ ਹੈ! ਮਨੀਪੁਰ ਦੇ ਲੋਕਾਂ ਦਾ ਸੰਤਾਪ ਹੋਰ ਵੀ ਲੂੰ-ਕੰਡੇ ਖੜ੍ਹੇ ਕਰਨ ਵਾਲਾ ਹੈ। ਉੱਥੇ ਪਹਿਲਾਂ ਸੁਰੱਖਿਆ ਤਾਕਤਾਂ ਜਾਂ ਫ਼ੌਜੀ ਕਿਸੇ ਵਿਅਕਤੀ ਨੂੰ ਚੁੱਕ ਕੇ ਮਾਰ ਦਿੰਦੇ ਹਨ। ਫਿਰ ਉਸ ਵਿਰੁੱਧ ਝੂਠੇ ਦੋਸ਼ ਆਇਦ ਕਰਦੇ ਹਨ। ਉੱਥੇ ਜ਼ਿੰਦਾ ਵਿਅਕਤੀਆਂ ਵਿਰੁੱਧ ਝੂਠੇ ਕੇਸ ਵਿਰਲੇ ਟਾਵੇਂ ਹੀ ਹਨ।

ਐਸੋਸੀਏਸ਼ਨ ਦੀ ਰਿਪੋਰਟ ਇਹ ਸਿੱਟਾ ਕੱਢਦੀ ਹੈ ਕਿ ਪੁਲਿਸ ਅਤੇ ਸੁਰੱਖਿਆ ਤਾਕਤਾਂ ਦੇ ਇੰਜ ਬੇਖ਼ੌਫ਼ ਹੋ ਕੇ ਗ਼ੈਰਕਾਨੂੰਨੀ ਕਾਰਵਾਈਆਂ ਨੂੰ ਅੰਜਾਮ ਦੇਣ ਪਿੱਛੇ ਕੇਂਦਰੀ ਹਕੂਮਤ, ਗ੍ਰਹਿ ਮੰਤਰਾਲੇ, ਇਸ ਦੀਆਂ ਖ਼ੁਫ਼ੀਆ ਏਜੰਸੀਆਂ ਅਤੇ ਖ਼ਾਸ ਸਿਆਸੀ ਤਾਕਤਾਂ ਦੇ ਸੌੜੇ ਹਿੱਤ ਕੰਮ ਕਰਦੇ ਹਨ ਜੋ ਨਹੀਂ ਚਾਹੁੰਦੇ ਕਿ ਇਨ੍ਹਾਂ ਇਲਾਕਿਆਂ ਦੇ ਹਾਲਾਤ ਆਮ ਵਰਗੇ ਹੋਣ। ਇਹ ਨਹੀਂ ਚਾਹੁੰਦੇ ਕਿ ਇਨ੍ਹਾਂ ਸੂਬਿਆਂ ਦੇ ਨੌਜਵਾਨ ਬਾਹਰ ਨਿੱਕਲ ਕੇ ਉਚੇਰੀ ਪੜ੍ਹਾਈ, ਕਾਰੋਬਾਰ ਜਾਂ ਕਿਸੇ ਉਚੇ ਮੁਰਾਤਬੇ ਤੱਕ ਪਹੁੰਚ ਸਕਣ। ਇਸ ਲਈ ਉਹ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਮੀਡੀਏ ਰਾਹੀਂ ਘੱਟਗਿਣਤੀਆਂ ਦਾ 'ਦਹਿਸ਼ਤਗਰਦ' ਅਕਸ ਬਣਾ ਕੇ ਪੇਸ਼ ਕਰਦੇ ਹਨ। ਹਿੰਦੂਤਵੀ ਅਤਿਵਾਦ ਵਿਰੁਧ ਇਨ੍ਹਾਂ ਦੀ ਪਹੁੰਚ ਇਸ ਤੋਂ ਐਨ ਉਲਟ ਹੈ। ਮਾਲੇਗਾਓਂ-ਪੁਣੇ ਆਦਿ ਦੇ ਬੰਬ ਧਮਾਕਿਆਂ ਪਿੱਛੇ ਹਿੰਦੂਤਵੀ ਜਥੇਬੰਦੀਆਂ ਦਾ ਹੱਥ ਸਾਬਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਦਹਿਸ਼ਤਗਰਦ ਕਾਰਵਾਈਆਂ ਦੇ ਘੇਰੇ 'ਚ ਨਹੀਂ ਲਿਆਂਦਾ ਗਿਆ। ਦਰਅਸਲ ਸੂਬਾ ਪੱਧਰ 'ਤੇ ਇਨ੍ਹਾਂ ਮਾਮਲਿਆਂ ਪਿੱਛੇ ਹੁਕਮਰਾਨ ਪਾਰਟੀਆਂ ਦੇ ਹਿੱਤ ਵੀ ਕੰਮ ਕਰਦੇ ਹਨ।

ਪੰਜਾਬ ਦੇ ਝੂਠੇ ਕੇਸ ਵੀ ਇਸੇ ਸਿਲਸਿਲੇ ਦੀ ਕੜੀ ਹਨ। ਹਾਕਮ ਜਮਾਤ ਪਾਰਟੀਆਂ ਅਨੁਸਾਰ 1993 ਤੋਂ ਬਾਅਦ ਹਾਲਾਤ ਬਿਲਕੁਲ 'ਆਮ' ਹਨ। ਜਦੋਂ ਖਾਲਿਸਤਾਨ ਪੱਖੀ ਸਿੱਖ ਜਥੇਬੰਦੀਆਂ ਹਥਿਆਰਬੰਦ ਲੜਾਈ ਲੜ ਰਹੀਆਂ ਸਨ, ਉਦੋਂ ਮੁਲਕ ਦੇ ਹੁਕਮਰਾਨ ਹਾਏ-ਤੌਬਾ ਮਚਾਉਂਦੇ ਹਨ ਕਿ ਇਹ "ਮੁੱਖ ਧਾਰਾ" ਵਿਚ ਸ਼ਾਮਲ ਹੋ ਕੇ 'ਸੰਵਿਧਾਨਕ' ਲੜਾਈ ਕਿਉਂ ਨਹੀਂ ਲੜਦੇ। ਹੁਣ ਜੇ ਉਹ ਆਪਣੇ ਸੰਵਿਧਾਨਕ ਹੱਕ ਦਾ ਇਸਤੇਮਾਲ ਕਰ ਕੇ ਆਪਣੀ ਸਿਆਸਤ ਦਾ ਪ੍ਰਚਾਰ ਕਰ ਰਹੇ ਹਨ ਤਾਂ ਹਕੂਮਤ ਉਨ੍ਹਾਂ ਨੂੰ ਘਰ ਬੈਠਿਆਂ ਨੂੰ ਝੂਠੇ ਮਾਮਲਿਆਂ 'ਚ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ 'ਚ ਬੰਦ ਕਰ ਰਹੀ ਹੈ। ਅਕਾਲੀ ਦਲ (ਪੰਚ ਪ੍ਰਧਾਨੀ) ਦੇ ਮੁੱਖ ਆਗੂ ਦਲਜੀਤ ਸਿੰਘ ਬਿੱਟੂ ਨੂੰ ਬਹੁਤ ਸਾਰੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਕੇ ਜੇਲ੍ਹ 'ਚ ਰੱਖਿਆ ਗਿਆ। ਉਹ ਸਾਰੇ ਮਾਮਲਿਆਂ 'ਚੋਂ ਬਰੀ ਹੋ ਗਿਆ। ਕੁਝ ਮਹੀਨੇ ਬਾਅਦ ਹੁਣ ਦਲਜੀਤ ਸਿੰਘ ਬਿੱਟੂ ਅਤੇ ਮੌਜੂਦਾ ਪ੍ਰਧਾਨ ਕੁਲਬੀਰ ਸਿੰਘ ਬੜਾ ਪਿੰਡ ਨੂੰ ਉਨ੍ਹਾਂ ਦੇ ਘਰਾਂ 'ਚੋਂ ਗ੍ਰਿਫ਼ਤਾਰ ਕਰ ਕੇ ਜੰਗ ਛੇੜਨ ਅਤੇ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਤਹਿਤ ਹਥਿਆਰਾਂ ਅਤੇ ਗ਼ੈਰ-ਕਾਨੂੰਨੀ ਸਾਹਿਤ ਰੱਖਣ ਦੇ ਝੂਠੇ ਕੇਸ ਪਾ ਦਿੱਤੇ ਗਏ। ਦੋਹਾਂ ਆਗੂਆਂ ਉੱਪਰ ਦਰਜ ਐੱਫ.ਆਈ.ਆਰ. ਉਸ ਵਕਤ ਦੀ ਹੈ ਜਦੋਂ ਇਹ ਪਹਿਲਾਂ ਹੀ ਇਹਤਿਆਤੀ ਨਜ਼ਰਬੰਦੀ ਤਹਿਤ ਲੁਧਿਆਣਾ ਜੇਲ੍ਹ ਵਿਚ ਬੰਦ ਸਨ। ਤਲਾਸ਼ੀ ਦੌਰਾਨ ਬਰਾਮਦ ਦਿਖਾਏ ਗਏ ਕਿਤਾਬਾਂ ਰਸਾਲੇ ਬਜ਼ਾਰ ਵਿਚ ਆਮ ਵਿਕਦੇ ਹਨ। ਦਰਅਸਲ ਹੁਕਮਰਾਨ ਬਾਦਲ ਧੜਾ ਉਨ੍ਹਾਂ ਨੂੰ ਕਿਸੇ ਨਾ ਕਿਸੇ ਕੇਸ 'ਚ ਫਸਾ ਕੇ ਸਿਆਸੀ ਮੈਦਾਨ ਵਿਚੋਂ ਬਾਹਰ ਰੱਖਣਾ ਚਾਹੁੰਦਾ ਹੈ ਤਾਂ ਜੋ ਸਿੱਖ ਅਵਾਮ ਅੰਦਰ ਉਨ੍ਹਾਂ ਦੇ ਸਿੱਖੀ ਵਿਰੋਧੀ ਕਿਰਦਾਰ ਖ਼ਿਲਾਫ਼ ਲੋਕ ਰਾਇ ਲਾਮਬੰਦ ਵਾਲਾ ਕੋਈ ਮੰਚ ਸਰਗਰਮੀ ਨਾ ਕਰ ਸਕੇ। ਕੁਲਬੀਰ ਸਿੰਘ ਬੜਾ ਪਿੰਡ ਨੂੰ ਫਸਾਉਣ ਦੀ ਇਕ ਵਜ੍ਹਾ ਇਹ ਵੀ ਹੋ ਸਕਦੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਧਾਂਦਲੀਆਂ ਵਿਚ ਅੜਿੱਕਾ ਬਣ ਰਿਹਾ ਹੋਵੇ ਜਿਸ ਉੱਪਰ ਬਾਦਲ ਧੜਾ ਕਾਬਜ਼ ਹੈ।

ਇਹ ਸਾਰੇ ਮਾਮਲੇ ਦਰਸਾਉਂਦੇ ਹਨ ਕਿ ਇਸ ਮੁਲਕ 'ਚ ਆਮ ਬੰਦੇ ਲਈ ਵਿਚਾਰਾਂ ਦੀ ਆਜ਼ਾਦੀ ਅਤੇ ਨਿਆਂ ਦੀ ਕਿੰਨੀ ਕੁ ਗੁੰਜਾਇਸ਼ ਹੈ। ਉੱਪਰੋਂ ਸਿਤਮ ਇਹ ਕਿ ਹੁਕਮਰਾਨ ਜਮਾਤ ਇਸ ਨੂੰ ਦੁਨੀਆ ਦੀ 'ਸਭ ਤੋਂ ਵੱਡੀ' ਜਮਹੂਰੀਅਤ ਦੱਸਦੀ ਹੈ। ਹਕੀਕਤ ਇਹ ਹੈ ਕਿ ਮੁਲਕ ਦੇ ਅਵਾਮ ਉੱਪਰ ਅਣ-ਐਲਾਨੀ ਐਮਰਜੰਸੀ ਥੋਪੀ ਹੋਈ ਹੈ। ਹਾਕਮ ਜਮਾਤੀ ਪਾਰਟੀਆਂ ਝੂਠੇ ਕੇਸਾਂ ਦੇ ਮੁੱਦੇ ਉੱਪਰ ਉਹ ਹੁਕਮਰਾਨ ਧਿਰ ਨਾਲ ਰਜ਼ਾਮੰਦ ਹਨ। ਇਹੀ ਵਜ੍ਹਾ ਹੈ ਕਿ ਐਨਾ ਗੰਭੀਰ ਮਾਮਲਾ ਸਿਰਫ਼ ਲੋਕ ਸੁਣਵਾਈ ਦੇ ਮੰਚ ਤੋਂ ਹੀ ਉਠਾਇਆ ਜਾ ਰਿਹਾ ਹੈ ਜਿਸ ਨਾਲ ਸਿਰਫ਼ ਲੋਕ ਹਿੱਤਾਂ ਲਈ ਸੱਚੇ ਦਿਲੋਂ ਕੰਮ ਕਰ ਰਹੀਆਂ ਲੋਕ ਜਮਹੂਰੀ ਜਥੇਬੰਦੀਆਂ ਤੇ ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਅਤੇ ਗਿਣੇ-ਚੁਣੇ ਬੁੱਧੀਜੀਵੀ ਹੀ ਸਰੋਕਾਰ ਦਿਖਾ ਰਹੇ ਹਨ।

## ਉਚ ਅਦਾਲਤ ਵਲੋਂ ਪੁਲਿਸ ਦੀਆਂ 'ਕਾਲੀਆਂ ਭੇਡਾਂ' ਉਪਰ ਤਿੱਖੇ ਹਮਲੇ

*'ਦੀ ਟ੍ਰਿਬਿਊਨ' (25 ਸਤੰਬਰ 2012) ਦੀ ਰਿਪੋਰਟ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਮਹਿੰਦਰ ਸਿੰਘ ਸੁਲਾਰ ਨੇ ਪੰਜਾਬ ਪੁਲਿਸ ਨੂੰ ਲੰਮੇ ਹੱਥੀਂ ਲਿਆ ਹੈ। ਅਦਾਲਤ ਵੱਲੋਂ ਭਾਵੇਂ ਪੰਜਾਬ ਪੁਲਿਸ ਬਾਰੇ ਸਖ਼ਤ ਟਿੱਪਣੀਆਂ ਦਾ ਇਹ ਪਹਿਲਾ ਮਾਮਲਾ ਨਹੀਂ ਹੈ ਪਰ ਸ਼ਾਇਦ ਕੁਝ ਹੁਕਮ ਹੀ ਅਜਿਹੇ ਹੋਣਗੇ ਜਿਨ੍ਹਾਂ ਵਿਚ ਪੰਜਾਬ ਪੁਲਿਸ ਵੱਲੋਂ ਦੋਸ਼ੀਆਂ ਨੂੰ ਇਸ ਤਰ੍ਹਾਂ ਬਚਾਉਣ ਦੇ ਸਭ ਤੋਂ ਭੈੜੇ ਗੁੱਝੇ ਕਾਰਿਆਂ ਨੂੰ ਲਿਖਤੀ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਹੋਵੇ। ਜਸਟਿਸ ਸੁਲਾਰ ਨੇ ਕਿਹਾ: "ਇਸ ਬਾਰੇ ਕੋਈ ਰੱਟਾ ਨਹੀਂ ਹੋ ਸਕਦਾ ਕਿ ਪੰਜਾਬ ਪੁਲਿਸ ਦੀਆਂ ਕੁਝ ਕਾਲੀਆਂ ਭੇਡਾਂ ਵਲੋਂ ਅਸਲ ਮੁੱਖ ਦੋਸ਼ੀਆਂ ਨੂੰ ਬਰੀ ਕਰ ਕੇ ਨਿਰਦੋਸ਼ਾਂ ਨੂੰ ਝੂਠਾ ਫਸਾਉਣ ਦੀ ਰੁਚੀ ਅਤੇ ਗਿਣਤੀ ਦਿਨੋ-ਦਿਨ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਇਸ ਨੂੰ ਕਰੜੇ ਹੱਥੀਂ ਰੋਕਣ ਦੀ ਲੋੜ ਹੈ।" ਜਸਟਿਸ ਕੁਲਾਰ ਨੇ ਇਹ ਟਿੱਪਣੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਟਿਆਣਾ ਥਾਣੇ 'ਚ 11 ਫਰਵਰੀ 2012 ਨੂੰ ਦਰਜ ਸਮੂਹਕ ਬਲਾਤਕਾਰ ਦੇ ਮਾਮਲੇ 'ਚ ਕੀਤੀ ਜਿੱਥੇ ਤਫ਼ਤੀਸ਼ੀ ਅਧਿਕਾਰੀ ਨੇ ਮੁੱਖ ਦੋਸ਼ੀ ਚਰਨਜੀਤ ਸਿੰਘ ਨੂੰ ਕੇਸ 'ਚੋਂ ਕੱਢ ਕੇ ਉਸ ਦੀ ਥਾਂ ਪਟੀਸ਼ਨ ਪਾਉਣ ਵਾਲੇ ਨੂੰ ਹੀ ਦੋਸ਼ੀ ਬਣਾ ਦਿੱਤਾ ਸੀ। ਇਸ ਮਾਮਲੇ ਦੀ ਜਾਂਚ ਰਿਪੋਰਟ ਪੇਸ਼ ਨਾ ਕਰਨ ਕਰ ਕੇ ਐੱਸ.ਐੱਸ.ਪੀ. ਹੁਸ਼ਿਆਰਪੁਰ ਪਹਿਲਾਂ ਹੀ ਕਟਿਹਰੇ 'ਚ ਹੈ ਅਤੇ ਉਸ ਨੂੰ ਵੀ ਅਦਾਲਤ 'ਚ ਪੇਸ਼ ਹੋਣ ਲਈ ਤਲਬ ਕੀਤਾ। ਜਸਟਿਸ ਕੁਲਾਰ ਦੀ ਇਹ ਟਿੱਪਣੀ ਉਸ ਸਮੇਂ ਆਈ ਹੈ ਜਦੋਂ ਪੁਲਿਸ ਨੂੰ ਰਿਸ਼ਵਤਖ਼ੋਰੀ ਤੋਂ ਲੈ ਕੇ ਨਿਰਦੋਸ਼ਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜਦੋਂ ਅਦਾਲਤ ਨੇ ਲੁਧਿਆਣੇ ਦੇ ਡੀ.ਐੱਸ.ਪੀ. ਗੁਰਚਰਨ ਸਿੰਘ ਨੂੰ ਰਿਸ਼ਵਤਖ਼ੋਰੀ ਦੇ ਮਾਮਲੇ 'ਚ ਪੇਸ਼ਗੀ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ; ਜਦੋਂ ਵਿਜੀਲੈਂਸ ਬਿਓਰੋ ਦੀ ਐੱਸ.ਪੀ. ਅਮਨਦੀਪ ਕੌਰ ਅਤੇ ਚਾਰ ਜਣੇ ਹੋਰ ਇਕ ਐਕਸਾਈਜ਼ ਅਧਿਕਾਰੀ ਦੀ ਖ਼ੁਦਕੁਸ਼ੀ ਦੇ ਮਾਮਲੇ 'ਚ ਨਾਮਜ਼ਦ ਹਨ; ਜਦੋਂ ਜਲੰਧਰ ਦੀ ਪੁਲਿਸ ਇੰਸਪੈਕਟਰ ਬਲਵਿੰਦਰ ਕੌਰ, ਸ਼ਿਵਾਲੀ ਖ਼ੁਦਕੁਸ਼ੀ ਮਾਮਲੇ ਵਿਚ ਨਾਮਜ਼ਦ ਹੈ ਜਿਸ ਨੇ ਇਸ ਲੜਕੀ ਨੂੰ ਮੀਡੀਆ ਦੀ ਮੌਜੂਦਗੀ ਐਨਾ ਜ਼ਲੀਲ ਕੀਤਾ ਕਿ ਉਸ ਨੇ ਰੇਲ ਅੱਗੇ ਛਾਲ ਮਾਰ ਕੇ ਜਾਨ ਦੇ ਦਿੱਤੀ।*

# ਸਲਮਾਨ ਖੁਰਸ਼ੀਦ, ਸੁਰੇਸ਼ ਚੰਦੇਲ ਤੇ ਭਾਰਤੀ ਰਾਜਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਵਿਦੇਸ਼ੀ ਪੂੰਜੀ ਨੂੰ ਸੱਦੇ ਦੇਣ ਦੇ ਖਿਲਾਫ ਅਸੀਂ ਇਸ ਸੋਚ ਦੇ ਕਾਰਨ ਵੀ ਹਾਂ ਕਿ ਜਦੋਂ ਸਾਡੇ ਆਪਣੇ ਕੋਲ ਕੁਝ ਭਾਜਪਾ ਦੇ ਸੁਰੇਸ਼ ਚੰਦੇਲ ਤੇ ਕਾਂਗਰਸ ਦੇ ਸਲਮਾਨ ਖੁਰਸ਼ੀਦ ਮੌਜੂਦ ਹਨ, ਸਾਡੇ ਲੋਕਾਂ ਦਾ ਮਾਸ ਚੂੰਡਣ ਦਾ ਕੰਮ ਇਨ੍ਹਾਂ ਨੇ ਹੀ ਕਰ ਛੱਡਣਾ ਹੈ, ਵਿਦੇਸ਼ੀ ਕੰਪਨੀਆਂ ਨੂੰ ਏਥੇ ਸੱਦਣ ਦੀ ਭਲਾ ਲੋੜ ਕੀ ਰਹਿ ਜਾਂਦੀ ਹੈ? ਉਨ੍ਹਾਂ ਕੰਪਨੀਆਂ ਦਾ ਤਾਂ ਮੁੱਦਾ ਹੀ ਵੱਖਰਾ ਹੈ, ਸਾਡੇ ਦੇਸ਼ ਦੇ ਲੋਕਾਂ ਨੂੰ ਬੁੱਕਲ ਦੇ ਸੱਪਾਂ ਤੋਂ ਬਚਣ ਬਾਰੇ ਪਹਿਲਾਂ ਸੋਚਣਾ ਚਾਹੀਦਾ ਹੈ।*

ਅਸੀਂ ਪਿਛਲੇ ਦਿਨਾਂ ਵਿਚ ਇਹ ਗੱਲ ਬੜੀ ਵਾਰੀ ਵਿਚਾਰ ਚੁੱਕੇ ਹਾਂ ਕਿ ਵਿਦੇਸ਼ ਤੋਂ ਪੂੰਜੀ ਲਾਉਣ ਵਾਲੀਆਂ ਕੁਝ ਖਾਸ ਕੰਪਨੀਆਂ ਨੂੰ ਭਾਰਤ ਸਰਕਾਰ ਖੁੱਲ੍ਹਾਂ ਦੇ ਰਹੀ ਹੈ। ਇਹੋ ਮੁੱਦਾ ਬੀਤੇ ਦਿਨੀਂ ਪੰਜਾਬ ਦੌਰੇ 'ਤੇ ਆਏ ਰਾਹੁਲ ਗਾਂਧੀ ਨੇ ਵੀ ਉਭਾਰ ਦਿੱਤਾ। ਉਸ ਨੇ ਦੋ ਗੱਲਾਂ ਜ਼ੋਰ ਦੇ ਕੇ ਕਹੀਆਂ। ਪਹਿਲੀ ਇਹ ਕਿ ਪੰਜਾਬ ਦੇ 70% ਨੌਜਵਾਨ ਨਸ਼ੇ ਦੀ ਆਦਤ ਦਾ ਸ਼ਿਕਾਰ ਹੋ ਰਹੇ ਹਨ ਤੇ ਦੂਸਰੀ ਇਹ ਕਿ ਜੇ ਵਿਦੇਸ਼ ਤੋਂ ਆ ਕੇ ਕੁਝ ਕੰਪਨੀਆਂ ਪੂੰਜੀ ਲਾਉਣਗੀਆਂ ਤਾਂ ਇਸ ਦਾ ਕਿਸਾਨਾਂ ਨੂੰ ਬੜਾ ਲਾਭ ਹੋਵੇਗਾ। ਪਹਿਲੀ ਗੱਲ ਨੂੰ ਚੁੱਕ ਕੇ ਸੁਖਬੀਰ ਸਿੰਘ ਬਾਦਲ ਨੇ ਕਹਿ ਦਿੱਤਾ ਕਿ ਰਾਹੁਲ ਨੇ ਪੰਜਾਬ ਦੀ ਬਦਨਾਮੀ ਕੀਤੀ ਹੈ, ਪਰ ਸੁਖਬੀਰ ਸਿੰਘ ਇਹ ਸੱਚਾਈ ਭੁੱਲ ਗਿਆ ਕਿ ਉਸ ਦੀ ਆਪਣੀ ਸਰਕਾਰ ਨੇ ਸਾਲ 2009 ਵਿਚ ਹਾਈ ਕੋਰਟ ਵਿਚ ਹਲਫੀਆ ਬਿਆਨ ਦਿੱਤਾ ਸੀ ਕਿ ਸਾਡੇ ਰਾਜ ਦੇ 75% ਨੌਜਵਾਨ ਨਸ਼ਿਆਂ ਦੀ ਗ੍ਰਿਫਤ ਵਿਚ ਆ ਚੁੱਕੇ ਹਨ। ਆਪ ਉਹ 75% ਵੀ ਕਹਿਣ ਤਾਂ ਬਦਨਾਮੀ ਨਹੀਂ, ਪਰ ਰਾਹੁਲ ਗਾਂਧੀ ਦੇ 70% ਕਹਿਣ ਨਾਲ ਬਦਨਾਮੀ ਹੋ ਜਾਂਦੀ ਹੈ, ਇਸ ਕਰ ਕੇ ਇਹ ਮਾਮਲਾ ਦੋਵਾਂ ਦੀ ਰਾਜਸੀ ਚੁੰਝ-ਭਿੜਾਈ ਲਈ ਛੱਡ ਕੇ ਅਸੀਂ ਦੂਸਰੇ ਮੁੱਦੇ ਨੂੰ ਵਿਚਾਰਨਾ ਚਾਹੁੰਦੇ ਹਾਂ। ਵਿਦੇਸ਼ੀ ਪੂੰਜੀ ਦੇ ਰਾਹੁਲ ਗਾਂਧੀ ਦੇ ਇਸ ਸ਼ੋਸ਼ੇ ਬਾਰੇ ਸੁਖਬੀਰ ਸਿੰਘ ਬਾਦਲ ਨੇ ਕੁਝ ਕਿਹਾ ਹੀ ਨਹੀਂ, ਕਿਉਂਕਿ ਨਸ਼ੇ ਬਾਰੇ 70% ਨਾਲੋਂ ਵੱਧ 75% ਦਾ ਹਲਫੀਆ ਬਿਆਨ ਦੇਣ ਵਾਂਗ ਇਸ ਬਾਰੇ ਵੀ ਉਹ ਪਿਛਲੇ ਸਾਲ ਕੇਂਦਰ ਦੇ ਵਪਾਰ ਮੰਤਰੀ ਨੂੰ ਚਿੱਠੀ ਲਿਖ ਚੁੱਕੇ ਸਨ ਕਿ ਇਹ ਕੰਮ ਜਲਦੀ ਹੋ ਜਾਣਾ ਚਾਹੀਦਾ ਹੈ। ਜਦੋਂ ਮੋਟੇ ਮਾਮਲਿਆਂ ਵਿਚ ਦੋਵਾਂ ਧਿਰਾਂ ਦੀ ਇੱਕੋ ਸੁਰ ਹੋਵੇ, ਓਦੋਂ ਨਸ਼ਿਆਂ ਦੇ 70 ਜਾਂ 75% ਦਾ ਗਿੱਲਾ ਪੀਹਣ ਪੀਸਣਾ ਰਾਜਨੀਤੀ ਲਈ ਦੋਵਾਂ ਨੂੰ ਵੱਧ ਲਾਹੇਵੰਦਾ ਜਾਪ ਸਕਦਾ ਹੈ।

ਸਾਨੂੰ ਇਨ੍ਹਾਂ ਦੋਵਾਂ ਦੀ ਦੂਸਰੀ ਗੱਲ ਵਾਲੀ ਇੱਕ-ਸੁਰਤਾ ਉਤੇ ਇਹ ਇਤਰਾਜ਼ ਹੈ ਕਿ ਉਹ ਵਿਦੇਸ਼ੀ ਪੂੰਜੀ ਨੂੰ ਸੱਦੇ ਦੇਣ ਲੱਗੇ ਹੋਏ ਹਨ, ਜਿਸ ਨੇ ਆਣ ਕੇ ਸਾਡੇ ਦੇਸ਼ ਦੇ ਲੋਕਾਂ ਦਾ ਸਾਹ ਹੋਰ ਘੁੱਟ ਦੇਣਾ ਹੈ। ਕੁਝ ਲੋਕ ਇਹ ਕਹਿੰਦੇ ਹਨ ਕਿ ਜਦੋਂ ਉਹ ਕੰਪਨੀਆਂ ਆਈਆਂ ਤਾਂ ਪੁਰਾਣਾ ਈਸਟ ਇੰਡੀਆ ਕੰਪਨੀ ਦਾ ਤਜਰਬਾ ਦੁਹਰਾਉਣ ਲੱਗ ਜਾਣਗੀਆਂ, ਜਿਸ ਦੇ ਸਿੱਟੇ ਵਜੋਂ ਭਾਰਤ ਗੁਲਾਮ ਹੋਇਆ ਸੀ ਤੇ ਫਿਰ ਆਜ਼ਾਦ ਕਰਾਉਣ ਲਈ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ ਸਨ। ਖਦਸ਼ਾ ਠੀਕ ਹੁੰਦੇ ਹੋਏ ਵੀ ਇਹ ਗੱਲ ਸਿਰਫ ਇਥੋਂ ਤੱਕ ਸੀਮਤ ਨਹੀਂ, ਸਗੋਂ ਪਿਛਲੇ ਦਿਨਾਂ ਦੀਆਂ ਘਟਨਾਵਾਂ ਨੇ ਦੱਸ ਦਿੱਤਾ ਹੈ ਕਿ ਈਸਟ ਇੰਡੀਆ ਕੰਪਨੀ ਵਰਗੀਆਂ ਕੰਪਨੀਆਂ ਦੀ ਲੋੜ ਇਸ ਕਰ ਕੇ ਵੀ ਨਹੀਂ ਕਿ ਸਾਡੇ ਤਾਂ ਆਪਣੇ ਅੰਦਰ ਹੀ ਈਸਟ ਇੰਡੀਆ ਕੰਪਨੀ ਨਾਲੋਂ ਵੱਡੀ ਲੁੱਟ ਮਚਾਉਣ ਵਾਲੀ 'ਇੰਡੀਆ ਕੰਪਨੀ' ਦੀਆਂ ਬਰਾਂਚਾਂ ਹਰ ਪਾਰਟੀ ਵਿਚ ਖੁੱਲ੍ਹੀਆਂ ਪਈਆਂ ਹਨ।

ਹੁਣੇ-ਹੁਣੇ ਇੱਕ ਵੱਡਾ ਮਾਮਲਾ ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਦਾ ਸਾਹਮਣੇ ਆਇਆ ਹੈ। ਇੱਕ ਵੱਡੀ ਰੀਅਲ ਅਸਟੇਟ ਕੰਪਨੀ ਡੀ ਐਲ ਐਫ ਵਾਲਿਆਂ ਨੇ ਉਸ ਨੂੰ ਸੌ ਵਲਾਵੇਂ ਪਾ ਕੇ 300 ਕਰੋੜ ਰੁਪਏ ਦੀ ਕਮਾਈ ਕਰਵਾ ਦਿੱਤੀ ਤੇ ਅੱਗੋਂ ਉਸ ਦੀ ਕ੍ਰਿਪਾ ਨਾਲ ਕੰਪਨੀ ਦਾ ਆਪਣਾ ਇਸ ਤੋਂ ਪੰਜ ਗੁਣਾ ਦੇ ਕਰੀਬ ਫਾਇਦਾ ਹੋ ਗਿਆ। ਕਮਾਲ ਦੀ ਗੱਲ ਇਹ ਕਿ ਰਾਬਰਟ ਵਾਡਰਾ ਦਾ ਮਾਮਲਾ ਸਾਹਮਣੇ ਆਉਣ ਪਿੱਛੋਂ ਹਿਮਾਚਲ ਪ੍ਰਦੇਸ਼ ਦੇ ਭਾਜਪਾ ਆਗੂ ਤੇ ਸਾਬਕਾ ਮੁੱਖ ਮੰਤਰੀ ਸ਼ਾਂਤਾ ਕੁਮਾਰ ਨੇ ਅਰਵਿੰਦ ਕੇਜਰੀਵਾਲ ਨੂੰ ਚਿੱਠੀ ਲਿਖ ਕੇ ਕਿਹਾ ਕਿ ਹਿਮਾਚਲ ਵਿਚ ਸੋਨੀਆ ਗਾਂਧੀ ਦੀ ਧੀ ਪ੍ਰਿਅੰਕਾ ਗਾਂਧੀ ਨੇ ਜਿਹੜੀ ਜਾਇਦਾਦ ਬਣਾਈ ਹੈ, ਉਸ ਦੀ ਜਾਂਚ ਵੀ ਕਰਵਾਓ। ਅਰਵਿੰਦ ਕੇਜਰੀਵਾਲ ਨੇ ਚਿੱਠੀ ਪ੍ਰੈਸ ਵਿਚ ਪੇਸ਼ ਕਰ ਦਿੱਤੀ ਕਿ ਉਥੇ ਸਰਕਾਰ ਭਾਜਪਾ ਦੀ ਆਪਣੀ ਹੈ ਤੇ ਭਾਜਪਾ ਦਾ ਸਾਬਕਾ ਮੁੱਖ ਮੰਤਰੀ ਸਾਨੂੰ ਪੜਤਾਲ ਕਰਵਾਉਣ ਨੂੰ ਕਹਿ ਰਿਹਾ ਹੈ, ਆਪਣੀ ਸਰਕਾਰ ਨੂੰ ਨਹੀਂ ਕਹਿ ਰਿਹਾ। ਫਿਰ ਮਾਮਲਾ ਭਾਜਪਾ ਦੇ ਮੌਜੂਦਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦੇ ਸਾਹਮਣੇ ਉਠ ਪਿਆ। ਉਸ ਨੇ ਸਾਫ ਹੀ ਕਹਿ ਦਿੱਤਾ ਕਿ ਕਿਸੇ ਜਾਂਚ ਦੀ ਲੋੜ ਨਹੀਂ, ਸਾਰੇ ਲੋਕ ਘਰ ਬਣਾਉਂਦੇ ਹਨ, ਜੇ ਸੋਨੀਆ ਗਾਂਧੀ ਦੀ ਧੀ ਨੇ ਬਣਾ ਲਿਆ ਤਾਂ ਇਸ ਵਿਚੋਂ ਪੜਤਾਲ ਦੀ ਲੋੜ ਨਹੀਂ ਨਿਕਲ ਆਉਂਦੀ।

ਆਖਰ ਇਹ ਬੇਤੁਕਾ ਪੈਂਤੜਾ ਹਿਮਾਚਲ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੇ ਕਿਉਂ ਲਿਆ? ਸ਼ਾਇਦ ਇਸ ਲਈ ਕਿ ਜਿਹੜੀ ਡੀ ਐਲ ਐਫ ਕੰਪਨੀ ਨੇ ਸੋਨੀਆ ਗਾਂਧੀ ਦੇ ਦਾਮਾਦ ਨੂੰ ਮਾਲਾ-ਮਾਲ ਕੀਤਾ ਹੈ, ਉਹ ਭਾਜਪਾ ਦੀ ਲੀਡਰਸ਼ਿਪ ਵਿਚ ਵੀ ਆਪਣੀ ਚਵਾਨੀ-ਪੱਤੀ ਰੱਖਦੀ ਹੈ। ਗੁਜਰਾਤ ਵਿਚ ਇਹ ਗੱਲ ਜ਼ਾਹਰ ਵੀ ਹੋ ਗਈ ਹੈ। ਉਥੇ ਭਾਜਪਾ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਈਮਾਨਦਾਰੀ ਦੇ ਨਗਾਰੇ ਦਿੱਲੀ ਤੱਕ



ਸੁਰੇਸ਼ ਚੰਦੇਲ


ਵਜਾਏ ਜਾਂਦੇ ਹਨ, ਪਰ ਹੁਣ ਪਤਾ ਲੱਗਾ ਹੈ ਕਿ ਕੌਡੀਆਂ ਦੇ ਭਾਅ ਜਿਵੇਂ ਕਿਸਾਨਾਂ ਦੀ ਜ਼ਮੀਨ ਖੋਹ ਕੇ ਡੀ ਐਲ ਐਫ ਕੰਪਨੀ ਨੂੰ ਹਰਿਆਣੇ ਦੇ ਕਾਂਗਰਸੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਦਿੱਤੀ ਹੈ, ਉਦਾਂ ਹੀ ਗੁਜਰਾਤ ਵਿਚ ਨਰਿੰਦਰ ਮੋਦੀ ਨੇ ਵੀ ਦਿੱਤੀ ਹੈ। ਹਰਿਆਣੇ ਦੇ ਮਾਮਲੇ ਵਿਚੋਂ ਸੋਨੀਆ ਗਾਂਧੀ ਦੇ ਦਾਮਾਦ ਨੂੰ ਇਸ ਕੰਪਨੀ ਤੋਂ ਮਾਲ ਮਿਲ ਜਾਣ ਦਾ ਪਤਾ ਲੱਗਾ ਹੈ ਤਾਂ ਗੁਜਰਾਤ ਵਿਚ ਕਿਸੇ ਦੀ ਜੁਰਅੱਤ ਹੀ ਨਹੀਂ ਕਿ ਨਰਿੰਦਰ ਮੋਦੀ ਦੇ ਹੁੰਦਿਆਂ ਬਾਹਰੋਂ ਆਣ ਕੇ ਬੁਰਕੀ ਮਾਰ ਜਾਵੇ। ਇਸ ਕੰਪਨੀ ਦੇ ਇਹ ਸਬੰਧ ਤਾਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਤੱਕ ਵੀ ਨਿਕਲ ਰਹੇ ਹਨ।

ਸਾਡੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਇਸ ਰੀਅਲ ਅਸਟੇਟ ਕੰਪਨੀ ਬਾਰੇ ਕੁਝ ਬੋਲਣ ਤੋਂ ਟਾਲਾ ਵੱਟਿਆ ਹੈ। ਇੱਕ ਥਾਂ ਉਨ੍ਹਾਂ ਨੂੰ ਸਿੱਧਾ ਪੁੱਛ ਲਿਆ ਗਿਆ ਕਿ ਸੋਨੀਆ ਗਾਂਧੀ ਦੇ ਦਾਮਾਦ ਨੂੰ ਇੱਕ ਕੰਪਨੀ ਨੇ ਕਰੋੜਾਂ ਰੁਪਏ ਦਾ ਲਾਭ ਪੁਚਾਇਆ ਹੈ, ਤੁਸੀਂ ਉਸ ਦੇ ਬਾਰੇ ਕੀ ਕਹੋਗੇ? ਬਾਦਲ ਸਾਹਿਬ ਹੋਰ ਹਰ ਗੱਲ ਬਾਰੇ ਬੋਲਣ ਲਈ ਕਿਸੇ ਵੀ ਵਕਤ ਤਿਆਰ ਹੁੰਦੇ ਹਨ, ਪਰ ਇਸ ਸਵਾਲ ਦੇ ਜਵਾਬ ਵਿਚ ਉਨ੍ਹਾਂ ਇਹ ਕਹਿ ਦਿੱਤਾ ਕਿ ਮੈਨੂੰ ਇਸ ਦੀ ਪੂਰੀ ਜਾਣਕਾਰੀ ਨਹੀਂ, ਇਸ ਕਰ ਕੇ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ। ਕਿਸੇ ਸਵਾਲ ਨੂੰ ਟਾਲਣ ਦਾ ਇਸ ਤੋਂ ਵਧੀਆ ਢੰਗ ਹੋਰ ਕੋਈ ਨਹੀਂ ਹੋ ਸਕਦਾ। ਉਂਜ ਉਹ ਕੰਪਨੀ ਪੰਜਾਬ ਵਿਚ ਵੀ ਕੰਮ ਕਰ ਰਹੀ ਹੈ। ਕੁਝ ਲੋਕ ਇਹ ਸਿੱਟਾ ਕੱਢ ਸਕਦੇ ਹਨ ਕਿ ਜੋ ਕੰਪਨੀ ਹਰ ਰਾਜ ਵਿਚ ਕੰਮ ਕਰਦੇ ਸਮੇਂ ਉਥੋਂ ਦੇ ਰਾਜ ਕਰਦੇ ਤੇ ਉਸ ਰਾਜ ਵਿਚ ਕੱਲ੍ਹ ਨੂੰ ਅੱਗੇ ਆ ਸਕਦੇ ਸਾਰੇ ਰਾਜਸੀ ਲੀਡਰਾਂ ਦਾ ਨੋਗਾ ਕੱਢਣ ਗਿੱਝ ਚੁੱਕੀ ਹੈ, ਉਸ ਨੇ ਇਸ ਦੇਸ਼ ਵਿਚ ਸ਼ਾਇਦ ਹੀ ਕੋਈ ਪਾਰਟੀ ਛੱਡੀ ਹੋਵੇਗੀ, ਜਿਸ 'ਚ ਕੁੰਡੀ ਨਹੀਂ ਪਾਈ ਹੋਵੇਗੀ। ਕੁੰਡੀ ਪਾਉਣ ਦੀ ਦੇਰ ਹੈ, ਵਿਕਣ ਦੇ ਚਾਹਵਾਨ ਤਾਂ ਭਾਰਤ ਦੀ ਰਾਜਨੀਤੀ ਵਿਚ ਹੁਣ ਆਮ ਹੀ ਲੱਭ ਜਾਂਦੇ ਹਨ।

ਵਿਕਣ ਦੇ ਚਾਹਵਾਨ ਰਾਜਸੀ ਆਗੂਆਂ ਦੀ ਗੱਲ ਆਵੇ ਤਾਂ ਸਾਨੂੰ 2005 ਦਾ ਉਹ ਵਕਤ ਯਾਦ ਕਰਨਾ ਚਾਹੀਦਾ ਹੈ, ਜਦੋਂ ਦੇਸ਼ ਦੀ ਪਾਰਲੀਮੈਂਟ ਦੇ ਗਿਆਰਾਂ ਮੈਂਬਰ ਇੱਕ ਟੀ ਵੀ ਚੈਨਲ ਦੇ ਸਟਿੰਗ ਅਪਰੇਸ਼ਨ ਨੇ ਇਹ ਸੌਦਾ ਮਾਰਦੇ ਵਿਖਾਏ ਗਏ ਸਨ ਕਿ ਉਹ ਪੈਸੇ ਲੈ ਕੇ ਹਾਊਸ ਵਿਚ ਦੱਸਿਆ ਗਿਆ ਸਵਾਲ ਵੀ ਪੇਸ਼ ਕਰ ਦੇਣਗੇ। ਇਸ ਨਾਲ ਦੇਸ਼ ਦੀ ਰਾਜਨੀਤੀ ਵਿਚ ਭੁਚਾਲ ਆ ਗਿਆ ਸੀ। ਉਨ੍ਹਾਂ ਗਿਆਰਾਂ ਨੂੰ ਪਾਰਲੀਮੈਂਟ ਤੋਂ ਖਾਰਜ ਕੀਤਾ ਗਿਆ ਸੀ। ਹਫਤਾ ਇੱਕ ਨਹੀਂ ਸੀ ਲੰਘਿਆ ਤੇ ਇੱਕ ਹੋਰ ਸਟਿੰਗ ਅਪਰੇਸ਼ਨ ਵਿਚ 7 ਪਾਰਲੀਮੈਂਟ ਮੈਂਬਰ ਆਪੋ ਆਪਣੇ ਹਲਕੇ ਦੇ ਵਿਕਾਸ ਲਈ ਮਿਲਦੇ ਫੰਡ ਵਿਚੋਂ ਹਿੱਸਾ-ਪੱਤੀ ਲੈ ਕੇ ਗਰਾਂਟਾਂ ਜਾਰੀ ਕਰਦੇ ਫਸ ਗਏ ਸਨ। ਇਹ ਸਾਡੀ ਰਾਜਨੀਤੀ ਦਾ ਪੱਧਰ ਸੀ। ਭਾਜਪਾ ਦੀ ਪਾਰਲੀਮੈਂਟ ਵਿਚ ਬਹੁ-ਸੰਮਤੀ ਨਹੀਂ ਸੀ, ਪਰ ਵਿਕਾਊ ਮਾਲ ਬਣ ਗਏ ਚੁਣੇ ਹੋਏ ਪ੍ਰਤੀਨਿਧਾਂ ਵਿਚੋਂ ਬਹੁ-ਸੰਮਤੀ ਹੋ ਗਈ, ਕਿਉਂਕਿ ਪਹਿਲੇ ਗਿਆਰਾਂ ਬਰਖਾਸਤ ਕੀਤੇ ਜਾਣ ਵਾਲਿਆਂ ਵਿਚ ਛੇ ਉਸ ਇਕੱਲੀ ਪਾਰਟੀ ਦੇ ਸਨ। ਬਦਨਾਮੀ ਦੀ ਓੜਕ ਹੋ ਚੁੱਕਣ ਤੋਂ ਪਿੱਛੋਂ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਉਨ੍ਹਾਂ ਦੀ ਪਾਰਟੀ ਨੇ ਰਾਜਸੀ ਦ੍ਰਿਸ਼ ਤੋਂ ਪਾਸੇ ਰੱਖਿਆ ਤੇ ਜਿੱਥੇ ਬਹੁਤੀ ਲੋੜ ਜਾਪੀ, ਉਨ੍ਹਾਂ ਦੇ ਘਰ ਦੇ ਕਿਸੇ ਨਾ ਕਿਸੇ ਜੀਅ ਨੂੰ ਕੋਈ ਛੋਟੀ-ਮੋਟੀ ਕਲਗੀ ਲਾ ਛੱਡੀ ਸੀ। ਹੁਣ ਉਨ੍ਹਾਂ ਦੇ ਬਨਵਾਸ ਦੇ ਦਿਨ ਵੀ ਖਤਮ ਹੁੰਦੇ ਜਾਪ ਰਹੇ ਹਨ ਤੇ ਇਹ ਸ਼ੁਰੂਆਤ ਫਿਰ ਭਾਜਪਾ ਨੇ ਕਰ ਦਿੱਤੀ ਹੈ, ਜਿਸ ਦਾ ਕੰਮ ਵਿਰੋਧੀ ਧਿਰ ਦੀ ਆਗੂ ਵਜੋਂ ਦੇਸ਼ ਦੀ ਰਾਜਨੀਤੀ ਨੂੰ ਲੀਹੋਂ ਲਹਿਣ ਤੋਂ ਬਚਾਉਣ ਦਾ ਹੋਣਾ ਚਾਹੀਦਾ ਹੈ। ਪਹਿਲਾਂ ਭਾਜਪਾ ਨੇ ਛੱਤੀਸਗੜ੍ਹ ਵਿਚ ਉਦੋਂ ਦੇ ਬਰਖਾਸਤ ਕੀਤੇ ਹੋਏ ਇੱਕ ਸਾਬਕਾ ਐਮ ਪੀ ਨੂੰ ਸੂਬਾ ਪੱਧਰ ਦਾ ਅਹੁਦਾ ਦੇ ਕੇ ਵੇਖਿਆ ਤੇ ਜਦੋਂ ਇਸ ਬਾਰੇ ਕੋਈ ਰੌਲਾ ਨਾ ਪਿਆ ਤਾਂ ਹੁਣ ਹਿਮਾਚਲ ਪ੍ਰਦੇਸ਼ ਵਿਚ ਅਗਲਾ ਕੰਮ ਕਰ ਦਿੱਤਾ ਹੈ। ਉਦੋਂ ਸਵਾਲ ਪੁੱਛਣ ਲਈ ਪੈਸੇ ਚੁੱਕਣ ਦੇ ਗੁਨਾਹ ਬਦਲੇ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਪਾਰਲੀਮੈਂਟ ਹਲਕੇ ਦੇ ਜਿਸ ਭਾਜਪਾ ਐਮ ਪੀ ਸੁਰੇਸ਼ ਚੰਦੇਲ ਨੂੰ ਬਰਖਾਸਤ ਕੀਤਾ ਗਿਆ ਸੀ, ਉਸ ਨੂੰ ਹੁਣ ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਨੇ ਵਿਧਾਨ ਸਭਾ ਚੋਣਾਂ ਦੀ ਟਿਕਟ ਦੇ ਦਿੱਤੀ ਹੈ। ਇਹ ਰਾਜਨੀਤੀ ਦੇ ਖੇਤਰ ਵਿਚ ਬਾਕੀ ਪਾਰਟੀਆਂ ਨੂੰ ਖੇਹ ਉਡਾਉਣ ਲਈ ਬੇਸ਼ਰਮ ਹੋ ਜਾਣ ਦਾ ਸਿੱਧਾ ਇਸ਼ਾਰਾ ਹੈ, ਜਿਸ ਨੂੰ ਆਧਾਰ ਬਣਾ ਕੇ ਉਹ ਵੀ ਆਪੋ ਆਪਣੇ ਕਮਾਊ-ਪੁੱਤਾਂ ਨੂੰ ਫਿਰ ਅੱਗੇ ਲੈ ਆਉਣਗੀਆਂ।

ਜੇ ਇਹ ਦਾਗੀ ਬੰਦੇ ਅੱਗੇ ਨਾ ਲਿਆਂਦੇ ਜਾਣ ਤਾਂ ਇਨ੍ਹਾਂ ਕੋਲ ਕਮਾਊ-ਪੁੱਤਾਂ ਦੀ ਉਦਾਂ ਵੀ ਕਿਹੜੀ ਕਮੀ ਸੀ? ਸਾਡੇ ਕੋਲ ਹੁਣੇ-ਹੁਣੇ ਇੱਕ ਮਾਮਲਾ ਭਾਰਤ ਸਰਕਾਰ ਦੇ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਤੇ ਉਸ ਦੀ ਪਤਨੀ ਲੂਈਸ ਖੁਰਸ਼ੀਦ ਵੱਲੋਂ ਕੀਤੇ ਗਏ ਘਾਲੇ-ਮਾਲੇ ਦਾ ਆਇਆ ਹੈ। ਸਲਮਾਨ ਖੁਰਸ਼ੀਦ ਦਾ ਨਾਨਾ ਡਾ. ਜ਼ਾਕਿਰ ਹੁਸੈਨ ਕਿਸੇ ਸਮੇਂ ਭਾਰਤ ਦਾ ਰਾਸ਼ਟਰਪਤੀ ਹੁੰਦਾ ਸੀ ਤੇ ਉਹ ਬੜਾ ਸਤਿਕਾਰਿਆ ਹੋਇਆ ਆਗੂ ਸੀ। ਇਸ ਦੋਹਤੇ ਨੇ ਨਾਲਾਇਕੀ ਕਰਨ ਲਈ ਆਪਣੇ ਉਸ ਸਤਿਕਾਰੇ ਹੋਏ ਮਰਹੂਮ ਨਾਨੇ ਦੇ ਨਾਂ ਉਤੇ ਇੱਕ ਟਰੱਸਟ ਬਣਾ ਲਿਆ, ਜਿਸ ਦਾ ਖੁਦ ਚੇਅਰਮੈਨ ਬਣ ਕੇ ਆਪਣੀ ਬੀਵੀ ਨੂੰ ਉਸ ਦੀ ਸਕੱਤਰ ਬਣਾਇਆ ਅਤੇ ਗਰਾਂਟਾਂ ਦੇ ਗੱਫੇ ਇਸ ਟਰੱਸਟ ਨੂੰ ਕੇਂਦਰ ਤੇ ਰਾਜ ਸਰਕਾਰਾਂ ਤੋਂ ਮਿਲਣ ਲੱਗ ਪਏ। ਤਾਜ਼ਾ ਖੁਲਾਸਾ ਇਹ ਹੈ ਕਿ ਅੰਗਹੀਣਾਂ ਦੀ ਭਲਾਈ ਲਈ ਬਣਾਏ ਉਸ ਟਰੱਸਟ ਵੱਲੋਂ ਜਿਨ੍ਹਾਂ ਅੰਗਹੀਣ ਲੋਕਾਂ ਨੂੰ ਪਹੀਆਂ ਵਾਲੀਆਂ ਕੁਰਸੀਆਂ ਦਿੱਤੀਆਂ ਜਾਣ ਦੇ ਬਿੱਲ ਬਣਾਏ ਗਏ, ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਕਦੇ ਕਿਸੇ ਨੇ ਖਾਲੀ ਪਹੀਆ ਵੀ ਨਹੀਂ ਦਿੱਤਾ। ਜਿਨ੍ਹਾਂ ਤਰੀਕਾਂ ਨੂੰ ਉਥੇ ਸਮਾਗਮ ਕੀਤੇ ਅਤੇ ਸਮਾਗਮਾਂ ਵਿਚ ਜ਼ਿਲ੍ਹੇ ਦੇ ਅਫਸਰਾਂ ਦੇ ਹਾਜ਼ਰ ਹੋਣ ਦੀ ਕਾਰਵਾਈ ਪਾਈ ਗਈ, ਉਨ੍ਹਾਂ ਦਿਨਾਂ ਵਿਚ ਉਥੇ ਕੋਈ ਸਮਾਗਮ ਹੀ ਨਹੀਂ ਹੋਏ ਤੇ ਸਮਾਗਮ ਵਿਚ ਹਾਜ਼ਰ ਦੱਸੇ ਗਏ ਆਗੂ ਤੇ ਅਫਸਰ ਉਸ ਥਾਂ ਤੋਂ ਸੈਂਕੜੇ ਮੀਲ ਦੂਰ ਹੋਰ ਸਮਾਗਮਾਂ ਵਿਚ ਮੌਜੂਦ ਹੋਣ ਦਾ ਸਬੂਤ ਮਿਲ ਰਿਹਾ ਹੈ। ਇੱਕ ਟੀ ਵੀ ਚੈਨਲ ਨੇ ਦੋਸ਼ ਲਾਏ ਤਾਂ ਖੁਰਸ਼ੀਦ ਮੀਆਂ-ਬੀਵੀ ਨੇ ਉਸ ਦੇ ਖਿਲਾਫ ਮਾਣ-ਹਾਨੀ ਦਾ ਕੇਸ ਕਰਨ ਦੀ ਧਮਕੀ ਦੇ ਦਿੱਤੀ, ਪਰ ਦੇਸ਼ ਦੀ ਪੜਤਾਲ ਕਰਨ ਵਾਲੀ ਸਭ ਤੋਂ ਵੱਡੀ ਏਜੰਸੀ ਕੈਗ ਵੱਲੋਂ ਵੀ ਰਿਪੋਰਟ ਆ ਗਈ ਹੈ ਕਿ ਸਾਰਾ ਕਿੱਸਾ ਝੂਠੇ ਕਾਗਜ਼ਾਂ ਉਤੇ ਆਧਾਰਤ ਹੈ। ਖੁਰਸ਼ੀਦ ਅਜੇ ਵੀ ਭਾਰਤ ਦਾ 'ਮਾਣਯੋਗ' ਮੰਤਰੀ ਹੈ।

ਇਹ ਉਹੋ ਸਲਮਾਨ ਖੁਰਸ਼ੀਦ ਹੈ, ਜਿਸ ਨੇ ਕੁਝ ਸਾਲ ਪਹਿਲਾਂ 1968 ਦੇ ਬਣੇ ਹੋਏ ਉਸ 'ਐਨੀਮੀ ਪ੍ਰਾਪਰਟੀ ਐਕਟ' ਨੂੰ ਸੋਧਣ ਲਈ ਅਗਵਾਈ ਕੀਤੀ ਸੀ, ਜਿਹੜਾ ਵੰਡ ਵੇਲੇ ਭਾਰਤ ਦੀ ਥਾਂ ਪਾਕਿਸਤਾਨ ਚਲੇ ਗਏ ਵੱਡੇ ਘਰਾਣਿਆਂ ਦੀ ਜਾਇਦਾਦ ਨੂੰ ਭਾਰਤ ਸਰਕਾਰ ਦੇ ਵਿਭਾਗਾਂ ਦੇ ਹੱਥ ਸੌਂਪਣ ਨਾਲ ਸਬੰਧਤ ਸੀ। ਮਹਿਮੂਦਾਬਾਦ ਦਾ ਰਾਜਾ ਮੁਹੰਮਦ ਖਾਨ ਵੀ ਵੰਡ ਵੇਲੇ ਪਾਕਿਸਤਾਨ ਵੱਲ ਹੋ ਗਿਆ ਸੀ, ਉਸ ਨੇ ਆਪਣੀ ਉਦੋਂ ਦੀ ਏਧਰ ਛੱਡੀ ਹੋਈ ਜਾਇਦਾਦ ਦੇ ਹੱਕ ਦਾ ਕੇਸ ਕੁਝ ਸਾਲ ਪਹਿਲਾਂ ਭਾਰਤ ਸਰਕਾਰ ਦੇ ਵਿਰੁਧ ਸਾਡੇ ਦੇਸ਼ ਦੀ ਅਦਾਲਤ ਵਿਚ ਕੀਤਾ ਤਾਂ ਸਲਮਾਨ ਖੁਰਸ਼ੀਦ ਉਸ ਦਾ ਵਕੀਲ ਬਣਿਆ ਸੀ। ਵਕੀਲ



ਸਲਮਾਨ ਖੁਰਸ਼ੀਦ

ਵਜੋਂ ਜਦੋਂ ਉਹ ਇੱਕ ਪਾਰਟੀ ਦਾ ਕੇਸ ਲੜ ਰਿਹਾ ਸੀ, ਉਸ ਦੇ ਪੱਖ ਵਿਚ ਕਾਨੂੰਨ ਬਣਵਾਉਣ ਲਈ ਬਿੱਲ ਪੇਸ਼ ਕਰਨ ਵਾਲਿਆਂ ਵਿਚ ਉਸ ਨੂੰ ਸ਼ਾਮਲ ਨਹੀਂ ਸੀ ਹੋਣਾ ਚਾਹੀਦਾ, ਕਿਉਂਕਿ ਇਸ ਨੂੰ ਪਾਰਲੀਮੈਂਟਰੀ ਅਸੂਲਾਂ ਦੇ ਖਿਲਾਫ ਮੰਨਿਆ ਜਾਂਦਾ ਹੈ, ਪਰ ਸਲਮਾਨ ਖੁਰਸ਼ੀਦ ਨੇ ਇਹ ਕੰਮ ਵੀ ਕਰ ਦਿਤਾ ਸੀ। ਇਹੋ ਨਹੀਂ, ਸਲਮਾਨ ਖੁਰਸ਼ੀਦ ਦੀ ਪਾਰਟੀ ਦੀ ਅਗਵਾਈ ਹੇਠਲੀ ਸਰਕਾਰ ਨੇ ਇਸਲਾਮੀ ਦਹਿਸ਼ਤਗਰਦ ਜਥੇਬੰਦੀ 'ਸਿਮੀ' ਉਤੇ ਪਾਬੰਦੀ ਲਾ ਦਿੱਤੀ ਤਾਂ ਸਲਮਾਨ ਖੁਰਸ਼ੀਦ ਉਸ ਵੱਲੋਂ ਵੀ ਵਕੀਲ ਬਣ ਕੇ ਅਦਾਲਤ ਵਿਚ ਪੇਸ਼ ਹੋਇਆ ਸੀ ਪਰ ਅਦਾਲਤ ਨੇ ਮੌਕੂ ਠੱਪ ਕੇ ਬਿਠਾ ਦਿੱਤਾ ਸੀ।

ਜਿਹੜੇ ਹਾਲਾਤ ਇਸ ਵਕਤ ਭਾਰਤ ਦੇਸ਼ ਵਿਚ ਇਨ੍ਹਾਂ ਰਾਜਸੀ ਆਗੂਆਂ ਦੀ ਕ੍ਰਿਪਾ ਨਾਲ ਬਣੇ ਪਏ ਹਨ, ਉਨ੍ਹਾਂ ਦਾ ਸਹੀ-ਸਹੀ ਖੁਲਾਸਾ ਕਰਨਾ ਹੋਵੇ ਤਾਂ ਇੱਕ ਚੁਟਕੁਲਾ ਕਾਫੀ ਰਹੇਗਾ। ਦੁਪਹਿਰ ਵੇਲੇ ਦੋ ਘੜੀਆਂ ਆਰਾਮ ਕਰਨ ਲਈ ਸੌਂ ਗਏ ਇੱਕ ਬੰਦੇ ਨੂੰ ਘੰਟੀ ਦੀ ਆਵਾਜ਼ ਨੇ ਉਠਾਇਆ ਤਾਂ ਉਸ ਨੇ ਬਾਹਰ ਜਾ ਕੇ ਵੇਖਿਆ। ਸਾਹਮਣੇ ਕਿਸੇ ਕੰਪਨੀ ਦਾ ਇੱਕ ਸੇਲਜ਼ਮੈਨ ਖੜਾ ਸੀ, ਜਿਸ ਨੇ ਪੁੱਛਿਆ, 'ਸਰ, ਚੰਪਾ ਦੀ ਬੂਟੀ ਹੈ, ਕੀ ਤੁਸੀਂ ਲੈਣੀ ਚਾਹੋਗੇ?' ਖਿਝੇ ਪਏ ਉਸ ਬੰਦੇ ਨੇ ਕਿਹਾ ਸੀ, 'ਨਹੀਂ, ਇਹ ਚੰਪਾ ਦੇ ਕੋਲ ਰਹਿਣ ਦਿਓ, ਮੇਰੇ ਕੋਲ ਆਪਣੀ ਵੀ ਹੈ।' ਵਿਦੇਸ਼ੀ ਪੂੰਜੀ ਨੂੰ ਸੱਦੇ ਦੇਣ ਦੇ ਖਿਲਾਫ ਅਸੀਂ ਇਸ ਸੋਚ ਦੇ ਕਾਰਨ ਵੀ ਹਾਂ ਕਿ ਜਦੋਂ ਸਾਡੇ ਆਪਣੇ ਕੋਲ ਕੁਝ ਭਾਜਪਾ ਦੇ ਸੁਰੇਸ਼ ਚੰਦੇਲ ਤੇ ਕਾਂਗਰਸ ਦੇ ਸਲਮਾਨ ਖੁਰਸ਼ੀਦ ਮੌਜੂਦ ਹਨ, ਸਾਡੇ ਲੋਕਾਂ ਦਾ ਮਾਸ ਚੂੰਡਣ ਦਾ ਕੰਮ ਇਨ੍ਹਾਂ ਨੇ ਹੀ ਕਰ ਛੱਡਣਾ ਹੈ, ਵਿਦੇਸ਼ੀ ਕੰਪਨੀਆਂ ਨੂੰ ਏਥੇ ਸੱਦਣ ਦੀ ਭਲਾ ਲੋੜ ਕੀ ਰਹਿ ਜਾਂਦੀ ਹੈ? ਉਨ੍ਹਾਂ ਕੰਪਨੀਆਂ ਦਾ ਤਾਂ ਮੁੱਦਾ ਹੀ ਵੱਖਰਾ ਹੈ, ਸਾਡੇ ਦੇਸ਼ ਦੇ ਲੋਕਾਂ ਨੂੰ ਬੁੱਕਲ ਦੇ ਸੱਪਾਂ ਤੋਂ ਬਚਣ ਬਾਰੇ ਪਹਿਲਾਂ ਸੋਚਣਾ ਚਾਹੀਦਾ ਹੈ।

ਰੇਡੀਓ ਚੜ੍ਹਦੀ ਕਲਾ ਸੁਣੋ
ਹੁਣ ਦੁਨੀਆਂ ਭਰ ਵਿਚ
www.radiock.com 'ਤੇ
RADIO CHARDI KALA
ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ
Wifi Radio ਦੁਨੀਆਂ ਭਰ ਵਿਚ ਚਲਦਾ ਹੈ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ,
ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
>Preet Fabric, Fremont >Kash Fabrics, Hayward
>Sidhartha International, Fremont
>Shalimar, Union City >Mann Grocery Market, Yuba City
ਰੇਡੀਓ ਤੁਸੀਂ ਫੋਨ
832-551-5038
510-972-0442
'ਤੇ ਵੀ ਸੁਣ ਸਕਦੇ ਹੋ
Khalsa Radio
"Independent Voice"
ਗੁਰਬਾਣੀ ਪ੍ਰੋਗਰਾਮ 24/7/365
ਫੋਨ 'ਤੇ ਸੁਣੋ 702-489-0222
www.khalsaradio.org Info@khalsaradio.org
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600
Radio CK, PO Box 296, Fremont, CA 94537

# ਇੱਕ ਹੋਰ 'ਸ਼੍ਰੋਮਣੀ' ਕਮੇਟੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਜਦ ਕਦੇ ਸਿੱਖ ਸਮਾਜ ਵਿਚ ਕੋਈ ਨਵੀਂ ਸਭਾ ਸੁਸਾਇਟੀ ਜਾਂ ਜਥੇਬੰਦੀ ਬਣਨ ਦੀ ਗੱਲ ਚੱਲਦੀ ਹੈ, ਤਦ ਮੈਨੂੰ ਚੰਡੀਗੜ੍ਹ ਵਿਚ ਹੋਏ ਇਕ ਸੈਮੀਨਾਰ ਵਿਚ ਸਾਬਕਾ ਆਈ.ਏ.ਐਸ. ਅਫਸਰ ਗੁਰਤੇਜ ਸਿੰਘ ਦੇ ਮੂੰਹੋਂ ਸੁਣੀ ਗੱਲ ਚੇਤੇ ਆ ਜਾਂਦੀ ਹੈ। ਉਹ ਦੱਸ ਰਹੇ ਸਨ ਕਿ ਉਨ੍ਹਾਂ ਸਿੱਖ ਸਿਆਸਤ ਦੀਆਂ ਕੌੜੀਆਂ-ਕੁਸੈਲੀਆਂ ਬਾਰੇ ਲੇਖ ਅਖ਼ਬਾਰ ਨੂੰ ਭੇਜਿਆ। ਹਫਤੇ ਕੁ ਬਾਅਦ ਜਦ ਉਹ ਲੇਖ ਅਖ਼ਬਾਰ ਵਿਚ ਛਪਣ ਵਾਸਤੇ ਟਾਈਪ ਹੋਣ ਉਪਰੰਤ ਮੁੱਖ ਸੰਪਾਦਕ ਦੇ ਟੇਬਲ 'ਤੇ ਗਿਆ ਤਾਂ ਸੰਪਾਦਕ ਨੇ ਉਨ੍ਹਾਂ ਨੂੰ ਫੋਨ ਕਰ ਕੇ ਪੁੱਛਿਆ ਕਿ ਤੁਹਾਡਾ ਲੇਖ ਹਫ਼ਤਾ ਪਹਿਲਾਂ ਦਾ ਲਿਖਿਆ ਹੋਇਆ ਹੈ, ਸੱਤਾਂ-ਅੱਠਾਂ ਦਿਨਾਂ ਵਿਚ ਨਵੇਂ ਅਕਾਲੀ ਦਲ ਅਤੇ ਨਵੀਆਂ ਫੈਡਰੇਸ਼ਨਾਂ ਜ਼ਰੂਰ ਹੋਂਦ ਵਿਚ ਆ ਗਈਆਂ ਹੋਣਗੀਆਂ; ਸੋ, ਕਿਰਪਾ ਕਰ ਕੇ ਸਾਨੂੰ ਇਨ੍ਹਾਂ ਦੀ ਲੇਟੈਸਟ ਗਿਣਤੀ ਭੇਜੋ ਤਾਂ ਕਿ ਅਸੀਂ ਇਸ ਲਿਖਤ ਵਿਚ 'ਅੱਪ-ਟੂ-ਡੇਟ ਫਿੱਗਰ' ਛਾਪ ਸਕੀਏ।

'ਵੋਹੀ ਬੇਢੰਗੀ ਚਾਲ ਜੋ ਪਹਿਲੇ ਥੀ, ਵੋਹ ਅਬ ਭੀ ਹੈ' ਦੇ ਸ਼ਿਅਰ ਅਨੁਸਾਰ ਤਦ ਵੀ ਲੱਖ ਸ਼ੁਕਰ ਹੁੰਦਾ ਜੇ ਅੱਜ ਕੱਲ੍ਹ ਵੀ 'ਪਹਿਲੀ ਬੇਢੰਗੀ' ਚਾਲ ਹੀ ਚੱਲ ਰਹੀ ਹੁੰਦੀ। ਜਿਹੜੀ ਚਾਲ ਹੁਣ ਸਾਡੇ ਸਾਹਮਣੇ ਚੱਲ ਰਹੀ ਹੈ, ਇਸ ਦਾ ਹਾਲ ਬਿਆਨ ਕਰਨ ਲਈ 'ਬੇਢੰਗੀ' ਨਾਲੋਂ ਵੀ ਜ਼ਿਆਦਾ ਖ਼ਤਰਨਾਕ ਸ਼ਬਦ ਚਾਹੀਦਾ ਹੈ। ਨਵੀਆਂ-ਨਵੀਆਂ ਸੰਸਥਾਵਾਂ, ਜਥੇਬੰਦੀਆਂ ਬਣਾਉਣ ਵਿਚ ਸਿੱਖਾਂ ਦਾ ਕੋਈ ਸਾਨੀ ਨਹੀਂ ਹੋਣਾ। ਇਸ ਅਵੱਲੇ ਸ਼ੌਕ ਦੀ ਬਦੌਲਤ ਗੱਲ ਇੱਥੋਂ ਤੱਕ ਪਹੁੰਚ ਚੁੱਕੀ ਹੈ ਕਿ ਕੋਈ ਚਤਰ ਤੋਂ ਚਤਰ ਪੱਤਰਕਾਰ ਵੀ ਬਾਂਹ ਕੱਢ ਕੇ ਇਹ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਅਕਾਲੀ ਦਲਾਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨਾਂ ਦੀ ਪੂਰੀ-ਪੂਰੀ ਗਿਣਤੀ ਦੱਸ ਸਕਦਾ ਹਾਂ! ਬਲਿਹਾਰੇ ਜਾਈਏ ਫੀਲਡ 'ਚ ਕੰਮ ਕਰਦੇ ਪੱਤਰਕਾਰਾਂ ਦੇ ਜਿਹੜੇ ਖ਼ਬਰਾਂ ਬਣਾਉਣ ਵੇਲੇ ਇਨ੍ਹਾਂ ਦਲਾਂ ਅਤੇ ਫੈਡਰੇਸ਼ਨਾਂ ਦੇ ਨਾਂਵਾਂ ਪਿੱਛੇ ਬ੍ਰੈਕਟਾਂ ਵਿਚ 'ਗੱਗਾ', 'ਸੱਸਾ' 'ਪੱਪਾ' ਵਗੈਰਾ ਲਿਖਦੇ ਹਨ।

ਦੇਸ ਹੋਵੇ ਜਾਂ ਪਰਦੇਸ, ਸਭ ਥਾਂਈਂ ਨਿੱਤ ਨਵੀਆਂ ਜਥੇਬੰਦੀਆਂ ਬਣਨ, ਟੁੱਟਣ ਅਤੇ ਦੋਫਾੜ ਜਾਂ ਤਿਫਾੜ ਹੋਣ ਦੀਆਂ ਖ਼ਬਰਾਂ ਲਗਾਤਾਰ ਛਪਦੀਆਂ ਰਹਿੰਦੀਆਂ ਹਨ। ਬੜੇ ਸਜੀਲੇ ਤੇ ਜੋਸ਼ੀਲੇ ਨਾਂਵਾਂ ਹੇਠ ਬਣੀਆਂ ਇਹ ਸਭਾ-ਸੁਸਾਇਟੀਆਂ ਥੋੜ੍ਹੇ ਅਰਸੇ ਬਾਅਦ ਹੀ ਪਾਟੋ-ਧਾੜ ਦਾ ਸ਼ਿਕਾਰ ਹੋ ਕੇ ਜਥੇਬੰਦੀਆਂ ਦੀ ਥਾਂ 'ਜਥੇ-ਵੰਡੀਆਂ' ਹੀ ਹੋ ਨਿਬੜਦੀਆਂ ਹਨ। ਇਕ ਦਲ ਵਿਚੋਂ ਨਿਕਲ ਕੇ ਜਦੋਂ ਕੁਝ ਸੱਜਣ ਦੂਜਾ ਦਲ ਖੜ੍ਹਾ ਕਰਦੇ ਹਨ ਤਾਂ ਪਹਿਲੇ ਨਾਮ ਅੱਗੇ 'ਕੌਮਾਂਤਰੀ' ਜਾਂ ਪਿੱਛੇ 'ਅਲਾਇੰਸ' ਸ਼ਬਦ ਜੋੜ ਕੇ ਆਪਣੇ-ਆਪ ਨੂੰ 'ਅਸਲੀ' ਤੇ 'ਸਭ ਤੋਂ ਵੱਡਾ' ਦੱਸਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਬਹੁਤੀ ਵਾਰੀ ਵਪਾਰਕ ਖੇਤਰ ਵਿਚਲੇ 'ਟ੍ਰੇਡ ਮਾਰਕ' ਦੇ ਝਗੜਿਆਂ ਵਾਂਗ ਨਾਂ 'ਤੇ ਕਬਜ਼ਾ ਰੱਖਣ ਦੀਆਂ ਲੜਾਈਆਂ ਅਦਾਲਤਾਂ ਤੱਕ ਪਹੁੰਚ ਜਾਂਦੀਆਂ ਹਨ।

ਅਜਿਹੀ ਹਾਲਤ ਹੋਣ 'ਤੇ 'ਸਾਨ੍ਹਾਂ ਦੇ ਭੇੜ ਵਿਚ ਬੂਜ਼ਿਆਂ ਦਾ ਖੋਅ' ਵਾਲੇ ਅਖਾਣ ਅਨੁਸਾਰ, ਨਾਮ ਖਾਤਰ ਲੜ ਰਹੀਆਂ ਧਿਰਾਂ ਦੀ ਖਹਿਬਾਜ਼ੀ ਵਿਚ ਉਨ੍ਹਾਂ ਦਾ 'ਮਿਸ਼ਨ' ਖੂਹ-ਖਾਤੇ ਹੀ ਪੈ ਜਾਂਦਾ ਹੈ। ਫਿਰ ਉਹ ਆਪਣਾ ਸਾਂਝਾ ਦੁਸ਼ਮਣ ਭੁੱਲ ਕੇ ਇਕ-ਦੂਜੇ ਨੂੰ ਹੀ ਆਪਣਾ ਅਸਲ ਦੁਸ਼ਮਣ ਸਮਝਦਿਆਂ ਖਿੱਚ-ਖਿੱਚ ਤੀਰ ਚਲਾਈ ਜਾਂਦੀਆਂ ਹਨ। ਆਪਸ ਵਿਚੀਂ ਸਿੰਗ ਫਸਾਈ ਬੈਠੀਆਂ ਅਜਿਹੀਆਂ ਦੋ ਧਿਰਾਂ ਨੂੰ ਜੇ ਕੋਈ ਨੇਕ ਪੁਰਸ਼ ਵਾਸਤਾ ਪਾ ਕੇ ਨੇੜੇ ਲਿਆਉਣਾ ਚਾਹੇ, ਤਦ ਉਸ ਨੂੰ ਅਕਸਰ ਇਹੀ ਸੁਣਨ ਨੂੰ ਮਿਲਦਾ ਹੈ ਕਿ ਸਹੇ ਦੀਆਂ ਟੰਗਾਂ ਤਿੰਨ ਹੀ ਹਨ, ਚੌਥੀ ਤਾਂ ਹੈ ਈ ਨਹੀਂ!

ਪਾਣੀ ਵਿਚ ਬਣਦੇ ਮਿਟਦੇ ਬੁਲਬੁਲਿਆਂ ਵਾਂਗ ਕਿਵੇਂ ਜਥੇਬੰਦੀਆਂ ਬਣਦੀਆਂ ਹਨ, ਕਿਵੇਂ ਲੋਪ ਹੁੰਦੀਆਂ ਹਨ ਅਤੇ ਇਨ੍ਹਾਂ ਵਿਚ ਥੋਕ ਦੇ ਭਾਅ ਬਣਾਏ ਹੋਏ ਅਹੁਦੇਦਾਰਾਂ ਦੀ ਕਿੰਨੀ ਕੁ ਪੁੱਛ ਪ੍ਰਤੀਤ ਹੁੰਦੀ ਹੈ, ਇਹ ਸਭ ਜਾਨਣ ਲਈ ਇਨ੍ਹਾਂ ਸਤਰਾਂ ਦੇ ਲੇਖਕ ਦੀ ਹੱਡਬੀਤੀ ਸੁਣ ਲਉ।

ਨਵਾਂ-ਨਵਾਂ ਅਮਰੀਕਾ ਆਇਆ ਸਾਂ। ਸਾਡੇ ਲਾਗਲੇ ਸਿਟੀ ਦੇ ਕੁਝ ਸਿੰਘਾਂ ਨੇ ਇਕ ਸੰਗਠਨ ਦੇ ਬਰਾਬਰ ਇਕ ਹੋਰ ਐਸੋਸੀਏਸ਼ਨ ਬਣਾਉਣ ਦਾ ਐਲਾਨ ਕਰ ਦਿੱਤਾ। ਨਾ ਮੇਰਾ ਕਿਸੇ ਨੇ ਮੈਂਬਰਸ਼ਿਪ ਫਾਰਮ ਭਰਿਆ, ਨਾ ਹੀ ਕੋਈ ਹੋਰ ਰਸਮੀ ਕਾਰਵਾਈ ਹੋਈ; ਲੇਕਿਨ ਟੈਲੀਫੋਨ 'ਤੇ ਮੈਨੂੰ ਸੂਚਨਾ ਦੇ ਦਿੱਤੀ ਗਈ ਕਿ ਮੈਨੂੰ ਵੀ ਉਸ ਦਾ ਮੈਂਬਰ ਥਾਪਿਆ ਗਿਆ ਹੈ। ਰੱਬ ਜਾਣੇ ਨਵੀਂ ਸਜੀ ਐਸੋਸੀਏਸ਼ਨ ਦੀ ਕੋਈ ਮੀਟਿੰਗ ਹੋਈ ਕਿ ਨਹੀਂ, ਪਰ ਮੈਨੂੰ ਉਸ ਦਾ 'ਸਲਾਹਕਾਰ' ਬਣਾਏ ਜਾਣ ਦੀ ਜਾਣਕਾਰੀ ਵੀ ਫੋਨ 'ਤੇ ਹੀ ਆ ਗਈ। ਕੁਝ ਅਹੁਦੇਦਾਰਾਂ ਨੇ ਮੈਨੂੰ ਵਧਾਈ ਵੀ ਟੈਲੀਫੋਨ 'ਤੇ ਹੀ ਦਿੱਤੀ। ਹੈ ਨਾ ਟੈਲੀਫੋਨ ਦਾ ਕਮਾਲ!

ਇਕਰਾਰ ਟੈਲੀਫੋਨ ਪਰ,
ਵਿਉਪਾਰ ਟੈਲੀਫੋਨ ਪਰ।
ਕਯਾ ਨਹੀਂ ਹੋਤਾ,
ਮਿਰੀ ਸਰਕਾਰ ਟੈਲੀਫੋਨ ਪਰ!

ਪਿੜ ਵਿਚ ਨਵੀਂ ਕੁੱਦੀ ਇਸ ਜਥੇਬੰਦੀ ਦੇ ਅਖ਼ਬਾਰਾਂ ਵਿਚ ਛਪਣ ਵਾਲੇ ਬਿਆਨਾਂ ਤੋਂ ਇਹ ਪ੍ਰਭਾਵ ਬਣਨ ਲੱਗਾ ਕਿ ਇਹ ਵੀ 'ਕੌਮ ਦੀ ਸੇਵਾ' ਵਿਚ ਪੂਰੀ ਤਰ੍ਹਾਂ ਜੁਟੀ ਹੋਈ ਸੰਸਥਾ ਹੈ। ਪੰਥਕ ਮਸਲਿਆਂ ਬਾਰੇ ਜਥੇਬੰਦੀ ਵੱਲੋਂ ਸਲਾਹਕਾਰਾਂ ਨਾਲ ਕਿੰਨੀਆਂ ਕੁ 'ਸਲਾਹਾਂ' ਕੀਤੀਆਂ ਜਾਂਦੀਆਂ ਹਨ, ਇਸ ਬਾਰੇ ਮੈਨੂੰ ਉਦੋਂ ਪਤਾ ਲੱਗਿਆ ਜਦੋਂ ਉਨ੍ਹਾਂ ਦਿਨਾਂ ਵਿਚ ਪ੍ਰੋ. ਦਰਸ਼ਨ ਸਿੰਘ ਖਾਲਸਾ ਵਾਲੇ ਭਖੇ ਹੋਏ ਮਸਲੇ 'ਤੇ ਜਥੇਬੰਦੀ ਦੇ ਇਕ ਮੈਂਬਰ ਨੇ ਬੇਤੁਕੀ ਭਾਸ਼ਾ ਵਾਲਾ ਬਿਆਨ ਦਾਗ ਮਾਰਿਆ ਜਿਹਦੇ ਨਾਲ ਮੈਂ ਰੱਤੀ ਭਰ ਵੀ ਸਹਿਮਤ ਨਹੀਂ ਸਾਂ। ਸੋ, ਮੈਨੂੰ ਚੜ੍ਹ ਗਿਆ 'ਸਿੰਘ ਜੋਸ਼' ਤੇ ਆਪਾਂ ਜਥੇਬੰਦੀ ਦੇ ਸਲਾਹੂ ਵਾਲਾ ਫੀਤਾ ਹੀ ਨਹੀਂ ਲਾਹਿਆ, ਸਗੋਂ ਇਸ ਤੋਂ ਕਿਨਾਰਾ ਹੀ ਕਰ ਲਿਆ।

ਇਸ ਤੋਂ ਥੋੜ੍ਹਾ ਚਿਰ ਬਾਅਦ ਇਕ ਹੋਰ ਪ੍ਰਬੰਧਕ ਕਮੇਟੀ ਨੇ ਮੈਨੂੰ 'ਮੀਡੀਆ ਸਲਾਹਕਾਰ' ਦਾ ਅਹੁਦਾ ਬਖ਼ਸ਼ ਕੇ ਮੇਰੀ ਫੋਟੋ ਵੀ ਆਪਣੀ ਵੈਬਸਾਈਟ 'ਤੇ ਪਾ ਦਿੱਤੀ। ਪੰਜਾਬ ਵਿਚ ਸਿਆਸੀ ਜ਼ੋਰਾਵਰਾਂ ਨੇ ਜਦੋਂ ਆਰ.ਐਸ.ਐਸ. ਮੋਹਰੇ ਗੋਡੇ ਟੇਕਦਿਆਂ ਅੱਠਾਂ ਸਾਲਾਂ ਤੋਂ ਚੱਲ ਰਹੇ ਨਾਨਕਸ਼ਾਹੀ ਕੈਲੰਡਰ ਦਾ ਹੁਲੀਆ ਵਿਗਾੜਿਆ ਤਾਂ ਉਕਤ ਕਮੇਟੀ ਵਾਲੇ ਆਪਣੇ 'ਗੁੱਝੇ ਮਕਸਦਾਂ' ਖਾਤਰ ਕਥਿਤ ਸੋਧੇ ਹੋਏ ਕੈਲੰਡਰ ਦੇ ਹਮਾਇਤੀ ਬਣ ਗਏ। ਸ਼੍ਰੋਮਣੀ ਕਮੇਟੀ ਦੇ ਜਿਸ ਜਨਰਲ ਹਾਊਸ ਨੇ ਅਸਲ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨਗੀ ਦਿੱਤੀ ਸੀ, ਮੈਂ ਉਦੋਂ ਉਸ ਹਾਊਸ ਵਿਚ ਮੈਂਬਰ ਸਾਂ। ਭਾਈ ਪਾਲ ਸਿੰਘ ਪੁਰੇਵਾਲ ਦੀ ਕਰੜੀ ਘਾਲਣਾ ਨੂੰ ਪ੍ਰਵਾਨਗੀ ਦੇਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਿਹੜੀ 'ਜੈਕਾਰਿਆਂ ਦੀ ਗੂੰਜ' ਪਈ ਸੀ, ਉਸ ਵਿਚ ਮੇਰੀ ਆਵਾਜ਼ ਵੀ ਸ਼ਾਮਲ ਸੀ। ਇੱਧਰ ਜਦ ਕਮੇਟੀ ਵਾਲੇ ਚਾਮਲ੍ਹ ਚਾਮਲ੍ਹ ਕੇ ਸੋਧੇ (ਅਸਲ 'ਚ ਵਿਗਾੜੇ ਹੋਏ) ਕੈਲੰਡਰ ਦੇ ਸੋਹਲੇ ਗਾਉਣ ਲੱਗ ਪਏ ਤਾਂ ਮੈਨੂੰ ਲੋਕੀਂ ਕਾਲਾਂ ਕਰ-ਕਰ ਕੇ ਪੁੱਛਣ ਲੱਗ ਪਏ ਕਿ ਮੀਡੀਆ ਸਲਾਹਕਾਰ ਜੀ, ਤੁਹਾਡੀ ਕਿਹੜੇ ਕੈਲੰਡਰ ਨਾਲ ਸਹਿਮਤੀ ਹੈ? ਧੜੇਬੰਦੀ ਕਾਰਨ ਪੈਦਾ ਹੋਈਆਂ 'ਸਖ਼ਤ ਲੋੜਾਂ' ਦੇ ਮੱਦੇਨਜ਼ਰ, ਕਮੇਟੀ ਵਾਲੇ ਟੱਸ ਤੋਂ ਮੱਸ ਨਹੀਂ ਸਨ ਹੋ ਰਹੇ। ਸੋ, ਆਪਾਂ ਰੋਸ ਪੱਤਰ ਲਿਖ ਕੇ ਵੈਬਸਾਈਟ ਤੋਂ ਆਪਣੀ ਫੋਟੋ ਉਤਾਰ ਦੇਣ ਦੀ ਬੇਨਤੀ ਵੀ ਕਰ ਦਿੱਤੀ। ਮੀਡੀਆ ਸਲਾਹਕਾਰੀ ਵੀ ਨਾਲੇ ਮੋੜ ਦਿੱਤੀ।

ਇੱਥੋਂ ਤੱਕ ਦੀ ਇਬਾਰਤ ਨੂੰ ਭੂਮਿਕਾ ਵਜੋਂ ਲੈਂਦਿਆਂ ਹੁਣ ਕਰੀਏ ਗੱਲ ਸਿਰਲੇਖ ਦੀ। ਮਹੀਨੇ ਕੁ ਭਰ ਤੋਂ ਅਮਰੀਕਨ ਪੰਜਾਬੀ ਮੀਡੀਏ ਵਿਚ ਇੱਥੇ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾਉਣ ਦਾ ਰੌਲਾ ਪੈ ਰਿਹਾ ਹੈ। ਆਪੋ ਆਪਣੇ ਦਲਾਂ ਦੇ ਨਾਂਵਾਂ ਅੱਗੇ ਭਾਵੇਂ ਕਈ ਜਥੇ 'ਸ਼੍ਰੋਮਣੀ' ਸ਼ਬਦ ਟੰਗੀ ਫਿਰਦੇ ਹਨ ਪਰ ਅੱਜ ਤੱਕ ਕਿਤੇ ਵੀ, ਕੋਈ ਵੀ ਗੁਰਦੁਆਰਾ ਕਮੇਟੀ 'ਸ਼੍ਰੋਮਣੀ' ਨਹੀਂ ਬਣੀ। ਸ਼੍ਰੋਮਣੀ ਸ਼ਬਦ ਵਿਸ਼ੇਸ਼ ਤੌਰ 'ਤੇ ਸ੍ਰੀ ਅੰਮ੍ਰਿਤਸਰ ਵਾਲੀ ਕਮੇਟੀ ਲਈ ਹੀ ਵਰਤੀਂਦਾ ਆ ਰਿਹਾ ਹੈ। ਇੱਥੋਂ ਤੱਕ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸ਼੍ਰੋਮਣੀ ਸ਼ਬਦ ਆਪਣੇ ਨਾਂ ਵਿਚ ਨਹੀਂ ਜੋੜਿਆ। ਇਸ ਸ਼ਬਦ ਦਾ ਅਰਥ ਕੀਤਾ ਜਾਂਦਾ ਹੈ 'ਸਰਵ ਸ੍ਰੇਸ਼ਠ, ਸਰਵ ਉੱਤਮ'। ਇਨ੍ਹਾਂ ਅਰਥਾਂ ਦੀ ਰੋਸ਼ਨੀ ਵਿਚ ਸ੍ਰੀ ਅੰਮ੍ਰਿਤਸਰ ਵਾਲੀ ਗੁਰਦੁਆਰਾ ਕਮੇਟੀ ਹੋਈ ਸਾਰੀਆਂ ਕਮੇਟੀਆਂ ਤੋਂ ਉੱਤਮ।

ਇਸ ਗੱਲ ਦਾ ਨਿਤਾਰਾ ਹੁਣ ਅਮਰੀਕਾ ਵਿਚ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾਉਣ ਜਾ ਰਹੇ 'ਸ੍ਰੀਮਾਨ' ਹੀ ਕਰਨਗੇ ਕਿ ਦੋਹਾਂ ਕਮੇਟੀਆਂ ਵਿਚੋਂ ਸ਼੍ਰੋਮਣੀ ਕਿਹੜੀ ਹੋਵੇਗੀ? ਉਂਜ ਅਮਰੀਕਨ ਸਿੱਖ ਜਾਣਦੇ ਹਨ ਕਿ ਇੱਥੇ ਲੰਮੇ ਅਰਸੇ ਤੋਂ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ.ਜੀ.ਪੀ.ਸੀ.) ਬਣੀ ਹੋਈ ਹੈ। ਇਸ ਕਮੇਟੀ ਨੂੰ ਅਮਰੀਕਾ ਦੇ ਕਿੰਨੇ ਕੁ ਗੁਰਦੁਆਰਿਆਂ ਨੇ ਮਾਨਤਾ ਦਿੱਤੀ ਹੋਈ ਹੈ, ਇਹ ਤਾਂ ਏ.ਜੀ.ਪੀ.ਸੀ. ਵਾਲੇ ਜਾਣਨ, ਪਰ ਉਨ੍ਹਾਂ ਦਾ ਦਾਅਵਾ ਹੈ ਕਿ ਹੁਣ ਤੱਕ ਇਸ ਕਮੇਟੀ ਨੇ ਵੱਖ-ਵੱਖ ਸਮਿਆਂ 'ਤੇ ਉਠੇ ਪੰਥਕ ਮਸਲਿਆਂ ਪ੍ਰਤੀ ਸਿਧਾਂਤਕ ਪਹੁੰਚ ਹੀ ਅਪਨਾਈ ਹੈ ਜਿਵੇਂ ਅਨੰਦ ਮੈਰਿਜ ਐਕਟ ਅਤੇ ਨਾਨਕਸ਼ਾਹੀ ਕੈਲੰਡਰ ਮੁੱਦੇ 'ਤੇ ਇਸ ਨੇ ਡਟ ਕੇ ਕੌਮਪ੍ਰਸਤਾਂ ਦਾ ਸਾਥ ਹੀ ਨਹੀਂ ਦਿੱਤਾ, ਸਗੋਂ ਮੋਹਰੀ ਰੋਲ ਅਦਾ ਕੀਤਾ।

ਸਵਾਲ ਹੈ ਕਿ ਅਮਰੀਕਨ ਸਿੱਖਾਂ ਦੀ ਤਰਜਮਾਨੀ ਕਰਨ ਦੀ ਦਾਅਵੇਦਾਰ ਇਸ ਕਮੇਟੀ ਦੇ ਹੁੰਦਿਆਂ-ਸੁੰਦਿਆਂ ਹੋਰ ਕਮੇਟੀ ਬਣਾਉਣ ਦੀ ਕਿਹੜੀ ਲੋੜ ਪੈ ਗਈ? ਇਸ ਸਵਾਲ ਦਾ ਜਵਾਬ ਆਪਣੇ ਵਲੋਂ ਇੱਥੋਂ ਦੇ ਸਭ ਤੋਂ ਪੁਰਾਣੇ ਗੁਰਦੁਆਰਾ ਸਾਹਿਬ ਸਟਾਕਟਨ ਦੇ ਪ੍ਰਬੰਧਕਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਬੜੇ ਧੜੱਲੇ ਨਾਲ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਤੋਂ ਬਾਦਲ ਪਰਿਵਾਰ ਵੱਲੋਂ ਆਈਆਂ ਹਦਾਇਤਾਂ ਮੁਤਾਬਕ ਇੱਥੇ ਬਾਦਲ ਦਲ ਦਾ ਦਬ-ਦਬਾ ਕਾਇਮ ਕਰਨ ਲਈ ਇਹ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਹੈ ਕਿ ਅਮਰੀਕਾ 'ਚ ਸ਼੍ਰੋਮਣੀ ਕਮੇਟੀ ਬਣਾਉਣ ਲਈ ਨੱਠ-ਭੱਜ ਕਰਦੇ ਫਿਰਦੇ 'ਕੁਝ ਕੁ' ਸਿੱਖ, ਸਿੱਖੀ ਫਲਸਫੇ ਨੂੰ ਪਿੱਠ ਦੇ ਕੇ ਇਕ ਧਨਾਢ ਟੱਬਰ ਦੇ ਜੀ ਹਜ਼ੂਰੀਏ ਬਣ ਕੇ ਵਿਚਰ ਰਹੇ ਹਨ। ਉਨ੍ਹਾਂ ਅਮਰੀਕਾ ਦੀਆਂ ਸਮੂਹ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਵੀ ਕੀਤੀ ਕਿ ਉਹ ਬਾਦਲ ਦਲ ਦੀ ਛਤਰ ਛਾਇਆ ਥੱਲੇ ਬਣਾਈ ਜਾ ਰਹੀ ਨਵੀਂ ਸ਼੍ਰੋਮਣੀ ਕਮੇਟੀ ਨੂੰ ਮੂੰਹ ਨਾ ਲਾਉਣ।

ਇਹ ਤਾਂ ਵਾਹਿਗੁਰੂ ਜਾਣੇ ਕਿ ਇਨ੍ਹਾਂ ਇਲਜ਼ਾਮਾਂ ਵਿਚ 'ਸਿੰਘਾਂ ਵਾਲਾ ਗੁੱਸਾ' ਹੀ ਹੈ ਜਾਂ ਕੋਈ ਸੱਚਾਈ ਵੀ, ਪਰ ਇਕ ਨੁਕਤਾ ਗੰਭੀਰ ਧਿਆਨ ਮੰਗਦਾ ਹੈ ਕਿ ਸ੍ਰੀ ਅੰਮ੍ਰਿਤਸਰ ਵਾਲੀ ਉਹੀ ਸ਼੍ਰੋਮਣੀ ਕਮੇਟੀ ਜੋ ਹਰਿਆਣੇ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀਆਂ ਕੋਸ਼ਿਸ਼ਾਂ ਦਾ ਪੂਰੀ ਵਾਹ ਲਾ ਕੇ ਵਿਰੋਧ ਕਰ ਰਹੀ ਹੈ, ਅਮਰੀਕਾ ਵਿਚ ਆਪਣੇ ਹੀ ਨਾਮ ਵਾਲੀ ਬਣਾਈ ਜਾ ਰਹੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੂੰ ਚਾਘੀਆਂ ਪਾਉਂਦੀ ਹੋਈ ਥਾਪੜਾ ਦੇ ਰਹੀ ਹੈ! ਇਸ ਵੇਲੇ ਬਾਦਲ ਦਲ ਦਾ ਇਕ 'ਵਿੰਗ' ਬਣੀ ਹੋਈ ਸ੍ਰੀ ਅੰਮ੍ਰਿਤਸਰ ਵਾਲੀ ਸ਼੍ਰੋਮਣੀ ਕਮੇਟੀ ਦਾ ਇਹ ਥਾਪੜਾ ਹੀ ਸਿੱਧ ਕਰਦਾ ਹੈ ਕਿ ਸਟਾਕਟਨ ਦੀ ਮੀਟਿੰਗ ਵਾਲੇ ਸਿੱਖ ਆਗੂਆਂ ਦੇ ਤੌਖਲੇ ਨਿਰਮੂਲ ਨਹੀਂ।

ਇਸ ਵਿਸ਼ੇ 'ਤੇ ਮੈਂ ਸ਼੍ਰੋਮਣੀ ਕਮੇਟੀ ਦੇ ਇਕ ਸੀਨੀਅਰ ਮੈਂਬਰ ਨਾਲ ਗੱਲ ਕੀਤੀ। ਉਸ ਨੇ ਦਿਲਚਸਪ ਜਵਾਬ ਦਿੱਤਾ, "ਬਣਨ ਦਿਉ ਜੀ ਨਵੀਂ ਸ਼੍ਰੋਮਣੀ ਕਮੇਟੀ! ਕਿੰਨੇ ਸਿੰਘ ਹੋਰ 'ਪ੍ਰਧਾਨ ਸਾਹਿਬ' ਕਹਾਉਣ ਦੇ ਹੱਕਦਾਰ ਹੋ ਜਾਣਗੇ। ਕਈ ਸੀਨੀਅਰ ਮੀਤ ਪ੍ਰਧਾਨ, ਕਈ ਜੂਨੀਅਰ ਮੀਤ ਪ੍ਰਧਾਨ, ਕਈ ਸਕੱਤਰ, ਜਨਰਲ ਸਕੱਤਰ, ਐਗਜ਼ੈਕਟਿਵ ਮੈਂਬਰ, ਮੈਂਬਰ ਸਾਹਿਬਾਨ, ਸਲਾਹਕਾਰ...ਪਤਾ ਨਹੀਂ ਹੋਰ ਕਿੰਨੇ ਨਵੇਂ ਅਹੁਦੇ ਬਣਨਗੇ...ਹੈ ਨਾ ਨਵੀਂ ਕਮੇਟੀ ਹੋਂਦ ਵਿਚ ਆਉਣ ਦੀਆਂ ਮੌਜਾਂ!! ਨਾਲੇ ਹਾਅ 'ਬਾਹਰ' ਜਿਹਤੀ ਸਾਡੀ ਪਾਰਟੀ ਖਿਲਾਫ਼ ਚੂੰ-ਚਰਾਂ ਹੁੰਦੀ ਰਹਿੰਦੀ ਐ, ਇਹਨੂੰ ਤਾਂ ਬੰਦ ਕਰਾਉਣਗੇ ਹੀ 'ਸਾਡੇ ਬੰਦੇ'!"

ਅੰਤਿਕਾ: ਹਥਲਾ ਲੇਖ ਜਦ 'ਇਤੀ ਵਾਰਤਾਹ' ਤੇ ਪਹੁੰਚ ਗਿਆ, ਤਦ ਇਕ ਤਾਜ਼ਾ ਅਖ਼ਬਾਰ ਦੀ ਖ਼ਬਰ ਉਤੇ ਮੇਰੀ ਨਜ਼ਰ ਪੈ ਗਈ ਜਿਸ ਵਿਚ ਲਿਖਿਆ ਹੋਇਆ ਸੀ ਕਿ ਕੁਝ ਸਿੱਖਾਂ ਨੇ ਨਵੀਂ ਗਠਿਤ ਹੋਣ ਜਾ ਰਹੀ ਕਮੇਟੀ ਨੂੰ 'ਸ਼੍ਰੋਮਣੀ' ਸ਼ਬਦ ਨਾ ਵਰਤਣ ਦੀ ਸਲਾਹ ਦਿੱਤੀ ਹੈ ਪਰ ਇਸੇ ਖ਼ਬਰ ਵਿਚ ਬਣਾਈ ਜਾ ਰਹੀ ਕਮੇਟੀ ਨੂੰ ਛੇ-ਸੱਤ ਜਗ੍ਹਾ ਐਸ.ਜੀ.ਪੀ.ਸੀ. ਲਿਖਿਆ ਹੋਇਆ ਸੀ। ਆਮ ਪ੍ਰਚਲਤ ਸਿੱਖ ਸ਼ਬਦਾਵਲੀ ਵਿਚ ਐਸ.ਜੀ.ਪੀ.ਸੀ. ਦਾ ਹੋਰ ਕੀ ਮਤਲਬ ਕੱਢਿਆ ਜਾਵੇ?

# ਖ਼ੁਸ਼ਵੰਤ ਸਾਹਿਤ ਉਤਸਵ 'ਚ ਭਾਰਤ-ਪਾਕਿ ਮਿੱਤਰਤਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਮੇਰੀ ਰਚਨਾਕਾਰੀ ਵਿਚ ਕਸੌਲੀ ਦਾ ਬੜਾ ਹੱਥ ਹੈ। ਮੈਂ ਕਈ ਸਾਲਾਂ ਤੋਂ ਹਰ ਸਾਲ ਕਸੌਲੀ ਜਾਂਦਾ ਹਾਂ। ਸਾਲ ਵਿਚ ਇੱਕ ਤੋਂ ਵਧ ਵਾਰੀ। ਉਥੇ ਖ਼ੁਸ਼ਵੰਤ ਸਿੰਘ ਦਾ ਘਰ ਮੇਰਾ ਆਪਣਾ ਹੀ ਹੈ। ਮੈਂ ਉਸ ਦਾ ਤੇ ਉਸ ਦੇ ਪਰਿਵਾਰ ਦਾ ਰਿਣੀ ਹਾਂ। ਮੇਰੀ 12-14 ਅਕਤੂਬਰ ਨੂੰ ਮਨਾਏ ਗਏ 'ਖ਼ੁਸ਼ਵੰਤ ਸਿੰਘ ਸਾਹਿਤ ਉਤਸਵ' ਵਿਚ ਹਾਜ਼ਰੀ ਮੇਰੀਆਂ ਪਰਬਤ ਫੇਰੀਆਂ ਦੀ ਸਿਖਰ ਸੀ। ਇਸ ਲਈ ਵੀ ਕਿ ਪੂਰੇ ਸਮਾਗਮ ਵਿਚ ਸਾਰੇ ਦਿਨ ਹਾਜ਼ਰੀ ਭਰਨ ਵਾਲਾ ਪੰਜਾਬੀ ਲੇਖਕ ਕੇਵਲ ਮੈਂ ਹੀ ਸਾਂ। ਖ਼ੁਸ਼ਵੰਤ ਸਿੰਘ ਦੇ ਨਾਂ ਉਤੇ ਰਚਾਏ ਗਏ ਇਸ ਉਤਸਵ ਵਿਚ ਅੰਗਰੇਜ਼ੀ ਭਾਸ਼ਾ ਵਿਚ ਲਿਖਣ ਵਾਲਿਆਂ ਦੀ ਸਰਦਾਰੀ ਸੀ। ਬਹੁਤੇ ਉਹ ਜਿਹੜੇ ਉਸ ਦੀ ਪ੍ਰੇਰਨਾ ਸਦਕਾ ਲੇਖਕ ਬਣੇ। ਕੁਝ ਉਹ ਵੀ ਸਨ ਜਿਹੜੇ ਉਹਦੇ ਮਿੱਤਰਾਂ ਦੇ ਘੇਰੇ ਵਿਚ ਆਉਂਦੇ ਹਨ। ਲਾਹੌਰ ਤੋਂ ਫੈਜ਼ ਅਹਿਮਦ ਫੈਜ਼ ਦੀ ਬੇਟੀ ਸਲੀਮਾ ਹਾਸ਼ਮੀ ਵੀ ਪਹੁੰਚੀ ਹੋਈ ਸੀ। ਕੁਝ ਹੋਰ ਨਾਂ ਸਨ: ਸ਼ੋਭਾ ਡੇਅ, ਬੱਚੀ ਕਰਕਾਰੀਆ, ਮਨੀ ਸ਼ੰਕਰ ਅਈਅਰ, ਯਸ਼ੋਧਰਾ ਡਾਲਮੀਆ, ਭੈਚੰਦ ਪਟੇਲ, ਮਧੂ ਜੈਨ, ਹਰੀਸ਼ ਢਿੱਲੋਂ, ਸੁਨੀਤ ਅਈਅਰ, ਜਨਰਲ ਕਮਲ ਡਾਵਰ, ਗਿਲੀਅਨ ਰਾਈਟ, ਰਾਜਾ ਭਸੀਨ, ਦੀਪਤੀ ਨਵਲ, ਦੀਪਾ ਰਾਘਵਨ, ਹੀਰੂ ਬਿਜਲਾਨੀ, ਮਾਲਵਿਕਾ ਸੰਘਵੀ, ਕਿਸ਼ੀ ਸਿੰਘ, ਰਾਹੁਲ ਬੋਸ, ਮੀਨਾਕਸ਼ੀ ਚੌਧਰੀ ਤੇ ਇਨ੍ਹਾਂ ਵਿਚੋਂ ਕਈਆਂ ਦਾ ਪ੍ਰਕਾਸ਼ਕ ਅਸ਼ੋਕ ਚੋਪੜਾ। ਨਿਰੂਪਮਾ ਦੱਤ ਨੂੰ ਇਥੇ ਲਿਆਉਣ ਵਾਲੀ ਵੀ ਅੰਗ੍ਰੇਜ਼ੀ ਸੀ। ਪ੍ਰਸਿੱਧ ਪੰਜਾਬੀ ਕਹਾਣੀਕਾਰ ਮਹਿੰਦਰ ਸਿੰਘ ਸਰਨਾ ਦਾ ਬੇਟਾ ਵੀ ਹਾਜ਼ਰ ਸੀ ਪਰ ਅੰਗ੍ਰੇਜ਼ੀ ਦਾ ਲੇਖਕ ਹੋਣ ਦੇ ਨਾਤੇ।

ਇਸ ਸਾਹਿਤ ਉਤਸਵ ਵਿਚ ਸਾਹਿਤ ਜਾਂ ਸਾਹਿਤ ਦੀ ਚਰਚਾ ਲੋਚਣ ਵਾਲਿਆਂ ਨੂੰ ਕੁਝ ਲਭਿਆ ਜਾਂ ਨਹੀਂ ਪਰ ਖ਼ੁਸ਼ਵੰਤ ਸਿੰਘ ਤੇ ਉਸ ਦੀ ਕਸੌਲੀ ਨੂੰ ਪਿਆਰ ਕਰਨ ਵਾਲਿਆਂ ਲਈ ਬਹੁਤ ਕੁਝ ਸੀ। ਸਿੱਖ ਹਿਸਟਰੀ ਦੀ ਗੱਲ ਕਰਨ ਵਾਲੇ ਨਵਤੇਜ ਸਿੰਘ ਸਰਨਾ ਤੇ ਸੁਨੀਤ ਅਈਅਰ ਉਸ ਦੇ ਸਿੱਧੇ ਚੇਲੇ ਸਨ। ਉਨ੍ਹਾਂ ਦੀਆਂ ਲਿਖਤਾਂ ਦੀ ਪ੍ਰੇਰਨਾ ਦਾ ਸੋਮਾ ਖ਼ੁਸ਼ਵੰਤ ਹੈ ਤੇ ਦੋਵੇਂ ਸਿੱਖ ਧਰਮ ਤੇ ਸਿੱਖੀ ਮਰਿਆਦਾ ਬਾਰੇ ਉਹਦੇ ਜਿੰਨੇ ਹੀ ਚਿੰਤਤ ਹਨ। ਦਿਲਚਸਪ ਗੱਲ ਇਹ ਕਿ ਸੈਸ਼ਨਾਂ ਦਾ ਨਾਂ ਸਿੱਖ ਵਿਰਸਾ ਸੀ, ਦੇਸ਼ ਵੰਡ, ਅਤਿਵਾਦ ਜਾਂ ਖ਼ੁਸ਼ਵੰਤ ਸਿੰਘ ਦੀ ਰਚਨਾ 'ਪਾਕਿਸਤਾਨ ਮੇਲ'-ਸਾਰੇ ਸੈਸ਼ਨਾਂ ਦਾ ਤੋੜਾ ਭਾਰਤ-ਪਾਕਿ ਸੰਬੰਧਾਂ ਉਤੇ ਟੁਟਦਾ ਸੀ। ਬੋਲਣ ਵਾਲੇ ਕਸੌਲੀ ਤੋਂ ਤੁਰ ਕੇ ਅੰਮ੍ਰਿਤਸਰ ਤੇ ਲਾਹੌਰ ਰਾਹੀਂ ਪਾਕਿਸਤਾਨ ਜਾ ਵੜਦੇ ਸਨ। ਇਥੋਂ ਤੱਕ ਕਿ ਅੰਮ੍ਰਿਤਾ ਸ਼ੇਰਗਿੱਲ ਦੀ ਕਲਾਕਾਰੀ ਨੇ ਵੀ ਲਾਹੌਰ ਜਾ ਕੇ ਸਾਹ ਲਿਆ। ਮਨੀ ਸ਼ੰਕਰ ਅਈਅਰ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਕਿ ਜਦੋਂ ਤੱਕ ਭਾਰਤ-ਪਾਕਿ ਸੰਬੰਧਾਂ ਵਿਚ ਸੁਧਾਰ ਨਹੀਂ ਹੁੰਦਾ, ਇਨ੍ਹਾਂ ਦੋ ਦੇਸ਼ਾਂ ਨੇ ਤਾਂ ਕੀ ਉਨਤੀ ਕਰਨੀ ਹੈ, ਪੂਰਾ ਦੱਖਣ ਪੂਰਬੀ ਏਸ਼ੀਆ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ। ਜਦੋਂ ਫੈਜ਼ ਦੀ ਬੇਟੀ ਸਲੀਮਾ ਹਾਸ਼ਮੀ ਨੇ ਆਪਣੇ ਵਾਲਦ ਸਾਹਿਬ ਦੀਆਂ ਆਪਣੀ ਮੰਮੀ ਨੂੰ ਲਿਖੀਆਂ ਚਿੱਠੀਆਂ ਵਿਚੋਂ ਉਹ ਭਾਗ ਪੜ੍ਹ ਕੇ ਸੁਣਾਇਆ ਜਿਸ ਵਿਚ ਫੈਜ਼ ਨੇ ਫਿਰਕੂ ਹਿੰਸਾ ਦੇ ਭੜਕਣ ਦੀ ਗੱਲ ਕੀਤੀ ਤਾਂ ਸਰੋਤੇ ਮੂਕ ਵੇਦਨਾ ਵਿਚ ਸੁਣ ਰਹੇ ਸਨ। ਜੇ ਕੋਈ ਸਾਹ ਵੀ ਲੈਂਦਾ ਸੀ ਤਾਂ ਫੈਜ਼ ਦੇ ਕਿਸੇ ਸ਼ਿਅਰ ਦਾ ਆਸਰਾ ਲੈ ਕੇ।

ਜਿੱਥੋਂ ਤੱਕ ਸ਼ੋਭਾ ਡੇਅ ਤੇ ਬੱਚੀ ਕਰਕਰੀਆ



ਖ਼ੁਸ਼ਵੰਤ ਸਿੰਘ

ਦਾ ਸਬੰਧ ਹੈ ਉਨ੍ਹਾਂ ਨੇ ਭਰੀ ਸਭਾ ਵਿਚ ਮੰਨਿਆ ਕਿ ਪੱਤਰਕਾਰੀ ਤੇ ਸਾਹਿਤ ਵਿਚ ਉਨ੍ਹਾਂ ਨੇ ਜਿੰਨਾ ਵੀ ਨਾਮਣਾ ਖੱਟਿਆ, ਉਸ ਦਾ ਸਿੱਧਾ ਜਾਂ ਅਸਿੱਧਾ ਸਿਹਰਾ ਖ਼ੁਸ਼ਵੰਤ ਸਿੰਘ ਦੇ ਸਿਰ ਬੱਝਦਾ ਹੈ। ਸ਼ੋਭਾ ਡੇਅ ਦੀਆਂ ਲਿਖਤਾਂ ਵਿਚ ਸਮੋਈ ਵਾਸਨਾ ਤਾਂ ਖਾਸ ਕਰਕੇ। ਵਾਸਨਾ, ਵਿਸਕੀ ਤੇ ਵਿਦਵਤਾ ਦੇ ਮੁਜੱਸਮੇ ਖ਼ੁਸ਼ਵੰਤ ਸਿੰਘ ਦੀ 164 ਵੀਂ ਪੁਸਤਕ 'ਫਰੀ ਥਿੰਕਰਜ਼ ਪਰੇਅਰ ਬੁੱਕ' (ਸੁਤੰਤਰ ਸੋਚਾਂ ਵਾਲੇ ਬੰਦੇ ਦਾ ਨਿੱਤਨੇਮ) ਨੀਲਾਮ ਹੋਈ ਤਾਂ ਇਸ ਦੀ ਬੋਲੀ 51,000 ਉਤੇ ਜਾ ਕੇ ਟੁੱਟੀ। ਤੇ ਬੋਲੀ ਦੇਣ ਵਾਲਾ ਬਿੱਲੀ ਗਿੱਲ ਸੀ ਜੋ ਚਾਲੀ ਸਾਲਾਂ ਤੋਂ ਹਰ ਸਾਲ ਬਿਲਾਨਾਗਾ ਕਸੌਲੀ ਆਉਂਦਾ। ਉਂਜ ਕਸੌਲੀ ਫੇਰੀ ਵਿਚ ਮਾਲੀ ਮਾਰਨ ਵਾਲੇ ਉਹ ਬੰਦੇ ਵੀ ਹਾਜ਼ਰ ਸਨ ਜਿਹੜੇ ਪੰਜਾਬ ਤੋਂ ਵਧ ਸਾਲਾਂ ਤੋਂ ਲਗਾਤਾਰ ਇਥੇ ਆਉਂਦੇ ਸਨ। ਪਰਬਤੀ ਮਹਿਮਾ ਦੀ ਗੱਲ ਹੋਈ ਤਾਂ ਡਗਸ਼ਈ ਵਸਨੀਕ ਆਨੰਦ ਸੇਠੀ ਨੇ ਸ਼ਿਮਲਾ, ਡਗਸ਼ਈ ਤੇ ਕਸੌਲੀ ਦੇ ਵਿਕਾਸ ਵਿਚ ਲਾਰਡ ਡਲਹੌਜ਼ੀ, ਬਿਸ਼ਪ ਕਾਟਨ ਰੌਬਰਟ ਤੇ ਬੜੋਗ ਆਦਿ ਅੰਗ੍ਰੇਜ਼ਾਂ ਦੇ ਯੋਗਦਾਨ ਉਤੇ ਚਾਨਣਾ ਪਾਇਆ। ਨਿਸਚੇ ਹੀ ਇਨ੍ਹਾਂ ਸਟੇਸ਼ਨਾਂ ਦੀ ਸ਼ਾਂਤੀ, ਦਯਾ ਦ੍ਰਿਸ਼ਟੀ ਤੇ ਇਕਸੁਰਤਾ ਦਾ ਕੋਈ ਜਵਾਬ ਨਹੀਂ।

ਇਸ ਤਿੰਨ-ਦਿਨਾਂ ਉਤਸਵ ਦੀ ਸਮਾਪਤੀ ਉਤੇ ਮੈਨੂੰ ਮਿਥਿਹਾਸਕ ਹਾਸਾ ਵੀ ਆਇਆ ਤੇ ਰੋਣਾ ਵੀ। ਹਾਸਾ ਇਸ ਲਈ ਕਿ ਇੱਕ ਨਿੱਕੇ ਜਿਹੇ ਪਹਾੜੀ ਟਿਕਾਣੇ ਵਿਚ ਏਨਾ ਵੱਡਾ ਉਤਸਵ ਖ਼ੁਸ਼ਵੰਤ ਸਿੰਘ ਦੇ ਜੀਉਂਦੇ ਜੀਅ ਹੋਇਆ ਤੇ ਇਸ ਦੇ ਹੁੰਦੇ ਰਹਿਣ ਦੀ ਸੰਭਾਵਨਾ ਉਤੇ ਮੋਹਰ ਲੱਗੀ। (ਖ਼ੁਸ਼ੀ ਦਾ ਇੱਕ ਜਾਮ ਰਾਹੁਲ ਸਿੰਘ ਤੇ ਉਸ ਦੀ ਦੋਸਤ ਨੀਲੋਫਰ ਬਿੱਲੀਮੋਰੀਆ ਦੇ ਨਾਂ।) ਰੋਣਾ ਇਸ ਲਈ ਕਿ ਪੂਰੀ ਅੱਧੀ ਸਦੀ ਸਾਲ ਵਿਚ ਦੋ ਵਾਰੀ ਕਸੌਲੀ ਆਉਣ ਵਾਲਾ ਖ਼ੁਸ਼ਵੰਤ ਸਿੰਘ ਇਸ ਵਿਚ ਹਾਜ਼ਰ ਨਹੀਂ ਹੋ ਸਕਿਆ। ਇਥੋਂ ਤੱਕ ਕਿ ਪਿੰਜੌਰ, ਕਾਲਕਾ ਤੇ ਪਰਵਾਣੂ ਵਾਲਾ ਬਾਈਪਾਸ ਵੀ ਨਹੀਂ ਦੇਖ ਸਕਿਆ ਜਿਹੜਾ ਕਿਸੇ ਵੀ ਅੰਤਰਰਾਸ਼ਟਰੀ ਮਾਰਗ ਨੂੰ ਮਾਤ ਪਾਉਂਦਾ ਹੈ। ਮੇਰੀ ਇੱਛਾ ਹੈ ਕਿ ਇਹ ਸਿਲਸਿਲਾ ਚਲਦਾ ਰਹੇ ਤੇ ਖ਼ੁਸ਼ਵੰਤ ਸਿੰਘ ਅਪਣੀ ਉਮਰ ਦੇ 100ਵੇਂ ਵਰ੍ਹੇ ਵਾਲੇ ਉਤਸਵ ਵਿਚ ਜ਼ਰੂਰ ਆਵੇ।

### ਮੇਰੇ ਪਿੰਡ ਦੇ ਧਰਮ ਅਸਥਾਨ

ਦੇਸ਼ ਵੰਡ ਤੋਂ ਪਹਿਲਾਂ ਮੇਰੇ ਪਿੰਡ ਦੋ ਹੀ ਧਰਮ ਅਸਥਾਨ ਸਨ। ਮੁਸਲਮਾਨਾਂ ਦੀ ਮਸੀਤ ਤੇ ਸਿੱਖਾਂ ਦਾ ਗੁਰਦਵਾਰਾ ਜਿਹੜਾ ਮੇਰੇ ਰਿਸਾਲਦਾਰ ਤਾਏ ਸ਼ਿਵ ਸਿੰਘ ਨੇ ਦੂਜੀ ਵੱਡੀ ਜੰਗ ਦੇ ਖਾਤਮੇ ਉਤੇ ਸਹੀ ਸਲਾਮਤ ਦੇਸ਼ ਪਹੁੰਚਣ ਉਤੇ ਬਣਵਾਇਆ ਸੀ। ਜਦੋਂ ਵੰਡ ਦੇ ਦਿਨਾਂ ਵਿਚ ਲਾਗਲੇ ਪਿੰਡਾਂ ਦੇ ਤਿੰਨ ਸਿੱਖ ਸਾਡੇ ਪਿੰਡ ਦੀਆਂ ਮੁਸਲਮਾਨ ਕੁੜੀਆਂ ਨੂੰ ਜਬਰੀ ਚੁੱਕਣ ਆਏ

(ਬਾਕੀ ਸਫਾ 35 'ਤੇ)

# ਤਾਰਾ ਸਿੰਘ ਸਾਗਰ ਦੀ ਕਿਤਾਬ 'ਰੇਤ ਮਹਿਲ' ਰਿਲੀਜ਼

**ਫਰੀਮਾਂਟ (ਐਸ. ਅਸ਼ੋਕ ਭੌਰਾ):** ਆਈ.ਐਨ.ਡੀ. ਟੀ.ਵੀ. ਅਤੇ ਅਮਰੀਕਨ ਸੁਪਰ ਸਟਾਰ ਵੱਲੋਂ ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਅਤੇ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਤਾਰਾ ਸਿੰਘ ਸਾਗਰ ਦੇ ਪਲੇਠੇ ਕਾਵਿ ਸੰਗ੍ਰਹਿ 'ਰੇਤ ਮਹਿਲ' ਦਾ ਰਿਲੀਜ਼ ਸਮਾਗਮ ਇਥੇ ਇੰਡੀਆ ਕਿਚਨ ਵਿਚ ਕਰਵਾਇਆ ਗਿਆ। ਪੰਜਾਬ ਤੋਂ ਆਏ ਕਹਾਣੀਕਾਰ ਅਤੇ ਰਸਾਲੇ 'ਵਿਗਿਆਨ ਜੋਤ' ਦੇ ਸੰਪਾਦਕ ਅਜਮੇਰ ਸਿੱਧੂ ਦੀ ਪ੍ਰਧਾਨਗੀ ਹੇਠ ਹੋਏ ਇਹ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਤਾਰਾ ਸਿੰਘ ਸਾਗਰ, ਪ੍ਰੋ. ਹਰਭਜਨ ਸਿੰਘ, ਰਾਠੀ ਸੂਰਾਪੁਰੀ, ਐਸ. ਅਸ਼ੋਕ ਭੌਰਾ ਅਤੇ ਰੇਡੀਓ ਹੋਸਟ ਜਸਪਾਲ ਬਰਾੜ ਦਾ ਲਿਖਿਆ ਪਰਚਾ 'ਅਮਰੀਕੀ ਪੰਜਾਬੀ ਬੰਦੇ ਦੀ ਸੰਵੇਦਨਾ: ਰੇਤ ਮਹਿਲ' ਨੀਲਮ ਸੈਣੀ ਨੇ ਪੜ੍ਹਿਆ। ਪਰਚਾ ਲੇਖਕ ਨੇ ਕਿਹਾ ਕਿ ਤਾਰਾ ਸਿੰਘ ਸਾਗਰ ਦੀਆਂ ਕਵਿਤਾਵਾਂ ਜਾਗੇ ਮਨੁੱਖ ਦੀ ਲਲਕਾਰ ਹਨ। ਉਸ ਦੀਆਂ ਜ਼ਿਆਦਾਤਰ ਗ਼ਜ਼ਲਾਂ ਆਪੇ ਨਾਲ ਸੰਵਾਦ ਹਨ। ਜੇ ਨਜ਼ਮਾਂ ਬਾਹਰਮੁਖੀ ਆਪੇ ਨਾਲ ਸਬੰਧ ਰਖੱਦੀਆਂ ਹਨ ਤਾਂ ਗ਼ਜ਼ਲਾਂ ਆਤਮ ਸੰਵਾਦੀ ਵਧੇਰੇ ਹਨ। ਪ੍ਰੋ. ਹਰਭਜਨ ਸਿੰਘ ਨੇ ਕਿਹਾ ਕਿ ਸਾਗਰ ਦੀ ਕਵਿਤਾ ਦੱਸਦੀ ਹੈ ਕਿ ਸਾਮਰਾਜ ਦੀ ਲੜਾਈ ਕਿਸੇ ਜਮਹੂਰੀਅਤ ਜਾਂ ਇਨਸਾਨੀਅਤ ਨੂੰ ਬਚਾਉਣ ਲਈ ਨਹੀਂ, ਸਗੋਂ ਮੁਨਾਫੇਖੋਰ ਹਿੱਤਾਂ ਦੀ ਪੂਰਤੀ ਲਈ ਹੈ। ਗੀਤਕਾਰ ਮੱਖਣ ਲੁਹਾਰ ਨੇ ਕਿਹਾ ਕਿ ਤਾਰਾ ਸਿੰਘ ਸਾਗਰ ਮੂਲ ਰੂਪ ਵਿਚ ਗੀਤਕਾਰ ਹੈ। ਉਹ ਆਪਣੇ ਗੀਤਾਂ ਵਿਚ ਜਸ਼ਨ, ਰਿਸ਼ਤੇ-ਨਾਤੇ ਤੇ ਸਾਡੇ ਸੱਭਿਆਚਾਰ ਦੀਆਂ ਮੂਲ ਭਾਵਨਾਵਾਂ ਨੂੰ ਪੇਸ਼ ਕਰਦਾ ਹੈ।

ਨਵਨੀਤ ਕੌਰ ਸੰਧੂ, ਪਰਦੇਸ ਟਾਈਮਜ਼ ਦੇ ਸੰਪਾਦਕ ਬਲਵੀਰ ਸਿੰਘ ਐਮ.ਏ., ਓਮ ਪ੍ਰਕਾਸ਼ ਕਮਲ, ਮਾਸਟਰ ਰਿੰਕੂ, ਸੁਲਤਾਨ ਅਖ਼ਤਰ, ਜਗਤਾਰ ਸਿੰਘ ਗਿੱਲ, ਹਰਮੇਸ਼ ਬੰਗੜ, ਜਸਪਾਲ ਸੈਣੀ, ਰਾਠੀ ਸੂਰਾਪੁਰੀ ਅਤੇ ਦਲਵੀਰ ਦਿਲ ਨੇ ਕਿਹਾ ਕਿ ਸਾਗਰ ਦੀ ਕਵਿਤਾ ਸਮੁੱਚੇ ਰੂਪ ਵਿਚ ਸਰਬੱਤ ਦੇ ਭਲੇ ਦੀ ਗੱਲ ਕਰਦੀ ਹੈ। ਰਮੇਸ਼ ਦੇਵੀ, ਧਰਮਪਾਲ ਝੰਮਟ, ਪ੍ਰਦੀਪ ਬੰਗੜ, ਰਾਮ ਸਰੂਪ, ਮੱਖਣ ਅਲੀਪੁਰ, ਇੰਦਰਜੀਤ ਗਰੇਵਾਲ, ਬਲਵੀਰ ਸ਼ੀਹਮਾਰ, ਸਤਨਾਮ ਸਿੰਘ ਸੰਧੂ, ਹਿੰਦੀ ਨਾਵਲਕਾਰ ਪੀ. ਭਾਨੂ, ਡਾ. ਰਾਜਵਿੰਦਰ ਕੌਰ, ਆਈ.ਐਨ.ਡੀ. ਟੀ.ਵੀ. ਦੇ ਸੀ.ਈ.ਓ. ਚਰਨਵੀਰ ਮਾਹਿਲ, ਕਲਾਕਾਰ ਨਿਖਿਲ, ਡਾ. ਸੈਣੀ ਵੀ ਸੁਸ਼ੋਭਿਤ ਸਨ। ਨਾਟਕ ਡਾਇਰੈਕਟਰ ਅਸ਼ੋਕ ਤਾਂਗੜੀ ਨੇ ਸਵਾਗਤੀ ਸ਼ਬਦ ਕਹੇ।



*ਤਾਰਾ ਸਾਗਰ ਦੀ ਪੁਸਤਕ 'ਰੇਤ ਮਹਿਲ' ਦੇ ਰਿਲੀਜ਼ ਸਮਾਗਮ ਸਮੇਂ ਮੌਜੂਦ ਸਾਹਿਤਕਾਰ*

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਡਾ. ਜਸਵਿੰਦਰ ਸਿੰਘ ਦਾ ਲਿਖਿਆ ਪਰਚਾ 'ਭਖਦੇ ਮਸਲਿਆਂ ਤੋਂ ਸੂਖਮ ਅਹਿਸਾਸਾਂ ਦੀ ਸ਼ਾਇਰੀ' ਪ੍ਰੋ. ਸਿਆਸਤ ਸਿੰਘ ਜੰਮੂ ਨੇ ਪੜ੍ਹਿਆ। ਉਨ੍ਹਾਂ ਕਿਹਾ ਕਿ ਤਾਰਾ ਸਿੰਘ ਸਾਗਰ ਕੋਲ ਕਵਿਤਾ ਦੀ ਦਾਤ ਹੈ। ਉਸ ਨੂੰ ਅਮਰੀਕੀ ਸਾਮਰਾਜ ਦੇ ਵਿਨਾਸ਼ਕਾਰੀ ਰੂਪ ਦੀ ਹੀ ਨਹੀਂ, ਇਸ ਦੀ ਤਿਲਕਵੀਂ ਆਰਥਿਕਤਾ ਦੇ ਭਰਮ ਜਾਲ ਦੀ ਵੀ ਸੋਝੀ ਹੈ। ਉਹ ਇਸ ਸ਼ਕਤੀਸ਼ਾਲੀ, ਅਮੀਰ ਅਤੇ ਡਰਾਉਣੇ ਸਿਸਟਮ ਦੇ ਉਸ ਅੰਦਰੂਨੀ ਸੱਚ ਨੂੰ ਰੂਪਮਾਨ ਕਰਦਾ ਹੈ ਜਿਸ ਵਿਚੋਂ ਇਸ ਦਾ ਅਸਲ ਚਿਹਰਾ ਨੰਗਾ ਹੁੰਦਾ ਹੈ। ਸਾਗਰ ਹਕੀਕਤ ਅਤੇ ਸੱਚ ਨੂੰ ਪਕੜਨ ਵਾਲਾ ਹੋਣਹਾਰ ਸ਼ਾਇਰ ਹੈ।

ਪੰਜਾਬੀ ਯੂਨੀਵਰਸਿਟੀ ਦੇ ਹੀ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਰਾਜਿੰਦਰਪਾਲ ਸਿੰਘ ਮੂਲ ਰੂਪ ਵਿਚ ਗੀਤਕਾਰ ਹੈ। ਉਹ ਆਪਣੇ ਗੀਤਾਂ ਵਿਚ ਜਸ਼ਨ, ਰਿਸ਼ਤੇ-ਨਾਤੇ ਤੇ ਸਾਡੇ ਸੱਭਿਆਚਾਰ ਦੀਆਂ ਮੂਲ ਭਾਵਨਾਵਾਂ ਨੂੰ ਪੇਸ਼ ਕਰਦਾ ਹੈ।

ਇਸ ਮੌਕੇ 'ਰੇਤ ਮਹਿਲ' ਕਾਵਿ-ਸੰਗ੍ਰਹਿ ਅਜਮੇਰ ਸਿੱਧੂ ਤੋਂ ਰਿਲੀਜ਼ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਅਮਰੀਕੀ ਪੰਜਾਬੀ ਕਵਿਤਾ ਦਾ ਮੁੱਢ ਗਦਰੀ ਕਵੀਆਂ ਨੇ ਬੰਨ੍ਹਿਆ ਸੀ। ਅੱਜ ਦੇ ਸਾਮਰਾਜੀ ਅਤੇ ਨਵ-ਬਸਤੀਵਾਦੀ ਦੌਰ ਵਿਚ ਅਮਰੀਕੀ ਪੰਜਾਬੀ ਕਵੀਆਂ ਕੋਲ ਇਹ ਅਮੀਰ ਵਿਰਸਾ ਪਿਆ ਹੈ। ਇਸੇ ਕਾਰਨ ਅਮਰੀਕੀ ਕਵੀਆਂ ਕੋਲ ਜਿੱਥੇ ਸੂਖਮ ਅਹਿਸਾਸਾਂ ਦੀ ਸ਼ਾਇਰੀ ਹੈ, ਰਾਜਨੀਤਕ ਮੁਹਾਵਰੇ ਵਾਲਾ ਕਾਵਿ ਰੂਪ ਵੀ ਮੌਜੂਦ ਹੈ। ਤਾਰਾ ਸਿੰਘ ਸਾਗਰ ਵੀ ਅਜਿਹੇ ਅਹਿਸਾਸਾਂ ਅਤੇ ਅਨੁਭਵਾਂ ਵਾਲਾ ਸ਼ਾਇਰ ਹੈ। ਉਸ ਦੇ ਗੀਤ ਜ਼ਿੰਦਗੀ ਦੀ ਲੈਅ ਨੂੰ ਪ੍ਰਗਟ ਕਰਦੇ ਹਨ।

ਗਾਇਕ ਸੁਖਦੇਵ ਸਾਹਿਲ, ਕਹਾਣੀਕਾਰ ਸਤਵਿੰਦਰ, ਬਿੱਟੂ ਦੌਲਤਪੁਰੀ, ਮਾਲਵਿੰਦਰ ਸਿੰਘ ਮੰਡ, ਨਰਿੰਦਰ ਸਿੰਘ ਦੁਸਾਂਝ, ਹਰਮੀਤ ਸਿੰਘ, ਸੁਰਜੀਤ ਕਾਹਮਾ, ਪ੍ਰੋ. ਬਲਜਿੰਦਰ ਸਿੰਘ, ਦਰਸ਼ਨ ਸਿੰਘ ਔਜਲਾ, ਕੈਲੀ ਡੱਬ, ਰਾਜ ਕੁਮਾਰ, ਮਹਿੰਦਰ ਸਿੰਘ ਧਾਮੀ, ਗੁਰਦਾਸ ਰੱਤੂ ਅਤੇ ਹਰਮੇਸ਼ ਮਦਾਰਾ ਨੇ ਤਾਰਾ ਸਿੰਘ ਸਾਗਰ ਨੂੰ ਇਸ ਕਾਵਿ ਸੰਗ੍ਰਿਹ ਲਈ ਵਧਾਈ ਦਿੱਤੀ। ਗੁਰਬਚਨ ਚੋਪੜਾ ਦੀ ਕਾਵਿ ਰੂਪ ਵਿਚ ਦਿੱਤੀ ਵਧਾਈ ਪੜ੍ਹੀ ਗਈ। ਤਾਰਾ ਸਿੰਘ ਸਾਗਰ ਨੇ ਲੇਖਕਾਂ, ਪਾਠਕਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਨੁੱਖੀ ਆਜ਼ਾਦੀ ਅਤੇ ਬਰਾਬਰੀ ਵਾਲੇ ਸਮਾਜ ਦਾ ਖਾਹਿਸ਼ਮੰਦ ਹੈ। ਉਸ ਦੀ ਕਵਿਤਾ ਇਸੇ ਕੇਂਦਰ ਦੁਆਲੇ ਘੁੰਮਦੀ ਹੈ।

ਸਮਾਗਮ ਦਾ ਦੂਜਾ ਪੜਾਅ ਗਾਇਕੀ ਦਾ ਸੀ। ਗਾਇਕ ਪਰਮਿੰਦਰ ਗੁਰੀ ਨੇ ਤਾਰਾ ਸਿੰਘ ਸਾਗਰ ਦੀਆਂ ਲਿਖੀਆਂ ਗ਼ਜ਼ਲਾਂ ਅਤੇ ਗੀਤਾਂ ਨੂੰ ਬੋਲ ਦਿੱਤੇ। ਗਾਇਕ ਜਤਿੰਦਰ ਜਰਗੀਆ ਅਤੇ ਜੀਵਨ ਰੱਤੂ ਨੇ ਵੀ ਸਾਗਰ ਦੇ ਗੀਤ ਗਾ ਕੇ ਭੱਲ ਖੱਟੀ।

# ਕੌਂਸਲ ਜਨਰਲ ਪਾਰਥਾਸਾਰਥੀ ਵੱਲੋਂ ਲਿਵਿੰਗਸਟਨ ਦਾ ਦੌਰਾ

**ਲਿਵਿੰਗਸਟਨ:** ਭਾਰਤ ਦੇ ਕੌਂਸਲ ਜਨਰਲ ਐਨ.ਆਰ. ਪਾਰਥਾਸਾਰਥੀ ਨੇ ਸਿਟੀ ਆਫ ਲਿਵਿੰਸਟਨ ਦੇ ਸੱਦੇ ਉਤੇ ਇਸ ਸ਼ਹਿਰ ਦਾ ਦੌਰਾ ਕੀਤਾ ਅਤੇ ਭਾਰਤੀ ਮੂਲ ਦੇ ਅਮਰੀਕੀ ਆਗੂਆਂ ਅਤੇ ਸਕੂਲ ਦੇ ਬੱਚਿਆਂ ਨੂੰ ਮਿਲੇ। ਇਸ ਤੋਂ ਬਾਅਦ ਉਹ ਸਥਾਨਕ ਗੁਰੂਘਰ ਵਿਚ ਮੱਥਾ ਟੇਕਣ ਵੀ ਗਏ।



*ਸ੍ਰੀ ਐਨ ਪਾਰਥਾਸਾਰਥੀ (ਸੱਜਿਓਂ ਚੌਥੇ) ਪ੍ਰਸਾਸ਼ਨਿਕ ਅਧਿਕਾਰੀਆਂ ਨਾਲ*

ਸ੍ਰੀ ਪਾਰਥਾਸਾਰਥੀ ਨੇ ਸਥਾਨਕ ਭਾਰਤੀ ਆਗੂਆਂ ਨਾਲ ਅਗਲੇ ਵਰ੍ਹੇ ਆ ਰਹੀ ਗਦਰ ਪਾਰਟੀ ਦੀ ਸ਼ਤਾਬਦੀ ਦੇ ਸਮਾਗਮਾਂ ਬਾਰੇ ਵਿਚਾਰਾਂ ਵੀ ਕੀਤੀਆਂ ਅਤੇ ਸਲਾਹ ਦਿੱਤੀ ਕਿ ਇਸ ਬਾਰੇ ਕੌਂਸਲੇਟ ਨਾਲ ਵੀ ਰਾਬਤਾ ਬਣਾਇਆ ਜਾਵੇ। ਉਨ੍ਹਾਂ ਦੇ ਸੁਝਾਵਾਂ ਵੱਲ ਪੂਰਾ ਧਿਆਨ ਦਿੱਤਾ ਜਾਵੇਗਾ। ਬਾਅਦ ਵਿਚ ਸੀਰੀਜ਼ ਸ਼ਹਿਰ ਵਿਚ ਉਨ੍ਹਾਂ ਦੇ ਮਾਣ ਵਿਚ ਕੀਤੇ ਗਏ ਇਕ ਸਮਾਗਮ ਦੌਰਾਨ ਉਨ੍ਹਾਂ ਆਪਸੀ ਭਾਈਚਾਰਾ ਵਧਾਉਣ ਲਈ ਲੋਕਾਂ ਵਿਚਾਲੇ ਸੁਚੱਜੇ ਤਾਲਮੇਲ ਦੀ ਗੱਲ ਕੀਤੀ। ਉਨ੍ਹਾਂ ਭਾਰਤ ਅਤੇ ਅਮਰੀਕਾ ਵਿਚਾਲੇ ਸਬੰਧਾਂ ਦੀ ਅਹਿਮੀਅਤ ਦਾ ਵੀ ਜ਼ਿਕਰ ਕੀਤਾ।

ਇਸ ਮੌਕੇ ਸਟਾਨੀਲਾਅਸ ਕਾਊਂਟੀ ਦੇ ਸ਼ੈਰਿਫ ਐਡਮ ਕ੍ਰਿਸਚੀਅਨਸਨ ਤੇ ਹੋਰ ਪ੍ਰਸਾਸ਼ਨਿਕ ਅਧਿਕਾਰੀਆਂ ਤੋਂ ਇਲਾਵਾ ਲੈਥਰਪ, ਮਨਟੀਕਾ, ਟਰਲਕ, ਵੈਦਰਫੋਰਡ, ਕੈਨਲੇਨ, ਰਿਪਨਸਿਟੀ, ਵਾਟਰਫੋਰਡ ਸਿਟੀ, ਸੈਰਿਜ਼, ਲਿਵਿੰਗਸਟਨ ਤੇ ਹੋਰ ਸ਼ਹਿਰਾਂ ਦੇ ਪੁਲਿਸ ਤੇ ਪ੍ਰਸਾਸ਼ਨਿਕ ਅਫਸਰ ਮੌਜੂਦ ਸਨ।

## ਵਪਾਰ ਤੇ ਵਣਜ ਬਾਰੇ ਭਾਰਤ-ਅਮਰੀਕਨ ਵਾਰਤਾ

**ਸਿਆਟਲ:** ਅਮਰੀਕਾ ਅਤੇ ਭਾਰਤ ਵਿਚਕਾਰ ਵਪਾਰ ਅਤੇ ਵਣਜ ਬਾਰੇ ਦੋ ਰੋਜ਼ਾ ਵਾਰਤਾ ਸਿਆਟਲ ਵਿਚ ਹੋਈ ਜਿਸ ਵਿਚ ਗੁਜਰਾਤ ਅਤੇ ਆਸਾਮ ਤੋਂ ਉਚ ਪੱਧਰੀ ਵਫਦ ਨੇ ਹਿੱਸਾ ਲਿਆ। ਸਿਆਟਲ ਸੈਂਟਰ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਰਵਾਈ ਗਈ ਇਸ ਵਾਰਤਾ ਵਿਚ ਅਮਰੀਕੀ ਕਾਂਗਰਸ ਮੈਂਬਰ ਜਿਮ ਮੈਕਡੌਰਮਟ, ਲੈਫਟੀਨੈਂਟ ਗਵਰਨਰ ਬਰੈਡ ਓਵਨ ਅਤੇ ਹੋਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਐਨ. ਪਾਰਥਾਸਾਰਥੀ ਨੇ ਇਸ ਵਾਰਤਾ ਵਿਚ ਹਿੱਸਾ ਲੈਣ ਲਈ ਉਚੇਚਾ ਪਹੁੰਚੇ ਤੇ ਉਨ੍ਹਾਂ ਕੁੰਜੀਵਤ ਭਾਸ਼ਨ ਦਿੱਤਾ।



*ਕੌਂਸਲ ਜਨਰਲ ਪਾਰਥਾਸਾਰਥੀ ਸਿਆਟਲ ਵਿਚ*

PANNU'S
Legal Services



We provide services in

Bring US passport & proof of residence by 9:00 am at SF location we prepare your papers & get visa on sameday for $99 only. Call for details

G.S. Pannu
Immigration Consultant - LDA



IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200
(209) 679-8025

E-mail: indiavisa123@yahoo.com • Fax: (510) 279-7624

ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

Safe & Easy Weight Loss
Ph:317-886-4858

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।

# ਸਹਾਇਤਾ ਸੰਸਥਾ ਦੇ ਫੰਡਰੇਜ਼ਰ ਨੂੰ ਚੰਗਾ ਹੁੰਗਾਰਾ





**ਯੂਨੀਅਨ ਸਿਟੀ (ਬਿਊਰੋ):** ਲੋੜਵੰਦਾਂ ਨੂੰ ਡਾਕਟਰੀ ਅਤੇ ਹੋਰ ਸਹੂਲਤਾਂ ਮੁਹੱਈਆ ਕਰਨ ਵਾਲੀ ਸੰਸਥਾ 'ਸਹਾਇਤਾ' ਵਲੋਂ ਇਥੇ ਸਪੋਰਟਸ ਕੰਪਲੈਕਸ ਵਿਚ ਲੰਘੀ 29 ਸਤੰਬਰ ਨੂੰ ਕਰਵਾਏ ਗਏ ਫੰਡਰੇਜ਼ਰ ਨੂੰ ਭਾਈਚਾਰੇ ਤੋਂ ਚੰਗਾ ਹੁੰਗਾਰਾ ਮਿਲਿਆ। ਇਸ ਸਾਲ ਦਾ ਪ੍ਰੋਗਰਾਮ ਸਹਾਇਤਾ ਵਲੋਂ ਅਮਰੀਕਾ ਵਿਚ ਸਹਾਇਤਾ ਸੈਂਟਰ ਬਣਾਉਣ ਦੇ ਟੀਚੇ ਨੂੰ ਮੁਖ ਰੱਖ ਕੇ ਕੀਤਾ ਗਿਆ ਸੀ।

ਟੋਰਾਂਟੋ ਤੋਂ ਸਹਾਇਤਾ ਕੈਨੇਡਾ ਦੇ ਕਰਮਜੀਤ ਗਿੱਲ, ਸੈਂਡੀ ਗਰੇਵਾਲ ਅਤੇ ਲਵੀਨ ਗਿੱਲ ਉਚੇਚੇ ਤੌਰ 'ਤੇ ਪਹੁੰਚੇ। ਮੰਚ ਸੰਚਾਲਨ ਸਿਮਰਨ ਵਾਲੀਆ ਅਤੇ ਲਵੀਨ ਗਿੱਲ ਨੇ ਕੀਤਾ। ਇਸ ਵਾਰ ਦੇ ਪ੍ਰੋਗਰਾਮ ਵਿਚ ਸਕਾਈਪ ਰਾਹੀਂ 'ਸਹਾਇਤਾ ਇੰਡੀਆ' ਨੇ ਵੀ ਸ਼ਮੂਲੀਅਤ ਕੀਤੀ। ਸਹਾਇਤਾ ਸੰਸਥਾ ਨੇ ਉਨ੍ਹਾਂ ਸਭ ਲੋਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਇਸ ਫੰਡਰੇਜ਼ਰ ਸਮਾਗਮ 'ਚ ਸਹਿਯੋਗ ਦਿੱਤਾ। ਸਹਾਇਤਾ ਸੰਸਥਾ ਨੇ ਇਹ ਭਰੋਸਾ ਦਿਵਾਇਆ ਕਿ ਇਸ ਵਲੋਂ ਲੋਕਾਂ ਦੇ ਸਹਿਯੋਗ ਨਾਲ ਸਮਾਜ ਸੁਧਾਰ ਅਤੇ ਸਿਹਤ ਸਬੰਧੀ ਕੰਮ ਹੋਰ ਵੀ ਉਤਸ਼ਾਹ ਨਾਲ ਕੀਤੇ ਜਾਣਗੇ।

ਪ੍ਰੋਗਰਾਮ ਦੌਰਾਨ ਖਾਣਾ ਹਰ ਸਾਲ ਵਾਂਗ ਇਸ ਵਾਰ ਵੀ ਰਾਜਾ ਸਵੀਟਸ ਵਲੋਂ ਸਪਾਂਸਰ ਕੀਤਾ ਗਿਆ। ਡੀ ਜੇ ਨਿਕਸ ਬੱਚੂ ਨੇ ਆਪਣੀਆਂ ਸੇਵਾਵਾਂ ਨਾਲ ਲੋਕਾਂ ਨੂੰ ਖੁਸ਼ ਕੀਤਾ। ਰਾਜ ਬਡਵਾਲ ਨੇ ਸਟੇਜ ਲਗਵਾਉਣ ਵਿਚ ਮਦਦ ਕੀਤੀ ਅਤੇ ਸ਼ੁਰੂਆਤੀ ਤਕਰੀਰ ਕੀਤੀ। ਸੰਸਥਾ ਦੇ ਇਸ ਸਮਾਗਮ ਦੇ ਮੁੱਖ ਸਪਾਂਸਰ ਸੁਖਵੀਰ ਪੰਨੂ, ਜੇ ਡੀ ਧਾਲੀਵਾਲ, ਅਮਰਿੰਦਰ ਬਾਂਸਲ, ਸਮਾਰਟੀ ਥਾਪਰ, ਦਲਵੀਰ ਪੰਨੂ, ਮਨਦੀਪ ਤੇ ਰੀਤੂ ਘੁੰਮਣ, ਜੈਨਕੋ ਅਤੇ ਕੁਲਦੀਪ ਸਿੱਧੂ ਸਨ।

## ਧਰਤੀ ਤੋਂ ਦੁੱਗਣਾ ਵੱਡਾ ਗ੍ਰਹਿ ਲੱਭਿਆ

ਲੰਦਨ: ਪੁਲਾੜ ਵਿਗਿਆਨੀਆਂ ਨੇ ਧਰਤੀ ਤੋਂ ਦੁੱਗਣੇ ਆਕਾਰ ਦਾ ਇਕ ਗ੍ਰਹਿ ਖੋਜਿਆ ਹੈ ਜਿਸ ਦਾ ਵੱਡਾ ਹਿੱਸਾ ਹੀਰੇ ਦਾ ਬਣਿਆ ਹੋਇਆ ਹੈ। ਇਹ ਆਪਣੇ ਗ੍ਰਹਿ ਪੱਥ 'ਤੇ ਤਾਰੇ ਦੇ ਰੂਪ ਵਿਚ ਚੱਲਦਾ ਹੈ ਤੇ ਉਸ ਨੂੰ ਨੰਗੀਆਂ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ। ਸੂਰਜ ਦੀ ਤਰ੍ਹਾਂ ਚਮਕਦਾ ਚਟਾਨਾਂ ਵਾਲਾ ਇਹ ਗ੍ਰਹਿ ਜਿਸ ਨੂੰ '55 ਕੈਂਸਰੀ ਈ' ਕਿਹਾ ਜਾਂਦਾ ਹੈ। ਇਹ ਕਰਕ ਦੇ ਖੇਤਰ ਦੇ ਤਾਰਿਆਂ ਦੇ ਸਮੂਹ ਤੋਂ 40 ਪ੍ਰਕਾਸ਼ ਵਰ੍ਹੇ ਦੂਰ ਹੈ।

# ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਦਾ ਫਰਿਜ਼ਨੋ 'ਚ ਨਿੱਘਾ ਸੁਆਗਤ


**ਫਰਿਜ਼ਨੋ (ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਹਰ ਮੁਹਾਜ ਉਤੇ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਅਤੇ ਇਸ ਵਲੋਂ ਲੋਕਾਂ ਉਪਰ ਟੈਕਸਾਂ ਦਾ ਨਿਤ ਨਵੇਂ ਦਿਨ ਨਵਾਂ ਬੋਝ ਲੱਦਿਆ ਜਾ ਰਿਹਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਜਿਨ੍ਹਾਂ ਗੱਲਾਂ ਕਰਕੇ ਹਾਰ ਹੋਈ, ਪਾਰਟੀ ਨੇ ਉਨ੍ਹਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਹੈ ਅਤੇ ਪਹਿਲੀਆਂ ਗਲਤੀਆਂ ਦੂਰ ਕਰਕੇ ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਕਾਂਗਰਸ ਵੱਡੀ ਜਿੱਤ ਹਾਸਲ ਕਰੇਗੀ। ਇਹ ਵਿਚਾਰ ਪੰਜਾਬ ਦੇ ਸਾਬਕਾ ਮੰਤਰੀ ਸ. ਮਲਕੀਤ ਸਿੰਘ ਦਾਖਾ ਨੇ ਇਥੇ ਆਪਣੇ ਮਾਣ ਵਿਚ ਰੱਖੇ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ।

ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਕੋਲ ਕੈਪਟਨ ਅਮਰਿੰਦਰ ਸਿੰਘ ਵਰਗਾ ਹੋਰ ਕੋਈ ਕੱਦਾਵਰ ਨੇਤਾ ਨਹੀਂ ਹੈ ਅਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਕੈਪਟਨ ਸਾਹਿਬ ਕੋਲ ਹੀ ਸੋਭਾ ਦਿੰਦੀ ਹੈ ਫਿਰ ਵੀ ਹਾਈ ਕਮਾਨ ਦਾ ਜੋ ਵੀ ਫੈਸਲਾ ਹੋਵੇਗਾ, ਸਭ ਨੂੰ ਪ੍ਰਵਾਨ ਹੋਵੇਗਾ। ਉਨ੍ਹਾਂ ਭਾਰਤ ਵਿਚ ਬਾਹਰੀ ਨਿਵੇਸ਼ ਦਾ ਸੁਆਗਤ ਕਰਦਿਆਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਘੱਟੋ ਘੱਟ ਚੀਜਾਂ ਤਾਂ ਸਾਫ ਸੁਥਰੀਆਂ ਮਿਲਣਗੀਆਂ।

ਇਹ ਸਮਾਗਮ ਬਹੁਪੱਖੀ ਸ਼ਖਸੀਅਤ ਰਣਜੀਤ ਸਿੰਘ ਗਿੱਲ (ਜੱਗਾ ਸਧਾਰ) ਅਤੇ ਪਾਲ ਧਾਲੀਵਾਲ (ਰੇਡਿਓ ਹੋਸਟ) ਵੱਲੋਂ ਸੱਜਣਾਂ ਮਿੱਤਰਾਂ ਦੇ ਸਹਿਯੋਗ ਨਾਲ ਇਥੇ ਰਾਇਲ ਤਾਜ ਇੰਡੀਅਨ ਰੈਸਟੋਰੈਂਟ ਵਿਚ ਕੀਤਾ ਗਿਆ ਸੀ। ਇਸ ਮੌਕੇ ਬੋਲਦਿਆਂ ਸਥਾਨਕ ਕਾਂਗਰਸੀ ਆਗੂ ਪਾਲ ਸਹੋਤਾ ਨੇ ਕਿਹਾ ਕਿ ਸਾਨੂੰ ਅਜਿਹੀਆਂ ਖਬਰਾਂ ਤੋਂ ਚਿੰਤਤ ਨਹੀਂ ਹੋਣਾ ਚਾਹੀਦਾ ਕਿ ਫਲਾਣਾ ਸਿੰਘ ਪਾਰਟੀ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ, ਕਿਉਂਕਿ ਕੁਝ ਲੋਕ ਤਾਂ ਹੁੰਦੇ ਹੀ ਟਪੂਸੀ ਮਾਰ ਹਨ। ਅੰਤ ਵਿਚ ਪ੍ਰਿੰ. ਪ੍ਰੀਤਮ ਸਿੰਘ ਨਾਹਲ ਨੇ ਆਏ ਸਾਰੇ ਸੱਜਣਾਂ ਦਾ ਸ਼ੁਕਰੀਆ ਅਦਾ ਕੀਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਬਾਠ, ਗੁਰਦੀਪ ਸਿੰਘ ਨਿੱਝਰ, ਸਾਧੂ ਸਿੰਘ ਸੰਘਾ, ਚਰਨ ਗੁਰਮ, ਹਾਕਮ ਸਿੰਘ ਢਿੱਲੋਂ, ਬਿੱਟੂ ਕੁੱਸਾ, ਸੁਰਜੀਤ ਸਿੰਘ ਬਸਰਾ, ਨਿਰਮਲ ਸਿੰਘ ਗਿੱਲ, ਡਾ. ਸਿਮਰਜੀਤ ਧਾਲੀਵਾਲ ਅਤੇ ਦੀਪਾ ਚੌਹਾਨ ਸ਼ਾਮਲ ਹੋਏ।



ਸ. ਮਲਕੀਤ ਸਿੰਘ ਦਾਖਾ ਦੇ ਮਾਣ ਵਿਚ ਕੀਤੇ ਗਏ ਸਮਾਗਮ ਵਿਚ ਹਾਜ਼ਰ ਪਤਵੰਤੇ



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103



Noble Dental Care
Family and Cosmetic Dentistry

ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Shital Shah, DDS
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign

Starting at $2,950*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)



The Anu Attorney Immigration Law Firm
Law offices of Anu Peshawaria
*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court

*Bankruptcy Consultation and Filing
Visa: Students, Athletes, Musicians, Journalists, Nurses, Teachers, Cooks, Religious & other professionals
Woman of the year award 1991 – India
US acclaimed extraordinary ability
Awarded for outstanding community service
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Weekends & Evening Appointments Available
Call:1-866-586-6297, 510-353-0102
46560 Fremont Blvd., STE#205, Fremont, CA 94538
anu@anuattorney.com www.anuattorney.com

gb4 RECORDZ

# MAIN BOLI PUNJAB DI

## ਮੈਂ ਬੋਲੀ ਪੰਜਾਬ ਦੀ







I Would Like To Dedicate This Album to My Mentor the Living Legend "Gurdas Mann Ji". Who's Music, Spirit And Presence I Have Admired Throughout My Life And Inspiration For This Album comes From Him.

My Deepest Wish Is That This Album Will Express My Spirit And Faith, And Be As Inspiring To My Listeners As His Music Has Been For Me.

Babbu Gurpal

**Babbu Gurpal @ 510-557-9670**



Tarlochan Virk Proudly Presents
ਮੈਂ ਬੋਲੀ ਪੰਜਾਬ ਦੀ
Singer : Babbu Gurpal
Available on
OCT 17th
MAIN
BOLI
PUNJAB
DI
Music Producer : Vinay Vinayak
VIDEO BY : JAS SIDHU & 765 Studio
Director/Editor : Mandeep Lehal
Add sponsered by :
Shiara Singh Dhindsa (Omni Video Production)
661-703-6664
Lyrics : • Syed Waris Shah • Makhan Brar • Sardar Panchhi • Daljit Riar • Yadwinder Sra
Babbu Gurpal : 510-557-9670 (USA) Babbu.Gurpal@facebook.com
For More Info : Yadwinder Sra 408-203-3215, Vijay 650-400-5156 CD Distribution : Chinderpal 209-481-2066
C&P All Rights Reserved With G4B Records
Audio CD


## ਨੋਬਲ ਇਨਾਮ ਜੇਤੂ ਮੋ ਯਾਨ ਨਾਲ ਮੁਲਾਕਾਤ

# ਹਕੀਕਤ ਹੀ ਸਿਰਜਣਾ ਹੈ

ਸਾਲ 2012 ਦਾ ਨੋਬੇਲ ਸਾਹਿਤ ਪੁਰਸਕਾਰ ਚੀਨੀ ਲੇਖਕ ਮੋ ਯਾਨ (17 ਫਰਵਰੀ 1955) ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਯਾਨ ਨੇ ਚੀਨੀ ਸੱਭਿਆਚਾਰਕ ਕ੍ਰਾਂਤੀ ਦੌਰਾਨ ਸਕੂਲ ਛੱਡ ਦਿੱਤਾ ਸੀ ਅਤੇ ਬਾਅਦ ਵਿਚ ਉਹ ਡੰਗਰ ਵੀ ਚਾਰਦਾ ਰਿਹਾ। ਨੋਬੇਲ ਮਿਲਣ ਤੋਂ ਪਹਿਲਾਂ ਲੰਡਨ ਪੁਸਤਕ ਮੇਲੇ ਵਿਚ 'ਗ੍ਰਾਂਟਾ' ਦੇ ਸੰਪਾਦਕ ਜਾਨ ਫ੍ਰੀਮੈਨ ਨੇ ਉਨ੍ਹਾਂ ਨਾਲ ਗੱਲਬਾਤ ਕੀਤੀ ਜਿਸ ਦੇ ਮੁੱਖ ਅੰਸ਼ ਪਾਠਕਾਂ ਦੀ ਨਜ਼ਰ ਹਨ:

ਸਵਾਲ: ਤੁਹਾਡੇ ਕਈ ਨਾਵਲਾਂ ਦਾ ਪਿਛੋਕੜ ਗਾਓਮੀ ਦੇ ਆਪਣੇ ਜੱਦੀ ਕਸਬੇ 'ਤੇ ਆਧਾਰਤ ਅਰਧ-ਕਾਲਪਨਿਕ ਸ਼ਹਿਰ ਦਾ ਹੈ। ਅਜਿਹੀ ਕਿਹੜੀ ਗੱਲ ਸੀ ਕਿ ਤੁਸੀਂ ਇਸ ਅਰਧ ਕਾਲਪਨਿਕ ਸਮਾਜ ਵੱਲ ਮੁੜੇ। ਕੀ ਆਲਮੀ ਪੱਧਰ ਦੇ ਪਾਠਕ ਵਰਗ ਨੇ ਇਹ ਫੋਕਸ ਬਦਲਿਆ ਹੈ?

ਜਵਾਬ: ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਤਾਂ ਚਾਰੇ ਪਾਸੇ ਲਿਖਣ ਵਾਲਾ ਮਹੌਲ ਹੁੰਦਾ ਸੀ। ਉਦੋਂ ਹਕੀਕਤਾਂ ਹੀ ਮੇਰੇ ਅਨੁਭਵ ਸਨ। ਫਿਰ ਜਿਵੇਂ-ਜਿਵੇਂ ਮੇਰੀਆਂ ਕਿਤਾਬਾਂ ਛਪਦੀਆਂ ਗਈਆਂ, ਮੇਰੇ ਅਨੁਭਵ ਖਤਮ ਹੋਣ ਲੱਗੇ ਅਤੇ ਮੈਨੂੰ ਹਕੀਕਤ ਨਾਲ ਥੋੜ੍ਹੀ-ਥੋੜ੍ਹੀ ਕਲਪਨਾ ਰਲਾਉਣੀ ਪੈ ਗਈ। ਹੋਰ ਲੇਖਕਾਂ ਨਾਲ ਵੀ ਖੌਰੇ ਇੱਦਾਂ ਹੁੰਦਾ ਹੋਵੇ।



ਸਵਾਲ: ਤੁਹਾਡੀਆਂ ਕੁਝ ਰਚਨਾਵਾਂ ਗੁੰਟਰ ਗਰਾਸ, ਵਿਲੀਅਮ ਫਾਕਨਰ ਅਤੇ ਗੈਬ੍ਰਿਲ ਗਾਰਸ਼ੀਆ ਮਾਰਕੇਜ਼ ਦੀਆਂ ਲਿਖਤਾਂ ਦੀ ਯਾਦ ਦਿਵਾਉਂਦੀਆਂ ਹਨ। ਕੀ ਚੀਨ ਵਿਚ ਇਨ੍ਹਾਂ ਲੇਖਕਾਂ ਦੀਆਂ ਕਿਤਾਬਾਂ ਮਿਲਦੀਆਂ ਸਨ? ਉਨ੍ਹਾਂ ਲੋਕਾਂ ਬਾਰੇ ਵੀ ਕੁਝ ਦੱਸੋ ਜਿਨ੍ਹਾਂ ਤੋਂ ਤੁਸੀਂ ਪ੍ਰਭਾਵਤ ਹੋਏ?

ਜਵਾਬ: ਮੇਰਾ ਖਿਆਲ 1981 ਦੀ ਗੱਲ ਹੈ ਜਦੋਂ ਮੈਂ ਕਲਮ ਵਾਹੁਣੀ ਸ਼ੁਰੂ ਕੀਤੀ। ਉਦੋਂ ਮੈਂ ਗਾਰਸ਼ੀਆ ਮਾਰਕੇਜ਼ ਜਾਂ ਫਾਕਨਰ ਦੀ ਕੋਈ ਕਿਤਾਬ ਨਹੀਂ ਸੀ ਪੜ੍ਹੀ। ਇਨ੍ਹਾਂ ਦੀਆਂ ਲਿਖਤਾਂ ਮੈਂ 1984 ਵਿਚ ਪੜ੍ਹੀਆਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੀਆਂ ਲਿਖਤਾਂ 'ਤੇ ਇਨ੍ਹਾਂ ਦੋਹਾਂ ਲੇਖਕਾਂ ਦਾ ਬਹੁਤ ਪ੍ਰਭਾਵ ਪਿਆ। ਮੈਨੂੰ ਜਾਪਦਾ ਹੈ ਕਿ ਮੇਰੇ ਜੀਵਨ ਦੇ ਅਨੁਭਵ ਇਨ੍ਹਾਂ ਦੇ ਅਨੁਭਵਾਂ ਨਾਲ ਕਾਫੀ ਮਿਲਦੇ-ਜੁਲਦੇ ਹਨ। ਉਂਜ ਇਸ ਬਾਰੇ ਮੈਨੂੰ ਬਾਅਦ ਵਿਚ ਹੀ ਪਤਾ ਲੱਗਿਆ। ਜੇ ਉਨ੍ਹਾਂ ਨੂੰ ਪਹਿਲਾਂ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਵਾਂਗ ਮੈਂ ਵੀ ਹੁਣ ਤੱਕ ਕੋਈ ਸ਼ਾਹਕਾਰ ਰਚਨਾ ਕਰ ਚੁੱਕਾ ਹੁੰਦਾ।

ਸਵਾਲ: 'ਰੈੱਡ ਸੋਰਗਮ' ਜਿਹੇ ਮੁੱਢਲੇ ਨਾਵਲ ਇਤਿਹਾਸਕ ਜਾਂ ਕੁਝ ਲੋਕਾਂ ਨੂੰ ਤਾਂ 'ਰੋਮਾਂਸ' ਹੀ ਲੱਗਦੇ ਹਨ ਅਤੇ ਹੁਣ ਤੁਹਾਡੇ ਨਾਵਲ ਸਮਕਾਲੀ ਜਗਤ ਅਤੇ ਵਿਸ਼ਾ ਵਸਤੂਆਂ ਬਾਰੇ ਹਨ। ਇਹ ਚੋਣ ਮਿਥ ਕੇ ਕੀਤੀ ਗਈ ਸੀ?

ਜਵਾਬ: ਜਦੋਂ ਮੈਂ 'ਰੈੱਡ ਸੋਰਗਮ' ਲਿਖਿਆ, ਉਸ ਸਮੇਂ ਮੈਂ 30 ਸਾਲ ਤੋਂ ਵੀ ਘੱਟ ਉਮਰ ਦਾ ਸਾਂ। ਉਸ ਸਮੇਂ ਮੇਰੀ ਜ਼ਿੰਦਗੀ ਰੁਮਾਨੀ ਸੀ। ਮੈਂ ਆਪਣੇ ਪੁਰਖਿਆਂ ਦੇ ਜੀਵਨ ਬਾਰੇ ਲਿਖ ਰਿਹਾ ਸਾਂ। ਉਨ੍ਹਾਂ ਬਾਰੇ ਮੈਨੂੰ ਬਹੁਤ ਪਤਾ ਨਹੀਂ ਸੀ। ਇਸ ਲਈ ਪਾਤਰਾਂ ਵਿਚ ਕਲਪਨਾ ਭਰ ਦਿੱਤੀ। ਜਦੋਂ 'ਲਾਇਫ ਐਂਡ ਡੈੱਥ ਆਰ ਵੀਅਰਿੰਗ ਮੀ ਆਊਟ' ਲਿਖਿਆ, ਉਸ ਸਮੇਂ ਮੈਂ 40 ਸਾਲ ਟੱਪ ਚੁੱਕਾ ਸਾਂ। ਅੱਧਖੜ ਬੰਦਾ ਹੋਰ ਤਰ੍ਹਾਂ ਸੋਚਦਾ ਹੈ। ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਹਨ।

ਸਵਾਲ: ਤੁਸੀਂ ਸਥਾਨਕ ਲਾਓਬਾਕਿਸੰਗ ਭਾਸ਼ਾ ਵਿਚ ਹੀ ਲਿਖਦੇ ਹੋ। ਇਹ ਤੁਹਾਡੇ ਸ਼ਬਦਾਂ ਅਤੇ ਅਰਥਾਂ ਨੂੰ ਤਿੱਖੀ ਧਾਰ ਵੀ ਦਿੰਦੀ ਹੈ। ਤੁਹਾਨੂੰ ਕਦੀ ਇਹ ਨਹੀਂ ਲੱਗਿਆ ਕਿ ਜਿਹੜੀ ਗੱਲ ਤੁਸੀਂ ਆਪਣੀ ਭਾਸ਼ਾ ਵਿਚ ਕਹੀ ਹੈ, ਅੰਗਰੇਜ਼ੀ ਅਨੁਵਾਦ ਵਿਚ ਉਸ ਦਾ ਮੁਹਾਵਰਾ ਕਈ ਵਾਰ ਹੋਰ ਹੀ ਹੋ ਗਿਆ, ਖਾਸ ਕਰ ਕੇ ਜਿਵੇਂ ਸਿਰਲੇਖਾਂ ਦਾ ਹੀ ਮਾਮਲਾ ਹੈ। ਇਸ ਬਾਰੇ ਆਪਣੇ ਅਨੁਵਾਦਕ ਹਾਵਰਡ ਗੋਲਡਬਲਾਟ ਨਾਲ ਕੋਈ ਗੱਲ ਹੋਈ ਹੋਵੇ?

ਜਵਾਬ: ਇਹ ਸੱਚ ਹੈ ਕਿ ਆਪਣੀਆਂ ਸ਼ੁਰੂਆਤੀ ਰਚਨਾਵਾਂ ਵਿਚ ਮੈਂ ਸਥਾਨਕ ਭਾਸ਼ਾ, ਮੁਹਾਵਰੇ ਅਤੇ ਸਿਰਲੇਖਾਂ ਦਾ ਕਾਫੀ ਇਸਤੇਮਾਲ ਕਰਿਆ ਕਰਦਾ ਸੀ ਕਿਉਂਕਿ ਉਸ ਸਮੇਂ ਮੈਂ ਅਜਿਹਾ ਸੋਚਦਾ ਵੀ ਨਹੀਂ ਸੀ ਕਿ ਮੇਰੀ ਰਚਨਾ ਦਾ ਦੂਜੀਆਂ ਭਾਸ਼ਾਵਾਂ ਵਿਚ ਵੀ ਅਨੁਵਾਦ ਹੋਵੇਗਾ। ਬਾਅਦ ਵਿਚ ਮੈਂ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਦੀ ਭਾਸ਼ਾ ਤਰਜਮਾ ਕਰਨ ਵਾਲੇ ਲਈ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰਦੀ ਹੈ ਪਰ ਸਥਾਨਕ ਭਾਸ਼ਾ, ਮੁਹਾਵਰੇ ਅਤੇ ਸਿਰਲੇਖਾਂ ਦਾ ਇਸਤੇਮਾਲ ਨਾ ਕਰਨਾ ਮੇਰੇ ਲਈ ਔਖਾ ਹੈ, ਇਹ ਤਾਂ ਬਦੋ-ਬਦੀ ਹੋ ਜਾਂਦਾ ਹੈ। ਨਾਲੇ ਮੈਂ ਕਿਹੜਾ ਕੋਈ ਉਚੇਚ ਕਰਦਾ ਹਾਂ। ਇਸ ਤੋਂ ਬਚਿਆ ਨਹੀਂ ਜਾ ਸਕਦਾ। ਜਿਥੇ ਤੁਸੀਂ ਰਹਿੰਦੇ-ਵਿਚਰਦੇ ਹੋ, ਉਸ ਦਾ ਅਸਰ ਤਾਂ ਤੁਹਾਡੀਆਂ ਲਿਖਤਾਂ ਉਤੇ ਪੈਣਾ ਹੀ ਪੈਣਾ ਹੈ।

ਸਵਾਲ: ਤੁਹਾਡੇ ਕਈ ਨਾਵਲਾਂ ਵਿਚ ਔਰਤਾਂ ਬੜੀਆਂ ਧੜੱਲੇਦਾਰ ਹਨ। 'ਬਿੱਗ ਬ੍ਰੈੱਸਟਸ ਐਂਡ ਵਾਈਡ ਹਿਪਸ', 'ਲਾਇਫ ਐਂਡ ਡੈੱਥ ਆਰ ਵੀਅਰਿੰਗ ਮੀ ਆਊਟ' ਅਤੇ 'ਫ੍ਰਾਗ' ਵਿਚ ਅਜਿਹੇ ਪਾਤਰ ਦਿਸਦੇ ਹਨ। ਇਸ ਪ੍ਰਸੰਗ ਵਿਚ ਤੁਸੀਂ ਨਾਰੀਵਾਦ ਨੂੰ ਕਿਵੇਂ ਲੈਂਦੇ ਹੋ?


ਜਵਾਬ: ਸਭ ਤੋਂ ਪਹਿਲਾਂ ਤਾਂ ਇਹ ਕਿ ਮੈਂ ਔਰਤਾਂ ਦੀ ਕਦਰ ਅਤੇ ਸਨਮਾਨ ਕਰਦਾ ਹਾਂ। ਮੈਨੂੰ ਲੱਗਦਾ ਹੈ ਕਿ ਉਹ ਬਹੁਤ ਮਹਾਨ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਜੀਵਨ ਅਨੁਭਵ ਅਤੇ ਸਹਿਣਸ਼ਕਤੀ ਹਮੇਸ਼ਾ ਕਿਸੇ ਵੀ ਪੁਰਸ਼ ਨਾਲੋਂ ਬਹੁਤ ਜ਼ਿਆਦਾ ਹੁੰਦੀ ਹੈ। ਔਰਤਾਂ ਸਦਾ ਹੀ ਪੁਰਸ਼ਾਂ ਤੋਂ ਜ਼ਿਆਦਾ ਬਹਾਦਰ ਸਾਬਤ ਹੁੰਦੀਆਂ ਹਨ ਉਹ ਮਾਵਾਂ ਵੀ ਹੁੰਦੀਆਂ ਹਨ। ਇਸ ਲਈ ਜੋ ਤਾਕਤ ਉਨ੍ਹਾਂ ਕੋਲ ਆਉਂਦੀ ਹੈ, ਉਸ ਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਆਪਣੀਆਂ ਕਿਤਾਬਾਂ ਵਿਚ ਮੈਂ ਖੁਦ ਨੂੰ ਔਰਤ ਦੀ ਥਾਂ ਰੱਖ ਕੇ ਦੇਖਣ ਦਾ ਯਤਨ ਕਰਦਾ ਹਾਂ। ਇਸ ਦੁਨੀਆਂ ਨੂੰ ਮੈਂ ਔਰਤਾਂ ਦੇ ਨਜ਼ਰੀਏ ਤੋਂ ਸਮਝਣ-ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ।


ਸਵਾਲ: ਸੈਂਸਰਸ਼ਿਪ ਤੋਂ ਬਚਣ ਦੇ ਮਾਅਨੇ ਕੀ ਹਨ? ਕੀ ਕਾਲਪਨਿਕ ਯਥਾਰਥਵਾਦ ਰਾਹੀਂ ਖੋਲ੍ਹੇ ਰਾਹਾਂ ਦੇ ਨਾਲ-ਨਾਲ, ਵਾਦ-ਵਿਵਾਦ ਦਾ ਸਹਾਰਾ ਲਏ ਬਿਨਾਂ ਇਕ ਸੀਮਾ ਤੱਕ ਲੇਖਕ ਨੂੰ ਆਪਣੇ ਫਿਕਰ ਪ੍ਰਗਟ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ?


ਜਵਾਬ: ਹਾਂ, ਕਿਉਂ ਨਹੀਂ। ਮਸਲਨ, ਸਾਡੇ ਜੀਵਨ ਵਿਚ ਕੁਝ ਤਿੱਖੇ, ਤੀਬਰ, ਤੁਰਸ਼ ਤੇ ਸੰਵੇਦਨਸ਼ੀਲ ਮੁੱਦੇ ਹੋ ਸਕਦੇ ਹਨ। ਕੋਈ ਲੇਖਕ ਇਨ੍ਹਾਂ ਨੂੰ ਅਸਲ ਦੁਨੀਆਂ ਤੋਂ ਅਲੱਗ ਕਰਨ ਲਈ ਆਪਣੀ ਕਲਪਨਾ ਵਰਤਦਾ ਹੈ ਜਾਂ ਉਹ ਹਾਲਤ ਨੂੰ ਵਧਾ-ਚੜ੍ਹਾ ਕੇ ਵੀ ਕਹਿੰਦਾ ਹੈ। ਇੱਦਾਂ ਦੀਆਂ ਤਾਂ ਸੈਂਕੜੇ ਮਿਸਾਲਾਂ ਹਨ। ਮੇਰਾ ਮੰਨਣਾ ਹੈ ਕਿ ਇਹ ਸੀਮਾਵਾਂ ਜਾਂ ਸੈਂਸਰਸ਼ਿਪ ਸਾਹਿਤ ਸਿਰਜਣਾ ਲਈ ਬਿਹਤਰ ਹੀ ਹੈ।

ਸਵਾਲ: ਅੰਗਰੇਜ਼ੀ ਵਿਚ ਛਪੀ ਤੁਹਾਡੀ ਪਿਛਲੀ ਕਿਤਾਬ 'ਡੇਮੋਕਰੇਸੀ' ਵਿਚ ਹਲਕਾ ਜਿਹਾ ਜ਼ਿਕਰ ਹੈ ਜਿਸ ਦਾ ਲਹਿਜਾ ਕੁਝ ਕੁ ਨਿਰਾਸ਼ਾ ਵਾਲਾ ਹੈ। ਪ੍ਰਗਤੀ ਦਾ ਮਤਲਬ ਤਾਂ ਬਿਹਤਰੀ ਹੀ ਹੁੰਦਾ ਹੈ ਪਰ ਤੁਹਾਡੇ ਜ਼ਿਕਰ ਤੋਂ ਲੱਗਦਾ ਹੈ ਕਿ ਕੁਝ ਗੁਆਚ ਗਿਆ ਹੈ। ਕੀ ਇਹ ਸੱਚਾ ਵਰਨਣ ਹੈ?

ਜਵਾਬ: ਹਾਂ, ਜਿਸ ਬਾਰੇ ਤੁਸੀਂ ਜ਼ਿਕਰ ਕਰ ਰਹੇ ਹੋ, ਉਹ ਮੇਰੇ ਆਪਣੇ ਅਨੁਭਵਾਂ ਅਤੇ ਮੇਰੇ ਰੋਜ਼ਾਨਾ ਜੀਵਨ ਨਾਲ ਭਰਿਆ ਹੋਇਆ ਹੈ। ਦਰਅਸਲ ਇਸ ਵਿਚ ਕੁਝ ਕੁ ਕਲਪਨਾ ਵੀ ਹੈ। ਨਾਲੇ ਇਹ ਕਹਾਣੀ 40 ਸਾਲ ਦੇ ਆਦਮੀ ਦੀ ਹੈ ਜੋ ਉਸ ਵਕਤ ਨੂੰ ਯਾਦ ਕਰ ਰਿਹਾ ਹੈ ਜੋ ਹੁਣ ਜਾ ਚੁੱਕਾ ਹੈ। ਜਦ ਤੁਸੀਂ ਨੌਜਵਾਨ ਸੀ ਤਾਂ ਹੋ ਸਕਦਾ ਹੈ ਕਿ ਤੁਸੀਂ ਕਿਸੇ ਕੁੜੀ ਦੇ ਪਿਆਰ ਵਿਚ ਪਾਗਲ ਹੋ ਗਏ ਹੋਵੋ, ਅੱਜ ਉਹ ਕੁੜੀ ਕਿਸੇ ਹੋਰ ਦੀ ਪਤਨੀ ਹੈ, ਹੁਣ ਇਹ ਯਾਦ ਅਸਲ ਵਿਚ ਦੁੱਖ ਭਰੀ ਹੀ ਹੋਵੇਗੀ। ਪਿਛਲੇ 30 ਸਾਲਾਂ ਤੋਂ ਅਸੀਂ ਚੀਨ ਨੂੰ ਜ਼ਬਰਦਸਤ ਪ੍ਰਗਤੀ ਦੇ ਦੌਰ ਤੋਂ ਗੁਜ਼ਰਦੇ ਵੇਖਿਆ ਹੈ ਪਰ ਕਈ ਚੀਜ਼ਾਂ ਹਨ ਜਿਨ੍ਹਾਂ ਨੂੰ ਲੈ ਕੇ ਆਪਣੇ ਰੋਜ਼ਾਨਾ ਜੀਵਨ ਤੋਂ ਸੰਤੁਸ਼ਟ ਨਹੀਂ ਹਾਂ। ਇਹ ਸੱਚ ਹੈ ਕਿ ਚੀਨ ਨੇ ਵਿਕਾਸ ਕੀਤਾ ਹੈ ਪਰ ਵਿਕਾਸ ਖੁਦ ਹੀ ਸਾਰੇ ਮੁੱਦੇ ਲੈ ਕੇ ਆਉਂਦਾ ਹੈ, ਜਿਵੇਂ ਵਾਤਾਵਰਣ ਅਤੇ ਨੈਤਿਕਤਾ ਦੇ ਮੁੱਦੇ। ਇਸ ਵਿਚ ਜਿਸ ਨਿਰਾਸ਼ਾ ਦੀ ਤੁਸੀਂ ਗੱਲ ਕਰ ਰਹੇ ਹੋ, ਉਹ ਦੋ ਕਾਰਨਾਂ ਕਰ ਕੇ ਹੈ: ਮੈਂ ਮਹਿਸੂਸ ਕਰਦਾ ਹਾਂ ਕਿ ਮੇਰੀ ਨੌਜਵਾਨ ਅਵਸਥਾ ਖਤਮ ਹੋ ਚੁੱਕੀ ਹੈ ਅਤੇ ਦੂਜੀ ਮੈਂ ਚੀਨ ਦੀ ਵਰਤਮਾਨ ਹਾਲਤ ਤੋਂ ਚਿੰਤਤ ਹਾਂ, ਖਾਸਕਰ ਉਨ੍ਹਾਂ ਗੱਲਾਂ ਤੋਂ ਜਿਨ੍ਹਾਂ ਤੋਂ ਮੈਂ ਸੰਤੁਸ਼ਟ ਨਹੀਂ ਹਾਂ।




ਮੋ ਯਾਨ ਦੀਆਂ ਅੰਗਰੇਜ਼ੀ ਵਿਚ ਛਪੀਆਂ ਕੁਝ ਕਿਤਾਬਾਂ ਦੇ ਟਾਈਟਲ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 27 ਅਕਤੂਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-35



*ਗੱਡੇ-ਰੇਹੜੀ ਜੋੜ ਕੇ ਤੇ ਢੋਲੇ ਦੀਆਂ ਲਾਉਂਦੇ ਸਾਂ,*
*ਸਹਿਜ ਨਾਲ ਜੀਂਦੇ ਸਾਂ ਤੇ ਸੁਖ ਬੜਾ ਪਾਉਂਦੇ ਸਾਂ।*
*'ਅੰਨ-ਦਾਤੇ' ਝੰਬ ਸੁੱਟੇ ਹਰੇ ਇਨਕਲਾਬ ਨੇ,*
*ਕਦੋਂ ਭਲਾ ਫਾਹੇ ਲੈਂਦੇ ਦੇਖੇ ਸੀ ਪੰਜਾਬ ਨੇ?*

## ਕੈਪਸ਼ਨ ਮੁਕਾਬਲਾ-33



ਮੁਰਗੇ ਉਤੇ ਮੁਰਗਾ ਚੜ੍ਹਿਆ
ਆਹ ਕੀ ਖੇਡ ਬਣਾਈ।
ਇੱਲਤਾਂ ਕਰਦੇ ਜਾਂ ਫਿਰ
ਬਾਪੂ ਨੇ ਪਰੇਡ ਕਰਾਈ।
ਹੱਸੋ ਖੇਡੋ, ਪਰ ਪੜ੍ਹੋ ਵੀ
ਨਹੀਂ ਤਾਂ ਹੋਣੀ ਜੱਗ ਹਸਾਈ।

***-ਪਰਸ਼ੋਤਮ ਸਿੰਘ***
***ਯੂਬਾ ਸਿਟੀ।***

ਸਕੂਲਾਂ ਵਿਚ ਤਾਂ ਮੌਜ਼ਾਂ ਹੋਈਆਂ
ਹੁਕਮ ਸਰਕਾਰੀ ਸਖ਼ਤ ਨੇ ਆਏ।
ਘਰ ਵਿਚ ਇਲਤਾਂ ਕਰਦੇ ਕਰਦੇ
ਅੱਜ ਬਾਪੂ ਦੇ ਕਾਬੂ ਆਏ।
ਬਣਾ ਲਏ ਮੁਰਗੇ ਕੰਨ ਫੜਾ ਕੇ
ਇੱਕ ਦੂਜੇ ਦੇ ਉਪਰ ਬਿਠਾਏ

***-ਜਗਮੀਤ ਸਿੰਘ ਪੰਧੇਰ***
***ਪਿੰਡ: ਕਲਾਹੜ, ਲੁਧਿਆਣਾ***
***ਫੋਨ: 91-98783-37222***

---

ਖੇਡ ਖੇਡ ਕੇ ਮਨ ਪਰਚਾਉਂਦੇ,
ਸਕੂਲ ਦੇ ਕੰਮ ਨੂੰ ਹੱਥ ਨਾ ਲਾਉਂਦੇ,
ਇਨ੍ਹਾਂ ਪੂਰੀ ਅੱਤ ਮਚਾਈ ਏ।
ਤਾਂਹੀਓਂ ਤਾਂ ਬਾਪੂ ਜੀ ਨੇ
ਇਨ੍ਹਾਂ ਦੇ ਕੰਨ ਫੜ੍ਹਾ ਕੇ,
ਡਬਲ ਛੱਡ ਵਾਲੀ ਬੱਸ ਬਣਾਈ ਏ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 646-721-1964***

## ਕੈਪਸ਼ਨ ਮੁਕਾਬਲਾ-32



ਪੱਗਾਂ ਗੋਲ ਤੇ ਚੋਲਿਆਂ ਥੱਲੇ
ਕੀ ਕੀ ਇਨ੍ਹਾਂ ਲਕੋਇਆ,
ਪੂਜ ਪੂਜ ਕੇ ਏਨ੍ਹਾਂ ਤਾਂਈਂ,
ਲੋਕਾਂ 'ਨ੍ਹੇਰਾ ਢੋਇਆ!
ਵਿਹਲੜ ਠੱਗਾਂ ਪਾਸੋਂ ਯਾਰੋ,
ਆਪਣਾ ਆਪ ਬਚਾਈਏ,
ਕੋਰੀ ਨਾਂਹ ਇਨ੍ਹਾਂ ਨੂੰ ਕਰਕੇ
ਸਿੱਧੇ ਰਾਹੇ ਪਾਈਏ!

***-ਗੁਰਚੈਨ ਸਿੰਘ ਬਾਗੀ***
***ਗੁਜਰ ਪੁਰ।***

## ਹਰਪ੍ਰੀਤ ਸਿੰਘ ਸਿੱਧੂ ਕੈਲੀਫੋਰਨੀਆ ਯੂਥ ਅਕਾਲੀ ਦਲ ਦੇ ਚੇਅਰਮੈਨ ਨਿਯੁਕਤ

**ਫਰਿਜ਼ਨੋ (ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਸ. ਹਰਪ੍ਰੀਤ ਸਿੰਘ ਸਿੱਧੂ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਯੂਥ ਵਿੰਗ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਫੈਸਲਾ ਸ਼੍ਰੋਮਣੀ ਅਕਾਲੀ ਦਲ ਦੀ ਇਥੇ ਹੋਈ ਇਕ ਮੀਟਿੰਗ ਵਿਚ ਐਨ ਆਰ ਆਈ ਵਿੰਗ ਦੇ ਪ੍ਰਧਾਨ ਅਤੇ ਪੰਜਾਬ



ਦੇ ਪੰਚਾਇਤ ਤੇ ਪੇਂਡੂ ਵਿਕਾਸ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਦੀ ਪ੍ਰਵਾਨਗੀ ਨਾਲ ਲਿਆ ਗਿਆ। ਹਰਪ੍ਰੀਤ ਸਿੰਘ ਪੰਜਾਬ ਦੇ ਮੰਤਰੀ ਮਨਤਾਰ ਸਿੰਘ ਬਰਾੜ ਦਾ ਭਾਣਜਾ ਹੈ।

ਪਾਰਟੀ ਦੀ ਇਸ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਪ੍ਰਧਾਨ ਮਨਜੀਤ ਸਿੰਘ ਦਸੂਹਾ, ਚੇਅਰਮੈਨ ਹੈਰੀ ਗਿੱਲ, ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਬਲਜੀਤ ਸਿੰਘ ਮਾਨ ਅਤੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਖਹਿਰਾ ਸ਼ਾਮਲ ਹੋਏ। ਪਾਰਟੀ ਸੂਤਰਾਂ ਅਨੁਸਾਰ ਸ. ਹਰਪ੍ਰੀਤ ਸਿੰਘ ਸਿੱਧੂ ਦੀ ਨਿਯੁਕਤੀ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਅਤੇ ਬਾਦਲ ਪਰਿਵਾਰ ਨਾਲ ਨੇੜਤਾ ਨੂੰ ਮੁੱਖ ਰੱਖ ਕੇ ਤੇ ਪੰਜਾਬ ਵਿਚ ਨਿਭਾਈਆਂ ਸੇਵਾਵਾਂ ਬਦਲੇ ਕੀਤੀ ਗਈ ਹੈ।

## ਸਰਵੋਤਮ ਏਸ਼ੀਅਨ ਸ਼ੈਫ ਲਈ ਮੁਕਾਬਲਾ 5 ਨਵੰਬਰ ਤੋਂ

**ਨਿਊ ਯਾਰਕ (ਬਿਊਰੋ):** ਡਿਸ਼ ਨੈਟਵਰਕ ਅਤੇ ਸੀਜ਼ਰਜ਼ ਐਂਟਰਟੇਨਮੈਂਟ ਵਲੋਂ 'ਕਲਿਨਰੀ ਬੈਟਲਜ਼: ਸੁਪਰੀਮ ਏਸ਼ੀਅਨ ਸ਼ੈਫ' ਨਾਂ ਦਾ ਦੇਸੀ ਖਾਣੇ ਬਣਾਉਣ ਦਾ ਇਕ ਮੁਕਾਬਲਾ ਆਉਂਦੀ 5 ਨਵੰਬਰ ਤੋਂ 12 ਨਵੰਬਰ ਤੱਕ ਕਰਵਾਇਆ ਜਾ ਰਿਹਾ ਹੈ। ਇਹ ਮੁਕਾਬਲਾ ਸ਼ਿਕਾਗੋ, ਫਿਲਾਡੈਲਫੀਆ, ਵਾਸ਼ਿੰਗਟਨ ਡੀ ਸੀ ਅਤੇ ਨਿਊ ਯਾਰਕ ਦੇ ਇਲਾਕਿਆਂ ਵਿਚ ਦੱਖਣ ਏਸ਼ੀਆਈ ਖਾਣਿਆਂ ਦੇ ਸਭ ਤੋਂ ਵਧੀਆ ਬਾਵਰਚੀ ਲੱਭਣ ਲਈ ਕਰਵਾਇਆ ਜਾ ਰਿਹਾ ਹੈ। ਜੇਤੂ ਨੂੰ ਕੌਮੀ ਪੱਧਰ ਉਤੇ ਸਨਮਾਨ ਦਿੱਤਾ ਜਾਏਗਾ ਅਤੇ ਵਿਸ਼ੇਸ਼ ਇਨਾਮ ਦਿੱਤਾ ਜਾਏਗਾ।

ਇਹ ਮੁਕਾਬਲਾ 5 ਨਵੰਬਰ ਨੂੰ ਸ਼ਿਕਾਗੋ ਖੇਤਰ ਦੇ ਬਾਵਰਚੀਆਂ ਲਈ ਹੌਰਸਸ਼ੂ ਕੈਸੀਨੋ ਹੇਮੰਡ ਵਿਚ, ਫਿਲਾਡੈਲਫੀਆ ਖੇਤਰ ਲਈ 8 ਨਵੰਬਰ ਨੂੰ ਹੱਰਾ'ਜ਼, ਫਿਲਾਡੈਲਫੀਆ ਵਿਚ, ਨਿਊ ਯਾਰਕ ਤੇ ਨਿਊ ਜਰਸੀ ਲਈ 12 ਨਵੰਬਰ ਨੂੰ ਹੱਰਾ'ਜ਼ ਰਿਜ਼ੌਰਟ, ਅਟਲਾਂਟਿਕ ਸਿਟੀ ਵਿਚ ਹੋਵੇਗਾ। ਫਾਈਨਲ ਮੁਕਾਬਲਾ 3 ਦਸੰਬਰ ਨੂੰ ਅਟਲਾਂਟਿਕ ਸਿਟੀ ਦੇ ਅਟਲਾਂਟਿਕ ਗਰਿਲ ਰੈਸਟੋਰੈਂਟ ਵਿਚ ਹੋਵੇਗਾ ਜਿਸ ਵਿਚ ਉਪਰੋਕਤ ਤਿੰਨਾਂ ਖੇਤਰਾਂ ਦੇ ਪਹਿਲੇ ਨੰਬਰ 'ਤੇ ਆਉਣ ਵਾਲੇ ਸ਼ੈਫ ਭਿੜਨਗੇ।

ਫਾਈਨਲ ਮੁਕਾਬਲੇ ਦੇ ਜੇਤੂ ਵਲੋਂ ਤਿਆਰ ਕੀਤੀ ਗਈ ਡਿਸ਼ ਸੀਜ਼ਰਜ਼ ਅਟਲਾਂਟਿਕ ਸਿਟੀ ਦੇ ਕੇ ਡਬਲਯੂ ਆਈ ਰੈਸਟੋਰੈਂਟ ਅਤੇ ਨੂਡਲ ਬਾਰ ਦੇ ਮੀਨੂ ਵਿਚ ਸ਼ਾਮਲ ਕੀਤੀ ਜਾਵੇਗੀ, ਜੇਤੂ ਨੂੰ ਹੱਰਾ'ਜ਼ ਰਿਜ਼ੌਰਟ ਅਟਲਾਂਟਿਕ ਸਿਟੀ ਦੇ ਵਾਈਕਿੰਗ ਕੁਕਿੰਗ ਸਕੂਲ ਵਿਚ ਪੜ੍ਹਾਉਣ ਦਾ ਮੌਕਾ ਮਿਲੇਗਾ, ਸੀਜ਼ਰਜ਼ ਰਿਜ਼ੌਰਟਸ ਅਟਲਾਂਟਿਕ ਸਿਟੀ ਵਿਚ ਚਾਰ ਰਾਤਾਂ ਤੇ ਚਾਰ ਦਿਨ ਰਹਿਣ ਦਾ ਮੌਕਾ ਮਿਲੇਗਾ ਅਤੇ ਇਸ ਤੋਂ ਇਲਾਵਾ 500 ਡਾਲਰ ਦਾ ਅਮੈਰਿਕਨ ਐਕਸਪ੍ਰੈਸ ਪੁਰਸਕਾਰ ਦਿੱਤਾ ਜਾਵੇਗਾ। ਇਸ ਤੋਂ ਬਿਨਾਂ ਇਕ ਸਾਲ ਲਈ ਡਿਸ਼ ਹਿੰਦੀ ਮੈਗਾ ਪੈਕ ਮੁਫਤ ਦਿੱਤਾ ਜਾਏਗਾ। ਇਸ ਮੁਕਾਬਲੇ ਵਿਚ ਹਿੱਸਾ ਲੈਣ ਦੇ ਚਾਹਵਾਨ 20 ਅਕਤੂਬਰ ਤੱਕ ਵੈਬਸਾਈਟ www.culinarybattles.com/southasian 'ਤੇ ਜਾ ਕੇ ਅਰਜੀ ਭਰ ਸਕਦੇ ਹਨ।


ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org



# United Sports Club of California

33272 Palomino Common, Fremont, CA, USA 94555, Ph: 510-468-9381

Website: http://usportsca.org/

ਨਸ਼ੇ ਛਡੋ। ਨਸ਼ਾ ਵਿਰੋਧੀ ਅਪੀਲ ਕੋਹੜ ਵਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜ੍ਹਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।










ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵਧ ਨਿਪੁੰਸਕ -Dr. Harshinder Kaur

ਵਿਦੇਸ਼ੀ ਧਰਤੀ ਉਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।

ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖਲ (ਚੇਅਰਮੈਨ) 831-247-4637
ਬਲਵੀਰ ਸਿੰਘ ਭਾਟੀਆ (ਪ੍ਰਧਾਨ) 510-677-6248
ਗੁਰਦਾਵਰ ਸਿੰਘ ਮਹੇੜੂ 2gsmann@gmail.com
ਜੁਗਰਾਜ ਸਿੰਘ ਸਹੋਤਾ 510-673-0825

Makhan S. Bains, Narinder S. Sahota, Palwinder S. Gakhal, Kuldip S. Mann
Iqbal S. Gakhal, Parmjit S. Sandhu, Dalvinder S. Padda, Sadhu S. Khalour

Radio Chardi Kala Listen Live 24/7 www.radiock.com Dial To Listen 832-551-5038

www.punjabtimesusa.com

Promotes Healthy Enviornment

ਮਾਂ-ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸ਼ਾਸਨ, ਖੇਡ ਪ੍ਰੋਮੋਟਰਾਂ ਅਤੇ ਰਾਜਨੀਤੀਵਾਨਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ

Ad sponsored by: Amolak Singh Gakhal, Iqbal Singh Gakhal, Palwinder Singh Gakhal (A&I Trucking Inc.)

# ਨੇਪਾਲ ਵਿਚ ਬਾਬੇ ਨਾਨਕ ਦੇ ਨਾਂ 200 ਏਕੜ ਜ਼ਮੀਨ

### ਰਾਜਾ ਜੈ ਜਗਤ ਮੱਲ ਨੇ 1516 'ਚ ਭੇਟ ਕੀਤੀ ਸੀ ਜ਼ਮੀਨ



ਕਾਠਮੰਡੂ 'ਚ ਸ੍ਰੀ ਗੁਰੂ ਨਾਨਕ ਮੱਠ ਗੁਰਦੁਆਰਾ ਸਾਹਿਬ ਦਾ ਦ੍ਰਿਸ਼।

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਦੇ ਨਾਂ 200 ਏਕੜ ਜ਼ਮੀਨ ਮੌਜੂਦ ਹੈ ਜੋ ਉਥੋਂ ਦੇ ਰਾਜਾ ਜੈ ਜਗਤ ਮੱਲ ਵੱਲੋਂ 1516 ਦੌਰਾਨ ਉਨ੍ਹਾਂ ਦੇ ਨਾਂ ਅਲਾਟ ਕੀਤੀ ਗਈ ਸੀ। ਸ੍ਰੀ ਗੁਰੂ ਨਾਨਕ ਦੇਵ ਆਪਣੀ ਤੀਜੀ ਉਦਾਸੀ ਦੇ ਅਖੀਰ ਵਿਚ 1516 ਨੂੰ ਨੇਪਾਲ ਗਏ ਸਨ ਤੇ ਇਕ ਮਹੀਨੇ ਤੋਂ ਵੱਧ ਸਮਾਂ ਉਥੇ ਠਹਿਰੇ ਸਨ।

ਰਾਜਾ ਜੈ ਜਗਤ ਮੱਲ ਦਿਮਾਗੀ ਤੌਰ 'ਤੇ ਬਿਮਾਰ ਹੋ ਗਿਆ ਸੀ ਤੇ ਉਸ ਨੂੰ ਇਲਾਜ ਲਈ ਉਨ੍ਹਾਂ ਦਾ ਪਰਿਵਾਰ ਬਨਾਰਸ ਲੈ ਕੇ ਆਇਆ ਸੀ ਪਰ ਉਸ ਦੇ ਠੀਕ ਨਾ ਹੋਣ ਤੋਂ ਬਾਅਦ ਉਸ ਦਾ ਪਰਿਵਾਰ ਉਸ ਨੂੰ ਗੁਰੂ ਨਾਨਕ ਦੇਵ ਕੋਲ ਲੈ ਕੇ ਗਿਆ ਜਿਨ੍ਹਾਂ ਬਚਨ ਕੀਤੇ ਕਿ ਜੈ ਜਗਤ ਮੱਲ ਦਿਮਾਗੀ ਤੌਰ 'ਤੇ ਬਿਮਾਰ ਨਹੀਂ ਤੇ ਅਜੇ ਉਸ ਨੇ ਕਾਫੀ ਰਾਜ ਕਰਨਾ ਹੈ। ਇਸ ਲਈ ਉਸ ਨੂੰ ਵਾਪਸ ਨੇਪਾਲ ਲੈ ਜਾਵੋ। ਕਿਹਾ ਜਾਂਦਾ ਹੈ ਕਿ ਰਾਜੇ ਦਾ ਪਰਿਵਾਰ ਉਸ ਨੂੰ ਜਦੋਂ ਵਾਪਸ ਕਾਠਮੰਡੂ ਲੈ ਕੇ ਪੁੱਜਾ ਤਾਂ ਉਹ ਠੀਕ ਹੋ ਗਿਆ ਤੇ ਉਸ ਨੇ ਉਸ ਤੋਂ ਬਾਅਦ ਕਾਫੀ ਲੰਬਾ ਸਮਾਂ ਰਾਜ ਕੀਤਾ। ਉਸ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜਦੋਂ ਕਾਠਮੰਡੂ ਗਏ ਤਾਂ ਰਾਜੇ ਵੱਲੋਂ ਉਨ੍ਹਾਂ ਨੂੰ ਸਤਿਕਾਰ ਦਿੰਦਿਆਂ ਚਾਰ ਥਾਵਾਂ 'ਤੇ 200 ਏਕੜ ਜ਼ਮੀਨ ਗੁਰਦੁਆਰਿਆਂ ਲਈ ਦਿੱਤੀ ਗਈ। ਇਨ੍ਹਾਂ ਵਿਚੋਂ ਹੁਣ ਸਿਰਫ ਸ੍ਰੀ ਗੁਰੂ ਨਾਨਕ ਮੱਠ ਗੁਰਦੁਆਰਾ ਸਾਹਿਬ ਕੋਲ ਪੰਜ ਏਕੜ ਜ਼ਮੀਨ ਹੈ ਜਦੋਂਕਿ ਬਾਕੀ ਜ਼ਮੀਨ ਲੋਕਾਂ ਨੇ ਕਬਜ਼ੇ ਕਰਕੇ ਮਕਾਨ ਉਸਾਰ ਲਏ ਹਨ। ਗੁਰੂ ਨਾਨਕ ਮੱਠ ਗੁਰਦੁਆਰਾ ਦੀ ਪੰਜ ਏਕੜ ਜ਼ਮੀਨ ਵੀ ਨੇਪਾਲ ਸਰਕਾਰ ਵੱਲੋਂ ਲੀਜ਼ 'ਤੇ ਦੇਣ ਬਾਰੇ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ ਜਿਸ ਨੂੰ ਸਥਾਨਕ ਸਿੱਖ ਪ੍ਰੀਤਮ ਸਿੰਘ ਜੋ ਉਥੇ ਛੇ ਦਹਾਕਿਆਂ ਤੋਂ ਵਸੇ ਹੋਏ ਹਨ ਤੇ ਦੁਬਈ ਦੇ ਕਾਰੋਬਾਰੀ ਐਸ.ਪੀ. ਸਿੰਘ ਓਬਰਾਏ ਨੇ ਸੁਪਰੀਮ ਕੋਰਟ ਵਿਖੇ ਪਟੀਸ਼ਨ ਦਾਇਰ ਕਰਕੇ ਰੁਕਵਾ ਦਿੱਤਾ ਹੈ।

ਉਕਤ ਗੁਰਦੁਆਰਾ ਮਹੰਤ ਨੇਮਾ ਮੁਨੀ ਉਦਾਸੀ ਦੇ ਕਬਜ਼ੇ ਵਿਚ ਹੈ। ਇਸ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਹੱਥ ਲਿਖਤ ਪੁਰਾਤਨ ਸਰੂਪ ਮੌਜੂਦ ਹਨ ਪਰ ਉਨ੍ਹਾਂ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ। ਸ੍ਰੀ ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਉਨ੍ਹਾਂ ਇਹ ਮਾਮਲਾ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਕੋਲ ਵੀ ਉਠਾਇਆ ਸੀ ਜਿਨ੍ਹਾਂ ਨੇ ਇਹ ਮਾਮਲਾ ਨਿਪਾਲ ਸਰਕਾਰ ਨਾਲ ਉਠਾਉਣ ਲਈ ਭਾਰਤੀ ਰਾਜਦੂਤ ਨਾਲ ਵੀ ਗੱਲਬਾਤ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਭਾਰਤੀ ਰਾਜਦੂਤ ਵੱਲੋਂ ਇਸ ਮੰਤਵ ਲਈ ਕੋਸ਼ਿਸ਼ਾਂ ਜਾਰੀ ਹਨ ਤੇ ਉਨ੍ਹਾਂ ਵੱਲੋਂ ਵੀ ਰਾਜਦੂਤ ਨਾਲ ਦੋ ਵਾਰ ਮੁਲਾਕਾਤ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਗੁਰਦੁਆਰਾ ਸਾਹਿਬ ਦੀ ਜ਼ਮੀਨ ਨੂੰ ਵਿਵਾਦ ਮੁਕਤ ਕਰਵਾਉਣ ਤੋਂ ਬਾਅਦ ਇਸ ਇਤਿਹਾਸਕ ਸਥਾਨ 'ਤੇ ਗੁਰਦੁਆਰਾ ਸਾਹਿਬ ਤੇ ਲੰਗਰ ਸਥਾਨ ਦੀ ਉਸਾਰੀ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਵੱਲੋਂ ਖ਼ੁਦ ਲੰਗਰ ਦੀ ਸ਼ੁਰੂਆਤ ਕਰਵਾਈ ਗਈ ਸੀ।

ਉਨ੍ਹਾਂ ਦੱਸਿਆ ਕਿ ਨੇਪਾਲ ਸਥਿਤ ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਵਜੂਦ ਵਿਚ ਆਏ ਚਾਰੇ ਗੁਰਦੁਆਰੇ ਇਸ ਵੇਲੇ ਬੰਦ ਹਨ। ਉਨ੍ਹਾਂ ਦੱਸਿਆ ਇਕ ਗੁਰਦੁਆਰਾ ਸਾਹਿਬ ਵਿਖੇ ਬਣੇ ਪੁਰਾਣੇ ਖੂਹ ਵਿਚ ਪੱਥਰ 'ਤੇ ਜਪੁਜੀ ਸਾਹਿਬ ਦਾ ਸਮੁੱਚਾ ਪਾਠ ਉਕਰਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਥਾਨਕ ਸਿੱਖ ਆਗੂ ਪ੍ਰੀਤਮ ਸਿੰਘ ਦੀ ਮਦਦ ਨਾਲ ਉਹ ਇਨ੍ਹਾਂ ਗੁਰਦੁਆਰਿਆਂ ਨੂੰ ਦੁਬਾਰਾ ਹੋਂਦ ਵਿਚ ਲਿਆਉਣ ਲਈ ਯਤਨ ਕਰ ਰਹੇ ਹਨ। ਸ. ਓਬਰਾਏ ਨੇ ਦੱਸਿਆ ਕਿ ਉਕਤ ਜ਼ਮੀਨ ਦੀਆਂ ਰਾਜੇ ਵੱਲੋਂ 1516 ਦੌਰਾਨ ਸ੍ਰੀ ਗੁਰੂ ਨਾਨਕ ਦੇਵ ਦੇ ਨਾਂ ਕੀਤੀਆਂ ਗਈਆਂ ਰਜਿਸਟਰੀਆਂ ਅੱਜ ਵੀ ਮੌਜੂਦ ਹਨ।

## ਦਰਬਾਰ ਸਾਹਿਬ ਦੇ ਸੁਰੱਖਿਆ ਪ੍ਰਬੰਧ ਵਧਾਏ

**ਅੰਮ੍ਰਿਤਸਰ:** ਪੰਜਾਬ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿੱਤੇ ਹਨ। ਬੇਸ਼ੱਕ ਪੁਲਿਸ ਦਾ ਕਹਿਣਾ ਹੈ ਕਿ ਇਹ ਸਭ ਲੁੱਟਾਂ ਖੋਹਾਂ ਨੂੰ ਰੋਕਣ ਲਈ ਕੀਤਾ ਗਿਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਇਹ ਆਉਣ-ਜਾਣ ਵਾਲੇ ਸ਼ਰਧਾਲੂਆਂ 'ਤੇ ਨਿਗ੍ਹਾ ਰੱਖਣ ਦੀ ਕਵਾਇਦ ਹੈ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਇਕ ਸ਼ਰਧਾਲੂ ਨਾਲ ਲੁੱਟ ਖੋਹ ਹੋਣ ਦੀ ਸ਼ਿਕਾਇਤ ਦਾ ਉਪ ਮੁੱਖ ਮੰਤਰੀ ਵੱਲੋਂ ਨੋਟਿਸ ਲਏ ਜਾਣ ਕਾਰਨ ਸ੍ਰੀ ਦਰਬਾਰ ਸਾਹਿਬ ਸਮੂਹ ਦੁਆਲੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਪੁਲਿਸ ਕਮਿਸ਼ਨਰ ਨੇ ਇਸ ਖੇਤਰ ਵਿਚ 44 ਪੁਲਿਸ ਮੁਲਾਜ਼ਮ, 11 ਪੀ.ਸੀ.ਆਰ. ਦੇ ਮੋਟਰਸਾਈਕਲ ਤੇ 10 ਸਾਦੀ ਵਰਦੀ ਪੁਲਿਸ ਕਰਮਚਾਰੀ ਹੋਰ ਤਾਇਨਾਤ ਕੀਤੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਕਰਮਚਾਰੀਆਂ ਨੂੰ ਵੀ ਸਰਗਰਮ ਕੀਤਾ ਗਿਆ ਹੈ। ਪੁਲਿਸ ਅਨੁਸਾਰ ਬੀਤੇ ਦਿਨੀਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਦੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਗਏ ਤਾਂ ਇਕ ਸ਼ਰਧਾਲੂ ਨੇ ਲੁੱਟ ਖੋਹ ਦੀ ਸ਼ਿਕਾਇਤ ਕੀਤੀ ਸੀ। ਇਸ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਉਪ ਮੁੱਖ ਮੰਤਰੀ ਨੇ ਸਰਕਟ ਹਾਊਸ ਵਿਖੇ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਯਾਤਰੂਆਂ ਦੀ ਸੁਰੱਖਿਆ ਤੇ ਹੋਰ ਪ੍ਰਬੰਧਾਂ ਨੂੰ ਸੁਚਾਰੂ ਬਣਾਉਣ ਲਈ ਹਦਾਇਤ ਕੀਤੀ ਸੀ।

ਇਸ 'ਤੇ ਅਮਲ ਕਰਦਿਆਂ ਪੁਲਿਸ ਕਮਿਸ਼ਨਰ ਰਾਮ ਸਿੰਘ ਤੇ ਹੋਰ ਅਧਿਕਾਰੀਆਂ ਨੇ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨਾਲ ਮੀਟਿੰਗ ਕਰਕੇ ਸਮੱਸਿਆਵਾਂ ਦੀ ਜਾਣਕਾਰੀ ਲਈ। ਇਸ ਤੋਂ ਬਾਅਦ ਉਨ੍ਹਾਂ ਇਸ ਖੇਤਰ ਵਿਚ ਵਧੇਰੇ ਪੁਲਿਸ ਮੁਲਾਜ਼ਮ ਤਾਇਨਾਤ ਕਰ ਦਿੱਤੇ ਹਨ ਤੇ ਪੁਲਿਸ ਗਸ਼ਤ ਵੀ ਵਧਾ ਦਿੱਤੀ ਹੈ। ਅਪਰਾਧੀਆਂ 'ਤੇ ਨਜ਼ਰ ਰੱਖਣ ਲਈ ਸਾਦੀ ਵਰਦੀ ਵਾਲੇ ਹੋਰ ਪੁਲਿਸ ਮੁਲਾਜ਼ਮ ਵੀ ਤਾਇਨਾਤ ਕਰ ਦਿੱਤੇ ਗਏ ਹਨ। ਇਸ ਖੇਤਰ ਵਿਚ ਪਹਿਲਾਂ ਵੀ ਪੁਲਿਸ ਚੌਕੀ ਸਥਾਪਤ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਪੀ.ਸੀ.ਆਰ. ਮੋਟਰਸਾਈਕਲ ਸਵਾਰ 24 ਘੰਟੇ ਤਾਇਨਾਤ ਰਹਿਣਗੇ। ਘਿਉ ਮੰਡੀ ਚੌਕ, ਸ਼ੇਰਾਂ ਵਾਲਾ ਗੇਟ, ਮਹਾਂ ਸਿੰਘ ਗੇਟ, ਰਾਮ ਬਾਗ਼ ਚੌਕ, ਹਾਲ ਗੇਟ, ਸਿਕੰਦਰੀ ਗੇਟ, ਕਟੜਾ ਜੈਮਲ ਸਿੰਘ, ਸ਼ਾਸਤਰੀ ਮਾਰਕੀਟ ਵਿਖੇ ਅੱਠ ਮੋਟਰਸਾਈਕਲ ਪੀ.ਸੀ.ਆਰ. 24 ਘੰਟੇ ਅਪਰਾਧੀਆਂ 'ਤੇ ਨਜ਼ਰ ਰੱਖੀ ਜਾ ਸਕੇ।

## ਡੇਰਾ ਮੁਖੀ 'ਤੇ 400 ਚੇਲੇ ਨਾਮਰਦ ਬਣਾਉਣ ਦਾ ਦੋਸ਼

**ਬਠਿੰਡਾ:** ਡੇਰਾ ਸਿਰਸਾ ਮੁਖੀ 'ਤੇ ਨਾਮਰਦ ਬਣਾਉਣ ਦਾ ਦੋਸ਼ ਲਾਉਣ ਵਾਲੇ ਹਰਿਆਣਾ ਦੇ ਕਸਬਾ ਟੋਹਾਣਾ ਵਾਸੀ ਹੰਸ ਰਾਜ ਚੌਹਾਨ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਮੰਗ ਪੱਤਰ ਦੇ ਕੇ ਮਦਦ ਲਈ ਫ਼ਰਿਆਦ ਕੀਤੀ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਡੇਰੇ 'ਚ ਉਹ 400 ਸਾਧੂਆਂ ਨੂੰ ਜਾਣਦਾ ਹੈ ਜਿਨ੍ਹਾਂ ਨੂੰ ਨਾਮਰਦ ਬਣਾ ਦਿੱਤਾ ਗਿਆ ਹੈ। ਸ੍ਰੀ ਚੌਹਾਨ ਨੇ ਦਾਅਵਾ ਕੀਤਾ ਕਿ ਹਰ ਮਹੀਨੇ ਡਾਕਟਰ ਡੇਰੇ 'ਚ ਆ ਕੇ ਕੁਝ ਨੌਜਵਾਨਾਂ ਨੂੰ ਨਾਮਰਦ ਬਣਾ ਦਿੰਦੇ ਹਨ।

ਹੰਸ ਰਾਜ ਚੌਹਾਨ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਡੇਰਾ ਸਿਰਸਾ ਦਾ ਪੈਰੋਕਾਰ ਹੈ ਤੇ 1995 ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਉਨ੍ਹਾਂ ਦੇ ਘਰ ਵੀ ਆਇਆ ਸੀ ਜਿਸ ਕਾਰਨ ਉਹ ਛੋਟੀ ਉਮਰੇ ਹੀ ਡੇਰੇ ਵਿਚ ਰਹਿਣ ਲੱਗ ਪਿਆ ਸੀ। ਉਸ ਨੇ ਦੱਸਿਆ ਕਿ ਡੇਰੇ ਵਿਚ ਇਕ ਦਿਨ ਉਸ ਨੂੰ ਇਲਾਜ ਦੇ ਬਹਾਨੇ ਡਾਕਟਰ ਨੇ ਨਪੁੰਸਕ (ਨਾਮਰਦ) ਬਣਾ ਦਿੱਤਾ। ਸ੍ਰੀ ਚੌਹਾਨ ਨੇ ਦੱਸਿਆ ਕਿ ਡੇਰੇ ਅੰਦਰ ਚੱਲ ਰਹੀ ਪ੍ਰਿੰਟਿੰਗ ਪ੍ਰੈਸ ਦੀ ਉਪਰਲੀ ਮੰਜ਼ਿਲ 'ਤੇ ਬੈੱਡ ਲਾ ਕੇ ਰਾਜਸਥਾਨ ਦੇ ਗੁਰੂਸਰ ਮੋਡੀਆਂ ਦੇ ਡੇਰੇ ਨਾਲ ਸਬੰਧਤ ਹਸਪਤਾਲ ਤੋਂ ਡਾਕਟਰ ਬੁਲਾ ਕੇ ਮਹੀਨੇ ਵਿਚ ਇਕ ਵਾਰ ਜ਼ਿਆਦਾਤਰ ਨੌਜਵਾਨ ਸਾਧੂਆਂ ਨੂੰ ਨਾਮਰਦ ਬਣਾ ਦਿੱਤਾ ਜਾਂਦਾ ਹੈ। ਉਸ ਨੇ ਦੱਸਿਆ ਕਿ ਡੇਰੇ ਦੇ ਅਜਿਹੇ 400 ਸਾਧੂਆਂ ਬਾਰੇ ਉਹ ਜਾਣਦਾ ਹੈ ਜਿਨ੍ਹਾਂ ਵਿਚੋਂ 166 ਦੀ ਸੂਚੀ ਉਹ ਅਦਾਲਤ ਵਿਚ ਪੇਸ਼ ਕਰ ਚੁੱਕਾ ਹੈ। ਉਸ ਨੇ ਦੱਸਿਆ ਕਿ ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ



ਕੇਸ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕੇਸ ਵਾਪਸ ਲੈਣ ਲਈ ਉਸ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਕੇਸ ਵਾਪਸ ਨਾ ਲੈਣ 'ਤੇ ਏਡਜ਼ ਦਾ ਟੀਕਾ ਲਾਉਣ ਦੀ ਧਮਕੀ ਵੀ ਦਿੱਤੀ ਗਈ ਹੈ ਜਿਸ ਦੀ ਉਸ ਕੋਲ ਰਿਕਾਰਡਿੰਗ ਵੀ ਹੈ।

ਸ੍ਰੀ ਚੌਹਾਨ ਨੇ ਕਿਹਾ ਕਿ ਚਾਹੇ ਉਸ ਨੂੰ ਸੁਰੱਖਿਆ ਮਿਲੀ ਹੋਈ ਹੈ ਪਰ ਪੇਸ਼ੀ ਭੁਗਤਨ ਸਮੇਂ ਸੁਰੱਖਿਆ ਕਰਮਚਾਰੀ ਤਾਂ ਅਦਾਲਤ ਤੋਂ ਬਾਹਰ ਰਹਿ ਜਾਂਦੇ ਹਨ ਤੇ ਅੰਦਰ ਉਹ ਇਕੱਲਾ ਹੀ ਰਹਿ ਜਾਂਦਾ ਹੈ ਜਿਥੇ ਡੇਰਾ ਪ੍ਰੇਮੀ ਵੱਡੀ ਗਿਣਤੀ ਵਿਚ ਹੁੰਦੇ ਹਨ ਜਿਸ ਕਾਰਨ ਉਸ ਨੂੰ ਖ਼ਤਰਾ ਬਣਿਆ ਰਹਿੰਦਾ ਹੈ। 'ਪੂਰਾ ਸੱਚ' ਅਖ਼ਬਾਰ ਦੇ ਸੰਪਾਦਕ ਰਾਮਚੰਦਰ ਛਤਰਪਤੀ ਹੱਤਿਆ ਕਾਂਡ ਦੇ ਗਵਾਹ ਗੁਰਦਾਸ ਸਿੰਘ ਤੂਰ ਨੇ ਦੱਸਿਆ ਕਿ ਡੇਰੇ ਦੀ ਪ੍ਰਿੰਟਿੰਗ ਪ੍ਰੈਸ ਦਾ ਸੰਚਾਲਕ ਹੋਣ ਕਰਕੇ ਉਹ ਡੇਰਾ ਮੁਖੀ ਦੀ ਗੁਫ਼ਾ ਵਿਚ ਆਉਂਦਾ-ਜਾਂਦਾ ਰਹਿੰਦਾ ਸੀ। ਉਸ ਨੇ ਦੱਸਿਆ ਕਿ ਛਤਰਪਤੀ ਨੂੰ ਮਾਰਨ ਦੀ ਯੋਜਨਾ ਉਸ ਦੇ ਸਾਹਮਣੇ ਗੁਫ਼ਾ ਵਿਚ ਬਣਾਈ ਗਈ ਸੀ ਜਿਸ ਬਾਰੇ ਗਵਾਹੀ ਦੇਣ ਲਈ ਉਸ ਨੇ ਅਦਾਲਤ ਵਿਚ ਅਰਜ਼ੀ ਵੀ ਲਾਈ ਸੀ ਪਰ ਅਜੇ ਤੱਕ ਗਵਾਹੀ ਨਹੀਂ ਹੋ ਸਕੀ। ਉਸ ਨੇ ਦੱਸਿਆ ਕਿ ਉਸ ਦਾ ਘਰ ਡੇਰੇ ਤੋਂ ਸਿਰਫ ਪੰਜ ਸੌ ਮੀਟਰ ਦੀ ਦੂਰੀ 'ਤੇ ਹੈ ਜਿਸ ਕਾਰਨ ਉਸ ਨੂੰ ਖ਼ਤਰਾ ਹੋਣ ਦੇ ਬਾਵਜੂਦ ਹਰਿਆਣਾ ਸਰਕਾਰ ਨੇ ਉਸ ਨੂੰ ਦਿੱਤੀ ਸੁਰੱਖਿਆ ਵਾਪਸ ਲੈ ਲਈ ਹੈ।

ਇਸ ਦੌਰਾਨ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਹੰਸ ਰਾਜ ਚੌਹਾਨ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਤੇ ਏਕਨੂਰ ਖਾਲਸਾ ਫ਼ੌਜ, ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਤੇ ਚੰਡੀਗੜ੍ਹ ਯੂਨਿਟ ਦੇ ਪ੍ਰਧਾਨ ਦੀ ਡਿਊਟੀ ਲਾਈ ਕਿ ਪੇਸ਼ੀ ਭੁਗਤਨ ਸਮੇਂ ਉਹ ਹੰਸ ਰਾਜ ਚੌਹਾਨ ਦੇ ਨਾਲ ਅਦਾਲਤ ਵਿਚ ਜਾਇਆ ਕਰਨਗੇ।

# ਸ੍ਰੀ ਹਜ਼ੂਰ ਸਾਹਿਬ ਨੂੰ ਬਣਾਇਆ ਜਾਵੇਗਾ ਹਰਿਆ-ਭਰਿਆ

### ਕੌਮਾਂਤਰੀ ਜਥੇਬੰਦੀ 'ਗਰੀਨ ਪਿਲਗਰੀਮੇਜ ਨੈੱਟਵਰਕ' ਨਾਲ ਜੁੜਿਆ



**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਅੰਮ੍ਰਿਤਸਰ ਤੋਂ ਬਾਅਦ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨੂੰ ਵੀ ਹਰਿਆ-ਭਰਿਆ ਕੁਦਰਤੀ ਵਾਤਾਵਰਨ ਵਾਲਾ ਸ਼ਹਿਰ ਬਣਾਉਣ ਲਈ ਵਿਸ਼ਵ ਪੱਧਰੀ ਜਥੇਬੰਦੀ 'ਗਰੀਨ ਪਿਲਗਰੀਮੇਜ ਨੈੱਟਵਰਕ' ਨਾਲ ਜੋੜਿਆ ਗਿਆ ਹੈ। ਇਸ ਦਾ ਖੁਲਾਸਾ ਈਕੋ ਸਿੱਖ ਜਥੇਬੰਦੀ ਦੇ ਆਗੂ ਰਵਨੀਤ ਸਿੰਘ ਨੇ ਕੀਤਾ। ਉਨ੍ਹਾਂ ਦੱਸਿਆ ਕਿ ਹੈਦਰਾਬਾਦ ਵਿਖੇ ਜੈਵਿਕ ਭਿੰਨਤਾ ਬਾਰੇ ਹੋਈ ਕਨਵੈਨਸ਼ਨ ਵਿਚ ਭਾਰਤ ਦੇ ਵੱਖ ਵੱਖ 11 ਧਾਰਮਿਕ ਸ਼ਹਿਰਾਂ ਤੋਂ ਹਿੰਦੂ, ਸਿੱਖ, ਮੁਸਲਿਮ ਤੇ ਬੋਧੀ ਆਗੂਆਂ ਨੇ ਸ਼ਮੂਲੀਅਤ ਕੀਤੀ।

ਕਨਵੈਨਸ਼ਨ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨੂੰ ਵੀ ਹਰਿਆ ਭਰਿਆ ਸ਼ਹਿਰ ਬਣਾਉਣ ਲਈ ਚੁਣਿਆ ਗਿਆ ਹੈ ਤੇ ਇਸ ਲਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਵਿਸ਼ਵ ਦੇ ਨੌਂ ਵੱਡੇ ਧਾਰਮਿਕ ਸ਼ਹਿਰਾਂ ਨੂੰ ਹਰਿਆ-ਭਰਿਆ ਬਣਾਉਣ ਲਈ ਜਾਗਰੂਕਤਾ ਵਾਸਤੇ ਇਹ ਮੁਹਿੰਮ ਅਰੰਭੀ ਗਈ ਹੈ ਜਿਸ ਤਹਿਤ ਭਾਰਤ ਵਿਚ ਅੰਮ੍ਰਿਤਸਰ ਦੀ ਚੋਣ ਹੋਈ ਸੀ। ਇਸ ਮੁਹਿੰਮ ਤਹਿਤ ਹੁਣ ਭਾਰਤ ਦੇ 11 ਧਾਰਮਿਕ ਸ਼ਹਿਰਾਂ ਵਿਚ ਵਾਤਾਵਰਨ ਸੰਭਾਲ ਤੇ ਹਰਿਆ-ਭਰਿਆ ਬਣਾਉਣ ਲਈ ਮੁਹਿੰਮ ਅਰੰਭੀ ਗਈ ਹੈ। ਇਨ੍ਹਾਂ ਵਿਚ ਅੰਮ੍ਰਿਤਸਰ ਸਮੇਤ ਵਿਸ਼ਾਖਾਪਟਨਮ, ਸ਼ਿਰਡੀ, ਉਜੈਨ, ਹਰਿਦੁਆਰ, ਰਿਸ਼ੀਕੇਸ਼, ਵਾਰਾਨਸੀ, ਲੱਦਾਖ, ਬੋਧਗਯਾ, ਗੁੰਟੂਰ ਤੇ ਹਾਵੜਾ ਸ਼ਾਮਲ ਹਨ।

ਸਮਾਗਮ ਸਮੇਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਦੇ ਸੁਪਰਡੈਂਟ ਡੀ.ਪੀ. ਸਿੰਘ ਚਾਵਲਾ ਨੇ ਆਖਿਆ ਕਿ ਇਹ ਨਾਂਦੇੜ ਸ਼ਹਿਰ ਲਈ ਮਾਣ ਵਾਲੀ ਗੱਲ ਹੈ ਤੇ ਪ੍ਰਬੰਧਕ ਕਮੇਟੀ ਇਸ ਸ਼ਹਿਰ ਨੂੰ ਹਰਿਆ ਭਰਿਆ ਬਣਾਉਣ ਲਈ ਹਰ ਸੰਭਵ ਸਹਿਯੋਗ ਦੇਵੇਗੀ। ਉਨ੍ਹਾਂ ਆਖਿਆ ਕਿ ਗੁਰੂ ਨਾਨਕ ਦੇਵ ਨੇ ਵਾਤਾਵਰਨ ਸੰਭਾਲ ਲਈ ਵੀ ਉਪਦੇਸ਼ ਦਿੱਤੇ ਹਨ।

ਅਲਾਇੰਸ ਆਫ ਰਿਲੀਜਨ ਐਂਡ ਕੰਜਰਵੇਸ਼ਨ (ਏ.ਆਰ.ਸੀ.) ਦੀ ਡਿਪਟੀ ਡਾਇਰੈਕਟਰ ਅਤੇ ਗਰੀਨ ਪਿਲਗਰੀਮੇਜ ਨੈੱਟਵਰਕ ਦੀ ਕੋਆਰਡੀਨੇਟਰ ਅਲੀਸਨ ਹਿਲੀਅਰਡ ਨੇ ਆਖਿਆ ਕਿ ਇਸ ਮੁਹਿੰਮ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੂੰ ਸ਼ਾਮਲ ਕਰਨਾ ਉਨ੍ਹਾਂ ਦੀ ਜਥੇਬੰਦੀ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਇਸ ਮੁਹਿੰਮ ਤਹਿਤ ਅੰਮ੍ਰਿਤਸਰ ਸ਼ਹਿਰ ਆਦਰਸ਼ ਸ਼ਹਿਰ ਵਜੋਂ ਉਭਰੇਗਾ। ਅੰਮ੍ਰਿਤਸਰ ਵਿਚ ਇਸ ਮੁਹਿੰਮ ਤਹਿਤ ਗੁਰੂ ਰਾਮਦਾਸ ਲੰਗਰ ਘਰ ਵਿਚ ਸੂਰਜੀ ਊਰਜਾ ਨਾਲ ਲੰਗਰ ਬਣਾਉਣ ਲਈ ਉਪਕਰਨ ਲਾਏ ਜਾ ਰਹੇ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਤੇ ਖੋਜ ਵਿਭਾਗ ਦੇ ਡਾਇਰੈਕਟਰ ਰੂਪ ਸਿੰਘ ਨੇ ਆਖਿਆ ਕਿ ਕਮੇਟੀ ਵੱਲੋਂ ਅੰਮ੍ਰਿਤਸਰ ਸ਼ਹਿਰ ਨੂੰ ਤੇ ਖ਼ਾਸ ਕਰਕੇ ਦਰਬਾਰ ਸਾਹਿਬ ਦੇ ਆਲੇ ਦੁਆਲੇ ਨੂੰ ਪ੍ਰਦੂਸ਼ਣ ਮੁਕਤ ਤੇ ਹਰਿਆ ਭਰਿਆ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਸ ਤਹਿਤ ਦਰਬਾਰ ਸਾਹਿਬ ਵਿਚ ਸੂਰਜੀ ਊਰਜਾ ਦੀ ਵਧੇਰੇ ਵਰਤੋਂ ਲਈ ਯਤਨ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਅਗਲੇ ਵਰ੍ਹੇ ਮਾਰਚ 2013 ਨੂੰ ਸਿੱਖ ਵਾਤਾਵਰਨ ਦਿਵਸ ਵਜੋਂ ਵੱਡੇ ਪੱਧਰ 'ਤੇ ਮਨਾਉਣ ਦੀ ਯੋਜਨਾ ਹੈ।

ਈਕੋ ਅੰਮ੍ਰਿਤਸਰ ਦੇ ਚੇਅਰਮੈਨ ਗੁਨਬੀਰ ਸਿੰਘ ਨੇ ਆਖਿਆ ਕਿ ਧਾਰਮਿਕ ਸ਼ਹਿਰ ਨੂੰ ਹਰਿਆ ਭਰਿਆ ਤੇ ਕੁਦਰਤੀ ਵਾਤਾਵਰਨ ਵਾਲਾ ਬਣਾਉਣ ਲਈ ਹਰ ਵਰਗ ਤੋਂ ਸਹਿਯੋਗ ਦੀ ਲੋੜ ਹੈ। ਉਨ੍ਹਾਂ ਆਸ ਪ੍ਰਗਟਾਈ ਕਿ 2017 ਵਿਚ ਅੰਮ੍ਰਿਤਸਰ ਦੇ ਸਥਾਪਨਾ ਦਿਵਸ ਮੌਕੇ ਇਹ ਸ਼ਹਿਰ ਸਾਫ ਸੁਥਰਾ ਤੇ ਹਰਿਆ ਭਰਿਆ ਸ਼ਹਿਰ ਹੋਵੇਗਾ। ਇਸ ਮੰਤਵ ਲਈ ਹਰੇਕ ਵਿਅਕਤੀ ਇਸ ਮੁਹਿੰਮ ਨੂੰ 'ਮੇਰਾ ਸ਼ਹਿਰ, ਮੇਰੀ ਜ਼ਿੰਮੇਵਾਰੀ ਤੇ ਮੇਰਾ ਗੌਰਵ ਵਜੋਂ ਲਵੇ।'

# ਮੋਗਾ ਸੈਕਸ ਸਕੈਂਡਲ:ਦੋ ਦੋਸ਼ੀਆਂ ਨੂੰ 7-7 ਸਾਲ ਦੀ ਕੈਦ

**ਪਟਿਆਲਾ:** ਸੀ.ਬੀ.ਆਈ. ਦੀ ਅਦਾਲਤ ਨੇ ਮੋਗਾ ਦੇ ਬਹੁਚਰਚਿਤ ਸੈਕਸ ਸਕੈਂਡਲ ਕੇਸ ਵਿਚ ਦੋ ਦੋਸ਼ੀਆਂ ਨੂੰ 7-7 ਸਾਲ ਕੈਦ ਦੀ ਸਜ਼ਾ ਸੁਣਾਈ ਹੈ ਤੇ ਨਾਲ ਜੁਰਮਾਨਾ ਵੀ ਲਾਇਆ ਹੈ। ਇਨ੍ਹਾਂ ਵਿਚ ਅਜੇ ਸ਼ਰਮਾ ਤੇ ਸਿਮਰਨ ਸੀਮਾ ਸ਼ਾਮਲ ਹਨ। ਇਸ ਮਾਮਲੇ 'ਚ ਸੀ.ਬੀ.ਆਈ. ਨੇ ਭਾਰਤੀ ਦੰਡਾਵਲੀ ਦੀ ਧਾਰਾ 406, 120ਬੀ ਤੇ ਆਵਾਰਾਗਰਦੀ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਸੀ.ਬੀ.ਆਈ. ਵੱਲੋਂ ਵਕੀਲ ਪਵਨ ਕੁਮਾਰ ਨੇ ਇਸ ਕੇਸ ਵਿਚ ਜਿਰ੍ਹਾ ਕੀਤੀ ਤੇ ਦਰਜਨ ਦੇ ਕਰੀਬ ਗਵਾਹ ਭੁਗਤਾਏ ਤੇ ਕੇਸ ਨੂੰ ਸਾਬਤ ਕਰ ਦਿੱਤਾ ਜਿਸ ਕਾਰਨ ਇਨ੍ਹਾਂ ਦੋਸ਼ੀਆਂ ਨੂੰ ਸਲਾਖ਼ਾਂ ਪਿੱਛੇ ਜਾਣਾ ਪਿਆ। ਅਦਾਲਤ ਨੇ ਦੋਵਾਂ ਦੋਸ਼ੀਆਂ ਨੂੰ ਧਾਰਾ ਆਵਾਰਾਗਰਦੀ ਰੋਕੂ ਕਾਨੂੰਨ ਤਹਿਤ 7-7 ਸਾਲ, ਧਾਰਾ 406 ਅਧੀਨ 2-2 ਸਾਲ ਤੇ ਧਾਰਾ 120 ਬੀ ਅਧੀਨ 6-6 ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ ਹੈ। ਇਸ ਕੇਸ ਵਿਚ ਜੋ ਹੁਣ ਸ਼ਿਕਾਇਤ ਕਰਤਾ ਹੈ, ਉਸ ਦਾ ਵੀ ਸ਼ੱਕੀ ਕਿਰਦਾਰ ਸੀ ਪਰ ਬਾਅਦ ਵਿਚ ਉਸ ਨੂੰ ਸੀ.ਬੀ.ਆਈ. ਨੇ ਵਾਅਦਾ ਮੁਆਫ਼ ਗਵਾਹ ਬਣਾ ਲਿਆ ਸੀ। ਇਹ ਕੇਸ ਜੁਲਾਈ 2009 ਦਾ ਹੈ।

# ਪੰਜਾਬ ਦੇ ਸਰਕਾਰੀ ਕਾਲਜਾਂ 'ਚ ਸਿੱਖਿਆ ਡਾਵਾਂਡੋਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਅਧਿਆਪਕਾਂ ਦੀਆਂ 60 ਫੀਸਦੀ ਤੋਂ ਵੱਧ ਆਸਾਮੀਆਂ ਖ਼ਾਲੀ ਹਨ ਜਿਸ ਕਰਕੇ ਪੜ੍ਹਾਈ ਦਾ ਬੇਹੱਦ ਮੰਦਾ ਹਾਲ ਹੈ। ਪਿਛਲੇ 16 ਸਾਲਾਂ ਤੋਂ ਸਰਕਾਰੀ ਕਾਲਜਾਂ ਵਿਚ ਰੈਗੂਲਰ ਭਰਤੀ ਨਹੀਂ ਹੋਈ ਹੈ ਤੇ ਮਨਜ਼ੂਰ 1873 ਆਸਾਮੀਆਂ ਵਿਚੋਂ ਸਿਰਫ 823 'ਤੇ ਹੀ ਰੈਗੂਲਰ ਅਧਿਆਪਕ ਕੰਮ ਰਹੇ ਹਨ।

ਇਸ ਤਰ੍ਹਾਂ ਉਚੇਰੀ ਸਿੱਖਿਆ ਵਿਭਾਗ ਦਾ ਬੁਰਾ ਹਾਲ ਹੋ ਚੁੱਕਾ ਹੈ। ਪਿਛਲੇ ਛੇ ਮਹੀਨਿਆਂ ਤੋਂ ਰੈਗੂਲਰ ਡੀ ਪੀ ਆਈ ਨਹੀਂ ਹੈ। ਸਰਕਾਰ ਵੱਲੋਂ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਨਹੀਂ ਕੀਤੀ ਗਈ ਜਿਸ ਕਰਕੇ ਸਭ ਤੋਂ ਸੀਨੀਅਰ ਪ੍ਰਿੰਸੀਪਲ ਨੂੰ ਚਾਰਜ ਦੇ ਦਿੱਤਾ ਗਿਆ ਹੈ। ਡਿਪਟੀ ਡੀ ਪੀ ਆਈ ਸਮੇਤ ਵੱਡੀ ਗਿਣਤੀ ਆਸਾਮੀਆਂ ਭਰਨ ਖੁਣੋਂ ਪਈਆਂ ਹਨ। ਕਾਲਜਾਂ ਵਿਚ ਅਧਿਆਪਕਾਂ ਦੀਆਂ ਖ਼ਾਲੀ ਹੋ ਚੁੱਕੀਆਂ ਆਸਾਮੀਆਂ ਵਿਚੋਂ ਵੱਡੀ ਗਿਣਤੀ ਖ਼ਤਮ ਹੋ ਚੁੱਕੀਆਂ ਹਨ ਤੇ ਉਨ੍ਹਾਂ ਨੂੰ ਮੁੜ ਸੁਰਜੀਤ ਕਰਨਾ ਸੌਖਾ ਕੰਮ ਨਹੀਂ। ਹਾਸਲ ਜਾਣਕਾਰੀ ਅਨੁਸਾਰ ਸਰਕਾਰੀ ਕਾਲਜਾਂ ਦੀ ਗਿਣਤੀ 48 ਹੈ ਤੇ ਇਨ੍ਹਾਂ ਵਿਚੋਂ ਛੇ ਕਾਲਜ ਅਜਿਹੇ ਹਨ ਜਿਨ੍ਹਾਂ ਵਿਚ ਸਿਰਫ ਇਕ ਰੈਗੂਲਰ ਅਧਿਆਪਕ ਨਾਲ ਹੀ ਕੰਮ ਚਲਾਇਆ ਜਾ ਰਿਹਾ ਹੈ। ਇਸ ਅਧਿਆਪਕ ਨੂੰ ਪ੍ਰਿੰਸੀਪਲ ਦੀ ਡਿਊਟੀ ਵੀ ਨਿਭਾਉਣੀ ਪੈ ਰਹੀ ਹੈ। ਅੱਠ ਹੋਰ ਕਾਲਜਾਂ ਵਿਚ ਇਕ ਤੋਂ ਦੋ ਰੈਗੂਲਰ ਅਧਿਆਪਕ ਹਨ। ਇਹ ਵੀ ਪਤਾ ਲੱਗਾ ਹੈ ਕਿ 12 ਕਾਲਜਾਂ ਵਿਚ ਪ੍ਰਿੰਸੀਪਲ ਵੀ ਨਹੀਂ ਹਨ ਤੇ ਸੀਨੀਅਰ ਅਧਿਆਪਕ ਹੀ ਕਾਰਜਕਾਰੀ ਪ੍ਰਿੰਸੀਪਲ ਵਜੋਂ ਡਿਊਟੀ ਨਿਭਾਅ ਰਹੇ ਹਨ।

**ਅਧਿਆਪਕਾਂ ਦੀਆਂ 60 ਫੀਸਦੀ ਆਸਾਮੀਆਂ ਖਾਲੀ**

ਸਰਕਾਰ ਵੱਲੋਂ ਗੈਸਟ ਜਾਂ ਪਾਰਟ ਟਾਈਮ ਫੈਕਲਟੀ ਨਾਲ ਕੰਮ ਚਲਾਇਆ ਜਾ ਰਿਹਾ ਹੈ। ਪਾਰਟ ਟਾਈਮ ਫੈਕਲਟੀ ਨੂੰ 21,600 ਰੁਪਏ ਤੇ ਗੈਸਟ ਫੈਕਲਟੀ ਨੂੰ ਦਸ ਹਜ਼ਾਰ ਰੁਪਏ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ। ਪਾਰਟ ਟਾਈਮ ਅਧਿਆਪਕਾਂ ਦੀ ਗਿਣਤੀ ਵੀ ਮਸਾਂ 250 ਹੈ। ਲਾਲਾ ਲਾਜਪਤ ਰਾਏ ਗੌਰਮਿੰਟ ਕਾਲਜ ਢੁਡੀਕੇ, ਗੌਰਮਿੰਟ ਕਾਲਜ ਜ਼ੀਰਾ ਤੇ ਗੌਰਮਿੰਟ ਕਾਲਜ ਸਿੱਧਸਰ ਸਮੇਤ ਤਿੰਨ ਹੋਰ ਕਾਲਜਾਂ ਵਿਚ ਇਕ-ਇਕ ਰੈਗੂਲਰ ਅਧਿਆਪਕ ਹੈ। ਇਨ੍ਹਾਂ ਸਾਰੇ ਕਾਲਜਾਂ ਵਿਚ ਬੀ.ਏ. ਤੱਕ ਦੀਆਂ ਕਲਾਸਾਂ ਹਨ ਤੇ ਵਿਦਿਆਰਥੀਆਂ ਦੀ ਗਿਣਤੀ ਵੀ ਤਿੰਨ ਤੋਂ ਚਾਰ ਸੌ ਦੇ ਕਰੀਬ ਹੈ। ਗੌਰਮਿੰਟ ਕਾਲਜ ਕਾਲਾ ਅਫਗਾਨਾ, ਗੌਰਮਿੰਟ ਕਾਲਜ ਭੁਲੱਥ ਤੇ ਗੌਰਮਿੰਟ ਕਾਲਜ ਨਿਆਲ ਪਾਤੜਾਂ ਵਿਚ ਦੋ-ਦੋ ਰੈਗੂਲਰ ਅਧਿਆਪਕ ਹਨ।

ਪਤਾ ਲੱਗਾ ਹੈ ਕਿ ਸਰਕਾਰ ਵੱਲੋਂ 1996 ਵਿਚ ਭਰਤੀ 'ਤੇ ਪਾਬੰਦੀ ਲਾਏ ਜਾਣ ਤੋਂ ਬਾਅਦ 1997 ਵਿਚ ਇਕ ਵਾਰ ਰਾਖਵੇਂ ਵਰਗ ਦੇ 14 ਤੇ ਦੂਜੀ ਵਾਰ 2007 ਵਿਚ ਅੰਗਰੇਜ਼ੀ ਵਿਸ਼ੇ ਦੇ 60 ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ। ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੀ ਵੀ ਇਸ ਤੋਂ ਵੱਖਰੀ ਨਹੀਂ ਹੈ।

## ਪੁਲੀਸ ਜ਼ਿਲ੍ਹਾ ਜਗਰਾਉਂ 'ਚ ਚਾਰ ਨਵੇਂ ਥਾਣੇ ਸਥਾਪਤ

**ਰਾਏਕੋਟ:** ਪੁਲੀਸ ਜ਼ਿਲ੍ਹਾ ਜਗਰਾਉਂ 'ਚ ਚਾਰ ਨਵੇਂ ਥਾਣੇ ਬਣਾਏ ਗਏ ਹਨ ਜਿਨ੍ਹਾਂ ਵਿਚ ਦੋ ਦਿਹਾਤੀ ਥਾਣੇ ਇਕ ਇਸਤਰੀ ਵਿੰਗ ਅਤੇ ਇਕ ਐਨ ਆਰ ਆਈ ਥਾਣਾ ਸ਼ਾਮਲ ਹੈ। ਇਨ੍ਹਾਂ ਥਾਣਿਆਂ ਵਿਚੋਂ ਇਕ ਥਾਣਾ ਸਦਰ ਰਾਏਕੋਟ ਦੇ ਹਿੱਸੇ ਆਇਆ ਹੈ। ਇਸ ਨਾਲ ਰਾਏਕੋਟ 'ਚ ਦੋ ਪੁਲੀਸ ਥਾਣੇ ਬਣ ਗਏ ਹਨ ਇਕ ਥਾਣਾ ਸ਼ਹਿਰੀ ਤੇ ਦੂਜਾ ਥਾਣਾ ਦਿਹਾਤੀ ਭਾਵ ਥਾਣਾ ਸਦਰ ਬਣ ਗਿਆ ਹੈ।

ਇਸ ਦੇ ਨਾਲ ਹੀ ਪੁਲੀਸ ਮੁਖੀ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਵਲੋਂ ਇਨ੍ਹਾਂ ਦੋਵਾਂ ਥਾਣਿਆਂ 'ਚ ਨਵੇਂ ਥਾਣਾ ਮੁਖੀ ਤਾਇਨਾਤ ਕੀਤੇ ਗਏ ਹਨ। ਐਸ ਆਈ ਦਵਿੰਦਰ ਸਿੰਘ ਚਕੋਹੀ ਨੂੰ ਥਾਣਾ ਸ਼ਹਿਰੀ ਦਾ ਅਤੇ ਐਸ ਆਈ ਮੋਹਣ ਲਾਲ ਨੂੰ ਥਾਣਾ ਸਦਰ ਦਾ ਮੁਖੀ ਥਾਪਿਆ ਗਿਆ ਹੈ। ਅੱਜ ਪੁਲੀਸ ਸਟੇਸ਼ਨ ਰਾਏਕੋਟ ਵਿਖੇ ਨਵੇਂ ਨਿਯੁਕਤ ਥਾਣਾ ਮੁਖੀ ਦਵਿੰਦਰ ਸਿੰਘ ਚਕੋਹੀ ਤੇ ਮੋਹਣ ਲਾਲ ਨੇ ਪੱਤਰਕਾਰਾਂ ਨਾਲ ਮਿਲਣੀ ਕੀਤੀ ਤੇ ਉਨ੍ਹਾਂ ਨੇ ਪ੍ਰੈਸ ਤੋਂ ਸਹਿਯੋਗ ਦੀ ਮੰਗ ਕੀਤੀ।


OKKJI Transfer LLC.
15238 Radiance Dr., Noblesville, IN, 46060
ਓਨਰ ਅਪਰੇਟਰ ਚਾਹੀਦੇ ਹਨ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ

ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665

Quick Stop 40, Oklahoma
ਟਰੱਕ ਸਟਾਪ ਲਈ ਲੋੜ ਹੈ
ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਕਾਲ ਕਰੋ:832-512-7172

Global Multi Services
ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖ਼ਬਰੀ
ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ
ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ
> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ
ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ
ਉਪਲਬਧ ਸੇਵਾਵਾਂ
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.
High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant

ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997
DMV Lic No. 62822

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

Gurbans Singh Gill
Realtor
15 Years Experiance
in Real Estate
e-mail: gurbans@gotracy.com
Fax: 209-836-0706
www.gotracy.com
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖ਼ਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium
Gurbans Gill 209-815-1869

# ਹਿੰਦ ਮਹਾਸਾਗਰ 'ਚ ਹਿੰਦ-ਚੀਨ ਟਕਰਾਅ ਦੇ ਰਾਹ

**ਕੋਲਕਾਤਾ:** ਅਰੁਨਾਚਲ ਪ੍ਰਦੇਸ਼ 'ਚ ਚੀਨ ਦੇ ਹਿੱਤਾਂ ਦੇ ਹੁੰਦੇ ਸੁੰਦੇ ਹਿੰਦ ਮਹਾਸਾਗਰ ਵਿਚ ਇਸ ਦਾ ਫੌਜੀ ਦਬਦਬਾ ਵਧਣ ਕਰਕੇ ਭਾਰਤ ਨਾਲ ਟਕਰਾਅ ਵਧ ਸਕਦਾ ਹੈ। ਇਹ ਗੱਲ ਕੌਮਾਂਤਰੀ ਪੱਤਰਕਾਰ ਬਰਟਿਲ ਲਿੰਟਰ ਨੇ ਆਪਣੀ ਨਵੀਂ ਕਿਤਾਬ 'ਚ ਆਖੀ ਹੈ। ਹਾਰਪਰ ਕਾਲਿਨਜ਼ ਵੱਲੋਂ ਛਾਪੀ ਇਸ ਕਿਤਾਬ 'ਗ੍ਰੇਟ ਗੇਮ ਈਸਟ' 'ਚ ਮਿਆਂਮਾਰ ਦੀ ਵਿਦੇਸ਼ ਨੀਤੀ ਦੇ ਮਾਹਿਰ ਮੰਨੇ ਜਾਂਦੇ ਲਿੰਟਰ ਨੇ ਆਖਿਆ ਕਿ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਹਿੰਦ ਮਹਾਸਾਗਰ 'ਚ ਵਡੇਰੀ ਠੰਢੀ ਜੰਗ ਮਘ ਰਹੀ ਹੈ।

ਹਾਲਾਂਕਿ ਚੀਨ ਵੱਲੋਂ ਅਰੁਨਾਚਲ ਦੇ ਕੁਝ ਹਿੱਸਿਆਂ 'ਤੇ ਦਾਅਵਾ ਜਤਾਇਆ ਜਾਂਦਾ ਹੈ ਪਰ ਕਿਤਾਬ ਅਨੁਸਾਰ ਵੱਡੀ ਚਿੰਤਾ ਵਾਲੀ ਗੱਲ ਹਿੰਦ ਮਹਾਸਾਗਰ ਦੇ ਕੋਕੋ ਟਾਪੂ 'ਤੇ ਕਾਇਮ ਮਿਆਂਮਾਰ ਜਲ ਸੈਨਾ ਦਾ ਅੱਡਾ ਹੈ। ਰਣਨੀਤਕ ਤੌਰ 'ਤੇ ਇਹ ਇਕ ਅਹਿਮ ਟਿਕਾਣਾ ਹੈ ਤੇ ਚੀਨ ਤੇ ਮਿਆਂਮਾਰ ਦੇ ਗੂੜ੍ਹੇ ਸਬੰਧ ਹਨ। ਲੇਖਕ ਨੇ ਲਿਖਿਆ ਕੀ ਚੀਨ ਹਿੰਦ ਮਹਾਸਾਗਰ ਵਿਚ ਭਾਰਤੀ ਜਲ ਸੈਨਾ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖ ਰਿਹਾ ਹੈ ਤੇ ਇਸ ਤੋਂ ਵੀ ਵਧ ਕੇ ਆਂਧਰਾ ਪ੍ਰਦੇਸ਼ 'ਚ ਸ੍ਰੀਹਰੀਕੋਟਾ ਸਥਿਤ ਭਾਰਤੀ ਪੁਲਾੜ ਖੋਜ



ਸੰਸਥਾ ਤੇ ਉੜੀਸਾ ਵਿਚ ਸਮੁੰਦਰ ਵਿਚਲੇ ਚੰਡੀਪੁਰ ਵਿਖੇ ਰੱਖਿਆ ਖੋਜ ਅਦਾਰੇ 'ਚ ਬੈਲਿਸਟਿਕ ਮਿਜ਼ਾਈਲਾਂ ਤੇ ਪੁਲਾੜ ਲਾਂਚ ਵਾਹਨਾਂ 'ਤੇ ਵੀ ਨਜ਼ਰ ਰੱਖ ਰਿਹਾ ਹੈ।

ਲਿੰਟਰ ਦੇ ਮਿਆਂਮਾਰ 'ਚ ਦਾਖਲ ਹੋਣ 'ਤੇ 1985 ਤੋਂ ਪਾਬੰਦੀ ਲੱਗੀ ਹੋਈ ਹੈ ਜਦੋਂ ਉਸ ਨੇ ਮਿਆਂਮਾਰ ਦੀ ਫੌਜ ਬਾਰੇ ਕਈ ਤਰਥੱਲੀ ਮਚਾਊ ਰਿਪੋਰਟਾਂ ਕੱਢੀਆਂ ਸਨ। ਉਸ ਦਾ ਇਹ ਵੀ ਦਾਅਵਾ ਹੈ ਕਿ ਗ੍ਰੇਟ ਕੋਕੋ ਟਾਪੂ ਉੱਤੇ ਇਕ ਰਾਡਾਰ ਸਟੇਸ਼ਨ ਵੀ ਹੈ ਜੋ ਭਾਵੇਂ ਹਾਲੇ ਮੁੱਢਲੇ ਪੜਾਅ 'ਤੇ ਹੀ ਹੈ। ਹਿੰਦ ਮਹਾਸਾਗਰ ਦੀ ਸਥਿਤੀ ਤੋਂ ਭਾਰਤ ਅਣਜਾਣ ਨਹੀਂ ਹੈ ਤੇ ਇਸ ਵੱਲੋਂ ਉੱਥੇ ਘੋਖਵੀਂ ਨਜ਼ਰ ਰੱਖੀ ਜਾ ਰਹੀ ਹੈ।

ਮਿਆਂਮਾਰ 'ਤੇ ਕਈ ਕਿਤਾਬਾਂ ਲਿਖ ਚੁੱਕੇ ਲਿੰਟਰ ਨੇ ਲਿਖਿਆ ਹੈ ਕਿ ਮਿਆਂਮਾਰ ਤੇ ਚੀਨੀ ਦੋਵੇਂ ਜਾਣਦੇ ਹਨ ਕਿ ਭਾਰਤ ਨੇ ਸਮੁੰਦਰੀ ਖੇਤਰ ਦੀਆਂ ਨਵੀਆਂ ਚੁਣੌਤੀਆਂ ਨਾਲ ਸਿੱਝਣ ਤੇ ਦੱਖਣ-ਪੂਰਬੀ ਏਸ਼ੀਆ ਤੇ ਮਲਾਕਾ ਜਲ ਮਾਰਗ ਵਿਚਲੇ ਆਪਣੇ ਹਿੱਤਾਂ ਦੀ ਸੁਰੱਖਿਆ ਲਈ ਅੰਡੇਮਾਨ-ਨਿਕੋਬਾਰ ਦੀਪ ਸਮੂਹ 'ਚ ਆਪਣੀ ਫੌਜੀ ਮੌਜੂਦਗੀ ਮਜ਼ਬੂਤ ਕਰ ਲਈ ਹੈ। ਹਿਮਾਲਿਆ ਸਥਿਤ ਕਿਸੇ ਵੀ ਫੌਜੀ ਅੱਡੇ ਦੀ ਤਰ੍ਹਾਂ ਪੋਰਟ ਬਲੇਅਰ ਭਾਰਤ ਦੀ ਰੱਖਿਆ ਲਈ ਅਹਿਮ ਬਣ ਗਿਆ ਹੈ।

ਲਿੰਟਰ ਨੇ ਸਿੱਟਾ ਕੱਢਿਆ ਕਿ ਮਿਆਂਮਾਰ 'ਚ ਲੰਮੇ ਸਮੇਂ ਤੋਂ ਚਲੀ ਆ ਰਹੀ ਉਥਲ-ਪੁਥਲ ਬੰਦ ਨਹੀਂ ਹੋਵੇਗੀ ਤੇ ਚੀਨ ਤੇ ਭਾਰਤ ਇਸ ਬਫਰ ਸਟੇਟ 'ਤੇ ਆਪੋ-ਆਪਣਾ ਦਬਦਬਾ ਵਧਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹਿਣਗੇ। ਭਾਰਤ ਤੇ ਚੀਨ ਵਿਚਕਾਰ ਇਸ ਹੋੜ ਨੂੰ ਹੀ ਲਿੰਟਰ ਨੇ 'ਗ੍ਰੇਟ ਗੇਮ ਈਸਟ' ਦਾ ਨਾਂ ਦਿੱਤਾ ਜਿਸ ਦਾ ਆਲਮੀ ਰਾਜਨੀਤੀ ਉਪਰ ਚੋਖਾ ਅਸਰ ਪਵੇਗਾ।

# ਭਾਰਤ 'ਚ ਘਟਿਆ ਬਾਲ ਵਿਆਹਾਂ ਦਾ ਰੁਝਾਨ

**ਸੰਯੁਕਤ ਰਾਸ਼ਟਰ:** ਭਾਰਤ 'ਚ ਲੜਕੀਆਂ ਦੇ ਬਾਲ ਵਿਆਹਾਂ ਦੀ ਦਰ ਘਟੀ ਹੈ ਪਰ ਉਨ੍ਹਾਂ ਵਾਸਤੇ ਸਿੱਖਿਆ ਸਹੂਲਤ ਯਕੀਨੀ ਬਣਾਉਣ ਦੇ ਪੱਖ ਤੋਂ ਹਾਲਤ ਤਸੱਲੀਬਖ਼ਸ਼ ਨਹੀਂ ਹੈ। ਸੰਯੁਕਤ ਰਾਸ਼ਟਰ ਵੱਲੋਂ ਲੰਘੇ ਦਿਨ ਪਹਿਲਾ 'ਕੌਮਾਂਤਰੀ ਬਾਲੜੀ ਦਿਵਸ' ਮਨਾਏ ਜਾਣ ਮੌਕੇ ਬਾਲ ਵਿਆਹਾਂ ਦੀ ਪ੍ਰਥਾ ਖਤਮ ਕਰਨ ਦਾ ਸੱਦਾ ਦਿੰਦਿਆਂ ਕਿਹਾ ਗਿਆ ਕਿ ਇਸ ਰੁਝਾਨ ਤੋਂ ਲੜਕੀਆਂ ਨੂੰ ਬਚਾਉਣ ਲਈ ਉਨ੍ਹਾਂ ਨੂੰ ਸਿੱਖਿਅਤ ਕਰਨਾ ਬਿਹਤਰੀਨ ਉਪਾਅ ਹੈ।

'ਦਿ ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ' (ਯੂ.ਐਨ.ਐਫ.ਪੀ. ਏ.) ਨੇ ਐਲਾਨ ਕੀਤਾ ਕਿ ਅਗਲੇ ਪੰਜ ਸਾਲਾਂ ਦੌਰਾਨ 12 ਦੇਸ਼ਾਂ 'ਚ ਅਣਭੋਲ ਬੱਚੀਆਂ ਨੂੰ ਬਾਲ ਵਿਆਹ ਦੀ ਬੁਰਾਈ ਤੋਂ ਬਚਾਉਣ ਵਾਸਤੇ ਦੋ ਕਰੋੜ ਅਮਰੀਕੀ ਡਾਲਰ ਹੋਰ ਖਰਚੇ ਜਾਣਗੇ। ਜਿਨ੍ਹਾਂ ਦੇਸ਼ਾਂ ਵਿਚ ਇਹ ਰਾਸ਼ੀ ਖ਼ਰਚੀ ਜਾਵੇਗੀ, ਉਨ੍ਹਾਂ ਵਿਚ ਗੁਆਟੇਮਾਲਾ, ਭਾਰਤ, ਜ਼ਾਂਬੀਆ ਤੇ ਨਾਇਜੀਰੀਆ ਸ਼ਾਮਲ ਹਨ। ਅੱਲ੍ਹੜ ਉਮਰੇ ਵਿਆਹਾਂ ਬਾਰੇ ਲੰਘੇ ਦਿਨ ਜਾਰੀ ਇਕ ਰਿਪੋਰਟ 'ਚ ਦੱਸਿਆ ਗਿਆ ਕਿ 2000 ਤੋਂ 2011 ਦੌਰਾਨ ਭਾਰਤ 'ਚ 18 ਸਾਲ ਤੋਂ ਘੱਟ ਉਮਰ 'ਚ 47 ਫੀਸਦੀ ਲੜਕੀਆਂ ਦੇ ਵਿਆਹ ਕਰ ਦਿੱਤੇ ਗਏ। ਇਨ੍ਹਾਂ 47 ਫੀਸਦੀ ਵਿਚੋਂ 56 ਫੀਸਦੀ ਪੇਂਡੂ ਖੇਤਰਾਂ ਤੇ 30 ਫੀਸਦੀ ਸ਼ਹਿਰੀ ਖੇਤਰਾਂ 'ਚ ਰਹਿੰਦੀਆਂ ਸਨ। ਇਨ੍ਹਾਂ ਵਿਚੋਂ 76 ਫੀਸਦੀ ਲੜਕੀਆਂ ਅਨਪੜ੍ਹ ਸਨ। ਇਸ ਤੋਂ ਇਲਾਵਾ 75 ਫੀਸਦੀ ਲੜਕੀਆਂ ਬੇਹੱਦ ਗਰੀਬ ਪਰਿਵਾਰਾਂ ਨਾਲ ਜਦਕਿ 16 ਫੀਸਦੀ ਅਮੀਰ ਘਰਾਂ ਨਾਲ ਸਬੰਧਤ ਸਨ। ਭਾਰਤ ਵਿਚੋਂ ਇਕੱਠੇ ਕੀਤੇ ਅੰਕੜਿਆਂ ਅਨੁਸਾਰ 15 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਦੀ ਵਿਆਹ ਦਰ 'ਚ 18 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਦੇ ਵਿਆਹਾਂ ਦੇ ਮੁਕਾਬਲੇ ਦੁੱਗਣੀ ਕਮੀ ਆਈ ਹੈ। 18 ਸਾਲ ਤੋਂ ਘੱਟ ਉਮਰ ਵਰਗ ਦੀਆਂ ਲੜਕੀਆਂ ਦੇ ਵਿਆਹਾਂ ਦੀ ਦਰ 13 ਫੀਸਦੀ, ਜਦਕਿ 15 ਸਾਲ ਤੋਂ ਘੱਟ ਦੀਆਂ ਦੀ ਦਰ 'ਚ 30 ਫੀਸਦੀ ਕਮੀ ਆਈ ਹੈ। ਰਿਪੋਰਟ ਅਨੁਸਾਰ ਇਹ ਦਰ ਭਾਵੇਂ ਤਰੱਕੀ ਦੀ ਪ੍ਰਤੀਕ ਹੈ ਪਰ ਬੱਚਿਆਂ ਨੂੰ ਵਿਦਿਆ, ਸਿਹਤ ਸਹੂਲਤਾਂ, ਆਤਮ-ਨਿਰਭਰ ਬਣਾਉਣ ਤੇ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਹਾਲਤ ਹਾਲੇ ਵੀ ਤਸੱਲੀਬਖ਼ਸ਼ ਨਹੀਂ।

# ਕਾਰਬਨ ਡਾਈਆਕਸਾਈਡ ਵਧਣ ਕਾਰਨ ਗਲੇਸ਼ੀਅਰਾਂ ਨੂੰ ਖਤਰਾ

ਵਾਸ਼ਿੰਗਟਨ: ਧਰਤੀ ਦੇ ਚੌਗਿਰਦੇ 'ਚ ਕਾਰਬਨ ਡਾਈਆਕਸਾਈਡ (ਸੀਓ2) ਦਾ ਪੱਧਰ ਜ਼ਿਆਦਾ ਵਧਣ ਕਾਰਨ ਧਰਤੀ ਦੇ ਤਾਪਮਾਨ 'ਚ ਤਾਂ ਵਾਧਾ ਹੋ ਹੀ ਰਿਹਾ ਹੈ ਤੇ ਨਾਲ ਹੀ ਧਰਤੀ ਦੇ ਦੋਵੇਂ ਸਿਰਿਆਂ ਤੇ ਹੋਰ ਥਾਈਂ ਬਰਫ਼ ਦੇ ਗਲੇਸ਼ੀਅਰ ਤਿੜਕ ਰਹੇ ਹਨ ਤੇ ਤੇਜ਼ੀ ਨਾਲ ਪਿਘਲ ਰਹੇ ਹਨ। ਇਹ ਖੁਲਾਸਾ ਮੈਸਾਚਿਊਸੈਟਸ ਇੰਸਟੀਚਿਊਟ ਫਾਰ ਤਕਨਾਲੋਜੀ (ਐਮ.ਆਈ.ਟੀ.) ਦੇ ਖੋਜਕਾਰਾਂ ਵੱਲੋਂ ਕੀਤੇ ਨਵੇਂ ਅਧਿਐਨ ਤੋਂ ਹੋਇਆ ਹੈ।

ਅਧਿਐਨ ਮੁਤਾਬਕ ਸੀਓ2 ਦੇ ਕਣਾਂ ਦਾ ਧਰਤੀ ਨੂੰ ਢੱਕਣ ਵਾਲੀ ਬਰਫ਼ ਉੱਤੇ ਸਿੱਧਾ ਅਸਰ ਪੈ ਰਿਹਾ ਹੈ। ਇਸ ਕਾਰਨ ਗਲੇਸ਼ੀਅਰ ਤੇ ਬਾਕੀ ਬਰਫ਼ ਵਧੇਰੇ ਨਾਜ਼ੁਕ ਹੋ ਜਾਂਦੀ ਹੈ ਤੇ ਇਸ ਕਾਰਨ ਇਹ ਛੇਤੀ ਤਿੜਕ ਜਾਂਦੀ ਹੈ ਤੇ ਪਿਘਲ ਜਾਂਦੀ ਹੈ। ਇਸ ਕਾਰਨ ਬਰਫ਼ ਛੋਟੇ-ਛੋਟੇ ਟੁਕੜਿਆਂ ਵਿਚ ਟੁੱਟ ਰਹੀ ਹੈ ਤੇ ਅਜਿਹੀ ਟੁੱਟੀ ਹੋਈ ਬਰਫ਼ ਹੋਰ ਵੀ ਛੇਤੀ ਪਿਘਲ ਜਾਂਦੀ ਹੈ।

ਧਰਤੀ ਉਤਲੀ ਬਰਫ਼ ਦੀ ਇਹ ਚਾਦਰ ਧਰਤੀ ਦੀ ਸਤਹਿ ਦਾ ਸੱਤ ਫੀਸਦੀ ਹਿੱਸਾ ਬਣਦੀ ਹੈ ਜੋ ਸਮੁੱਚੇ ਯੂਰਪ ਤੇ ਉਤਰੀ ਅਮਰੀਕਾ ਤੋਂ ਵੀ ਵੱਡਾ ਰਕਬਾ ਬਣਦਾ ਹੈ। ਇਹ ਸੂਰਜ ਦੀਆਂ ਕਿਰਨਾਂ ਦਾ 80 ਫੀਸਦੀ ਹਿੱਸਾ ਵਾਪਸ ਭੇਜ ਦਿੰਦੀ ਹੈ ਜਿਸ ਨਾਲ ਵਾਤਾਵਰਨ ਦਾ ਬਚਾਅ ਹੁੰਦਾ ਹੈ ਤੇ ਤਾਪਮਾਨ ਸਹੀ ਬਣਿਆ ਰਹਿੰਦਾ ਹੈ। ਇਹ ਬਰਫ਼ ਕਾਰਬਨ ਨੂੰ ਵੀ ਸੋਖਦੀ ਹੈ ਜਿਸ ਵਿਚ ਸੀਓ2 ਬਹੁਤ ਹੁੰਦਾ ਹੈ।

# ਦੁਬਈ 'ਚ ਵੀ ਬਣੇਗਾ ਤਾਜ ਮਹਿਲ

**ਦੁਬਈ:** ਸੰਯੁਕਤ ਅਰਬ ਅਮੀਰਾਤ ਇਕ ਅਰਬ ਡਾਲਰ ਦੀ ਲਾਗਤ ਨਾਲ ਆਪਣਾ ਤਾਜ ਮਹਿਲ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। 'ਗਲਫ ਨਿਊਜ਼' ਦੀ ਰਿਪੋਰਟ 'ਚ ਕਿਹਾ ਗਿਆ ਕਿ ਤਾਜ ਅਰਬੀਆ, ਭਾਰਤ ਦੇ ਅਸਲੀ ਸਮਾਰਕ ਨਾਲੋਂ ਆਕਾਰ 'ਚ ਚਾਰ ਗੁਣਾ ਵੱਡਾ ਹੋਵੇਗਾ।



2014 ਦੇ ਅੰਤ ਤੱਕ ਤਿਆਰ ਹੋਣ ਵਾਲਾ ਇਹ ਇਕ ਅਰਬ ਡਾਲਰ ਦਾ ਪ੍ਰਾਜੈਕਟ ਅਮੀਰਾਤ ਸੜਕ ਉਤੇ 'ਫਾਲਕਨ ਸਿਟੀ ਆਫ਼ ਵੰਡਰਜ਼' ਦੇ ਐਨ ਵਿਚਕਾਰ 410 ਲੱਖ ਵਰਗ ਫੁੱਟ ਵਿਚ ਬਣੇਗਾ। ਅਖ਼ਬਾਰ ਦੀ ਰਿਪੋਰਟ ਮੁਤਾਬਕ ਤਾਜ ਅਰਬੀਆ ਜੋੜਿਆਂ ਦੇ ਇਕ ਹੋਣ ਦਾ ਜਸ਼ਨ ਮਨਾਏਗਾ ਕਿਉਂਕਿ ਇਹ ਵਿਸ਼ਵ ਦਾ ਸਭ ਤੋਂ ਸ਼ਾਹੀ ਮੈਰਿਜ ਪੈਲੇਸ ਹੋਵੇਗਾ। ਇਸ ਵੱਡ ਆਕਾਰੀ ਪ੍ਰਾਜੈਕਟ ਦੇ ਉਪ ਡਿਵੈਲਪਰ ਲਿੰਕ ਗਲੋਬਲ ਗਰੁੱਪ ਦੇ ਚੇਅਰਮੈਨ ਅਰੁਨ ਮਹਿਰਾ ਅਨੁਸਾਰ ਲੋਕ ਵਿਆਹ ਕਰਵਾਉਣ ਲਈ ਬਾਲੀ ਜਾਂ ਹੋਰ ਆਲੀਸ਼ਾਨ ਥਾਵਾਂ 'ਤੇ ਜਾਂਦੇ ਹਨ। ਹੁਣ ਉਹ ਤਾਜ ਅਰਬੀਆ ਵਿਚ ਆਉਣਗੇ।ਪ੍ਰਸਿੱਧ ਮੁਗਲ ਗਾਰਡਨ ਸਣੇ ਹਰਿਆਲੀ ਪੱਟੀ ਨਾਲ ਘਿਰੇ ਇਸ 'ਨਿਊ ਸਿਟੀ ਆਫ਼ ਲਵ' ਵਿਚ ਕਈ ਰਿਹਾਇਸ਼ੀ ਤੇ ਵਪਾਰਕ ਇਮਾਰਤਾਂ ਹੋਣਗੀਆਂ। ਤਾਜ ਅਰਬੀਆ 'ਚ ਪੰਜ ਤਾਰਾ ਹੋਟਲ ਦੀ ਸੁਵਿਧਾ ਵਾਲੇ 300 ਕਮਰੇ ਹੋਣਗੇ ਤੇ ਇਸ ਦੇ ਆਲੇ-ਦੁਆਲੇ ਸੱਤ ਇਮਾਰਤਾਂ ਬਣਨਗੀਆਂ। ਭਾਰਤ ਦੇ ਉੱਤਰੀ ਸ਼ਹਿਰ ਆਗਰਾ 'ਚ ਸਥਿਤ ਤਾਜ ਮਹਿਲ ਨੂੰ ਯੂਨੈਸਕੋ ਨੇ ਵਿਸ਼ਵ ਵਿਰਾਸਤ ਦਾ ਦਰਜਾ ਦਿੱਤਾ ਹੋਇਆ ਹੈ। ਅੱਜ ਤੋਂ 350 ਸਾਲ ਪਹਿਲਾਂ ਇਸ ਨੂੰ ਮੁਗਲ ਸ਼ਾਸਕ ਸ਼ਾਹ ਜਹਾਨ ਨੇ ਆਪਣੀ ਬੇਗਮ ਮੁਮਤਾਜ ਦੀ ਯਾਦ 'ਚ ਬਣਾਇਆ ਸੀ ਤੇ ਇਸ ਨੂੰ ਮੁਕੰਮਲ ਹੋਣ ਵਿਚ 20 ਸਾਲ ਲੱਗੇ ਸਨ।

# ਕਿਸੇ ਕੰਮ ਨਾ ਆਈਆਂ ਬਿਡੇਨ ਦੀਆਂ ਦਮਦਾਰ ਦਲੀਲਾਂ

**ਵਾਸ਼ਿੰਗਟਨ:** ਆਹਮੋ-ਸਾਹਮਣੇ ਹੋਈ ਬਹਿਸ 'ਚ ਅਮਰੀਕਾ ਦੇ ਉਪ ਰਾਸ਼ਟਰਪਤੀ ਜੋਅ ਬਿਡੇਨ ਨੇ ਭਾਵੇਂ ਪਾਲ ਰਿਆਨ ਨੂੰ ਤਕੜੀ ਟੱਕਰ ਦਿੱਤੀ ਪਰ ਉਹ ਇਸ ਬਹਿਸ ਤੋਂ ਤੁਰੰਤ ਪਿੱਛੋਂ ਹੋਏ ਚੋਣ ਸਰਵੇਖਣ 'ਚ ਆਪਣੇ ਰਿਪਬਲਿਕਨ ਵਿਰੋਧੀ ਨੂੰ ਜਿੱਤ ਹਾਸਲ ਕਰਨ ਤੋਂ ਨਹੀਂ ਰੋਕ ਸਕੇ। ਇਹ ਬਹਿਸ ਤਕਰੀਬਨ 90 ਮਿੰਟ ਚੱਲੀ ਜਿਸ ਤੋਂ ਤੁਰੰਤ ਬਾਅਦ ਵੋਟਰਾਂ ਦੀ ਰਾਇ ਮੰਗੀ ਗਈ।

ਡੈਨਵਿਲੇ ਨੇ ਸੈਂਟਰਲ ਕਾਲਜ 'ਚ ਹੋਈ ਇਸ ਬਹਿਸ ਦੌਰਾਨ 69 ਸਾਲਾ ਬਿਡੇਨ ਤੇ 42 ਸਾਲਾ ਰਿਆਨ ਨੇ ਆਰਥਿਕਤਾ, ਸਿਹਤ ਸੇਵਾਵਾਂ ਤੇ ਵਿਦੇਸ਼ ਨੀਤੀ ਦੇ ਮੁੱਦਿਆਂ 'ਤੇ ਇਕ-ਦੂਜੇ ਉਪਰ ਤਿੱਖੇ ਹਮਲੇ ਕੀਤੇ। ਉਨ੍ਹਾਂ ਲਿਬੀਆ, ਸੀਰੀਆ, ਮੱਧ ਪੂਰਬ, ਅਫ਼ਗਾਨਿਸਤਾਨ ਤੇ ਇਰਾਨ ਬਾਰੇ ਵਿਦੇਸ਼ ਨੀਤੀ 'ਤੇ ਖੁੱਲ੍ਹ ਕੇ ਚਰਚਾ ਕੀਤੀ। ਸੀ.ਐਨ.ਐਨ. ਮੁਤਾਬਕ ਇਸ ਬਹਿਸ ਦਾ ਸਿੱਧਾ ਪ੍ਰਸਾਰਨ ਦੇਖ ਰਹੇ 48 ਫੀਸਦੀ ਵੋਟਰਾਂ ਅਨੁਸਾਰ ਰਿਆਨ ਦਾ ਪੱਲੜਾ ਭਾਰੀ ਰਿਹਾ। ਟੀ.ਵੀ. ਚੈਨਲ ਮੁਤਾਬਕ ਵੋਟਿੰਗ ਦਾ ਅੰਕੜਿਆਂ ਵਿਚ ਪੰਜ ਫੀਸਦੀ ਦਾ ਵਾਧਾ ਜਾਂ ਘਾਟਾ ਸੰਭਵ ਹੈ। ਇਸ ਸਰਵੇਖਣ ਅਨੁਸਾਰ ਬਿਡੇਨ ਨੂੰ 44 ਫੀਸਦੀ ਜਦਕਿ ਰਿਆਨ ਨੂੰ 56 ਫੀਸਦੀ ਵੋਟ ਮਿਲੇ। ਇਸ ਦੌਰਾਨ



ਸੀਬੀਐਸ ਵੱਲੋਂ ਕਰਵਾਏ ਗਏ ਚੋਣ ਸਰਵੇਖਣ ਅਨੁਸਾਰ ਬਿਡੇਨ ਨੂੰ 50 ਫੀਸਦੀ ਜਦਕਿ ਰਿਆਨ ਨੂੰ 31 ਫੀਸਦੀ ਵੋਟ ਮਿਲੇ। ਜ਼ਿਕਰਯੋਗ ਹੈ ਕਿ ਨਵੰਬਰ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਹੋਣ ਜਾ ਰਹੀਆਂ ਚੋਣਾਂ ਤੋਂ ਪਹਿਲਾਂ ਦੋਹਾਂ ਪਾਰਟੀਆਂ ਵੱਲੋਂ ਇਕ-ਦੂਜੇ ਨੂੰ ਢਾਹੁਣ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਜਦੋਂ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨ੍ਹਾਂ ਦੇ ਮੁੱਖ ਵਿਰੋਧ ਮਿੱਟ ਰੋਮਨੀ ਵਿਚਾਲੇ ਡੈਨਵਰ 'ਚ ਪਹਿਲੀ ਖੁੱਲ੍ਹੀ ਬਹਿਸ ਹੋਈ ਸੀ ਤਾਂ ਉਦੋਂ ਰਾਸ਼ਟਰਪਤੀ ਦੇ ਮੁਕਾਬਲੇ ਰੋਮਨੀ ਦਾ ਪੱਲੜਾ ਭਾਰੀ ਰਿਹਾ ਸੀ। ਹੁਣ ਉਪ ਰਾਸ਼ਟਰਪਤੀ ਬਿਡੇਨ ਨੇ ਪੂਰਾ ਤਾਣ ਲਾਇਆ ਹੋਇਆ ਸੀ ਕਿ ਉਹ ਆਪਣੇ ਵਿਰੋਧੀ ਨੂੰ ਖੁੱਲ੍ਹੀ ਬਹਿਸ ਵਿਚ ਪਛਾੜ ਦੇਣਗੇ ਪਰ ਟੀ.ਵੀ. ਚੈਨਲ ਮੁਤਾਬਕ ਅਜਿਹਾ ਨਹੀਂ ਹੋ ਸਕਿਆ।

ਉਧਰ ਇਸ ਬਹਿਸ ਦਾ ਸਿੱਧਾ ਪ੍ਰਸਾਰਨ ਦੇਖ ਰਹੇ ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਸ੍ਰੀ ਬਿਡੇਨ ਨੇ ਦਮਦਾਰ ਦਲੀਲਾਂ ਦਿੱਤੀਆਂ ਜਿਸ ਸਦਕਾ ਉਹ ਇਸ ਬਹਿਸ ਵਿਚ ਹਾਵੀ ਰਹੇ। ਉਨ੍ਹਾਂ ਡੈਮੋਕਰੈਟਿਕ ਪਾਰਟੀ ਦਾ ਪੱਖ ਮਜ਼ਬੂਤੀ ਨਾਲ ਲੋਕਾਂ ਸਾਹਮਣੇ ਰੱਖਿਆ। ਰਾਸ਼ਟਰਪਤੀ ਨੇ ਸ੍ਰੀ ਬਿਡੇਨ ਦੀ ਕਾਰਗੁਜ਼ਾਰੀ 'ਤੇ ਤਸੱਲੀ ਜ਼ਾਹਰ ਕੀਤੀ।

# ਮਹਿੰਗਾਈ ਦੇ ਦੌਰ 'ਚ ਵੀ ਲੀਡਰਾਂ ਦੀ ਚਾਂਦੀ

## ਆਮ ਜਨਤਾ ਨਾਲੋਂ 10 ਗੁਣਾ ਜ਼ਿਆਦਾ ਕਮਾਈ

**ਨਵੀਂ ਦਿੱਲੀ:** ਦਿਨ-ਬ-ਦਿਨ ਵਧਦੀ ਮਹਿੰਗਾਈ ਕਾਰਨ ਭਾਵੇਂ ਆਮ ਆਦਮੀ ਲਈ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨਾ ਮੁਸ਼ਕਲ ਹੋ ਗਿਆ ਹੈ ਪਰ ਉਸੇ ਆਮ ਆਦਮੀ ਵੱਲੋਂ ਚੁਣੇ ਜਾਣ ਵਾਲੇ ਲੋਕ ਪ੍ਰਤੀਨਿਧਾਂ ਨੂੰ ਮਹਿੰਗਾਈ ਦਾ ਇਹ ਦੌਰ ਕਾਫੀ ਰਾਸ ਆ ਰਿਹਾ ਹੈ। ਦਸ ਸੂਬਿਆਂ ਦੇ 1075 ਵਿਧਾਇਕਾਂ ਦੀ ਆਮਦਨ ਦੇ ਮੁਲਾਂਕਣ ਅਨੁਸਾਰ ਇਕ ਵਿਧਾਇਕ ਦੇ ਘਰ ਦੀ ਆਮਦਨ ਆਮ ਆਦਮੀ ਦੇ ਪੰਜ ਮੈਂਬਰਾਂ ਵਾਲੇ ਪਰਿਵਾਰ ਦੀ ਆਮਦਨ ਤੋਂ ਕਿਤੇ ਜ਼ਿਆਦਾ ਹੈ।

ਐਸੋਸੀਏਸ਼ਨ ਰਿਫਾਰਮ ਮੁਤਾਬਕ ਆਮ ਆਦਮੀ ਤੇ ਵਿਧਾਇਕ ਦੀ ਆਮਦਨ 'ਚ ਸਭ ਤੋਂ ਜ਼ਿਆਦਾ ਫਰਕ ਉੱਤਰ ਪ੍ਰਦੇਸ਼ 'ਚ ਹੈ। ਵਿਧਾਇਕ ਤੇ ਉਸ ਦੇ ਪਰਿਵਾਰ ਦੀ ਸਾਲਾਨਾ ਔਸਤ ਆਮਦਨ 14.6 ਲੱਖ ਹੈ ਜੋ ਆਮ ਪਰਿਵਾਰ ਦੀ ਔਸਤ ਆਮਦਨ ਤੋਂ 10 ਗੁਣਾ ਜ਼ਿਆਦਾ ਹੈ। ਆਮ ਵਿਅਕਤੀ ਦੀ ਸਾਲਾਨਾ ਔਸਤ ਆਮਦਨ 1.3 ਲੱਖ ਹੈ। ਯੂ.ਪੀ ਤੋਂ ਇਲਾਵਾ ਪੰਜਾਬ, ਆਸਾਮ ਤੇ ਤਾਮਿਲਨਾਡੂ 'ਚ ਵੀ ਵਿਧਾਇਕਾਂ ਤੇ ਆਮ ਆਦਮੀ ਦੀ ਆਮਦਨ 'ਚ ਜ਼ਬਰਦਸਤ ਫਰਕ ਵੇਖਿਆ ਗਿਆ ਹੈ। ਗੋਆ 'ਚ ਵਿਧਾਇਕ ਦੇ ਪਰਿਵਾਰ ਦੀ ਆਮਦਨ ਤਕਰੀਬਨ 29 ਲੱਖ ਹੈ।

ਕੇਰਲ ਇਕੋ ਇਕ ਅਜਿਹਾ ਰਾਜ ਹੈ ਜਿਥੇ ਵਿਧਾਇਕਾਂ ਦੀ ਆਮਦਨ ਆਮ ਆਦਮੀ ਦੀ




ਆਮਦਨ ਤੋਂ ਇੰਨੀ ਜ਼ਿਆਦਾ ਨਹੀਂ ਹੈ। ਇਥੇ ਵਿਧਾਇਕ ਤੇ ਆਮ ਆਦਮੀ ਦੀ ਆਮਦਨ 'ਚ ਸਿਰਫ਼ 13 ਪ੍ਰਤੀਸ਼ਤ ਦਾ ਹੀ ਫਰਕ ਹੈ। ਹਾਲ ਹੀ ਵਿਚ ਚੋਣ ਕਮਿਸ਼ਨ ਨੇ ਇਹ ਜ਼ਰੂਰੀ ਕਰ ਦਿੱਤਾ ਸੀ ਕਿ ਹਰ ਵਿਧਾਇਕ ਨੂੰ ਆਪਣਾ ਆਮਦਨ ਟੈਕਸ ਰਿਟਰਨ ਸਰਵਜਨਕ ਕਰਨਾ ਹੋਵੇਗਾ। ਨਾਲ ਹੀ ਆਮਦਨ ਵੀ ਸਰਵਜਨਕ ਕਰਨੀ ਹੋਵੇਗੀ। ਦਸ ਰਾਜਾਂ ਦੇ ਵਿਧਾਇਕਾਂ ਨੇ ਆਪਣੀ ਔਸਤ ਆਮਦਨ 8.48 ਲੱਖ ਦੱਸੀ ਹੈ ਜਦਕਿ ਪਰਿਵਾਰ ਦੀ ਔਸਤ ਆਮਦਨ 13.66 ਲੱਖ ਸਾਲਾਨਾ ਹੈ। ਯੂ.ਪੀ. ਤੋਂ ਬਸਪਾ ਵਿਧਾਇਕ ਉਮਾਸ਼ੰਕਰ ਸਿੰਘ ਸਭ ਤੋਂ ਅਮੀਰ ਵਿਧਾਇਕ ਹੈ। ਉਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ ਕਰੀਬ ਪੰਜ ਕਰੋੜ ਰੁਪਏ ਹੈ। ਦੂਸਰੇ ਨੰਬਰ 'ਤੇ ਪੰਜਾਬ ਵਿਚ ਅਕਾਲੀ ਦਲ ਦੇ ਵਿਧਾਇਕ ਸੁਖਬੀਰ ਸਿੰਘ ਬਾਦਲ ਹਨ। ਉਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ ਚਾਰ ਕਰੋੜ ਰੁਪਏ ਹੈ। ਤੀਸਰੇ ਸਥਾਨ 'ਤੇ ਏ.ਆਈ.ਡੀ.ਐਮ. ਕੇ. ਦੇ ਵਿਧਾਇਕ ਕੇ. ਨਰਾਇਣ ਹਨ। ਇਨ੍ਹਾਂ ਦੀ ਸਾਲਾਨਾ ਆਮਦਨ ਤਿੰਨ ਕਰੋੜ ਰੁਪਏ ਹੈ। ਏ. ਡੀ. ਆਰ. ਮੁਤਾਬਕ ਪਿਛਲੇ ਸਾਲ ਚੁਣੇ ਗਏ ਲੋਕ ਪ੍ਰਤੀਨਿਧੀਆਂ ਵਿਚੋਂ 30 ਪ੍ਰਤੀਸ਼ਤ ਨੇ ਕੋਈ ਟੈਕਸ ਨਹੀਂ ਦਿੱਤਾ।

# ਆਵਾਜਾਈ ਦਰੁਸਤ ਕਰਨ ਲਈ ਚੀਨ ਵੱਲੋਂ ਬੱਸ ਕਿਰਾਇਆ ਮੁਆਫ਼

**ਪੇਇਚਿੰਗ:** ਵਧ ਰਹੀ ਆਵਾਜਾਈ ਦੀ ਸਮੱਸਿਆ ਤੇ ਲੋਕਾਂ ਨੂੰ ਨਿੱਜੀ ਗੱਡੀਆਂ ਦੀ ਥਾਂ ਜਨਤਕ ਟਰਾਂਸਪੋਰਟ ਵਰਤਣ ਵਾਸਤੇ ਉਤਸ਼ਾਹਤ ਕਰਨ ਲਈ ਚੀਨ ਦੇ ਦੱਖਣ-ਪੱਛਮੀ ਸੂਬੇ ਸਿਚੂਆਨ ਦੀ ਰਾਜਧਾਨੀ ਚੇਂਗਦੂ 'ਚ ਬੱਸਾਂ ਦੇ ਕਿਰਾਏ ਮੁਆਫ਼ ਕਰ ਦਿੱਤੇ ਗਏ ਹਨ ਤੇ ਮੈਟਰੋ ਦੇ ਕਿਰਾਏ 'ਚ ਵੀ ਛੋਟਾਂ ਦਿੱਤੀਆਂ ਗਈਆਂ ਹਨ।

ਚੇਂਗਦੂ ਮਿਊਂਸਪਲ ਪਬਲਿਕ ਟਰਾਂਸਪੋਰਟ ਗਰੁੱਪ ਕਾਰਪ ਦੇ ਇਕ ਤਰਜਮਾਨ ਮੁਤਾਬਕ ਮੁਫ਼ਤ ਬੱਸ ਸਫ਼ਰ ਦੀ ਨੀਤੀ ਅਗਲੇ ਸਾਲ 30 ਜੂਨ ਤਕ ਲਾਗੂ ਰਹੇਗੀ।

ਹਾਸਲ ਜਾਣਕਾਰੀ ਮੁਤਾਬਕ ਹੁਣ 33 ਰੂਟਾਂ ਉੱਤੇ ਮੁਫ਼ਤ ਬੱਸ ਸੇਵਾ ਸ਼ੁਰੂ ਹੋ ਗਈ ਤੇ ਮਹੀਨੇ ਦੇ ਅਖੀਰ ਤੱਕ ਇਨ੍ਹਾਂ ਰੂਟਾਂ ਦੀ ਗਿਣਤੀ ਵਧਾ ਕੇ 44 ਕਰ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਚੀਨ ਦੇ ਇਸ ਵੱਡੇ ਸ਼ਹਿਰ ਵਿਚ ਸੜਕਾਂ ਤੋਂ ਵਾਹਨ ਘਟਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਬਾਰੇ ਜਾਰੀ ਹੁਕਮਾਂ 'ਚ ਹਫ਼ਤੇ ਦੇ ਕੁਝ ਖਾਸ ਦਿਨਾਂ ਦੌਰਾਨ ਨੰਬਰਾਂ ਦੇ ਆਧਾਰ ਉੱਤੇ ਵਾਹਨਾਂ ਦਾ ਖਾਸ ਸੜਕਾਂ 'ਤੇ ਦਾਖਲਾ ਬੰਦ ਕਰ ਦਿੱਤਾ ਗਿਆ ਹੈ। ਅਜਿਹਾ ਤਰੀਕਾ ਕੌਮੀ ਰਾਜਧਾਨੀ ਪੇਇਚਿੰਗ ਤੇ ਕੁਝ ਹੋਰ ਸ਼ਹਿਰਾਂ 'ਚ ਭੀੜ-ਭੜੱਕਾ ਘਟਾਉਣ ਲਈ ਪਹਿਲਾਂ ਹੀ ਅਪਣਾਇਆ ਜਾ ਚੁੱਕਾ ਹੈ।

# ਕਲਮ ਕੁੜੀ ਦੀ ਦੇਖੋ ਕਟਾਰ ਬਣ ਗਈ



## ਕੱਟੜਪੰਥੀ ਤਾਲਿਬਾਨ ਨੂੰ ਵੰਗਾਰ

ਮਹਿਜ਼ 14 ਸਾਲਾਂ ਦੀ ਮਲਾਲਾ ਯੂਸਫ਼ਜ਼ਈ ਨੇ ਧਰਮ ਦੇ ਨਾਂ ਉਤੇ ਅ-ਧਰਮ ਫੈਲਾਉਣ ਵਾਲੇ ਕੱਟੜਪੰਥੀ ਤਾਲਿਬਾਨ ਨੂੰ ਦਿਖਾ ਦਿੱਤਾ ਕਿ ਜੇ ਉਹ ਮੌਤ ਦੇ ਸੌਦਾਗਰ ਅਤੇ ਕੁੜੀਆਂ ਦੇ ਦੁਸ਼ਮਣ ਹਨ ਤਾਂ ਕੋਈ ਜ਼ਿੰਦਗੀ ਦੇ ਗੀਤ ਗਾਉਣ ਵਾਲਾ ਵੀ ਹੈ। ਮਲਾਲਾ ਵੱਲੋਂ ਤਾਲਿਬਾਨ ਦੀਆਂ ਵਧੀਕੀਆਂ ਖਿਲਾਫ ਲਿਖੇ ਸ਼ਬਦ ਜ਼ਿੰਦਗੀ ਦੇ ਗੀਤ ਹੀ ਤਾਂ ਹਨ। ਮਲਾਲਾ ਨੇ ਮੌਤ ਦੀ ਪ੍ਰਵਾਹ ਕੀਤੇ ਬਗੈਰ ਤਾਲਿਬਾਨ ਨੂੰ ਵੰਗਾਰਿਆ। ਅੱਜ ਉਹ ਜਦੋਂ ਹਸਪਤਾਲ ਵਿਚ ਮੌਤ ਨਾਲ ਦਸਤਪੰਜਾ ਲੈ ਰਹੀ ਹੈ ਤਾਂ ਸਾਰਾ ਪਾਕਿਸਤਾਨ ਹੀ ਨਹੀਂ, ਸਾਰਾ ਜੱਗ ਉਹਦੇ ਲਈ ਦੁਆਵਾਂ ਮੰਗ ਰਿਹਾ ਹੈ।

## ਨੰਨ੍ਹੇ ਹਰਫਾਂ ਨੇ ਜ਼ਿੰਦਗੀ ਦੀ ਬਾਤ ਪਾਈ

ਮਲਾਲਾ ਯੂਸਫ਼ਜ਼ਈ ਦਾ ਜਨਮ 1998 ਨੂੰ ਸਵਾਤ ਜ਼ਿਲ੍ਹੇ ਦੇ ਪਿੰਡ ਮਿੰਗੋਰਾ ਵਿਚ ਹੋਇਆ। ਇਹ ਜ਼ਿਲ੍ਹਾ ਖੈਬਰ ਪਖਤੂਨਖਵਾ ਪ੍ਰਾਂਤ ਵਿਚ ਪੈਂਦਾ ਹੈ ਜਿਸ ਦਾ ਪਹਿਲਾ ਨਾਂ ਸਰਹੱਦੀ ਸੂਬਾ ਹੁੰਦਾ ਸੀ। ਮਲਾਲਾ ਅਜੇ 11 ਸਾਲਾਂ ਦੀ ਹੋਈ ਸੀ, ਜਦੋਂ ਉਹਨੇ ਤਾਲਿਬਾਨ ਦੀਆਂ ਵਧੀਕੀਆਂ ਖ਼ਿਲਾਫ਼ ਬੀ.ਬੀ.ਸੀ. ਦੀ ਉਰਦੂ ਸਰਵਿਸ ਲਈ ਲਿਖਣਾ ਸ਼ੁਰੂ ਕਰ ਦਿੱਤਾ। ਆਪਣੀਆਂ ਰਚਨਾਵਾਂ ਵਿਚ ਉਹਨੇ ਕੁੜੀਆਂ ਦਾ ਉਹ ਦਰਦ ਭਰਿਆ ਜੋ ਕੱਟੜ ਤਾਲਿਬਾਨ ਉਨ੍ਹਾਂ 'ਤੇ ਰੋਕਾਂ ਲਾ ਕੇ ਉਨ੍ਹਾਂ ਨੂੰ ਘਰ ਦੀ ਦਹਿਲੀਜ਼ ਅੰਦਰ ਡੱਕ ਰਹੇ ਸਨ। ਉਹਦਾ ਅੱਬਾ ਜ਼ਿਆ-ਉਦ-ਦੀਨ ਯੂਸਫ਼ਜ਼ਈ ਖੁਦ ਸ਼ਾਇਰ ਹੈ ਅਤੇ ਸਵਾਤ ਘਾਟੀ ਵਿਚ ਸਿੱਖਿਆ ਦੇ ਪ੍ਰਚਾਰ ਲਈ ਉਸ ਨੇ ਕਈ ਥਾਈਂ ਖੁਸ਼ਹਾਲ ਪਬਲਿਕ ਸਕੂਲ ਨਾਂ ਹੇਠ ਸਕੂਲ ਖੋਲ੍ਹੇ ਹੋਏ ਹਨ। ਇਹ ਸਕੂਲ ਉਸ ਨੇ ਮਸ਼ਹੂਰ ਪਖਤੂਨ ਯੋਧੇ ਅਤੇ ਬਾਗੀ ਸ਼ਾਇਰ ਖ਼ੁਸ਼ਹਾਲ ਖਾਨ ਖਟਕ ਦੇ ਨਾਂ 'ਤੇ ਰੱਖੇ ਹੋਏ ਹਨ। ਮਲਾਲਾ ਉਤੇ ਆਪਣੇ ਅੱਬਾ ਦੀ ਇਸ ਸਰਗਰਮੀ ਦਾ ਵਾਹਵਾ ਅਸਰ ਸੀ ਅਤੇ ਉਹ ਅਕਸਰ ਸਵਾਤ ਘਾਟੀ ਦੀ ਸਿਆਸਤ ਬਾਰੇ ਆਪਣੇ ਅੱਬਾ ਨਾਲ ਵਿਚਾਰ ਸਾਂਝੇ ਕਰਦੀ ਰਹਿੰਦੀ ਸੀ।

ਸਾਲ 2009 ਦੀ ਗੱਲ ਹੈ ਕਿ ਜ਼ਿਆ-ਉਦ-ਦੀਨ ਬੀ.ਬੀ.ਸੀ. ਉਰਦੂ ਦੇ ਪੱਤਰਕਾਰ ਅਬਦੁੱਲ ਹਈ ਕਾਕਰ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਜੇ ਉਨ੍ਹਾਂ ਦੇ ਸਕੂਲ ਦੀ ਕੋਈ ਅਧਿਆਪਕਾ ਤਾਲਿਬਾਨ ਦੀਆਂ ਜ਼ਿਆਦਤੀਆਂ ਬਾਰੇ ਲਿਖ ਸਕਦੀ ਹੈ! ਉਸ ਵੇਲੇ ਸਵਾਤ ਘਾਟੀ ਵਿਚ ਤਾਲਿਬਾਨ ਕਮਾਂਡਰ ਮੌਲਾਨਾ ਫ਼ਜ਼ਲ-ਉਲਾ ਦਾ ਬਹੁਤ ਜ਼ੋਰ ਸੀ। ਉਹਨੇ ਪੂਰੀ ਘਾਟੀ ਵਿਚ ਟੀ.ਵੀ. ਦੇਖਣ, ਸੰਗਤ ਸੁਣਨ ਅਤੇ ਕੁੜੀਆਂ ਦੀ ਪੜ੍ਹਾਈ ਉਤੇ ਸਖ਼ਤ ਪਾਬੰਦੀ ਲਾਈ ਹੋਈ ਸੀ। ਔਰਤਾਂ ਸਾਮਾਨ ਖਰੀਦਣ ਘਰੋਂ ਬਾਹਰ ਨਹੀਂ ਸੀ ਨਿਕਲ ਸਕਦੀਆਂ। ਪੁਲਿਸ ਮੁਲਾਜ਼ਮਾਂ ਨੂੰ ਅਕਸਰ ਚੌਕ ਵਿਚ ਫਾਂਸੀ 'ਤੇ ਲਟਕਾ ਦਿੱਤਾ ਜਾਂਦਾ ਸੀ। ਜ਼ਿਆ-ਉਦ-ਦੀਨ ਨੇ ਕਈ ਅਧਿਆਪਕਾਵਾਂ ਨਾਲ ਲਿਖਤ ਬਾਬਤ ਗੱਲ ਕੀਤੀ ਪਰ ਕੋਈ ਵੀ ਅਧਿਆਪਕਾ ਅਜਿਹੀਆਂ ਜ਼ਿਆਦਤੀਆਂ ਬਾਰੇ ਲਿਖਣ ਲਈ ਤਿਆਰ ਨਾ। ਤਾਲਿਬਾਨ ਦਾ ਡਰ ਹੀ ਇੰਨਾ ਜ਼ਿਆਦਾ ਸੀ! ਇਕ-ਦੋ ਹੋਰ ਮੁਲਾਕਾਤਾਂ ਤੋਂ ਬਾਅਦ ਜ਼ਿਆ-ਉਦ-ਦੀਨ ਨੇ ਅਬਦੁੱਲ ਹਈ ਨੂੰ ਸੁਝਾਅ ਦਿੱਤਾ ਕਿ ਉਹਦੀ ਧੀ ਮਲਾਲਾ ਸ਼ਾਇਦ ਅਜਿਹੀ ਕੋਈ ਡਾਇਰੀ ਲਿਖ ਸਕੇ ਕਿਉਂਕਿ ਉਹ ਅਜਿਹੀਆਂ ਘਟਨਾਵਾਂ ਵੱਲ ਬਹੁਤਾ ਧਿਆਨ ਦਿੰਦੀ ਹੈ। ਪੱਤਰਕਾਰ ਤੁਰੰਤ ਸਹਿਮਤ ਤਾਂ ਹੋ ਗਿਆ ਪਰ ਉਸ ਨੂੰ ਬਹੁਤ ਚੰਗੀ ਆਸ ਨਹੀਂ ਸੀ ਕਿਉਂਕਿ ਕੁੜੀ ਅਜੇ ਬਾਲੜੀ ਹੀ ਸੀ ਪਰ ਜਦੋਂ ਮਲਾਲਾ ਨੇ ਲਿਖਣਾ ਸ਼ੁਰੂ ਕੀਤਾ ਤਾਂ ਬੀ.ਸੀ.ਸੀ ਦਾ ਸਾਰਾ ਅਮਲਾ ਹੈਰਾਨ ਰਹਿ ਗਿਆ।

ਤਾਲਿਬਾਨ ਦੀ ਦਹਿਸ਼ਤ ਅਤੇ ਡਰ ਕਾਰਨ ਬੀ.ਬੀ.ਸੀ. ਵਾਲਿਆਂ ਨੇ ਮਲਾਲਾ ਦਾ ਨਾਂ ਨਸ਼ਰ ਨਹੀਂ ਕੀਤਾ, ਸਗੋਂ ਉਸ ਦੀਆਂ ਰਚਨਾਵਾਂ 'ਗੁਲ ਮਕਈ' ਦੇ ਕਲਮੀ ਨਾਂ ਹੇਠ ਨਸ਼ਰ ਕਰਨੀਆਂ ਸ਼ੁਰੂ ਕਰ ਦਿੱਤੀਆਂ। 3 ਜਨਵਰੀ 2009 ਨੂੰ ਉਹਦੀ ਪਹਿਲੀ ਲਿਖਤ ਨਸ਼ਰ ਹੋਈ। ਉਹ ਲਿਖਦੀ ਹੈ-"ਸਾਡੀ ਸਤਾਈ ਜਣਿਆਂ ਦੀ ਕਲਾਸ ਵਿਚ ਸਿਰਫ਼ ਗਿਆਰਾਂ ਜਣੇ ਰਹਿ ਗਏ। ਤਾਲਿਬਾਨ ਦੇ ਫਤਵੇ ਕਾਰਨ ਇਹ ਗਿਣਤੀ ਹੋਰ ਘਟ ਗਈ। ਮੇਰੀਆਂ ਤਿੰਨ ਸਹੇਲੀਆਂ ਆਪਣੇ ਟੱਬਰਾਂ ਸਮੇਤ ਪਿਸ਼ਾਵਰ, ਲਾਹੌਰ ਅਤੇ ਰਾਵਲਪਿੰਡੀ ਚਲੀਆਂ ਗਈਆਂ।"



ਤਾਲਿਬਾਨ ਨੇ ਮਿੰਗੋਰਾ ਵਿਚ ਫਤਵਾ ਜਾਰੀ ਕੀਤਾ ਹੋਇਆ ਸੀ ਕਿ 15 ਜਨਵਰੀ 2009 ਤੋਂ ਬਾਅਦ ਕੋਈ ਵੀ ਕੁੜੀ ਸਕੂਲ ਨਹੀਂ ਜਾਵੇਗੀ। ਇਸ ਤੋਂ ਪਹਿਲਾਂ ਵੀ ਉਨ੍ਹਾਂ ਅਜਿਹੀਆਂ ਧਮਕੀਆਂ ਦਿੱਤੀਆਂ ਸਨ ਅਤੇ ਇਹ ਧਮਕੀਆਂ ਸੱਚ ਵੀ ਕਰ ਵਿਖਾਈਆਂ ਸਨ। ਉਨ੍ਹਾਂ ਨੇ ਕੁੜੀਆਂ ਦੇ 100 ਤੋਂ ਵੀ ਵੱਧ ਸਕੂਲ ਬੰਬਾਂ ਨਾਲ ਉਡਾ ਦਿੱਤੇ ਸਨ। ਉਨ੍ਹਾਂ ਦਿਨਾਂ ਵਿਚ ਮਲਾਲਾ ਦੇ ਸਕੂਲ ਦੀ ਪ੍ਰਿੰਸੀਪਲ ਨੇ ਉਹਨੂੰ ਕਿਹਾ ਕਿ ਉਹ ਵਰਦੀ ਪਾ ਕੇ ਨਾ ਆਇਆ ਕਰੇ। ਵਰਦੀ ਵਿਚ ਪੜ੍ਹ ਰਹੀਆਂ ਕੁੜੀਆਂ ਛੇਤੀ ਸਿਆਣੀਆਂ ਜਾਂਦੀਆਂ ਸਨ। ਉਸ ਦਿਨ ਮਲਾਲਾ ਨੇ ਬੀ.ਬੀ.ਸੀ. ਬਲਾਗ 'ਤੇ ਲਿਖਿਆ- "ਮੈਂ ਵਰਦੀ ਦੀ ਥਾਂ ਆਪਣੀ ਪਸੰਦੀਦਾ ਗੁਲਾਬੀ ਫਰਾਕ ਪਾਈ। ਹੋਰ ਕੁੜੀਆਂ ਵੀ ਰੰਗ-ਬਰੰਗੇ ਕੱਪੜੇ ਪਾ ਕੇ ਆਈਆਂ। ਲਗਦਾ ਹੀ ਨਹੀਂ ਸੀ ਕਿ ਅਸੀਂ ਸਕੂਲ ਆਈਆਂ ਹਾਂ। ਸਕੂਲ ਵਿਚ ਘਰ ਵਾਲਾ ਮਾਹੌਲ ਬਣਿਆ ਹੋਇਆ ਸੀ।"

15 ਜਨਵਰੀ ਜਿਸ ਦਿਨ ਫਤਵਾ ਲਾਗੂ ਹੋਣਾ ਸੀ, ਤੋਂ ਇਕ ਰਾਤ ਪਹਿਲਾਂ ਚਾਰ-ਚੁਫੇਰਾ ਗੋਲੀਆਂ ਦੀ ਕੜਕਵੀਂ ਆਵਾਜ਼ ਨਾਲ ਭਰ ਗਿਆ। ਦੂਜੇ ਦਿਨ ਸਵੇਰੇ ਮਲਾਲਾ ਦਾ ਇਕ ਗੁਆਂਢੀ ਅਖ਼ਬਾਰ ਲੈ ਕੇ ਉਨ੍ਹਾਂ ਦੇ ਘਰ ਆਇਆ। ਉਸ ਅਖਬਾਰ ਵਿਚ ਗੁਲ ਮਕਈ ਦੀਆਂ ਗੱਲਾਂ ਛਪੀਆਂ ਹੋਈਆਂ ਸਨ। ਉਹ ਆਦਮੀ ਇਸ ਲਿਖਤ ਬਾਰੇ ਬਹੁਤ ਉਤਸ਼ਾਹ ਨਾਲ ਦੱਸ ਰਿਹਾ ਸੀ ਕਿ ਇਸ ਬਹਾਦਰ ਕੁੜੀ ਨੇ ਕਿੰਨੀ ਹਿੰਮਤ ਕੀਤੀ ਹੈ ਅਤੇ ਤਾਲਿਬਾਨ ਨੂੰ ਵੰਗਾਰਿਆ ਹੈ। ਜ਼ਿਆ-ਉਦ-ਦੀਨ ਸਿਰਫ਼ ਮੁਸਕਰਾਇਆ। ਉਹ ਇਹ ਥੋੜ੍ਹਾ ਦੱਸ ਸਕਦਾ ਸੀ ਕਿ ਗੁਲ ਮਕਈ ਤਾਂ ਉਹਦੀ ਆਪਣੀ ਲਾਡਲੀ ਧੀ ਮਲਾਲਾ ਹੈ!

ਉਨ੍ਹਾਂ ਦਿਨਾਂ ਦੀ ਹੀ ਗੱਲ ਹੈ ਕਿ 'ਨਿਊ ਯਾਰਕ ਟਾਈਮਜ਼' ਦਾ ਪੱਤਰਕਾਰ ਐਡਮ ਬੀ. ਐਲਿਕ, ਜ਼ਿਆ-ਉਦ-ਦਿਨ ਬਾਰੇ ਦਸਤਾਵੇਜ਼ੀ ਫਿਲਮ ਬਣਾਉਣ ਆਇਆ। ਇਸ ਫਿਲਮ ਵਿਚ ਮਲਾਲਾ ਨੇ ਵੀ ਗੱਲਾਂ ਭਰਵਾਈਆਂ। ਤਾਲਿਬਾਨ ਦੇ ਹਿਸਾਬ ਨਾਲ ਉਹਦੀ ਅੰਮੜੀ ਨੂੰ ਤਾਂ ਗੱਲ ਕਰਨ ਦੀ ਆਗਿਆ ਹੀ ਨਹੀਂ ਸੀ!

ਅਕਤੂਬਰ 2011 ਵਿਚ ਮਨੁੱਖੀ ਹੱਕਾਂ ਦੇ ਕਾਰਕੁਨ ਡੈਸਮੰਡ ਟੂਟੂ (ਦੱਖਣੀ ਅਫਰੀਕਾ) ਨੇ ਮਲਾਲਾ ਨੂੰ 'ਬਾਲ ਅਮਨ ਪੁਸਰਕਾਰ' ਲਈ ਨਾਮਜ਼ਦ ਕੀਤਾ। ਬੱਸ, ਇਸ ਦਿਨ ਮਲਾਲਾ ਦਾ ਨਾਂ ਸਭ ਦੇ ਸਾਹਮਣੇ ਆ ਗਿਆ ਅਤੇ ਸਭ ਨੂੰ ਪਤਾ ਲੱਗ ਗਿਆ ਕਿ ਗੁਲ ਮਕੇਈ ਹੋਰ ਕੋਈ ਨਹੀਂ, ਮੁਲਾਲਾ ਹੀ ਹੈ।

ਤਾਲਿਬਾਨ ਤਾਂ ਮਲਾਲਾ ਨੂੰ ਪਹਿਲਾਂ ਹੀ ਲੱਭ ਰਹੇ ਸਨ। ਉਹ ਪ੍ਰੇਸ਼ਾਨ ਸਨ ਕਿ ਨਿੱਕੀ ਜਿਹੀ ਕੁੜੀ ਉਨ੍ਹਾਂ ਦੀ ਸੱਤਾ ਨੂੰ ਕਿਵੇਂ ਵੰਗਾਰ ਰਹੀ ਹੈ! 9 ਅਕਤੂਬਰ ਨੂੰ ਮਲਾਲਾ ਜਦੋਂ ਆਪਣੀਆਂ ਸਾਥਣਾਂ ਨਾਲ ਬੱਸ ਰਾਹੀਂ ਸਕੂਲ ਤੋਂ ਆਪਣੇ ਘਰ ਆ ਰਹੀ ਸੀ ਤਾਂ ਰਸਤੇ ਵਿਚ ਤਾਲਿਬਾਨ ਬੰਦੂਕਧਾਰੀਆਂ ਨੇ ਬੱਸ ਰੋਕ ਲਈ ਅਤੇ ਮਲਾਲਾ ਬਾਰੇ ਪੁੱਛਿਆ। ਬੱਸ ਵਿਚੋਂ ਕੋਈ ਨਾ ਕੁਸਕਿਆ ਤਾਂ ਤਾਲਿਬਾਨ ਨੇ ਸਭ ਨੂੰ ਮਾਰਨ ਦੀ ਧਮਕੀ ਦਿੱਤੀ। ਜ਼ਾਹਿਰ ਸੀ ਕਿ ਇਹ ਸਿਰਫ ਧਮਕੀ ਨਹੀਂ ਸੀ, ਤਾਲਿਬਾਨ ਇਸ ਤਰ੍ਹਾਂ ਦੇ ਬਹੁਤ ਕਾਂਡ ਪਹਿਲਾਂ ਕਰ ਚੁੱਕੇ ਸਨ; ਇਸ ਲਈ ਮੁਲਾਲਾ ਆਪਣੀ ਸੀਟ ਤੋਂ ਉੱਠ ਖੜ੍ਹੀ ਹੋਈ ਅਤੇ ਵੰਗਾਰ ਕੇ ਆਖਿਆ ਕਿ ਉਹ ਹੀ ਮਲਾਲਾ ਹੈ। ਬੰਦੂਕਧਾਰੀ ਨੇ ਉਸ ਉਤੇ ਦੋ ਗੋਲੀਆਂ ਚਲਾ ਦਿੱਤੀਆਂ। ਇਕ ਗੋਲੀ ਉਸ ਦੇ ਸਿਰ ਅਤੇ ਦੂਜੀ ਗਰਦਨ 'ਤੇ ਲੱਗੀ। ਇਸ ਹਮਲੇ ਵਿਚ ਕਾਇਨਾਤ ਰਿਆਸ ਅਤੇ ਸ਼ਾਜ਼ੀਆ ਰਮਜ਼ਾਨ ਫੱਟੜ ਹੋ ਗਈਆਂ।

ਉਹਦੇ ਕੰਮ ਬਦਲੇ ਪਾਕਿਸਤਾਨ ਸਰਕਾਰ ਨੇ ਮਿਸ਼ਨ ਰੋਡ, ਸਵਾਤ ਦੇ ਸਰਕਾਰੀ ਸਕੂਲ ਦਾ ਨਾਂ ਮਲਾਲਾ ਦੇ ਨਾਂ 'ਤੇ ਰੱਖ ਦਿੱਤਾ। ਹੁਣੇ ਹੁਣੇ ਇਹ ਸਕੂਲ ਅਪਗਰੇਡ ਕਰਕੇ ਹਾਇਰ ਸੈਕੰਡਰੀ ਬਣਾ ਦਿੱਤਾ ਗਿਆ ਹੈ।

## ਮਲਾਲਾ ਬਨਾਮ ਮਲਾਲਾਈ ਬਨਾਮ ਜੋਇਆ



ਮਲਾਲਾਈ ਜੋਇਆ



ਮਲਾਲਾਈ ਦਾ ਇਕ ਸਕੈਚ

ਮਲਾਲਾ ਯੂਸਫ਼ਜ਼ਈ ਦੇ ਅੱਬਾ ਨੇ ਉਹਦਾ ਨਾਂ ਜੰਗਜੂ ਅਫਗਾਨ ਕੁੜੀ ਮਲਾਲਾਈ (1861-27 ਜੁਲਾਈ 1880) ਦੇ ਨਾਂ ਤੋਂ ਰੱਖਿਆ। ਕੰਧਾਰ ਨੇੜਲੇ ਮਾਈਵੰਡ ਦੀ ਰਹਿਣ ਵਾਲੀ ਮਲਾਲਾਈ 1880 ਵਿਚ ਅੰਗਰੇਜ਼ ਫੌਜ ਖਿਲਾਫ ਲੜਦੀ ਮਾਰੀ ਗਈ ਸੀ। ਉਹ ਕਵਿਤਾਵਾਂ ਵੀ ਲਿਖਦੀ ਸੀ। ਮਲਾਲਾ ਯੂਸਫ਼ਜ਼ਈ ਇਕ ਹੋਰ ਅਫਗਾਨ ਕੁੜੀ ਮਲਾਲਾਈ ਜੋਇਆ (25 ਅਪ੍ਰੈਲ 1978) ਤੋਂ ਬਹੁਤ ਪ੍ਰਭਾਵਤ ਹੈ। ਜੋਇਆ ਅਫਗਾਨਿਸਤਾਨ ਦੀ ਸਿਆਸੀ ਕਾਰਕੁਨ ਹੈ ਜਿਸ ਨੂੰ 2007 ਵਿਚ ਅਫਗਾਨ ਸੰਸਦ ਵਿਚੋਂ ਇਸ ਕਰ ਕੇ ਕੱਢ ਦਿੱਤਾ ਗਿਆ ਕਿਉਂਕਿ ਉਸ ਨੇ ਜਹਾਦੀਆਂ ਅਤੇ ਸੰਸਦ ਵਿਚ ਬੈਠੇ ਜੰਗੀ ਅਪਰਾਧੀਆਂ ਖਿਲਾਫ ਆਵਾਜ਼ ਬੁਲੰਦ ਕੀਤੀ। ਉਹ ਅਹਿਮਦ ਕਰਜ਼ਈ ਸਰਕਾਰ ਦੀ ਵੀ ਬਹੁਤ ਤਿੱਖੀ ਆਲੋਚਕ ਹੈ ਅਤੇ ਅਫਗਾਨਿਸਤਾਨ ਵਿਚੋਂ ਵਿਦੇਸ਼ੀ ਤਾਕਤਾਂ ਨੂੰ ਕੱਢਣ ਲਈ ਸਰਗਰਮ ਹੈ। 'ਲੋਇਆ ਜਿਰਗਾ' ਮੁਖੀ ਨੇ ਤਾਂ ਉਸ ਨੂੰ ਇਹ 'ਗੁਨਾਹ' ਕਰਨ ਲਈ 'ਕਮਿਊਨਿਸਟ' ਆਖ ਕੇ ਉਸ ਖਿਲਾਫ ਜ਼ਹਿਰ ਫੈਲਾਉਣ ਦਾ ਯਤਨ ਕੀਤਾ। ਆਪਣੀ ਜ਼ਿੰਦਗੀ ਦਾ ਸੰਘਰਸ਼ ਉਹਨੇ 'ਰੇਜ਼ਿੰਗ ਮਾਈ ਵੌਇਸ' ਨਾਂ ਹੇਠ ਲਿਖੀ ਸਵੈ-ਜੀਵਨੀ ਵਿਚ ਲਿਖਿਆ ਹੈ।

## ਕੌਣ ਹਨ ਤਾਲਿਬਾਨ?

ਅਫਗਾਨਿਸਤਾਨ ਵਿਚ ਰੂਸ ਪੱਖੀ ਰਾਸ਼ਟਰਪਤੀ ਨਜੀਬ-ਉਲਾ ਅਹਿਮਦਜ਼ਈ ਨੂੰ ਗੱਦੀਓਂ ਲਾਹੁਣ ਲਈ ਪਾਕਿਸਤਾਨ ਅਤੇ ਅਮਰੀਕਾ ਨੇ ਮੁਜਾਹਿਦੀਨ ਨੂੰ ਹਰ ਤਰ੍ਹਾਂ ਦੀ ਮੱਦਦ ਦਿੱਤੀ। ਆਖਰਕਾਰ ਨਜੀਬ ਨੇ 1992 ਵਿਚ ਸੱਤਾ ਛੱਡ ਦਿੱਤੀ ਅਤੇ ਸੰਯੁਕਤ ਰਾਸਟਰ ਦੇ ਦਫਤਰ ਵਿਚ ਪਨਾਹ ਲੈ ਲਈ। 1992-1996 ਤੱਕ ਮੁਜਾਹਿਦੀਨ ਆਪਸ ਵਿਚ ਹੀ ਭਿੜਦੇ ਰਹੇ ਅਤੇ 1996 ਵਿਚ ਪਾਕਿਸਤਾਨੀ ਮਦਰੱਸਿਆਂ ਵਿਚੋਂ ਨਿਕਲੇ ਤਾਲਿਬਾਨ ਨੇ ਸੱਤਾ ਉਤੇ ਕਬਜ਼ਾ ਕਰ ਲਿਆ। ਤਾਲਿਬ ਵਿਦਿਆਰਥੀ ਨੂੰ ਕਹਿੰਦੇ ਹਨ ਅਤੇ ਤਾਲਿਬਾਨ ਵਿਦਿਆਰਥੀ ਦਾ ਬਹੁ ਵਚਨ ਹੈ। ਇਨ੍ਹਾਂ ਤਾਲਿਬਾਨ ਨੂੰ ਇੰਨਾ ਕੱਟੜ ਬਣਾਇਆ ਗਿਆ ਕਿ ਹੁਣ ਇਹ ਅਮਰੀਕਾ ਅਤੇ ਖੁਦ ਪਾਕਿਸਤਾਨ ਲਈ ਸਿਰਦਰਦੀ ਬਣੇ ਹੋਏ ਹਨ।

## ਅਫਗਾਨ ਯੋਧਾ ਖੁਸ਼ਹਾਲ ਖਾਨ ਖਟਕ



ਮਲਾਲਾ ਦੇ ਅੱਬਾ ਜ਼ਿਆ-ਉਦ-ਦੀਨ ਯੂਸਫ਼ਜ਼ਈ ਨੇ ਖ਼ੁਸ਼ਹਾਲ ਖਾਨ ਖਟਕ (1613-89) ਦੇ ਨਾਂ 'ਤੇ ਆਪਣੇ ਸਕੂਲਾਂ ਦਾ ਨਾਂ ਰੱਖਿਆ। ਖਟਕ ਦਾ ਸਬੰਧ ਪਖਤੂਨਾਂ ਦੇ ਖਟਕ ਕਬੀਲੇ ਨਾਲ ਸੀ। ਉਹ ਇਸ ਕਬੀਲੇ ਦਾ ਮੁਖੀ ਵੀ ਸੀ ਅਤੇ ਸ਼ਾਇਰੀ ਵੀ ਕਰਦਾ ਸੀ। ਉਹ ਪਹਿਲਾ ਅਫਗਾਨ ਯੋਧਾ ਸੀ ਜਿਸ ਨੇ ਅਫਗਾਨਿਸਤਾਨ ਵਿਚ ਵਿਦੇਸ਼ੀ ਤਾਕਤਾਂ ਖਿਲਾਫ਼ ਝੰਡਾ ਬੁਲੰਦ ਕੀਤਾ। ਉਸ ਦੀ ਮੁੱਖ ਲੜਾਈ ਮੁਗਲ ਸਾਮਰਾਜ ਨਾਲ ਸੀ। ਉਸ ਦੀ ਇਕ ਮਸ਼ਹੂਰ ਕਵਿਤਾ ਦਾ ਨਾਂ 'ਖੜ੍ਹੋ ਅਤੇ ਲੜੋ' ਹੈ। ਕੌਮਪ੍ਰਸਤੀ ਉਸ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਸ ਦਾ ਪਿਤਾ ਮਲਿਕ ਸ਼ਾਹਬਾਜ਼ ਖਾਨ ਖਟਕ ਅਤੇ ਉਸ ਦਾ ਦਾਦਾ ਮਲਿਕ ਅਕੌੜੇ, ਮੁਗਲ ਬਾਦਸ਼ਾਹ ਅਕਬਰ ਦੇ ਵੇਲੇ ਆਪਣੇ ਇਲਾਕੇ ਵੇਲੇ ਬਹੁਤ ਮਸ਼ਹੂਰ ਸਨ। ਖ਼ੁਸ਼ਹਾਲ ਖਾਨ ਪਹਿਲਾਂ ਮੁਗਲ ਬਾਦਸ਼ਾਹ ਦਾ ਹੀ ਕਰਿੰਦਾ ਹੁੰਦਾ ਸੀ ਪਰ ਬਾਅਦ ਵਿਚ ਉਹ ਮੁਗਲ ਸਾਮਰਾਜ ਦੇ ਖ਼ਿਲਾਫ਼ ਡੱਟ ਗਿਆ। ਖਟਕ ਦੇ ਨਾਂ 'ਤੇ ਕਰਕ ਵਿਚ ਯੂਨੀਵਰਸਿਟੀ ਵੀ ਬਣੀ ਹੋਈ ਹੈ।

ਗੁਰਮਤਿ ਗਿਆਨ

# ਗੁਲਾਮੀ ਪ੍ਰਤੀ ਚੇਤੰਨਤਾ, ਸਿੱਖ ਧਰਮ ਚਿੰਤਨ ਤੇ ਗਦਰ ਲਹਿਰ



ਡਾ. ਗੁਰਨਾਮ ਕੌਰ, ਕੈਨੇਡਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਪਰਮਾਤਮਾ ਇਸ ਬ੍ਰਹਿਮੰਡ ਦਾ ਕਰਤਾ ਪੁਰਖ ਹੈ, ਜਿਸ ਨੇ ਇਸ ਦੀ ਰਚਨਾ ਨਾ ਸਿਰਫ ਆਪਣੇ ਆਪ ਤੋਂ ਕੀਤੀ ਹੈ, ਸਗੋਂ ਉਹ ਜੋਤਿ-ਸਰੂਪ ਹੋ ਕੇ ਆਪਣੀ ਸਾਰੀ ਰਚਨਾ ਵਿਚ ਵਿਆਪਕ ਹੈ, "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (ਪੰਨਾ 13)। ਸਾਰਾ ਸੰਸਾਰ ਉਸੇ ਇੱਕ ਅਕਾਲ ਪੁਰਖ ਦੀ ਜੋਤਿ ਨਾਲ ਪ੍ਰਕਾਸ਼ਿਤ ਹੈ, ਇਸ ਲਈ ਸਾਰੇ ਮਨੁੱਖ ਬਰਾਬਰ ਹਨ। ਕੋਈ ਵੀ ਮਨੁੱਖ ਜਾਤਿ, ਜਨਮ, ਨਸਲ, ਵਰਣ, ਧਰਮ ਜਾਂ ਇਸਤਰੀ/ਪੁਰਸ਼ ਹੋਣ ਦੇ ਨਾਤੇ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ ਹੈ। 'ਸਤਿ' ਜਾਂ 'ਸਚਿ' ਕਰਤਾ ਪੁਰਖ ਦਾ ਗੁਣ ਹੈ ਅਤੇ ਮਨੁੱਖ ਦੇ ਸਾਹਮਣੇ ਆਦਰਸ਼ ਇਸ ਸਤਿ ਨੂੰ ਅਨੁਭਵ ਕਰਨ ਦਾ ਰੱਖਿਆ ਹੈ, ਜਿਸ ਨੂੰ ਜਪੁਜੀ ਵਿਚ 'ਕਿਵ ਸਚਿਆਰਾ ਹੋਈਐ' ਕਿਹਾ ਗਿਆ ਹੈ। ਇਸ ਨੂੰ ਹੀ ਗੁਰੂ ਅਮਰਦਾਸ ਨੇ ਆਪਣਾ ਮੂਲ ਪਛਾਨਣਾ ਕਿਹਾ ਹੈ, ਆਪਣੇ ਸ੍ਰੋਤ ਦਾ ਅਨੁਭਵ ਕਰਨ ਦਾ ਅਦੇਸ਼ ਕੀਤਾ ਹੈ, "ਮਨ ਤੂੰ ਜਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥" (ਪੰਨਾ 441)

ਆਪਣੇ ਮੂਲ ਨੂੰ ਪਛਾਨਣਾ ਨਾ ਸਿਰਫ਼ ਮਨੁੱਖ ਦਾ ਆਦਰਸ਼ ਹੈ, ਸਗੋਂ ਗੁਰਬਾਣੀ ਅਨੁਸਾਰ ਇਸ ਅਧਿਆਤਮਕ ਅਨੁਭਵ ਦਾ ਹੱਕ ਹਰ ਮਾਨਵ-ਮਾਤ੍ਰ ਨੂੰ ਹੈ ਭਾਵੇਂ ਉਹ ਕਿਤੇ ਵੀ ਜਨਮਿਆ ਹੈ, ਇਸਤਰੀ ਹੈ ਜਾਂ ਪੁਰਸ਼। ਗੁਰੂ ਨਾਨਕ ਦੇ ਇਸ ਸੰਸਾਰ 'ਤੇ ਪ੍ਰਕਾਸ਼ਨ ਵੇਲੇ ਸਮਾਜਕ ਨਾ-ਬਰਾਬਰੀ, ਊਚ-ਨੀਚ, ਧਾਰਮਕ ਗਿਰਾਵਟ ਤੇ ਰਾਜਨੀਤਕ ਗ਼ੁਲਾਮੀ ਕਾਰਨ ਹਿੰਦੁਸਤਾਨੀ ਸਮਾਜ ਦਾ ਜੋ ਹਾਲ ਸੀ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ, ਖ਼ਾਸ ਕਰਕੇ ਗੁਰੂ ਨਾਨਕ ਦੀ ਬਾਣੀ ਵਿਚ ਤਿੰਨ ਪ੍ਰਮੁੱਖ ਏਜੰਸੀਆਂ ਦੀ ਪਛਾਣ ਕੀਤੀ ਗਈ ਹੈ ਜੋ ਮਨੁੱਖ ਰਾਹੀਂ ਮਨੁੱਖ ਦੀ ਲੁੱਟ-ਖਸੁੱਟ, ਸਮਾਜਿਕ ਗਿਰਾਵਟ, ਸਮਾਜਿਕ ਨਾ-ਬਰਾਬਰੀ ਲਈ ਜਿੰਮੇਵਾਰ ਸਨ। ਇਹ ਏਜੰਸੀਆਂ ਹਨ: ਧਾਰਮਿਕ ਆਗੂ ਅਰਥਾਤ ਪੁਜਾਰੀ ਜਮਾਤ, ਰਾਜੇ ਅਤੇ ਉਨ੍ਹਾਂ ਦੇ ਅਹਿਲਕਾਰ, ਬਾਹਰਲੇ ਹਮਲਾਵਰ। ਪੁਜਾਰੀ ਜਮਾਤ (ਬ੍ਰਾਹਮਣ) ਸਮਾਜਿਕ ਦਰਜ਼ਾਬੰਦੀ ਵਿਚ ਸਭ ਤੋਂ ਉਚੀ ਜਾਤ ਅਤੇ ਜਮਾਤ ਹੋਣ ਦੇ ਨਾਤੇ ਸਮਾਜ ਉਤੇ ਉਨ੍ਹਾਂ ਦਾ ਪ੍ਰਭਾਵ ਅਤੇ ਪਕੜ ਬਹੁਤ ਮਜ਼ਬੂਤ ਸੀ। ਧਾਰਮਿਕ ਗਿਆਨ, ਧਾਰਮਿਕ ਅਮਲ ਅਤੇ ਕਰਮ ਦਾ ਅਧਿਕਾਰ ਹੋਣ ਦੇ ਨਾਤੇ ਪੁਜਾਰੀ ਜਮਾਤ ਸਮਾਜ ਦਾ ਸੋਸ਼ਣ ਕਈ ਤਰ੍ਹਾਂ ਨਾਲ ਕਰ ਰਹੀ ਸੀ। ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਅਤੇ ਹੋਰ ਬਾਣੀਆਂ ਵਿਚ ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਹਨ, ਜਿਨ੍ਹਾਂ ਵਿਚ ਦੱਸਿਆ ਹੈ ਕਿ ਧਾਰਮਿਕ ਆਗੂ (ਬ੍ਰਾਹਮਣ) ਧਾਰਮਿਕ ਪੁਸਤਕਾਂ ਦਾ ਪਾਠ ਅਤੇ ਸੰਧਿਆ ਦਾ ਉਚਾਰਣ ਮਹਿਜ ਇੱਕ ਦਿਖਾਵੇ ਵਜੋਂ ਕਰ ਰਿਹਾ ਹੈ। ਉਸ ਦੇ ਸਮਾਧੀ ਲਾਉਣ ਦੀ ਬਗਲੇ ਦੇ ਇੱਕ ਟੰਗ ਭਾਰ ਸਮਾਧੀ ਸਥਿਤ ਹੋਣ (ਮੱਛੀਆਂ ਦਾ ਸ਼ਿਕਾਰ ਕਰਨ ਲਈ) ਦੇ ਅੰਦਾਜ਼ ਨਾਲ ਤੁਲਨਾ ਕੀਤੀ ਹੈ, ਜੋ ਲੋਕਾਂ ਦੀ ਧਰਮ ਦੀ ਆੜ ਹੇਠ ਕੀਤੀ ਜਾਣ ਵਾਲੀ ਲੁੱਟ-ਖਸੁੱਟ ਵੱਲ ਸੰਕੇਤ ਹੈ,

ਪੜਿ ਪੁਸਤਕਿ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥
ਗਲਿ ਮਾਲਾ ਤਿਲਕੁ ਲਿਲਾਟੰ॥ (ਪੰਨਾ 470)

ਪੁਜਾਰੀ ਅਤੇ ਸ਼ਾਸਕ ਜਮਾਤ ਵੱਲੋਂ ਲੋਕਾਂ ਦੇ ਇਸ ਕਿਸਮ ਦੇ ਸੋਸ਼ਣ ਅਤੇ ਪਖੰਡ ਦੀ ਉਦਾਹਰਣ ਦਿੰਦਿਆਂ ਦੱਸਿਆ ਹੈ ਕਿ ਇੱਕ ਪਾਸੇ ਗਊ ਤੇ ਬ੍ਰਾਹਮਣ ਨੂੰ ਕਰ ਲਾਉਂਦੇ ਹਨ ਅਤੇ ਦੂਜੇ ਪਾਸੇ ਗਊ ਦਾ ਗੋਬਰ ਪਵਿੱਤਰ ਸਮਝ ਕੇ ਉਸ ਦਾ ਪੋਚਾ ਲਾਉਂਦੇ ਹਨ। ਪੁਜਾਰੀ ਨੇ ਪੂਜਾ ਲਈ ਤੇੜ ਧੋਤੀ ਪਹਿਨੀ ਹੈ, ਮੱਥੇ ਧਾਰਮਿਕ ਚਿੰਨ੍ਹ ਟਿੱਕਾ ਹੈ, ਗਲ ਵਿਚ ਮਾਲਾ ਪਹਿਨ ਰੱਖੀ ਹੈ ਪਰ ਦੂਜੇ ਪਾਸੇ ਮੁਸਲਮਾਨਾਂ ਤੋਂ ਪਦਾਰਥ ਲੈ ਕੇ ਖਾਂਦਾ ਹੈ ਜਿਨ੍ਹਾਂ ਨੂੰ ਮਲੇਛ ਵੀ ਕਹਿੰਦਾ ਹੈ। ਅੰਦਰ ਵੜ ਕੇ ਪੂਜਾ ਕਰਦਾ ਹੈ ਪਰ ਤੁਰਕਾਂ (ਮੁਸਲਮਾਨ ਹਾਕਮ) ਨੂੰ ਦਿਖਾਉਣ ਲਈ ਉਨ੍ਹਾਂ ਦੀ ਧਾਰਮਿਕ ਪੁਸਤਕ ਕੁਰਾਨ ਪੜ੍ਹਦਾ ਹੈ। ਇਥੇ ਤੁਰਕ ਹਾਕਮਾਂ ਦਾ ਪੱਖਪਾਤ ਦੱਸਿਆ ਹੈ ਜੋ ਹਿੰਦੂ ਅਤੇ ਮੁਸਲਮਾਨ ਪਰਜਾ ਵਿਚ ਫਰਕ ਕਰਦੇ ਹਨ ਅਤੇ ਪੁਜਾਰੀ ਜਮਾਤ ਦੇ ਪਖੰਡ ਅਤੇ ਦੋਹਰੇ ਮਾਪ-ਦੰਡਾਂ ਦਾ ਪਾਜ ਵੀ ਖੋਲਿਆ ਹੈ ਜੋ ਮੁਸਲਮਾਨ ਹਾਕਮ ਨੂੰ ਨਫਰਤ ਵੀ ਕਰਦੀ ਹੈ ਅਤੇ ਉਸ ਨੂੰ ਖੁਸ਼ ਵੀ ਰੱਖਣਾ ਚਾਹੁੰਦੀ ਹੈ। ਅੱਗੇ ਦੱਸਿਆ ਹੈ ਕਿ ਲੋਕਾਂ ਦਾ ਲਹੂ ਪੀਣ ਵਾਲੇ ਵੱਢੀ-ਖੋਰ ਮੁਸਲਮਾਨ ਹਾਕਮ ਨਮਾਜ਼ ਪੜ੍ਹਦੇ ਹਨ ਅਤੇ ਇਨ੍ਹਾਂ ਦੇ ਅੱਗੇ ਉਹ ਖੱਤਰੀ ਕਰਮਚਾਰੀ ਹਨ ਜਿਹੜੇ ਲੋਕਾਂ ਦੇ ਗਲ ਤੇ ਛੁਰੀ ਚਲਾਉਂਦੇ ਹਨ ਪਰ ਗਲ ਵਿਚ ਜਨੇਊ ਪਹਿਨ ਕੇ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹਨ, ਉਨ੍ਹਾਂ ਦੇ ਘਰ ਜਾ ਕੇ ਬ੍ਰਾਹਮਣ (ਪੁਜਾਰੀ) ਪੂਜਾ ਕਰਦੇ ਹਨ ਅਤੇ ਅਜਿਹੀ ਲੁੱਟ ਦੀ ਕਮਾਈ ਤੋਂ ਬਣੇ ਪਦਾਰਥ ਖਾਂਦੇ ਹਨ। ਮੁਸਲਮਾਨਾਂ ਨੂੰ ਮਲੇਛ ਵੀ ਕਹਿੰਦੇ ਹਨ, ਉਨ੍ਹਾਂ ਤੋਂ ਲੈ ਕੇ ਧਾਨ ਵੀ ਖਾਂਦੇ ਹਨ, ਉਨ੍ਹਾਂ ਦਾ ਕਲਮਾ ਪੜ੍ਹ ਕੇ ਹਲਾਲ ਕਰਕੇ ਰਿੰਨ੍ਹਿਆਂ ਬੱਕਰਾ ਵੀ ਖਾਂਦੇ ਹਨ ਅਤੇ ਦੂਸਰੇ ਪਾਸੇ ਪੁਰਾਣਾਂ ਦਾ ਪਾਠ ਅਤੇ ਪੂਜਾ ਕਰਨ ਦਾ ਪਖੰਡ ਵੀ ਕਰਦੇ ਹਨ। ਚੌਂਕਾ ਲਿੱਪ ਕੇ ਰੇਖਾ ਖਿੱਚ ਦਿੰਦੇ ਹਨ ਕਿ ਇਸ ਉਤੇ ਕਿਸੇ ਨੇ ਨਹੀਂ ਆਉਣਾ, ਚੌਂਕਾ ਭਿੱਟਿਆ ਜਾਵੇਗਾ। ਇਸ ਤਰ੍ਹਾਂ ਸ਼ਰਮ ਅਤੇ ਧਰਮ ਦੋਵੇਂ ਗੁਆਚ ਗਏ ਹਨ।

ਗੁਰੂ ਸਾਹਿਬ ਨੇ ਰਾਜਿਆਂ ਦੀ ਤੁਲਨਾ ਸ਼ੀਂਹ ਨਾਲ ਅਤੇ ਉਨ੍ਹਾਂ ਦੇ ਅਹਿਲਕਾਰਾਂ ਦੀ ਕੁੱਤਿਆਂ ਨਾਲ ਕੀਤੀ ਹੈ ਜਿਹੜੇ ਆਪਣੇ ਭਰਾਵਾਂ ਦਾ ਲਹੂ ਪੀਂਦੇ ਹਨ। ਗੁਰੂ ਨਾਨਕ ਆਸਾ ਦੀ ਵਾਰ ਵਿਚ ਧਾਰਮਿਕ ਅਤੇ ਰਾਜਨੀਤਕ ਗ਼ੁਲਾਮੀ ਦਾ ਅਹਿਸਾਸ ਕਰਾਉਂਦੇ ਹੋਏ ਦੱਸਦੇ ਹਨ ਕਿ ਇਸ ਕਲਿਯੁਗ ਦੇ ਸਮੇਂ (ਹਿੰਦੂ ਸ਼ਾਸਤਰਾਂ ਅਨੁਸਾਰ ਸਮੇਂ ਦੀ ਵੰਡ ਦਾ ਚੌਥਾ ਯੁੱਗ) ਦਾ ਪ੍ਰਧਾਨ ਵੇਦ ਅਥਰਵਣ ਹੋ ਗਿਆ ਹੈ। (ਅਥਰਵਣ ਵੇਦ ਜਾਦੂ-ਟੂਣਿਆਂ ਦਾ ਵੇਦ ਮੰਨਿਆ ਜਾਂਦਾ ਹੈ ਅਤੇ ਜਾਦੂ-ਟੂਣੇ ਅੰਧ-ਵਿਸ਼ਵਾਸ ਫੈਲਾਉਂਦੇ ਹਨ), ਹੁਣ ਸਾਈਂ ਦਾ ਨਾਮ ਅੱਲ੍ਹਾ ਪੈ ਗਿਆ ਹੈ ਅਰਥਾਤ ਇਸਲਾਮ ਦਾ ਬੋਲਬਾਲਾ ਹੈ। ਤੁਰਕ ਅਤੇ ਪਠਾਣ ਰਾਜ ਕਰ ਰਹੇ ਹਨ ਅਤੇ ਪਹਿਰਾਵਾ ਨੀਲੇ ਰੰਗ (ਮੁਸਲਮਾਨਾਂ ਦਾ ਖਾਸ ਰੰਗ) ਦਾ ਹੋ ਗਿਆ ਹੈ। ਗ਼ੁਲਾਮ-ਜ਼ਹਿਨੀਅਤ ਦਾ ਅਹਿਸਾਸ ਕਰਾਉਂਦੇ ਹੋਏ ਗੁਰੂ ਨਾਨਕ ਕਹਿੰਦੇ ਹਨ ਕਿ ਨੀਲੇ ਕੱਪੜੇ ਪਾ ਕੇ ਮੁਸਲਮਾਨ ਹਾਕਮਾਂ ਦੀ ਨਜ਼ਰ ਵਿਚ ਪ੍ਰਵਾਨ ਹੁੰਦੇ ਹਨ (ਪੰਨਾ 472)। ਹੁਣ ਆਦਿ ਪੁਰਖ ਅਰਥਾਤ ਪਰਮਾਤਮਾ ਨੂੰ ਅੱਲ੍ਹਾ ਕਹਿਣ ਲੱਗ ਪਏ ਹਨ ਅਤੇ ਸ਼ੇਖਾਂ ਦੀ ਅਮਲਦਾਰੀ ਹੋ ਗਈ ਹੈ। ਦੇਵਤਿਆਂ ਅਤੇ ਮੰਦਰਾਂ ਨੂੰ ਉਨ੍ਹਾਂ ਨੇ ਟੈਕਸ ਲਾ ਦਿੱਤਾ ਹੈ, ਇਹ ਉਨ੍ਹਾਂ ਦੀ ਰੀਤ ਬਣ ਗਈ ਹੈ। ਤੁਰਕਾਂ/ਪਠਾਣਾਂ ਦਾ ਰਾਜ ਹੋਣ ਕਰਕੇ ਮੁਸਲਮਾਨੀ ਧਾਰਮਿਕ ਚਿੰਨ੍ਹ ਕੂਜਾ, ਬਾਂਗ, ਨਵਾਜ਼ ਅਤੇ ਮੁਸੱਲਾ ਇਨ੍ਹਾਂ ਦੀ ਵਰਤੋਂ ਨਜ਼ਰ ਆਉਂਦੀ ਹੈ ਅਤੇ ਇਉਂ ਜਾਪਦਾ ਹੈ ਜਿਵੇਂ ਪਰਮਾਤਮਾ ਵੀ ਨੀਲੇ ਰੰਗ ਦਾ ਹੋ ਗਿਆ ਹੋਵੇ। ਇਸ ਗ਼ੁਲਾਮੀ ਕਾਰਨ ਘਰ ਘਰ ਵਿਚ ਮੀਆਂ ਮੀਆਂ ਹੋਣ ਲੱਗ ਪਈ ਹੈ, ਬੋਲੀ ਵੀ ਬਦਲ ਗਈ ਹੈ (ਪੰਨਾ 1191)। ਇਸ ਗਿਰਾਵਟ ਦਾ ਅਹਿਸਾਸ ਰਾਗ ਧਨਾਸਰੀ ਵਿਚ ਗੁਰੂ ਨਾਨਕ ਕਰਾਉਂਦੇ ਹੋਏ ਕਹਿੰਦੇ ਹਨ ਕਿ ਨਾ ਉਹ ਸਮਾ ਹੈ, ਨਾ ਯੋਗ ਹੈ ਅਤੇ ਸੱਚ ਵਾਲੇ ਜੀਵਨ ਦਾ ਵੱਲ ਵੀ ਕਿਸੇ ਨੂੰ ਨਹੀਂ ਰਿਹਾ। ਪੂਜਾ ਦੇ ਸਾਰੇ ਸਥਾਨ ਭ੍ਰਿਸ਼ਟ ਹੋ ਗਏ ਹਨ ਕਿਉਂਕਿ ਪੁਜਾਰੀ ਜਮਾਤ ਨੇ ਇਨ੍ਹਾਂ ਨੂੰ ਸੰਸਾਰ ਨੂੰ ਠੱਗਣ ਦਾ ਇੱਕ ਸਾਧਨ ਬਣਾ ਲਿਆ ਹੈ। ਹਿੰਦੂ ਵਰਣ-ਵੰਡ ਅਨੁਸਾਰ ਖੱਤਰੀਆਂ ਨੂੰ ਦੇਸ਼-ਕੌਮ ਦੀ ਰਾਖੀ ਦਾ ਕੰਮ ਸੌਂਪਿਆ ਗਿਆ ਹੈ। ਇਥੇ ਗੁਰੂ ਸਾਹਿਬ ਉਸ ਗ਼ੁਲਾਮੀ ਦਾ ਅਹਿਸਾਸ ਕਰਾਉਂਦੇ ਹਨ ਜਿਸ ਕਾਰਨ ਆਪਣੇ ਲੋਕਾਂ ਦੀ ਰਾਖੀ ਕਰਨ ਦੀ ਥਾਂ ਗ਼ੁਲਾਮੀ ਵਿਚ ਆ ਕੇ ਖੱਤਰੀਆਂ ਨੇ ਇੱਕ ਪਾਸੇ ਆਪਣੀ ਬੋਲੀ ਛੱਡ ਕੇ ਮੁਸਲਮਾਨਾਂ ਦੀ ਬੋਲੀ ਫਾਰਸੀ ਅਪਨਾ ਲਈ ਹੈ ਅਤੇ ਦੂਸਰੇ ਪਾਸੇ ਮੁਸਲਮਾਨਾਂ ਨੂੰ ਮਲੇਛ ਵੀ ਕਹਿੰਦੇ ਹਨ,

ਖਤ੍ਰੀਆ ਤ ਧਰਮ ਛੋਡਿਆ
ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ
ਧਰਮ ਕੀ ਗਤਿ ਰਹੀ॥ (ਪੰਨਾ 662-63)

ਅੰਗਰੇਜ਼ ਭਾਰਤ ਵਿਚ ਵਪਾਰ ਕਰਨ ਦੇ ਬਹਾਨੇ 'ਬ੍ਰਿਟਿਸ਼ ਕੰਪਨੀ' ਦੀ ਹੈਸੀਅਤ ਵਿਚ ਸਮੁੰਦਰ ਦੇ ਰਸਤੇ ਪੂਰਬੀ ਕੰਢਿਆਂ ਅਰਥਾਤ ਕਲਕੱਤੇ ਆ ਕੇ ਉਤਰੇ। ਇਸ ਤੋਂ ਪਹਿਲਾਂ ਸਾਰੇ ਧਾੜਵੀ ਪੰਜਾਬ ਨਾਲ ਲਗਦੀ ਸਰਹੱਦ ਰਾਹੀਂ ਹੀ ਆਉਂਦੇ ਰਹੇ। ਗੁਰੂ ਨਾਨਕ ਸਾਹਿਬ ਦੇ ਸਮੇ ਵਿਚ ਮੁਗ਼ਲ ਬਾਦਸ਼ਾਹ ਬਾਬਰ ਨੇ ਸੰਮਤ 1578 ਵਿਚ ਹਿੰਦੁਸਤਾਨ ਤੇ ਹਮਲਾ ਕੀਤਾ। ਐਮਨਾਬਾਦ ਵਿਚ ਮਚਾਈ ਤਬਾਹੀ ਗੁਰੂ ਸਾਹਿਬ ਨੇ ਅੱਖੀਂ ਦੇਖੀ। ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਇਸ ਹਮਲੇ ਦੌਰਾਨ ਮਚੀ ਤਬਾਹੀ ਦਾ ਜ਼ਿਕਰ ਆਪਣੀ ਬਾਣੀ ਵਿਚ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਹਿਲੀ ਵਾਰ ਹਿੰਦੁਸਤਾਨ ਨੂੰ ਇੱਕ ਮੁਲਕ, ਇੱਕ ਕੌਮ ਦੇ ਤੌਰ 'ਤੇ ਸੰਬੋਧਨ ਕੀਤਾ ਹੈ ਅਤੇ ਬਾਬਰ, ਜਿਸ ਨੇ ਖ਼ੁਰਾਸਾਨ 'ਤੇ ਰਾਜ ਕੀਤਾ, ਵੱਲੋਂ ਫੌਜ ਲੈ ਕੇ ਹਮਲਾ ਕਰਨ ਨੂੰ 'ਪਾਪ ਕੀ ਜੰਞ' ਲੈ ਕੇ ਆਉਣਾ ਕਿਹਾ ਹੈ (ਪੰਨਾ 722)।

ਰੱਬ ਨੂੰ ਉਲ੍ਹਾਮਾ ਦਿੰਦਿਆਂ ਬਾਬਰ ਨੂੰ 'ਜਮੁ ਕਰਿ ਮੁਗਲ ਚੜਾਇਆ' (ਪੰਨਾ 360) ਕਿਹਾ ਹੈ, ਜਿਸ ਦਾ ਵਰਤਾਉ ਹਿੰਦੂ ਅਤੇ ਮੁਸਲਮਾਨ ਜਨਤਾ ਲਈ ਇੱਕੋ ਜਿਹਾ ਜ਼ਾਲਮਾਨਾ ਹੈ। ਉਸ ਦੇ ਜਨਤਾ ਉਤੇ ਕੀਤੇ ਅਤਿਆਚਾਰਾਂ ਨੂੰ ਦੇਖ ਕੇ, ਉਨ੍ਹਾਂ ਦੀ ਕੁਰਲਾਹਟ ਨੂੰ ਦੇਖ ਕੇ ਰੱਬ ਨੂੰ ਸਵਾਲ ਪਾਇਆ ਹੈ, 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥' ਪਠਾਣਾਂ ਕੁੱਤਿਆਂ ਨੇ ਹੀਰਿਆਂ ਵਰਗੇ ਹਿੰਦੁਸਤਾਨੀਆਂ ਨੂੰ ਘੱਟੇ ਕੌਡੀ ਰੋਲ ਦਿੱਤਾ ਹੈ ਅਤੇ ਕੀਮਤੀ ਦੇਸ਼ ਐਵੇਂ ਹੀ ਮੁਗਲਾਂ ਨੂੰ ਖੁਹਾ ਦਿੱਤਾ ਹੈ। ਬਾਬਰ ਦੀ ਫੌਜ ਨੂੰ 'ਪਾਪ ਕੀ ਜੰਞ' ਇਸ ਲਈ ਕਿਹਾ ਹੈ ਕਿਉਂਕਿ ਉਸ ਦੀ ਫੌਜ ਨੇ ਨਾ ਸਿਰਫ ਆਮ ਹਿੰਦੁਸਤਾਨੀ ਜਨਤਾ 'ਤੇ ਜ਼ੁਲਮ ਕੀਤੇ ਬਲਕਿ ਇੱਥੋਂ ਦੀਆਂ ਔਰਤਾਂ, ਭਾਵੇਂ ਉਹ ਹਿੰਦੂ ਸਨ ਜਾਂ ਮੁਸਲਮਾਨ, ਦੀ ਬੇਪਤੀ ਕੀਤੀ, ਉਨ੍ਹਾਂ ਨਾਲ ਜਬਰਦਸਤੀ ਕੀਤੀ। ਇਸ ਤੋਂ ਇੱਕ ਗੱਲ ਜ਼ਾਹਰ ਹੁੰਦੀ ਹੈ ਕਿ ਜ਼ਾਬਰ ਦਾ ਕੋਈ ਧਰਮ ਨਹੀਂ ਹੁੰਦਾ ਅਤੇ ਜਦੋਂ ਕੋਈ ਬਾਹਰਲਾ ਧਾੜਵੀ ਕਿਸੇ ਮੁਲਕ 'ਤੇ ਹਮਲਾ ਕਰਦਾ ਹੈ ਤਾਂ ਉਸ ਦਾ ਸਭ ਤੋਂ ਵੱਧ ਕਸ਼ਟ ਆਮ ਜਨਤਾ ਨੂੰ ਝੱਲਣਾ ਪੈਂਦਾ ਹੈ। ਜਨਤਾ ਦੀ ਆਜ਼ਾਦੀ, ਮਾਨ, ਸਵੈਮਾਨ ਅਤੇ ਜਾਨ-ਮਾਲ ਸਭ ਮਲੀਆਮੇਟ ਕਰ ਦਿੱਤੇ ਜਾਂਦੇ ਹਨ। ਕੌਮੀ ਅਜ਼ਾਦੀ ਦੀ ਲਹਿਰ ਜਾਂ ਇਉਂ ਕਹਿ ਲਈਏ ਕਿ ਸਦੀਆਂ ਦੀ ਗ਼ੁਲਾਮੀ ਦੇ ਖ਼ਿਲਾਫ ਇਨਕਲਾਬੀ ਜਦੋ-ਜਹਿਦ ਦੇ ਬੀਜ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬੀਜ ਦਿੱਤੇ ਗਏ ਸਨ। ਬਾਣੀ ਵਿਚ ਇਸ ਤੱਥ ਦਾ ਚੇਤਾ ਵਾਰ ਵਾਰ ਕਰਵਾਇਆ ਗਿਆ ਹੈ ਕਿ ਗ਼ੁਲਾਮੀ ਦਾ ਜੀਵਨ ਜਿਉਣ ਨਾਲੋਂ, ਪਰਾਈ ਅਧੀਨਤਾ ਨਾਲੋਂ ਸਰੀਰ ਵਿਚੋਂ ਪ੍ਰਾਣਾਂ ਦਾ ਨਿਕਲ ਜਾਣਾ ਬਿਹਤਰ ਹੈ, ਜਿਵੇਂ ਕਿ ਬਾਬਾ ਫਰੀਦ ਜੀ ਨੇ ਫੁਰਮਾਇਆ ਹੈ,

ਫਰੀਦਾ ਬਾਰਿ ਪਰਾਇਐ ਬੈਸਣਾ
ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ
ਜੀਉ ਸਰੀਰਹੁ ਲੇਹਿ॥42॥ (ਪੰਨਾ 1380)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਨੂੰ ਇਸ ਸੰਸਾਰ ਵਿਚ ਰਹਿੰਦਿਆਂ ਇੱਜ਼ਤ ਵਾਲੀ ਜ਼ਿੰਦਗੀ ਜਿਉਣ, ਪਤ ਸੇਤੀ ਜਿਉਣ ਦਾ ਆਦੇਸ਼ ਕੀਤਾ। ਬਿਨਾ ਇੱਜ਼ਤ ਤੋਂ ਜਿਉਣਾ ਹਰਾਮ ਦੀ ਜ਼ਿੰਦਗੀ ਜਿਉਣਾ ਹੈ, "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" (ਪੰਨਾ 142) ਅਜਿਹੀ ਜ਼ਿੰਦਗੀ ਬੇਕਾਰ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਕਲਿਯੁਗ (ਹਿੰਦੂ ਮਿਥਿਹਾਸ ਅਨੁਸਾਰ ਸਮੇਂ ਦੀ ਵੰਡ ਵਿਚ ਆਖ਼ਰੀ ਯੁੱਗ ਜਦੋਂ ਧਰਮ ਦੇ ਚਾਰ ਪੈਰਾਂ ਵਿਚੋਂ ਸਿਰਫ ਇੱਕ ਪੈਰ ਰਹਿ ਜਾਂਦਾ ਹੈ ਤਿੰਨ ਖਿਸਕ ਜਾਂਦੇ ਹਨ) ਕਿਸੇ ਖਾਸ ਸਮੇਂ ਦਾ ਨਾਂ ਨਹੀਂ ਹੈ ਕਿਉਂਕਿ ਸਾਰੇ ਸਮਿਆਂ ਵਿਚ ਉਹੀ ਚੰਦਰਮਾ ਚੜ੍ਹਦਾ ਆਇਆ ਹੈ, ਉਹੀ ਤਾਰੇ ਚੜ੍ਹਦੇ ਆ ਰਹੇ ਹਨ, ਉਹੀ ਸੂਰਜ ਚਮਕਦਾ ਆ ਰਿਹਾ ਹੈ, ਉਹੀ ਧਰਤੀ ਹੈ ਅਤੇ ਉਹੀ ਪੌਣ ਵਗਦੀ ਰਹੀ ਹੈ। ਕਲਿਯੁਗ ਕਿਸੇ ਥਾਂ 'ਤੇ ਮਹਿਲ ਉਸਾਰ ਕੇ ਨਹੀਂ ਬੈਠਦਾ ਅਤੇ ਨਾ ਹੀ ਕਿਸੇ ਨੇ ਕਦੀ ਸੁਣਿਆ ਹੈ ਕਿ ਕਲਿਯੁਗ ਕਿਸੇ ਖਾਸ ਦੇਸ਼ ਵਿਚ ਆਇਆ ਹੋਇਆ ਹੈ, ਕਿਸੇ ਖਾਸ ਤੀਰਥ 'ਤੇ ਬੈਠਾ ਹੈ। ਕਲਿਯੁਗ ਦੇ ਲੱਛਣ ਕੀ ਹਨ? ਕੋਈ ਉਚਾ ਆਚਰਣ ਹੋਣ ਦਾ ਦਾਅਵਾ ਕਰਦਾ ਹੈ ਪਰ ਅਸਲ ਵਿਚ ਉਸ ਦਾ ਆਚਰਣ ਉਚਾ ਨਹੀ, ਤਪੱਸਵੀ ਹੋਣ ਦਾ ਦਾਅਵਾ ਕਰਦਾ ਹੈ ਪਰ ਇੰਦਰੀਆਂ ਵੱਸ ਵਿਚ ਨਹੀਂ ਹਨ, ਜੇ ਕੋਈ ਪਰਮਾਤਮਾ ਦਾ ਨਾਮ ਸਿਮਰਦਾ ਹੈ ਪਰ ਲੋਕਾਂ ਵਿਚ ਉਸ ਦੀ ਬਦਨਾਮੀ ਹੁੰਦੀ ਹੈ। ਇਹ ਸਭ ਕਲਿਯੁਗ ਦੇ ਲੱਛਣ ਹਨ।

ਗੁਰੂ ਸਾਹਿਬ ਪੰਡਤ ਨੂੰ ਸੰਬੋਧਿਤ ਹਨ ਕਿ ਜੇ ਤੂੰ ਕਹਿੰਦਾ ਹੈਂ ਕਿ ਕਲਿਯੁਗ ਆ ਗਿਆ ਹੈ ਤਾਂ ਕਲਿਯੁਗ ਇਹ ਹੈ ਕਿ ਮੁਸਲਮਾਨੀ ਹਕੂਮਤ ਵਿਚ ਧੱਕੇ-ਜ਼ੋਰ ਨਾਲ ਝਗੜੇ ਵਧਾਉਣ ਵਾਲਾ ਇਸਲਾਮੀ ਕਾਨੂੰਨ ਹੀ ਫ਼ੈਸਲੇ ਕਰਨ ਵਾਲਾ ਬਣਿਆ ਹੋਇਆ ਹੈ ਅਤੇ ਨਿਆਂ ਕਰਨ ਵਾਲਾ ਕਾਜ਼ੀ-ਹਾਕਮ ਰਿਸ਼ਵਤਖ਼ੋਰ ਹੋ ਗਿਆ ਹੈ। ਅਥਰਬਣ ਵੇਦ (ਜਾਦੂ-ਟੂਣੇ ਫੈਲਾਉਣ ਵਾਲਾ) ਪ੍ਰਧਾਨ ਹੈ। ਇੱਜ਼ਤ ਤੋਂ ਬਿਨਾ ਇਹ ਦੇਵ-ਪੂਜਾ ਕਿਸ ਅਰਥ? ਉਚੇ ਆਚਰਣ ਤੋਂ ਬਿਨਾ ਇਸ ਸੰਜਮ ਦਾ ਕੀ ਫ਼ਾਇਦਾ? ਜੇ ਵਿਚਾਰਾਂ 'ਤੇ ਰੋਕ ਨਹੀਂ ਤਾਂ ਜਨੇਊ ਕੀ ਸਵਾਰਦਾ ਹੈ? ਜਦੋਂ ਤੱਕ ਆਚਰਣ ਪਵਿੱਤਰ ਨਾ ਹੋਵੇ, ਤੀਰਥਾਂ 'ਤੇ ਮਲ ਮਲ ਕੇ ਨਹਾਉਣ, ਮੱਥੇ 'ਤੇ ਤਿਲਕ ਲਾਉਣ ਨਾਲ ਪਵਿੱਤਰ ਨਹੀਂ ਹੋ ਜਾਈਦਾ। ਕਲਿਯੁਗ ਇਹ ਹੈ ਕਿ ਇਸਲਾਮੀ ਹਕੂਮਤ ਦੇ ਧੱਕੇ, ਜ਼ੋਰ ਸਦਕਾ ਸਾਮੀ ਕਿਤਾਬਾਂ ਅਤੇ ਕੁਰਾਨ ਨੂੰ ਪ੍ਰਵਾਨਗੀ ਦਿੱਤੀ ਜਾ ਰਹੀ ਹੈ ਅਤੇ ਪੰਡਿਤਾਂ ਦੀਆਂ ਪੁਰਾਣ-ਪੋਥੀਆਂ ਪਾਸੇ ਰਹਿ ਗਈਆਂ ਹਨ। ਇਸ ਧੱਕੇ-ਜ਼ੋਰ ਕਾਰਨ ਹੀ ਪਰਮਾਤਮਾ ਦਾ ਨਾਮ 'ਰਹਮਾਨ' ਆਖਿਆ ਜਾ ਰਿਹਾ ਹੈ ਅਰਥਾਤ ਕਿਸੇ ਦੇ ਧਰਮ ਨੂੰ ਧੱਕੇ-ਜ਼ੋਰ ਨਾਲ ਦਬਾਉਣਾ ਕਲਿਯੁਗ ਹੈ,

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ
ਜਤ ਵਿਣੁ ਕਾਹੇ ਜਨੇਊ॥
ਨਾਵਹੁ ਧੋਵਹੁ ਤਿਲਕੁ ਚੜਾਵਹੁ
ਸੁਚ ਵਿਣੁ ਸੋਚ ਨ ਹੋਈ॥6॥
ਕਲਿ ਪਰਵਾਣੁ ਕਤੇਬ ਕੁਰਾਣੁ॥
ਪੋਥੀ ਪੰਡਤਿ ਰਹੇ ਪੁਰਾਣ॥
ਨਾਨਕ ਨਾਉ ਭਇਆ ਰਹਿਮਾਣੁ॥
(ਪੰਨਾ 903)

ਗ਼ਦਰ ਪਾਰਟੀ ਲਹਿਰ ਬਾਰੇ ਜਿਵੇਂ ਪਹਿਲਾਂ ਵੀ ਜ਼ਿਕਰ ਹੋ ਚੁੱਕਾ ਹੈ ਕਿ ਇਹ ਵੀਹਵੀਂ ਸਦੀ ਦੇ ਅਰੰਭ ਵਿਚ ਕੈਨੇਡਾ ਅਤੇ ਅਮਰੀਕਾ ਰੁਜ਼ਗਾਰ ਦੀ ਭਾਲ ਵਿਚ ਗਏ ਭਾਰਤੀਆਂ ਵੱਲੋਂ ਸ਼ੁਰੂ ਕੀਤੀ ਗਈ ਜਿਨ੍ਹਾਂ ਵਿਚ 99% ਪੰਜਾਬੀ ਸਨ ਅਤੇ ਇਨ੍ਹਾਂ ਪੰਜਾਬੀਆਂ ਵਿਚ ਤਕਰੀਬਨ 90% ਸਿੱਖ ਸਨ ਜਿਨ੍ਹਾਂ ਦਾ ਪਿਛੋਕੜ ਕਿਸਾਨੀ ਸੀ। ਸ. ਜਗਜੀਤ ਸਿੰਘ ਅਨੁਸਾਰ "ਪੰਜਾਬੀ ਕਿਸਾਨ ਨੂੰ ਜੋ ਸਭ ਤੋਂ ਅਹਿਮ ਅਤੇ ਅਨੋਖਾ ਇਤਿਹਾਸਕ ਤਜਰਬਾ ਹੋਇਆ ਉਹ ਉਸ ਦਾ ਮੁਗਲੀਆ ਰਾਜ ਵਿਰੁਧ ਸਿੱਖਾਂ ਦੀ ਰਾਜਸੀ ਇਨਕਲਾਬੀ ਜਦੋਜਹਿਦ ਵਿਚ ਹਿੱਸਾ ਲੈਣਾ ਸੀ ਕਿਉਂਕਿ ਇਸ ਨੇ ਉਸ ਦੇ ਆਚਾਰ ਦੇ ਕਈ ਇੱਕ ਲੁਕੇ ਪਹਿਲੂਆਂ ਨੂੰ ਪਹਿਲੀ ਵੇਰ ਪ੍ਰਗਟਾਇਆ। ਸਿੱਖ ਬਹੁਤੇ ਬਣਦੇ ਹੀ ਉਨ੍ਹਾਂ ਪੇਂਡੂਆਂ ਵਿਚੋਂ ਜੋ ਮੁਗਲੀਆ ਰਾਜ ਦੇ ਜ਼ੁਲਮ ਵਿਰੁਧ ਅੜੇ ਹੁੰਦੇ।" (ਪੰਨਾ 52)

ਉਪਰੋਕਤ ਚਰਚਾ ਦੀ ਰੋਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਵਿਚ ਅਤੇ ਅਮਰੀਕਾ ਵਿਚ ਆਪਣੇ ਨਾਲ ਹੁੰਦੇ ਵਿਤਕਰੇ ਅਤੇ ਧੱਕੇ ਨੂੰ ਦੇਖਦੇ ਹੋਏ, ਉਥੋਂ ਦੀ ਆਜ਼ਾਦ ਫਿਜਾ ਵਿਚ ਵਿਚਰਦਿਆਂ ਆਪਣੇ ਮੁਲਕ ਦਾ ਅੰਗਰੇਜ਼ੀ ਹਕੂਮਤ ਦਾ ਗ਼ੁਲਾਮ ਹੋਣਾ ਉਨ੍ਹਾਂ ਦੀ ਅਣਖ ਨੂੰ ਵੰਗਾਰਨ ਲੱਗਾ। ਸ. ਜਗਜੀਤ ਸਿੰਘ ਅੱਗੇ ਲਿਖਦੇ ਹਨ, "ਸਿੱਖ ਇਨਕਲਾਬੀ ਅੰਦੋਲਨ ਵਿਚ ਹਿੱਸਾ ਲੈਣ ਨੇ ਕੇਂਦਰੀ ਪੰਜਾਬ ਦੇ ਕਿਸਾਨ ਦੀ ਸੁੱਤੀ ਹੋਈ ਰਾਜਸੀ ਇਨਕਲਾਬੀ ਕਲਾ ਨੂੰ ਪਹਿਲੀ ਵੇਰ ਜਗਾਇਆ ਅਤੇ ਇਹ ਪ੍ਰਗਟ ਕੀਤਾ ਕਿ ਉਹ ਕਬਾਇਲੀ ਪੱਧਰ ਤੋਂ ਉਚੇਰੇ ਸਮਾਜਿਕ ਨਿਸ਼ਾਨਿਆਂ ਲਈ ਕਿਤਨੀ ਕੁਰਬਾਨੀ ਕਰ ਸਕਦਾ ਹੈ। ਸਿੱਖਾਂ ਦੀ ਇਨਕਲਾਬੀ ਜਦੋਜਹਿਦ ਦੀ ਤਾਕਤ ਦਾ ਰਾਜ਼ ਜਨਤਾ ਦੇ ਉਸ ਇਨਕਲਾਬੀ ਜੋਸ਼ ਵਿਚ ਸੀ ਜੋ, ਭਾਈਚਾਰਕ ਬੇਇਨਸਾਫੀ ਅਤੇ ਇਕ ਜਾਤੀ ਦੇ ਗਲਬੇ ਦੇ ਬਰਖਿਲਾਫ, ਹਿੰਦ ਵਿਚ ਪਹਿਲੀ ਵਾਰ ਭਾਈਚਾਰਕ ਬੰਧਨਾਂ ਨੂੰ ਤੋੜ ਕੇ ਵੱਖੋ-ਵੱਖ ਜਾਤੀਆਂ ਦੇ ਇਕੱਠ ਨਾਲ ਪੈਦਾ ਹੋਇਆ।" (ਪੰਨਾ 53)

*(ਚਲਦਾ)*

*(ਚਲਦਾ)*

ਗੁਰਬਾਣੀ ਗਿਆਨ

## ਜਾ ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ

ਆਸਾ ਮਹਲਾ ੫
ਜਾ ਪ੍ਰਭ ਕੀ ਹਉ ਚੇਰੁਲੀ
ਸੋ ਸਭ ਤੇ ਊਚਾ॥
ਸਭੁ ਕਿਛੁ ਤਾ ਕਾ ਕਾਂਢੀਐ
ਥੋਰਾ ਅਰੁ ਮੂਚਾ॥੧॥
ਜੀਅ ਪ੍ਰਾਨ ਮੇਰਾ ਧਨੋ
ਸਾਹਿਬ ਕੀ ਮਨੀਆ॥
ਨਾਮਿ ਜਿਸੈ ਕੈ ਊਜਲੀ
ਤਿਸੁ ਦਾਸੀ ਗਨੀਆ॥੧॥ ਰਹਾਉ॥
ਵੇਪਰਵਾਹੁ ਅਨੰਦ ਮੈ
ਨਾਉ ਮਾਣਕ ਹੀਰਾ॥
ਰਜੀ ਧਾਈ ਸਦਾ ਸੁਖੁ
ਜਾ ਕੇ ਤੂੰ ਮੀਰਾ॥੨॥
ਸਖੀ ਸਹੇਰੀ ਸੰਗ ਕੀ
ਸੁਮਤਿ ਦ੍ਰਿੜਾਵਉ॥
ਸੇਵਹੁ ਸਾਧੂ ਭਾਉ ਕਰਿ
ਤਉ ਨਿਧਿ ਹਰਿ ਪਾਵਉ॥੩॥
ਸਗਲੀ ਦਾਸੀ ਠਾਕੁਰੈ
ਸਭ ਕਹਤੀ ਮੇਰਾ॥
ਜਿਸਹਿ ਸੀਗਾਰੇ ਨਾਨਕਾ
ਤਿਸੁ ਸੁਖਹਿ ਬਸੇਰਾ॥੪॥

ਗੁਰਦੇਵ ਗੁਰਮੁਖ ਪਿਆਰੇ ਸਤਿਸੰਗੀਆਂ ਨੂੰ ਮੁਖਾਤਿਬ ਹਨ। ਹੇ ਮੇਰੀਓ ਸਖੀਓ ਸਹੇਲੀਓ! ਮੇਰੀ ਇਹ ਜਿੰਦ, ਮੇਰੇ ਪ੍ਰਾਣ ਤੇ ਮੇਰੀਆਂ ਧਨ ਦੌਲਤਾਂ ਇਨ੍ਹਾਂ ਸਭ ਚੀਜ਼ਾਂ ਨੂੰ ਮੈਂ ਆਪਣੇ ਮਾਲਕ ਪ੍ਰਭੂ ਦੀਆਂ ਦਿੱਤੀਆਂ ਹੋਈਆਂ ਹੀ ਮੰਨਦੀ ਹਾਂ ਅਤੇ ਹੇ ਸਹੇਲੀਓ! ਉਸ ਪਰਮੇਸ਼ਵਰ ਦਾ ਨਾਮ ਸਿਮਰਨ ਕਰ ਕੇ ਮੈਂ ਊਜਲੀ, ਭਾਵ ਇੱਜ਼ਤ ਵਾਲੀ ਹੋ ਗਈ ਹਾਂ, ਤੇ ਸਖੀ! ਉਸ ਮਾਲਕ ਪ੍ਰਭੂ ਦੀ ਮੈਂ ਆਪਣੇ-ਆਪ ਨੂੰ ਚੇਰੁਲੀ, ਭਾਵ ਦਾਸੀ ਸਮਝਦੀ ਹਾਂ। ਉਹ ਮਿਹਰਵਾਨ ਪ੍ਰਭੂ ਸਭ ਤੋਂ ਉਚਾ ਹੈ ਅਤੇ ਮੇਰੇ ਕੋਲ ਜੋ ਵੀ ਹੈ, ਉਹ ਸਭ ਪ੍ਰਭੂ ਦਾ ਹੀ ਹੈ।

ਵੇਪਰਵਾਹੁ ਅਨੰਦ ਮੈ
ਨਾਉ ਮਾਣਕ ਹੀਰਾ॥
ਰਜੀ ਧਾਈ ਸਦਾ ਸੁਖੁ
ਜਾ ਕੇ ਤੂੰ ਮੀਰਾ॥੨॥

ਹੇ ਮੇਰੇ ਪ੍ਰਭੂ ਜੀਉ! ਤੂੰ ਸਦਾ ਹੀ ਬੇਪ੍ਰਵਾਹ ਹੈਂ, ਭਾਵ ਤੈਨੂੰ ਕਿਸੇ ਦੀ ਕਦੀ ਵੀ ਕੋਈ ਮੁਥਾਜੀ ਨਹੀਂ ਹੈ ਅਤੇ ਹੇ ਮੇਰੇ ਅਕਾਲ ਪੁਰਖ ਜੀਉ! ਤੂੰ ਤਾਂ ਹਮੇਸ਼ਾ ਹੀ ਅਨੰਦ ਸਰੂਪ ਹੈਂ। ਤੇਰਾ ਨਾਮ ਮੇਰੇ ਵਾਸਤੇ ਮਾਣਕ, ਭਾਵ ਮੋਤੀ ਹੈ। ਤੇਰਾ ਨਾਮ ਹੀ ਮੇਰੇ ਲਈ ਹੀਰਾ ਹੈ। ਮੇਰੇ ਪ੍ਰੀਤਮ ਪ੍ਰਭੂ ਜੀਉ, ਹੇ ਜਗਤ ਦੇ ਮਾਲਕ, ਜਿਸ ਜੀਵ ਰੂਪੀ ਇਸਤਰੀ ਦੇ ਸਿਰ 'ਤੇ ਆਪਣੀ ਮਿਹਰ ਦਾ ਹੱਥ ਤੂੰ ਰੱਖ ਦੇਵੇਂ, ਉਹ ਇਸ ਝੂਠੇ ਸੰਸਾਰ ਦੇ ਪਦਾਰਥਾਂ ਵੱਲੋਂ ਰਜੀ ਧਾਈ, ਭਾਵ ਤ੍ਰਿਪਤ ਹੋ ਜਾਂਦੀ ਹੈ ਅਤੇ ਸਦਾ ਅਨੰਦ ਵਿਚ ਰਹਿੰਦੀ ਹੈ।

ਸਖੀ ਸਹੇਰੀ ਸੰਗ ਕੀ
ਸੁਮਤਿ ਦ੍ਰਿੜਾਵਉ॥
ਸੇਵਹੁ ਸਾਧੂ ਭਾਉ ਕਰਿ
ਤਉ ਨਿਧਿ ਹਰਿ ਪਾਵਉ॥੩॥

ਹੇ ਮੇਰੀਓ ਸਖੀਓ ਸਹੇਲੀਓ! ਮੈਂ ਤੁਹਾਨੂੰ ਸੁਮਤਿ ਦ੍ਰਿੜਾਵਉ, ਭਾਵ ਇਹ ਸਚੁੱਜੀ ਮਤ ਮੁੜ-ਮੁੜ ਯਾਦ ਕਰਵਾਉਂਦੀ ਹਾਂ ਜੋ ਮੈਨੂੰ ਗੁਰੂ ਕੋਲੋਂ ਪ੍ਰਾਪਤ ਹੋਈ ਹੈ ਕਿ ਤੁਸੀਂ ਸਾਰੀਆਂ ਵੀ ਪ੍ਰੇਮ ਵਿਚ ਭਿੱਜ ਕੇ ਗੁਰੂ ਦੀ ਸ਼ਰਨ ਪੈ ਜਾਉ ਤੇ ਗੁਰੂ ਦਾ ਪੱਲਾ ਫੜ ਲਵੋ। ਹੇ ਮੇਰੀਓ ਸਹੇਲੀਓ ਸੁਣੋ, ਮੈਂ ਜਦੋਂ ਤੋਂ ਗੁਰੂ ਦੇ ਚਰਨਾਂ ਵਿਚ ਢਹਿ ਪਈ ਹਾਂ ਤੇ ਗੁਰੂ ਦੀ ਸੋਹਣੀ ਮਤ ਲੈ ਰਹੀ ਹਾਂ, ਉਦੋਂ ਤੋਂ ਹੀ ਹਰਿ ਪਰਮਾਤਮਾ ਦੇ ਨਾਮ ਰੂਪੀ ਖ਼ਜ਼ਾਨਾ ਪ੍ਰਾਪਤ ਕਰ ਰਹੀ ਹਾਂ। ਸੋ, ਹੇ ਸਖੀਓ, ਆਉ ਗੁਰੂ ਦੀ ਸ਼ਰਨ ਪਈਏ।

ਸਗਲੀ ਦਾਸੀ ਠਾਕੁਰੈ
ਸਭ ਕਹਤੀ ਮੇਰਾ॥
ਜਿਸਹਿ ਸੀਗਾਰੇ ਨਾਨਕਾ
ਤਿਸੁ ਸੁਖਹਿ ਬਸੇਰਾ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਬਖ਼ਸ਼ਿਸ਼ ਕਰਦੇ ਹਨ ਕਿ ਹੇ ਸਹੇਲੀਓ! ਸਗਲੀ, ਭਾਵ ਹਰ ਇਕ ਜੀਵ ਰੂਪੀ ਇਸਤਰੀ ਹੀ ਉਸ ਮਾਲਕ ਪ੍ਰਭੂ ਦੀ ਦਾਸੀ ਹੈ, ਭਾਵ ਉਹਦੀ ਨਿਮਾਣੀ ਜਿਹੀ ਸੇਵਕ ਹੈ ਅਤੇ ਹਰ ਜੀਵ ਰੂਪੀ ਇਸਤਰੀ ਹੀ ਆਖਦੀ ਹੈ ਕਿ ਉਹ ਮਿਹਰਵਾਨ ਪ੍ਰਭੂ ਮੇਰਾ ਮਾਲਕ ਹੈ, ਮੇਰਾ ਖਸਮ ਹੈ ਪਰ ਇਹ ਨਾਨਕ ਆਖਦਾ ਹੈ-ਹੇ ਮੇਰੀਓ ਸਖੀਓ! ਜਿਸ ਵੀ ਜੀਵ ਇਸਤਰੀ ਦੇ ਜੀਵ ਨੂੰ ਉਹ ਪ੍ਰੀਤਮ ਪ੍ਰਭੂ ਆਪ ਸ਼ਿੰਗਾਰਦਾ ਤੇ ਸੰਵਾਰਦਾ ਹੈ, ਉਹ ਹੀ ਸੁਖਹਿ ਬਸੇਰਾ ਸੁੱਖ ਤੇ ਅਨੰਦ ਵਿਚ ਰਹਿੰਦੀ ਹੈ।

ਆਉ ਗੁਰੂ ਪਿਆਰਿਉ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੋ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪੰਜਾਬੀ ਟ੍ਰਿਬਿਊਨ ਵਿਚ ਸੰਘਰਸ਼ ਦੇ ਵਰ੍ਹੇ

## ਰੰਗ-ਬੇਰੰਗ

*ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੌਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।*

'ਪੰਜਾਬੀ ਟ੍ਰਿਬਿਊਨ' ਵਿਚ ਪਰੂਫ ਰੀਡਰ ਦੀ ਇੰਟਰਵਿਊ ਸਮੇਂ ਅਸੀਂ ਤਿੰਨ ਜਣੇ-ਮੈਂ, ਰਾਜਿੰਦਰ ਸੋਢੀ ਅਤੇ ਪ੍ਰੇਮ ਗੋਰਖੀ ਸਿਲੈਕਟ ਹੋਏ ਸਾਂ। ਜਦੋਂ 15 ਜੁਲਾਈ, 1978 ਨੂੰ ਅਸੀਂ ਨੌਕਰੀ 'ਤੇ ਹਾਜ਼ਰ ਹੋਣ ਲਈ ਪਹੁੰਚੇ ਤਾਂ ਪਤਾ ਲੱਗਾ ਕਿ ਸੁਰਿੰਦਰ ਸਿੰਘ ਵੀ ਪਰੂਫ ਰੀਡਰ ਸਿਲੈਕਟ ਹੋਇਆ ਹੈ। ਉਸ ਨੇ ਇੰਟਰਵਿਊ ਸਬ-ਐਡੀਟਰ ਲਈ ਦਿੱਤੀ ਸੀ ਪਰ ਸਿਲੈਕਸ਼ਨ ਪਰੂਫ ਰੀਡਰ ਵਜੋਂ ਹੀ ਹੋਈ। ਅਸੀਂ ਚਾਰੇ ਜਣੇ ਪਰੂਫ ਰੀਡਰਾਂ ਵਾਲੇ ਆਪਣੇ ਕਮਰੇ ਵੱਲ ਜਾ ਰਹੇ ਸਾਂ ਕਿ ਅੱਗਿਓਂ ਗੁਰਦੇਵ ਸਿੰਘ ਭੁੱਲਰ ਮਿਲ ਪਿਆ। ਮੈਂ ਪੁੱਛਿਆ, ਤੂੰ ਕਿੱਧਰ ਬਈ? ਜਵਾਬ ਸੀ, ਮੈਂ ਪਿਛਲੇ


**ਅਮੋਲਕ ਸਿੰਘ ਜੰਮੂ**
ਫੋਨ: 847-359-0746


ਦਰਵਾਜ਼ਿਓਂ। ਬਾਅਦ ਵਿਚ ਪਤਾ ਲੱਗਾ ਕਿ ਉਹ ਸੱਚਮੁੱਚ ਹੀ ਪਿਛਲੇ ਦਰਵਾਜ਼ਿਓਂ ਆਇਆ ਸੀ, ਟ੍ਰਿਬਿਊਨ ਦੇ ਟਰੱਸਟੀ ਮਹਿੰਦਰ ਸਿੰਘ ਰੰਧਾਵਾ ਦੀ ਸਿਫਾਰਸ਼ ਨਾਲ। ਗੁਰਦੇਵ ਐਮ.ਏ. ਵਿਚ ਸਾਥੋਂ ਇਕ ਸਾਲ ਅੱਗੇ ਹੁੰਦਾ ਸੀ। ਵੱਡੀਆਂ-ਵੱਡੀਆਂ ਮੁੱਛਾਂ ਕਰ ਕੇ ਮੁੰਡੇ ਉਸ ਦੀ ਪਿੱਠ ਪਿੱਛੇ ਉਸ ਨੂੰ ਮੁੱਛਲ ਹੀ ਆਖਦੇ। ਟ੍ਰਿਬਿਊਨ ਵਿਚ ਨੌਕਰੀ ਦੇ ਬਾਅਦ ਦੇ ਦਿਨਾਂ ਵਿਚ ਸਾਥੀ ਉਸ ਨੂੰ ਸੀਨੀਅਰ ਸਿਟੀਜ਼ਨ ਕਹਿਣ ਲੱਗ ਪਏ। ਉਹ ਸੀਨੀਅਰ ਸਬ ਐਡੀਟਰ ਵਜੋਂ ਪਿਛਲੇ ਸਾਲ ਰਿਟਾਇਰ ਹੋਇਆ।

'ਪੰਜਾਬੀ ਟ੍ਰਿਬਿਊਨ' ਦੀ ਅਸਲ ਛਪਾਈ 15 ਅਗਸਤ, 1978 ਤੋਂ ਸ਼ੁਰੂ ਹੋਣੀ ਸੀ। ਪਹਿਲਾ ਇਕ ਮਹੀਨਾ ਅਖਬਾਰ ਦੀ ਹਰ ਰੋਜ਼ ਡੰਮੀ ਕੱਢੀ ਜਾਂਦੀ, ਯਾਨਿ ਅਜਮਾਇਸ਼ ਦੇ ਤੌਰ 'ਤੇ ਅਖਬਾਰ ਛਾਪਿਆ ਜਾਂਦਾ ਜੋ ਬਾਹਰ ਪਬਲਿਕ ਵਿਚ ਨਹੀਂ ਸੀ ਜਾਂਦਾ। ਉਨ੍ਹੀਂ ਦਿਨੀਂ ਅਜੇ ਕੰਪਿਊਟਰ ਨਹੀਂ ਸਨ ਆਏ ਅਤੇ ਸਾਰੀ ਛਪਾਈ ਮੋਨੋਟਾਈਪਿੰਗ ਰਾਹੀਂ ਸਿੱਕੇ ਦੀ ਢਲਾਈ ਦੇ ਤਰੀਕੇ ਨਾਲ ਕੀਤੀ ਜਾਂਦੀ ਸੀ; ਯਾਨਿ ਇਕ-ਇਕ ਅੱਖਰ ਸਿੱਕੇ ਦਾ ਮਸ਼ੀਨੀ ਤਰੀਕੇ ਨਾਲ ਬਣਦਾ। ਸੁਰਖੀਆਂ ਉਦੋਂ ਵੀ ਹੱਥੀ ਇਕ-ਇਕ ਅੱਖਰ ਜੋੜ ਕੇ ਬਣਾਈਆਂ ਜਾਂਦੀਆਂ ਸਨ। ਜੇ ਕਿਤੇ ਕੋਈ ਅੱਖਰ ਹਿੱਲ ਜਾਂਦਾ ਤਾਂ ਕੁਝ ਦਾ ਕੁਝ ਬਣ ਜਾਂਦਾ। ਇਨ੍ਹਾਂ ਹੀ ਦਿਨਾਂ ਵਿਚ ਕਿਸੇ ਹਫਤਾਵਾਰੀ ਮੀਟਿੰਗ ਦੌਰਾਨ ਮੈਂ ਸੰਪਾਦਕ ਬਰਜਿੰਦਰ ਸਿੰਘ ਨੂੰ ਕੁਝ ਨੁਕਤਿਆਂ ਬਾਰੇ ਇਕ-ਦੋ ਸੁਝਾਅ ਦਿੱਤੇ ਜੋ ਉਨ੍ਹਾਂ ਨੂੰ ਚੰਗੇ ਵੀ ਲੱਗੇ। ਇਨ੍ਹਾਂ ਵਿਚ ਇਕ ਸੁਝਾਅ 'ਪੰਜਾਬੀ ਟ੍ਰਿਬਿਊਨ' ਦੇ ਮਾਸਟ ਹੈੱਡ ਬਾਰੇ ਸੀ ਕਿ ਇਹ ਅੱਖਾਂ ਨੂੰ ਸੁਖਾਵਾਂ ਨਹੀਂ ਲੱਗਦਾ ਕਿਉਂਕਿ ਬਹੁਤ ਤਿੱਖਾ-ਤਿੱਖਾ ਹੈ। ਉਹ ਵੀ ਮੇਰੇ ਨਾਲ ਸਹਿਮਤ ਸਨ ਪਰ ਇਸ ਦੀ ਸਰਕਾਰੇ-ਦਰਬਾਰੇ ਮਨਜ਼ੂਰੀ ਲੈ ਲਈ ਗਈ ਸੀ ਤੇ ਬਦਲਣ ਵਿਚ ਬਹੁਤ ਦੇਰ ਹੋ ਚੁੱਕੀ ਸੀ।

15 ਅਗਸਤ, 1978 ਨੂੰ ਅਖਬਾਰ ਦਾ ਪਹਿਲਾ ਪਰਚਾ ਬਾਜ਼ਾਰ ਵਿਚ ਆਇਆ। ਆਪਣੇ ਸਟਾਈਲ ਅਤੇ ਮੈਟਰ ਕਰ ਕੇ ਅਖਬਾਰ ਪਹਿਲਾਂ ਛਪਦੇ ਪੰਜਾਬੀ ਅਖਬਾਰਾਂ ਤੋਂ ਕੁਝ ਨਿਆਰਾ ਸੀ। ਪਾਠਕਾਂ, ਖਾਸ ਕਰ ਮੁਲਾਜ਼ਮਾਂ ਨੇ ਅਖਬਾਰ ਨੂੰ ਪਸੰਦ ਵੀ ਕੀਤਾ। ਬਾਹਰ ਅਖਬਾਰ ਦੀ ਕੋਈ ਤਾਰੀਫ ਕਰਦਾ ਤਾਂ ਸਾਨੂੰ ਸਭ ਨੂੰ ਬਹੁਤ ਚੰਗਾ ਲੱਗਦਾ। ਮੈਂ ਭਾਵੇਂ ਐਮ.ਫਿਲ. ਅਰੰਭ ਦਿੱਤੀ ਸੀ ਅਤੇ ਮਨ ਵਿਚ ਅਧਿਆਪਕ ਬਣਨ ਦਾ ਹੀ ਨਿਸ਼ਾਨਾ ਸੀ ਪਰ ਚੰਡੀਗੜ੍ਹ ਰਹਿਣ ਦੇ ਲਾਲਚ ਕਰ ਕੇ 'ਟ੍ਰਿਬਿਊਨ' ਅਦਾਰੇ ਵਿਚ ਹੀ ਜ਼ਰਾ ਬਿਹਤਰ ਥਾਂ ਲੱਭਣ ਦੀ ਲਾਲਸਾ ਵੀ ਜਾਗ ਚੁੱਕੀ ਸੀ। ਜਿਵੇਂ ਪਹਿਲਾਂ ਜ਼ਿਕਰ ਕਰ ਚੁੱਕਾ ਹਾਂ, ਸੰਪਾਦਕ ਬਰਜਿੰਦਰ ਸਿੰਘ ਦੇ ਇਹ ਕਹਿਣ ਕਿ ਤੂੰ ਸਬ-ਐਡੀਟਰ ਲਈ ਅਪਲਾਈ ਕਿਉਂ ਨਾ ਕੀਤਾ, ਮੈਨੂੰ ਜਲਦੀ ਸਬ-ਐਡੀਟਰ ਬਣਨ ਦੀ ਝਾਕ ਜਿਹੀ ਵੀ ਲੱਗ ਗਈ। ਮੇਰੇ ਅੰਦਰ ਕੰਮ ਕਰਨ, ਕੁਝ ਸਿੱਖਣ ਦਾ ਉਤਸ਼ਾਹ ਤੇ ਵਲਵਲਾ ਵੀ ਉਨ੍ਹੀਂ ਦਿਨੀਂ ਬਥੇਰਾ ਸੀ। ਕਿਸੇ ਨੂੰ ਇਹ ਹੋਸ਼ਮੰਦੀ ਲੱਗੇ ਜਾਂ ਹੋਛਾਪਣ-ਮੈਨੂੰ ਕੁਝ ਦਿਨਾਂ ਦੇ ਅੰਦਰ-ਅੰਦਰ ਹੀ ਇਹ ਮਹਿਸੂਸ ਹੋਣ ਲੱਗ ਪਿਆ ਸੀ ਕਿ ਸਬ-ਐਡੀਟਰ ਚੁਣੇ ਗਏ ਸਾਥੀਆਂ ਵਿਚੋਂ ਭਾਅ ਜੀ ਕਰਮਜੀਤ ਸਿੰਘ ਨੂੰ ਛੱਡ ਕੇ ਮੈਂ ਕਿਸੇ ਨਾਲੋਂ ਵੀ ਮਾੜਾ ਨਹੀਂ ਸਾਂ।

'ਪੰਜਾਬੀ ਟ੍ਰਿਬਿਊਨ' ਦੇ ਮੁਢਲੇ ਸੰਪਾਦਕੀ ਅਮਲੇ ਵਿਚ ਬਜ਼ੁਰਗ ਸ. ਸੋਹਣ ਸਿੰਘ ਸਹੋਤਾ ਅਸਿਸਟੈਂਟ ਐਡੀਟਰ, ਜਗਜੀਤ ਸਿੰਘ ਬੀਰ ਨਿਊਜ਼ ਐਡੀਟਰ ਅਤੇ ਸ. ਸੁਰਿੰਦਰ ਸਿੰਘ ਬਾਜਵਾ ਚੀਫ ਸਬ-ਐਡੀਟਰ ਦੀਆਂ ਅਸਾਮੀਆਂ 'ਤੇ ਚੁਣੇ ਗਏ ਸਨ। ਕਰਮਜੀਤ ਸਿੰਘ, ਜਗਦੀਸ਼ ਸਿੰਘ ਬਾਂਸਲ, ਸੁਰਜੀਤ ਸਿੰਘ, ਗੁਰਦਿਆਲ ਸਿੰਘ ਬੱਲ, ਜਗਤਾਰ ਸਿੰਘ ਸਿੱਧੂ ਅਤੇ ਦਲਜੀਤ ਸਿੰਘ ਸਰਾਂ ਸਾਰੇ ਸਬ-ਐਡੀਟਰ ਸਨ। ਸ਼ਾਇਦ ਅਜਿਹਾ ਭਾਅ ਜੀ ਬਰਜਿੰਦਰ ਸਿੰਘ ਹਮਦਰਦ ਦੇ ਉਨ੍ਹਾਂ ਦਿਨਾਂ ਦੇ ਅਗਾਂਹਵਧੂ ਜਮਹੂਰੀ ਨਜ਼ਰੀਏ ਕਾਰਨ ਸੰਭਵ ਹੋਇਆ ਸੀ। ਨਹੀਂ ਤਾਂ ਕਰਮਜੀਤ ਸਿੰਘ ਹੋਰੀਂ ਇਕੱਲੇ ਹੀ ਸਨ ਜਿਹੜੇ ਸਹੀ ਅਰਥਾਂ ਵਿਚ 'ਕੁਆਲੀਫਾਇਡ' ਵੀ ਸਨ, ਬਿਹਤਰ ਨੌਕਰੀ ਛੱਡ ਕੇ ਆਏ ਸਨ ਅਤੇ ਜਿਨ੍ਹਾਂ ਨੂੰ ਇੰਟਰਵਿਊ ਪੱਤਰ ਹਾਸਲ ਕਰਨ ਲਈ ਝੂਠੇ ਤਜਰਬੇ ਦੇ ਸਰਟੀਫਿਕੇਟ ਦੀ ਲੋੜ ਵੀ ਨਹੀਂ ਪਈ ਸੀ। ਉਨ੍ਹਾਂ ਨੂੰ ਸੁਰਿੰਦਰ ਸਿੰਘ ਬਾਜਵੇ ਦੇ ਬਰਾਬਰ ਚੀਫ ਸਬ-ਐਡੀਟਰੀ ਆਰੰਭ ਵਿਚ ਹੀ ਦਿੱਤੀ ਜਾ ਸਕਦੀ ਸੀ ਪਰ ਸ਼ਾਇਦ ਕਿਸੇ ਵੀ ਅਦਾਰੇ ਨੂੰ ਅਜਿਹੀ ਸਪਸ਼ਟਤਾ ਪੁੱਗਦੀ ਨਹੀਂ ਹੁੰਦੀ। ਇਕੋ ਇਕ ਇਸ ਅਣਉਚਿਤਤਾ ਕਾਰਨ 'ਪੰਜਾਬੀ ਟ੍ਰਿਬਿਊਨ' ਅਦਾਰੇ ਦੀ ਸ਼ੁਰੂਆਤੀ ਪਹਿਲਤਾਜ਼ਗੀ ਵੀ ਜ਼ਿਆਦਾ ਚਿਰ ਨਾ ਰਹਿ ਸਕੀ।

ਮੁਢਲੇ ਸਟਾਫ ਦੀ ਚੋਣ ਤੋਂ ਕੇਵਲ ਇਕ ਮਹੀਨਾ ਬਾਅਦ ਹੀ ਸੰਪਾਦਕੀ ਅਮਲੇ ਵਿਚ ਮੇਰੇ ਜਮਾਤੀ ਅਤੇ ਸਰਬਾਂਗੀ ਸਮਰੱਥਾਵਾਨ ਹਰਭਜਨ ਹਲਵਾਰਵੀ ਨੂੰ ਅਸਿਸਟੈਂਟ ਐਡੀਟਰ ਦੀ ਅਸਾਮੀ 'ਤੇ ਲੈ ਲਿਆ ਗਿਆ। ਬਰਜਿੰਦਰ ਸਿੰਘ ਦੀ ਜੁਗਤ ਹੀ ਜਾਣੋ ਕਿ ਸ. ਮਹਿੰਦਰ ਸਿੰਘ ਰੰਧਾਵੇ ਵਰਗੇ ਮਹਾਂਰਥੀ ਟਰੱਸਟੀਆਂ ਅੱਗੇ ਹਲਵਾਰਵੀ ਦੀ ਤਾਂ ਘੰਟਾ, ਡੇਢ ਘੰਟਾ ਲੰਮੀ ਸਰਬਪੱਖੀ ਇੰਟਰਵਿਊ ਕਰਵਾ ਕੇ ਉਨ੍ਹਾਂ ਨੂੰ ਚਕਾਚੌਂਧ ਕਰ ਦਿੱਤਾ ਅਤੇ ਫਿਰ ਉਸੇ ਇੰਟਰਵਿਊ ਦੇ ਜਾਦੂ ਦੇ ਜ਼ੋਰ ਉਨ੍ਹਾਂ ਨੇ ਜਿਵੇਂ ਝਕਾਨੀ ਦੇ ਕੇ ਆਪਣੇ ਦੋ ਬੰਦਿਆਂ-



**ਸਾਬਕਾ ਐਡਵੋਕੇਟ ਜਨਰਲ ਰਾਜਿੰਦਰ ਸਿੰਘ ਚੀਮਾ (ਬੈਠੇ ਹੋਏ) ਗੁਰਦਿਆਲ ਸਿੰਘ ਬੱਲ ਦੇ ਪਰਿਵਾਰ ਨਾਲ**

ਅਮਰੀਕ ਸਿੰਘ ਬਨਵੈਤ ਅਤੇ ਸ. ਸ਼ਾਮ ਸਿੰਘ, ਦੇ ਬੇੜੇ ਵੀ ਬੰਨੇ ਲਗਵਾ ਲਏ। ਇਨ੍ਹਾਂ ਦੋਹਾਂ ਨਿਓਟਿਆਂ ਨੂੰ ਓਟ ਮਿਲਣ ਨਾਲ ਨਿਊਜ਼ ਡੈਸਕ ਦੀ ਰਿਦਮ ਨੂੰ ਝਟਕਾ ਜਿਹਾ ਲੱਗਾ ਪਰ ਇਕ ਟੱਬਰ ਵਰਗੀ ਭਾਵਨਾ ਫਿਰ ਵੀ ਬਣੀ ਰਹੀ।

ਜਿਥੋਂ ਤੱਕ ਮੈਨੂੰ ਯਾਦ ਹੈ, 'ਪੰਜਾਬੀ ਟ੍ਰਿਬਿਊਨ' ਵਿਚ ਪਹਿਲਾ 'ਸਕੈਂਡਲ' ਛੇ ਮਹੀਨਿਆਂ ਦੀ ਪ੍ਰੋਬੇਸ਼ਨ ਦੀ ਮਿਆਦ ਮੁੱਕਣ 'ਤੇ ਉਦੋਂ ਹੋਇਆ ਜਦੋਂ ਸੁਰਿੰਦਰ ਸਿੰਘ ਬਾਜਵੇ ਨੂੰ ਅਚਾਨਕ ਘਰ ਦਾ ਰਸਤਾ ਦਿਖਾ ਦਿੱਤਾ ਗਿਆ। ਮਹੀਨਾ, ਦੋ ਮਹੀਨੇ ਬਾਅਦ ਬਾਜਵੇ ਦੀ ਖਾਲੀ ਥਾਂ ਪੁਰ ਕਰਨ ਲਈ ਜੋ ਐਡਵਰਟਾਈਜ਼ਮੈਂਟ ਆਈ, ਉਹ ਚੀਫ ਸਬ-ਐਡੀਟਰ ਦੀ ਬਜਾਏ ਸਬ-ਐਡੀਟਰ ਦੀ ਪੋਸਟ ਲਈ ਹੀ ਸੀ। ਮਨ ਅੰਦਰ ਛੇਤੀ ਸਬ-ਐਡੀਟਰ ਬਣਨ ਦੀ ਤਾਂਘ ਦੇ ਬਾਵਜੂਦ ਮੈਂ ਇਹ ਪਤਾ ਲੱਗਣ 'ਤੇ ਅਰਜੀ ਨਾ ਦਿੱਤੀ ਕਿ ਸੰਪਾਦਕ ਦਾ ਮਨ ਹਰ ਹਾਲਤ ਵਿਚ ਦਲਬੀਰ ਸਿੰਘ ਨੂੰ ਨਿਊਜ਼ ਸੈਕਸ਼ਨ ਵਿਚ ਲਿਆਉਣ ਦਾ ਬਣਿਆ ਹੋਇਆ ਸੀ। ਇਹ ਗੱਲ ਚਰਚਾ ਵਿਚ ਸੀ ਅਤੇ ਪਿੱਛੋਂ ਸਾਬਤ ਵੀ ਇਹ ਹੀ ਹੋਇਆ ਕਿ ਦਲਬੀਰ ਸਿੰਘ ਪੰਜਾਬੀ ਅਖਬਾਰੀ ਜਗਤ ਵਿਚ ਸ਼ਾਇਦ ਸਭ ਤੋਂ ਵੱਧ ਪ੍ਰਤਿਭਾਵਾਨ ਅਤੇ ਸਮਰੱਥ ਨਿਊਜ਼ਮੈਨ ਸੀ। ਉਹ ਅਸਿਸਟੈਂਟ ਐਡੀਟਰ ਜਾਂ ਚੀਫ ਸਬ-ਐਡੀਟਰ ਤੋਂ ਘੱਟ ਕਿਸੇ ਅਹੁਦੇ 'ਤੇ ਅਖਬਾਰ ਵਿਚ ਆਉਣ ਲਈ ਤਿਆਰ ਨਹੀਂ ਸੀ ਪਰ ਸੰਪਾਦਕ ਨੇ ਬਰਾਬਰੀ ਅਤੇ ਸਮਾਜਵਾਦ ਦੇ ਆਪਣੇ ਜੁਆਨੀ ਵਰ੍ਹੇ ਦੇ ਆਦਰਸ਼ਾਂ 'ਤੇ ਪੂਰਨ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਦਲਬੀਰ ਸਿੰਘ ਨੂੰ ਵੱਧ ਤੋਂ ਵੱਧ ਸੰਭਵ 10 ਇਨਕਰੀਮੈਂਟ ਤਾਂ ਦਿਵਾ ਦਿੱਤੇ, ਪਰ ਉਸ ਨੂੰ ਸਬ-ਐਡੀਟਰ ਬਣਨ ਲਈ ਰਾਜ਼ੀ ਕਰ ਲਿਆ। ਮਾਨੋ ਸੰਪਾਦਕ ਦੀਆਂ ਨਜ਼ਰਾਂ ਵਿਚ ਨਿਊਜ਼ ਡੈਸਕ ਦੇ ਸਾਰੇ ਬੰਦੇ ਇਕ ਸਮਾਨ ਸਨ ਅਤੇ ਦਰਜਾਬੰਦੀ ਦੀ ਕੋਈ ਲੋੜ ਹੀ ਨਹੀਂ ਸੀ।

ਸੱਚ ਇਹੋ ਹੀ ਸੀ ਕਿ ਕਰਮਜੀਤ ਸਿੰਘ ਅਤੇ ਦਲਬੀਰ ਸਿੰਘ, ਦੋਵੇਂ ਹੀ ਵਧੇਰੇ ਸਮਰੱਥਾਵਾਨ ਪੱਤਰਕਾਰ ਸਨ। ਮੈਨੇਜਮੈਂਟ ਨੇ 2-3 ਸਾਲ ਬਾਅਦ ਜਦੋਂ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਅਮਲੇ ਦੇ ਅਹੁਦਿਆਂ ਦੀ ਦਰਜਾਬੰਦੀ ਕੀਤੀ ਤਾਂ ਚੀਫ ਸਬ-ਐਡੀਟਰੀ ਦੇ ਅਹੁਦੇ ਇਨ੍ਹਾਂ ਦੋਵਾਂ ਨੂੰ ਹੀ ਮਿਲੇ ਪਰ ਉਸ ਮੌਕੇ ਦਾਅਵਿਆਂ, ਉਲਟ ਦਾਅਵਿਆਂ ਅਤੇ ਮੁਕੱਦਮੇਬਾਜ਼ੀ ਨਾਲ ਅਦਾਰੇ ਵਿਚ ਅਜਿਹੀ ਬੇਸੁਆਦ ਘਰੋਗੀ ਠੰਢੀ ਜੰਗ ਵਰਗੀ ਹਾਲਤ ਪੈਦਾ ਹੋ ਗਈ ਕਿ ਮੁੜ ਕਦੀ ਵੀ ਸ਼ੁਰੂਆਤੀ ਦੋਸਤਾਨਾ ਮਾਹੌਲ ਬਹਾਲ ਨਾ ਹੋ ਸਕਿਆ। ਇਸ ਦਾ ਖਮਿਆਜਾ ਸ਼ਾਇਦ ਸਭ ਤੋਂ ਵਧ ਮੈਨੂੰ ਹੀ ਭੁਗਤਣਾ ਪਿਆ।

ਇਹ ਸਾਰੀ ਰਾਮ ਕਹਾਣੀ ਮੈਂ ਇਸ ਕਰ ਕੇ ਦੱਸੀ ਹੈ ਕਿ ਬਾਅਦ ਦੇ ਸਾਲਾਂ ਦੌਰਾਨ ਮੇਰੀ ਆਪਣੀ ਪਰੂਫ ਰੀਡਰਾਂ ਵਾਲੇ ਪਿੰਜਰਾਨੁਮਾ ਸੈਕਸ਼ਨ ਵਿਚੋਂ ਨਿਕਲ ਕੇ ਸਬ-ਐਡੀਟਰ ਬਣਨ ਦੀ ਚਾਹਤ ਜਾਂ ਹੋਣੀ, ਇਸ ਠੰਢੀ ਜੰਗ ਦੀਆਂ 'ਸਾਜ਼ਿਸ਼ਾਂ' ਵਿਚ ਇਉਂ ਪਰੁੱਚੀ ਗਈ ਕਿ ਉਸ ਕੁੜਿਕੀ ਵਿਚੋਂ ਨਿਕਲ ਕੇ ਨਿਊਜ਼ ਡੈਕਸ ਤੱਕ ਪੁੱਜਣ ਵਿਚ ਮੈਨੂੰ ਫਿਰ ਪੂਰੇ 12 ਵਰ੍ਹੇ ਲੱਗ ਗਏ ਅਤੇ ਮੇਰੀ ਸਾਰੀ ਜਜ਼ਬਾਤੀ ਜਮ੍ਹਾਂਪੂੰਜੀ ਇਸ ਮੁਹਿੰਮ ਵਿਚ ਹੀ ਖਰਚ ਹੋ ਗਈ।


ਦਲਬੀਰ ਸਿੰਘ ਦੀ ਚੋਣ ਤੋਂ ਜਲਦੀ ਹੀ ਪਿੱਛੋਂ ਇਕ ਹੋਰ ਸਬ-ਐਡੀਟਰ ਦੀ ਪੋਸਟ ਨਿਕਲ ਆਈ। ਇਸ ਵਾਰ ਮੈਨੂੰ ਸਬ-ਐਡੀਟਰ ਬਣਨ ਦੀ ਪੂਰੀ ਝਾਕ ਸੀ। ਬਰਜਿੰਦਰ ਭਾਅ ਜੀ ਦੀ ਟਿਪਣੀ ਤੋਂ ਬਾਅਦ ਮੈਨੂੰ ਆਪਣਾ ਦਾਅਵਾ ਕੁਝ ਵਧ ਹੀ ਲਗਦਾ ਸੀ। ਹਰਭਜਨ ਹਲਵਾਰਵੀ ਮੈਥੋਂ ਸੀਨੀਅਰ ਸੀ, ਸਿਆਣਾ ਸੀ, ਵੱਧ ਪੜ੍ਹਿਆ ਸੀ ਪਰ ਐਮ.ਏ. ਦੇ ਦੂਜੇ ਸਾਲ ਦੌਰਾਨ ਅਸੀਂ ਜਮਾਤੀ ਵੀ ਤਾਂ ਸਾਂ। ਫਿਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਸੁਰਜੀਤ ਸਿੰਘ, ਸ਼ਾਮ ਸਿੰਘ, ਗੁਰਦਿਆਲ ਬੱਲ ਅਤੇ ਜਗਤਾਰ ਸਿੱਧੂ ਦੀਆਂ ਬਣਾਈਆਂ ਖਬਰਾਂ, ਪਰੂਫ ਰੀਡਰ ਹੋਣ ਦੇ ਨਾਤੇ ਹਰ ਰੋਜ਼ ਪੜ੍ਹਨੀਆਂ ਪੈਂਦੀਆਂ ਸਨ ਅਤੇ ਉਨ੍ਹਾਂ ਦੀ ਭਾਸ਼ਾ ਤੇ ਸ਼ੈਲੀ ਮੈਨੂੰ ਇੰਨੀ ਨੁਕਸਦਾਰ ਲਗਦੀ ਕਿ ਸਿਰ ਪੀੜ ਹੋਣ ਲੱਗ ਪੈਂਦੀ। ਗੁਰਦਿਆਲ ਬੱਲ ਦੀ ਸ਼ਖਸੀਅਤ ਲਈ ਮੇਰੇ ਮਨ ਵਿਚ ਬੇਹੱਦ ਸਤਿਕਾਰ ਅਤੇ ਸ਼ਰਧਾ ਹੈ ਪਰ ਖਬਰ ਬਣਾਉਣ ਜਾਂ ਭਾਸ਼ਾ ਦੇ ਆਮ ਸੰਜਮ ਦੀ ਅਖਬਾਰੀ ਲਿਹਾਜ਼ ਨਾਲ ਉਨ੍ਹਾਂ ਨੂੰ ਬੜੀ ਘੱਟ ਸੋਝੀ ਸੀ। ਸੁਰਜੀਤ ਸਿੰਘ ਅਤੇ ਸ਼ਾਮ ਸਿੰਘ ਵੱਡੇ ਭਰਾਵਾਂ ਵਾਂਗ ਸਤਿਕਾਰਯੋਗ ਤਾਂ ਸਨ ਪਰ ਖਬਰਾਂ ਬਣਾਉਣ ਦੇ ਮਾਮਲੇ ਵਿਚ ਮੈਂ ਆਪਣੀ ਜ਼ਮੀਰ ਨੂੰ ਪੂਰੀ ਤਰ੍ਹਾਂ ਹਾਜ਼ਰ-ਨਾਜ਼ਰ ਮੰਨ ਕੇ ਕਹਿੰਦਾ ਹਾਂ ਕਿ ਉਹ ਜਮ੍ਹਾਂ ਹੀ ਘਾਂਗੜ ਸਨ। ਉਸ ਦੌਰ ਵਿਚ ਖਬਰਾਂ ਬਣਾਉਣ ਦੇ ਹਿਸਾਬ ਨਾਲ ਸਭ ਤੋਂ ਸਮਰੱਥ ਸ਼ਿਲਪਕਾਰ (ਭਾਅ ਜੀ ਕਰਮਜੀਤ ਸਿੰਘ ਤੋਂ ਵੀ ਵੱਧ) ਮੈਨੂੰ ਜਗਦੀਸ਼ ਸਿੰਘ ਬਾਂਸਲ ਲਗਦਾ ਸੀ। ਉਂਜ ਵਿਦਿਅਕ ਯੋਗਤਾ ਦੇ ਪੱਖੋਂ ਉਹ ਥਰਡ ਕਲਾਸ ਦਸਵੀਂ ਪਾਸ ਸੀ, ਅਤੇ ਕਿਸੇ ਨੂੰ ਅੱਜ ਤੱਕ ਵੀ ਨਹੀਂ ਪਤਾ ਕਿ ਇੰਟਰਵਿਊ 'ਤੇ ਸੱਦਣ ਦੀ ਜਦੋਂ ਮੁਢਲੀ ਸ਼ਰਤ ਹੀ ਐਮ.ਏ. ਸੀ ਤਾਂ ਉਸ ਨੂੰ ਇੰਟਰਵਿਊ 'ਤੇ ਕਿਸ ਨੇ ਅਤੇ ਕਿਵੇਂ ਬੁਲਾ ਲਿਆ ਅਤੇ ਜਲੰਧਰ ਮਾਰਕਾ ਪੱਤਰਕਾਰੀ ਕਲਚਰ ਦੀ ਪੈਦਾਇਸ਼ ਹੋਣ ਦੇ ਬਾਵਜੂਦ ਉਹ ਮੁਢਲੇ ਸਟਾਫ ਵਿਚ ਹੀ ਕਿਵੇਂ ਸਬ-ਐਡੀਟਰ ਚੁਣਿਆ ਗਿਆ?

ਮੈਂ ਉਸ ਸਮੇਂ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਸਟਾਫ ਵਿਚ ਬਿਨਾਂ ਕਿਸੇ ਅੜਿੱਕੇ ਦੇ ਚੁਣੇ ਜਾਣ ਦੇ ਆਪਣੇ ਆਪ ਨੂੰ ਯੋਗ ਸਮਝਦਾ ਸਾਂ। ਮੈਨੂੰ ਅਜੇ ਤੱਕ ਵੀ ਯਾਦ ਹੈ ਕਿ ਉਸ ਵਾਰ ਇੰਟਰਵਿਊ ਤੋਂ ਪਹਿਲਾਂ ਫਿਕਰ ਨਾਲ ਕਿੰਨੇ ਦਿਨ ਨੀਂਦ ਹੀ ਨਹੀਂ ਆਈ ਸੀ। ਮੈਨੂੰ ਤਾਂ ਇਹ ਵੀ ਲੱਗਦਾ ਸੀ ਕਿ ਸਬ-ਐਡੀਟਰ ਬਣਨ ਦਾ ਮੇਰਾ ਹੱਕ ਜੇ ਅਣਗੌਲਿਆ ਕਰ ਦਿੱਤਾ ਗਿਆ ਤਾਂ ਮੇਰੀ ਆਤਮਾ ਦੇ ਅੰਦਰੋਂ ਕਿੰਨਾ ਕੁਝ ਸਦਾ ਵਾਸਤੇ ਮਰ ਜਾਵੇਗਾ। ਮੈਂ ਹਰਭਜਨ ਹਲਵਾਰਵੀ ਕੋਲੋਂ ਮੱਦਦ ਦੀ ਆਸ ਵਿਚ ਕਦੀ ਉਸ ਦੇ ਦਫਤਰ ਵਾਲੇ ਕਮਰੇ ਅਤੇ ਕਦੀ ਉਸ ਦੇ ਘਰ ਵੱਲ ਤੁਰਦਾ ਪਰ ਰਾਹ ਵਿਚੋਂ ਹੀ ਪਰਤ ਆਉਂਦਾ। ਗੁਰਦਿਆਲ ਬੱਲ ਨੇ ਮੇਰੇ ਲਈ ਬਥੇਰੇ ਹੱਥ ਪੈਰ ਮਾਰੇ। ਬੱਲ ਦਾ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਉਘੇ ਵਕੀਲ ਸ. ਰਜਿੰਦਰ ਸਿੰਘ ਚੀਮਾ ਨਾਲ ਬਹੁਤ ਪਿਆਰ ਦਾ ਰਿਸ਼ਤਾ ਸੀ। ਬਰਜਿੰਦਰ ਸਿੰਘ ਅਤੇ ਚੀਮਾ ਵੀ ਆਪਸ ਵਿਚ ਗੂੜ੍ਹੇ ਮਿੱਤਰ ਸਨ। ਮੈਨੂੰ ਵਰ੍ਹਿਆਂ ਪੁਰਾਣੀ ਉਹ ਸ਼ਾਮ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ, ਜਦੋਂ ਬੱਲ ਨੇ ਚੀਮਾ ਸਾਹਿਬ ਨਾਲ ਮੇਰੀ ਜਾਣ-ਪਛਾਣ ਕਰਵਾਈ ਅਤੇ ਮੇਰੀ ਸਮਰੱਥਾ ਬਾਰੇ ਵਧਾ-ਚੜ੍ਹਾ ਕੇ ਦੱਸਿਆ। ਬੱਲ ਬਾਬੇ ਨੇ ਆਪਣੇ ਖਾਸ ਅੰਦਾਜ਼ ਵਿਚ ਚੀਮਾ ਸਾਹਿਬ ਨੂੰ ਇਹ ਆਖ ਕੇ ਵੀ 'ਡਰਾਉਣ' ਦੀ ਕੋਸ਼ਿਸ਼ ਕੀਤੀ ਕਿ ਅਮੋਲਕ ਨਾਲ ਬੇਇਨਸਾਫੀ ਹੋਣ ਦੀ ਸੂਰਤ ਵਿਚ ਕਹਿਰ ਹੋ ਜਾਵੇਗਾ; ਧਰਤੀ ਪਾਟ ਜਾਵੇਗੀ ਅਤੇ ਚੀਮਾ ਸਾਹਿਬ ਸਮੇਤ ਸਾਰੀ ਦੁਨੀਆਂ ਉਸ ਪਾੜ ਵਿਚ ਗਰਕ ਹੋ ਜਾਵੇਗੀ!

ਬੱਲ ਦੀ 'ਚਾਲ' ਵੇਖ ਕੇ ਰਜਿੰਦਰ ਸਿੰਘ ਚੀਮਾ ਕੁਰਸੀ ਤੋਂ ਉਠ ਕੇ ਤਾੜੀ ਮਾਰ ਕੇ ਉਚੀ-ਉਚੀ ਹੱਸਣ ਲੱਗ ਪਿਆ। ਚੀਮਾ ਸਾਹਿਬ ਨੇ ਦੱਸਿਆ ਕਿ ਅਮਲੋਕ ਨਾਲ ਬੇਇਨਸਾਫੀ ਵੀ ਹੋਣੀ ਉ ਅਤੇ ਧਰਤੀ ਵੀ ਨਹੀਂਓਂ ਪਾਟਣੀ। ਉਨ੍ਹਾਂ ਦੱਸਿਆ ਕਿ ਸ਼ਮਸ਼ੇਰ ਸਿੰਘ ਸੰਧੂ ਦੇ ਪੰਜਾਬੀ ਨਿਊਜ਼ ਰੂਮ ਵਿਚ ਲਿਆਂਦੇ ਜਾਣ ਦੀ ਬਣਤ ਕਈ ਦਿਨ ਪਹਿਲਾਂ ਦੀ ਹੀ ਬਣ ਗਈ ਹੋਈ ਹੈ।

ਬਰਜਿੰਦਰ ਸਿੰਘ ਦਾ ਯਾਰ ਡਾ. ਐਸ.ਪੀ. ਸਿੰਘ ਵੱਡਾ ਮੁਹਿੰਮਬਾਜ਼ ਹੈ। ਹਰਭਜਨ ਹਲਵਾਰਵੀ ਨੂੰ ਅਸਿਸਟੈਂਟ ਐਡੀਟਰ ਬਣਾਉਣ ਦੀ ਗੱਲ ਬਰਜਿੰਦਰ ਸਿੰਘ ਦੇ ਖਾਨੇ ਵਿਚ ਉਸੇ ਨੇ ਪਾਈ ਸੀ; ਸ਼ਾਮ ਸਿੰਘ ਵੀ ਉਸੇ ਦਾ ਬਸਤਾ ਬਰਦਾਰ ਸੀ ਅਤੇ ਹੁਣ ਸ਼ਮਸ਼ੇਰ ਸੰਧੂ ਦੀ ਮੁਹਿੰਮ ਲਈ ਬੀੜੀ ਵਿਚ ਵੀ ਉਹੋ ਹੀ ਜੁਪਿਆ ਹੋਇਆ ਸੀ। ਚੀਮਾ ਸਾਹਿਬ ਆਖ ਰਹੇ ਸਨ ਕਿ ਸ਼ਮਸ਼ੇਰ ਸੰਧੂ ਦੇ ਮੁਕਾਬਲੇ 'ਚ ਅਮੋਲਕ ਨੂੰ ਬਾਹਰ ਕੱਢਣਾ ਐਸ.ਪੀ. ਸਿੰਘ ਇਕੱਲੇ ਲਈ ਹੀ ਚੁਟਕੀ ਦਾ ਕੰਮ ਹੈ ਪਰ ਸ਼ਮਸ਼ੇਰ ਲਈ ਤਾਂ ਬਰਜਿੰਦਰ ਸਿੰਘ ਦੇ ਹੋਰ ਕਈ ਨੇੜੂ, ਫਿਲਮਾਂ ਵਾਲਾ ਜਗਜੀਤ ਅਤੇ ਗੁਰਭਜਨ ਗਿੱਲ ਦਾ ਵੱਡਾ ਭਰਾ ਪ੍ਰੋ. ਜਸਵੰਤ ਸਿੰਘ ਵੀ ਪੱਬਾਂ ਭਾਰ ਹੋਏ ਪਏ ਹਨ।

ਮੇਰੇ ਹੱਕ ਵਿਚ ਇਕ ਗੱਲ ਥੋੜ੍ਹੀ ਜਿਹੀ ਇਹ ਜਾਂਦੀ ਸੀ ਕਿ ਕਹਾਣੀਕਾਰ ਪ੍ਰੇਮ ਗੋਰਖੀ ਸਾਡੇ ਸੈਕਸ਼ਨ ਦਾ ਇੰਚਾਰਜ ਸੀ ਅਤੇ ਇਸੇ ਨਾਤੇ



*ਸ਼ਮਸ਼ੇਰ ਸੰਧੂ*

ਉਸ ਨੂੰ ਸੰਪਾਦਕ ਨੂੰ ਮਿਲਣ ਦਾ ਖੁੱਲ੍ਹਾ ਮੌਕਾ ਮਿਲਦਾ ਰਹਿੰਦਾ। ਸ਼ਮਸ਼ੇਰ ਸੰਧੂ ਅਤੇ ਪ੍ਰੇਮ ਗੋਰਖੀ ਕਈ ਸਾਲ ਪਹਿਲਾਂ ਆਪਣੇ ਮੁਢਲੇ ਸਾਹਿਤਕ ਦੌਰ ਵਿਚ ਹੀ ਲੇਖਕਾਂ ਵਾਲੀ ਨੋਕ-ਝੋਕ ਕਾਰਨ ਇਕ-ਦੂਜੇ ਦੇ ਵਿਰੋਧੀ ਬਣੇ ਹੋਏ ਸਨ। ਗੋਰਖੀ ਨੇ ਸੰਪਾਦਕ ਨੂੰ ਇਹ ਜਤਾਉਣ ਲਈ ਪੂਰਾ ਜ਼ੋਰ ਮਾਰਿਆ ਕਿ ਸ਼ਮਸ਼ੇਰ ਸੰਧੂ ਜਮਾਂਦਰੂ ਇਲਤੀ ਹੈ ਪਰ ਨਾਲ ਹੀ ਉਹ ਮੇਰੇ ਖਿਲਾਫ ਵੀ ਉਨਾ ਹੀ ਬੋਲੀ ਗਿਆ। ਉਸ ਦਿਨ ਚੀਮਾ ਸਾਹਿਬ ਨੇ ਸਾਨੂੰ ਇਹ ਵੀ ਦੱਸਿਆ ਕਿ ਸ਼ਮਸ਼ੇਰ ਦੇ ਹਮਾਇਤੀ ਵੀ ਬੱਲ ਵਾਲੀ ਵਿਧੀ ਹੀ ਅਪਨਾ ਰਹੇ ਹਨ। ਉਨ੍ਹਾਂ ਨੇ ਵੀ ਬਰਜਿੰਦਰ ਸਿੰਘ ਨੂੰ ਇਹ ਡਰਾਵਾ ਦਿੱਤਾ ਹੋਇਆ ਸੀ ਕਿ ਸ਼ਮਸ਼ੇਰ ਸੈਂਸੇਟਿਵ ਬਹੁਤ ਹੈ। ਬੰਗਾ ਕਾਲਜ ਵਿਚੋਂ ਪ੍ਰੋਫੈਸਰੀ ਤੋਂ ਕੱਢੇ ਜਾਣ ਤੋਂ ਉਹ ਲਗਾਤਾਰ ਪ੍ਰੇਸ਼ਾਨ ਹੈ। 'ਪੰਜਾਬੀ ਟ੍ਰਿਬਿਊਨ' 'ਚ ਨੌਕਰੀ ਨਾ ਮਿਲਣ ਦੀ ਸੂਰਤ ਵਿਚ ਉਸ ਦਾ ਆਤਮ ਵਿਸ਼ਵਾਸ ਤਾਂ ਕੀ, ਉਸ ਦੀ ਹਸਤੀ ਦੀ ਬੁਨਿਆਦ ਹੀ ਹਿੱਲ ਜਾਏਗੀ ਅਤੇ ਚੜ੍ਹਦੀ ਉਮਰੇ ਉਸ ਦੇ ਅਸਤ ਹੋ ਜਾਣ ਦੀ ਇਖਲਾਕੀ ਜ਼ਿੰਮੇਵਾਰੀ ਬਰਜਿੰਦਰ ਸਿੰਘ ਦੇ ਸਿਰ ਪੈ ਜਾਏਗੀ।

ਚੀਮਾ ਸਾਹਿਬ ਨੇ ਮੈਨੂੰ ਹੌਸਲਾ ਨਾ ਹਾਰਨ ਲਈ ਕਿਹਾ ਅਤੇ ਅਗਲੀ ਵਾਰ ਪੂਰੀ ਮਦਦ ਕਰਨ ਦਾ ਵਾਅਦਾ ਕੀਤਾ ਪਰ ਅਸਾਂ ਦੋਹਾਂ ਨੇ ਕੋਈ ਹਾਂ-ਹੂੰ ਨਾ ਕੀਤੀ। ਅਸੀਂ ਹਾਰ ਚੁੱਕੇ ਸਾਂ ਅਤੇ ਕਮਰੇ ਵਿਚ ਆ ਕੇ ਵੀ ਅਸਾਂ ਆਪੋ ਵਿਚ ਕੋਈ ਗੱਲਬਾਤ ਸਾਂਝੀ ਨਾ ਕੀਤੀ। ਮੇਰੀ ਇੰਟਰਵਿਊ ਠੀਕ-ਠਾਕ ਹੋਈ ਪਰ ਚੋਣ ਸ਼ਮਸ਼ੇਰ ਦੀ ਹੋਈ ਜੋ ਪਤਾ ਹੀ ਸੀ। ਕੁਝ ਦਿਨਾਂ ਦੇ ਵਕਫੇ ਪਿਛੋਂ ਹੌਸਲਾ ਕਰ ਕੇ ਮੈਂ ਮੁੜ ਸੰਪਾਦਕ ਨੂੰ ਮਿਲਿਆ। ਉਨ੍ਹਾਂ ਨੇ ਬੇਵਸੀ ਪ੍ਰਗਟਾ ਦਿੱਤੀ ਪਰ ਨਾਲ ਹੀ ਅਗਲੀ ਵਾਰ ਹਰ ਹਾਲਤ ਵਿਚ ਮੈਨੂੰ ਨਿਊਜ਼ ਡੈਸਕ 'ਤੇ ਲੈ ਆਉਣ ਦਾ ਵਾਅਦਾ ਕੀਤਾ।

ਸ਼ਮਸ਼ੇਰ ਸੰਧੂ ਮੇਰਾ ਸਾਥੀ ਰਿਹਾ ਹੈ, ਭਰਾਵਾਂ ਵਰਗਾ ਯਾਰ ਹੈ ਅਤੇ ਸਿਆਣਾ ਤੇ ਸੂਖਮ ਵੀ ਪੁੱਜ ਕੇ ਹੈ ਪਰ ਖਬਰਾਂ ਘੜਨ ਦਾ ਉਸ ਨੂੰ ਉਕਾ ਕੋਈ ਵੱਲ ਨਹੀਂ ਸੀ, ਯਾਨਿ ਇਸ ਮਾਮਲੇ ਵਿਚ ਉਹ ਸੁਰਜੀਤ ਸਿੰਘ ਅਤੇ ਸ਼ਾਮ ਸਿੰਘ ਤੋਂ ਕਿਤੇ ਵੱਡਾ ਘਾਂਗੜ ਸੀ। ਉਹ ਡਰ-ਡਰ ਕੇ ਅੱਖਰ ਪਾਉਂਦਾ ਅਤੇ ਖਬਰ ਦੀ ਜਾਨ ਹੀ ਕੱਢ ਛਡਦਾ। ਉਸ ਦਾ ਕੰਮ ਕਰਨ ਨੂੰ ਉਕਾ ਦਿਲ ਨਾ ਕਰਦਾ। ਪਰੂਫ ਰੀਡਿੰਗ ਸੈਕਸ਼ਨ ਵਿਚ ਉਸ ਦੀਆਂ ਘਾਤਤਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਫਿਰ ਵੀ

(ਬਾਕੀ ਸਫਾ 38 'ਤੇ)

## ਵਿਚਾਰ-ਚਰਚਾ

# ਹਰਿੰਦਰ ਸਿੰਘ ਮਹਿਬੂਬ ਬਾਰੇ ਕੁਝ ਗੱਲਾਂ

***'ਪੰਜਾਬ ਟਾਈਮਜ਼' ਵਿਚ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਸਾਲ 2010-11 ਵਿਚ ਹੋਈ ਵਿਚਾਰ-ਚਰਚਾ ਦੇ ਆਧਾਰ 'ਤੇ ਛਪੀ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਬਾਰੇ 'ਪੰਜਾਬ ਟਾਈਮਜ਼' ਨੇ ਬਜ਼ੁਰਗ ਦਾਨਸ਼ਵਰ ਡਾ. ਪਰੇਮ ਸਿੰਘ ਦੀ ਪੁਸਤਕ ਪੜਚੋਲ ਨੁਮਾ ਲੰਮੀ ਟਿੱਪਣੀ ਛਾਪੀ ਸੀ। ਪੰਜਾਬ ਟਾਈਮਜ਼ ਨੇ ਛਪੀਆਂ ਲਿਖਤਾਂ ਦੇ ਪ੍ਰਤੀਕਰਮ ਵਿਚ ਆਈਆਂ ਲਿਖਤਾਂ ਨੂੰ ਹਮੇਸ਼ਾ ਬਣਦਾ ਥਾਂ ਦਿੱਤਾ ਹੈ। ਡਾ. ਪਰੇਮ ਸਿੰਘ ਦੀ ਉਪਰੋਕਤ ਟਿੱਪਣੀ ਦੇ ਪ੍ਰਤੀਕਰਮ ਵਿਚ ਸਾਨੂੰ ਉਘੇ ਸਿੱਖ ਵਿਦਵਾਨ ਡਾ. ਗੁਰਤਰਨ ਸਿੰਘ ਦੀ ਇਹ ਟਿੱਪਣੀ ਹਾਸਲ ਹੋਈ ਹੈ ਜੋ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

22 ਸਤੰਬਰ, 2012 ਦੇ 'ਪੰਜਾਬ ਟਾਈਮਜ਼' ਵਿਚ ਵਿਚਾਰ-ਚਰਚਾ ਕਾਲਮ ਅਧੀਨ ਪੁਸਤਕ 'ਸਿੱਖ ਕੌਮ: ਹੋਣੀ ਤੇ ਹਸਤੀ' ਬਾਰੇ ਡਾ. ਪਰੇਮ ਸਿੰਘ ਦੇ ਰਿਵੀਊ ਵਿਚ ਪ੍ਰੋ. ਹਰਪਾਲ ਸਿੰਘ ਪੰਨੂੰ ਵੱਲੋਂ ਹਰਿੰਦਰ ਸਿੰਘ ਮਹਿਬੂਬ ਦੀ ਫਕੀਰਾਨਾ ਸ਼ਖ਼ਸੀਅਤ ਉਪਰ ਲਾਏ ਦੋਸ਼ਾਂ ਦਾ ਮੁੜ ਜ਼ਿਕਰ ਆਇਆ ਹੈ। ਇਹ ਦੋਸ਼ ਮੂਲੋਂ ਹੀ ਬੇਬੁਨਿਆਦ ਹਨ। ਮਰਹੂਮ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਨੂੰ ਸ਼੍ਰੋਮਣੀ ਕਮੇਟੀ ਨੇ ਦੋ ਵਾਰ ਸਾਹਿਤਕ ਇਨਾਮ ਦਿੱਤੇ। ਪਹਿਲੀ ਵਾਰ ਉਨ੍ਹਾਂ ਨੂੰ ਪੰਜਾਹ ਹਜ਼ਾਰ ਰੁਪਏ ਦਾ ਇਨਾਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਵੇਲੇ ਮਿਲਿਆ।

ਡਾ. ਗੁਰਤਰਨ ਸਿੰਘ

ਜਥੇਦਾਰ ਟੌਹੜਾ ਜਦੋਂ ਕਦੇ ਗੜ੍ਹਦੀਵਾਲ ਦੇ ਇਲਾਕੇ ਵਿਚ ਜਾਂਦੇ ਸਨ ਤਾਂ ਉਹ ਮਹਿਬੂਬ ਦੇ ਘਰ ਹੋ ਕੇ ਜਾਇਆ ਕਰਦੇ ਸਨ। ਉਹ ਉਨ੍ਹਾਂ ਦੇ ਸ਼ਰਧਾਲੂ ਸਨ। ਉਨ੍ਹਾਂ ਨੂੰ ਦੂਜਾ ਇਨਾਮ ਸ਼੍ਰੋਮਣੀ ਕਮੇਟੀ ਵੱਲੋਂ ਸ. ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਸਮੇਂ ਮਿਲਿਆ। ਸ. ਬਡੂੰਗਰ ਸ਼੍ਰੋਮਣੀ ਕਮੇਟੀ ਦੇ ਹੁਣ ਤੱਕ ਦੇ ਵਿਦਵਾਨਾਂ ਵਿਚੋਂ ਸਭ ਤੋਂ ਵੱਧ ਦੂਰਦਰਸ਼ੀ ਸਨ। ਉਨ੍ਹਾਂ ਗਿਆਨੀ ਦਿੱਤ ਸਿੰਘ ਇਨਾਮ ਸ਼ੁਰੂ ਕੀਤਾ ਅਤੇ ਇਸ ਇਨਾਮ ਦਾ ਮਹੂਰਤ ਹਰਿੰਦਰ ਸਿੰਘ ਮਹਿਬੂਬ ਨੂੰ ਦੇਣ ਨਾਲ ਕੀਤਾ। ਸ. ਬਡੂੰਗਰ ਨੇ ਇਸ ਇਨਾਮ ਦੀ ਚੋਣ ਖੁਦ ਕੀਤੀ।

ਮੈਂ ਸ. ਬਡੂੰਗਰ ਦੇ, ਉਨ੍ਹਾਂ ਦੀ ਪ੍ਰਧਾਨਗੀ ਦੇ ਕਾਰਜਕਾਲ ਵਿਚ ਬਹੁਤ ਜ਼ਿਆਦਾ ਨੇੜੇ ਰਿਹਾ ਹਾਂ ਤੇ ਅੱਜ ਵੀ ਉਨ੍ਹਾਂ ਦੇ ਅਤਿ ਨਜ਼ਦੀਕ ਹਾਂ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਸ ਇਨਾਮ ਦੀ ਚੋਣ ਉਨ੍ਹਾਂ ਖੁਦ ਕੀਤੀ ਸੀ ਅਤੇ ਮੈਨੂੰ ਇਸ ਸਬੰਧੀ ਉਨ੍ਹਾਂ ਫੋਨ ਵੀ ਕੀਤਾ ਸੀ। ਹੋ ਸਕਦਾ ਹੈ ਕਿ ਇਨਾਮ ਦਾ ਐਲਾਨ ਕਰਨ ਸਮੇਂ ਪੰਨੂੰ ਸਾਹਿਬ ਨਾਲ ਅਚਾਨਕ ਮਿਲਣੀ ਸਮੇਂ ਆਪਣੀ ਰਾਇ ਜ਼ਾਹਿਰ ਕਰ ਦਿੱਤੀ ਹੋਵੇ ਪਰ ਸ਼੍ਰੋਮਣੀ ਕਮੇਟੀ ਦੇ ਦੋਵੇਂ ਇਨਾਮਾਂ ਵਿਚ ਪ੍ਰੋ. ਹਰਪਾਲ ਸਿੰਘ ਪੰਨੂੰ ਦੀ ਮਾਮੂਲੀ ਦੇਣ ਵੀ ਨਹੀਂ। ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰੋ. ਪੰਨੂੰ ਨੂੰ ਕੋਈ ਵੀ ਸ਼੍ਰੋਮਣੀ ਕਮੇਟੀ ਮੈਂਬਰ ਜਾਂ ਅਕਾਲੀ ਸਿਆਸਤ ਦਾ ਬੰਦਾ ਕਦੀ ਗੰਭੀਰਤਾ ਨਾਲ ਨਹੀਂ ਲੈਂਦਾ।

ਜਿਥੋਂ ਤੱਕ ਹਰਿੰਦਰ ਸਿੰਘ ਮਹਿਬੂਬ ਨੂੰ ਦਿੱਲੀ ਦੀ ਸਾਹਿਤਕ ਅਕਾਡਮੀ ਦਾ ਇਨਾਮ ਮਿਲਣ ਦਾ ਸਵਾਲ ਹੈ, ਇਸ ਬਾਰੇ ਉਨ੍ਹਾਂ ਉਤੇ ਲੱਗੇ ਦੋਸ਼ ਬੇਬੁਨਿਆਦ ਹਨ। ਜਿਹੜੇ ਬੰਦਿਆਂ ਨੇ ਮਹਿਬੂਬ ਨੂੰ ਇਸ ਸਾਹਿਤਕ ਇਨਾਮ ਲਈ ਚੁਣਿਆ ਸੀ, ਉਨ੍ਹਾਂ ਕੋਲ 'ਝਨਾਂ ਦੀ ਰਾਤ' ਕਾਵਿ ਪੁਸਤਕ ਦੀਆਂ ਕਾਪੀਆਂ ਹੁਣ ਵੀ ਹੋਣਗੀਆਂ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਜਦੋਂ ਮਹਿਬੂਬ ਨੂੰ ਇਹ ਇਨਾਮ ਮਿਲਿਆ, ਉਹ ਅਤੇ ਉਨ੍ਹਾਂ ਦੇ ਨਜ਼ਦੀਕੀ ਦੋਸਤਾਂ ਨੂੰ ਇਸ ਦਾ ਚਿਤ-ਚੇਤਾ ਵੀ ਨਹੀਂ ਸੀ। ਜਦੋਂ ਸ਼ਾਮ ਵੇਲੇ ਟੈਲੀਵਿਜ਼ਨ ਦੀਆਂ ਖ਼ਬਰਾਂ ਵਿਚ ਇਸ ਇਨਾਮ ਦਾ ਜ਼ਿਕਰ ਹੋਇਆ ਤਾਂ ਮਹਿਬੂਬ ਬਾਹਰ ਸੈਰ ਕਰਨ ਗਏ ਹੋਏ ਸਨ। ਉਨ੍ਹਾਂ ਨੂੰ ਇਸ ਇਨਾਮ ਦਾ ਕਾਫੀ ਚਿਰ ਪਿੱਛੋਂ ਪਤਾ ਲੱਗਿਆ।

ਜਿੱਥੋਂ ਤੱਕ ਇੰਦਰਾ ਗਾਂਧੀ ਅਤੇ ਸੰਤ ਜਰਨੈਲ ਸਿੰਘ ਨਾਲ ਸਬੰਧਤ ਕਵਿਤਾਵਾਂ ਕੱਟਣ ਦਾ ਸਵਾਲ ਹੈ, ਜਦੋਂ ਲੋਕਾਂ ਦਾ ਧਿਆਨ ਸਮੁੱਚੀ ਪੁਸਤਕ ਦੀ ਕਾਵਿਕ ਪਰਵਾਜ਼ ਤੋਂ ਬੇਮੁਖ ਹੋਣ ਕਾਰਨ ਕੇਵਲ ਇੰਦਰਾ ਗਾਂਧੀ ਅਤੇ ਸੰਤ ਜਰਨੈਲ ਸਿੰਘ ਨਾਲ ਸਬੰਧਤ ਕਵਿਤਾਵਾਂ ਹੀ ਚਰਚਾ ਦਾ ਵਿਸ਼ਾ ਬਣ ਕੇ ਰਹਿ ਗਈਆਂ ਤਾਂ ਇਸ ਇਨਾਮ ਤੋਂ ਪਿੱਛੋਂ ਕੁਝ ਨਜ਼ਦੀਕੀ ਦੋਸਤਾਂ ਦੀ ਸਲਾਹ ਨਾਲ (ਜਿਨ੍ਹਾਂ ਵਿਚ ਮੈਂ ਸ਼ਾਮਲ ਨਹੀਂ) ਉਨ੍ਹਾਂ ਨੇ ਕੁਝ ਪੁਸਤਕਾਂ ਵਿਚੋਂ ਇਹ ਦੋਵੇਂ ਨਾਂ ਇਸ ਲਈ ਕੱਟ ਦਿੱਤੇ ਕਿ ਉਨ੍ਹਾਂ ਦੇ ਕਈ ਅਤਿ ਨਜ਼ਦੀਕੀ ਹਿੰਦੂ ਦੋਸਤ ਵੀ ਸਨ। ਦੋਸਤਾਂ ਦੀ ਰਾਇ ਉਹ ਅਕਸਰ ਹੀ ਮੰਨ ਲੈਂਦੇ ਸਨ। ਉਂਜ 'ਝਨਾਂ ਦੀ ਰਾਤ' ਕਾਵਿ ਪੁਸਤਕ ਦੀਆਂ ਦੂਜੀਆਂ ਕਿਤਾਬਾਂ 'ਰੁੱਤਾਂ ਦੇ ਭੇਤਭਰੇ ਖਤ' ਅਤੇ 'ਕੁਰਲਾਉਂਦੇ ਕਾਫਲੇ' ਵਿਚ ਹਿੰਦੂ ਮਿਥਿਹਾਸ ਦੀ ਸਭ ਤੋਂ ਵੱਧ ਵਰਤੋਂ ਕੀਤੀ ਗਈ ਹੈ। ਇਨ੍ਹਾਂ ਮਿੱਥਾਂ ਨੂੰ, ਇਨ੍ਹਾਂ ਦੇ ਮੂਲ ਨੂੰ ਪ੍ਰਵਾਨ ਕਰਦਿਆਂ ਸੁਹਜ ਅਤੇ ਰਹੱਸ ਦੇ ਪੱਖ ਤੋਂ ਨਵੇਂ ਤੋਂ ਨਵੇਂ ਅਰਥ ਦਿੱਤੇ ਗਏ ਹਨ। ਜਦੋਂ 'ਝਨਾਂ ਦੀ ਰਾਤ' ਕਾਵਿ ਪੁਸਤਕ ਨੂੰ ਅੱਜ ਤੱਕ ਕਦੀ ਕਿਸੇ ਨੇ ਸਮਝਿਆ ਹੀ ਨਹੀਂ, ਫਿਰ ਆਖਰੀ ਦੋ ਕਵਿਤਾਵਾਂ ਉਪਰ ਉਲਾਰੂ ਹੱਦ ਤੱਕ ਦਿੱਤੇ ਧਿਆਨ ਨੇ ਕੋਮਲ ਹਿਰਦੇ ਵਾਲੇ ਹਿੰਦੂਆਂ ਦਾ ਮਨ ਦੁਖਾਉਣਾ ਹੀ ਹੋਇਆ। ਇਸ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਪਿਛਲੀਆਂ ਪੁਸਤਕਾਂ ਦੀਆਂ ਕੁਝ ਕਾਪੀਆਂ ਵਿਚੋਂ ਉਨ੍ਹਾਂ ਨੇ ਇਹ ਨਾਂ ਕੱਟੇ ਸਨ।

ਜਿਥੋਂ ਤੱਕ ਮਹਿਬੂਬ ਨੂੰ ਸਮਝਣ ਦਾ ਸਵਾਲ ਹੈ, ਉਸ ਨੂੰ ਕੇਵਲ ਉਹ ਪਾਠਕ ਹੀ ਸਮਝ ਸਕਦੇ ਹਨ ਜਿਨ੍ਹਾਂ ਨੂੰ 'ਸਾਵਿਤ੍ਰੀ', 'ਓਡੀਸੀ', 'ਇਲੀਅਟ', 'ਏਨੀਡ', 'ਦੀ ਡੀਵਾਇਨ ਕਮੇਡੀ', 'ਮੌਲਾਨਾ ਰੂਮੀ ਦੀ ਮਸਨਵੀ', 'ਪੈਰਾਡੀਈਜ਼ ਲੌਸਟ' ਆਦਿ ਵਿਸ਼ਵ ਮਹਾਂ ਕਾਵਿ ਦੇ ਨਾਲ ਵਿਸ਼ਵ ਦੇ ਪਵਿੱਤਰ ਸਾਹਿਤ (ਨਾਵਲ, ਨਾਟਕ, ਕਵਿਤਾ ਤੇ ਵਾਰਤਕ) ਅਤੇ ਵਿਸ਼ਵ ਧਰਮਾਂ ਦੇ ਗਿਆਨ ਦੀ ਦੀਰਘ ਜਾਣਕਾਰੀ ਹੈ। ਪ੍ਰੋ. ਪੰਨੂੰ ਦੀ ਕੋਈ ਲਿਖਤ ਇਹ ਸਾਬਤ ਨਹੀਂ ਕਰਦੀ ਕਿ ਉਨ੍ਹਾਂ ਨੂੰ ਕੋਈ ਉਪਰੋਕਤ ਤਸੱਲੀਬਖ਼ਸ਼ ਗਿਆਨ ਹੈ। ਉਨ੍ਹਾਂ ਦੀਆਂ ਪੁਸਤਕਾਂ 'ਸਾਹਿਤਕ ਫਰਨੀਚਰ ਦੀ ਦੁਕਾਨ' ਤੋਂ ਵੱਧ ਕੁਝ ਵੀ ਨਹੀਂ।

ਜਿਥੋਂ ਤੱਕ ਡਾ. ਪਰੇਮ ਸਿੰਘ ਦੀਆਂ ਟਿੱਪਣੀਆਂ ਦਾ ਸਵਾਲ ਹੈ, ਉਹ ਇਸੇ ਤਰ੍ਹਾਂ ਹਨ ਜਿਵੇਂ ਰੰਗ ਕੀਤੀਆਂ ਬਣਾਉਟੀ ਮੱਛੀਆਂ ਦੀ ਪੜਤਾਲ ਕਰਨ ਨਾਲ ਬੰਦਾ ਆਪਣੇ ਆਪ ਨੂੰ ਸ਼ਿਕਾਰੀ ਹੋਣ ਦੇ ਭੁਲੇਖੇ ਵਿਚ ਰੱਖਦਾ ਹੋਵੇ; ਜਿਵੇਂ ਕੱਤੇ ਹੋਏ ਲੋਗੜ ਦੇ ਧਾਗੇ ਨੂੰ ਦਰੀ ਦੇ ਪਿੰਨੇ ਵਾਂਗ ਉਧੇੜੀ ਜਾਈਏ। ਨਾ ਉਹ ਛੇਤੀ ਮੁੱਕੇਗਾ ਅਤੇ ਨਾ ਹੀ ਉਸ ਦੇ ਉਧੇੜਨ ਵਿਚ ਕੋਈ ਦਿਲਚਸਪੀ ਹੋ ਸਕਦੀ ਹੈ। ਵਿਸ਼ਵ ਧਰਮਾਂ ਅਤੇ ਵਿਸ਼ਵ ਦੇ ਪਵਿੱਤਰ ਸਾਹਿਤ ਦੇ ਮਹਾਨ ਚਿੰਤਕ ਫਰਿਥਜਾਫ ਸ਼ੂਨ ਨੇ ਆਖਿਆ ਹੈ ਕਿ ਜੇ "ਹਰ ਬੰਦੇ ਕੋਲ ਪਰਖ ਦੀ ਅਧਿਆਤਮਕ ਦ੍ਰਿਸ਼ਟੀ ਹੋਵੇ ਤਾਂ ਧਰਤੀ ਤੋਂ ਕੋਈ ਵੀ ਬੰਦਾ ਤੁਹਾਨੂੰ ਨਾਸਤਕ ਨਾ ਮਿਲੇ।" ਪ੍ਰੋ. ਪੰਨੂੰ ਅਤੇ ਡਾ. ਪਰੇਮ ਸਿੰਘ ਵੀ ਸ਼ੂਨ ਅਨੁਸਾਰ ਨਾਸਤਕ ਪ੍ਰਵਿਰਤੀ ਦੀ ਹੀ ਉਪਜ ਹਨ। ਪ੍ਰਸਿੱਧ ਸ਼ਾਇਰ ਗੋਇਟੇ ਅਨੁਸਾਰ ਨਾਸਤਕ ਉਹ ਹੈ ਜਿਸ ਕੋਲ ਉਹ ਅਨੁਭਵੀ ਪਰਵਾਜ਼ ਨਹੀਂ ਜਿਸ ਅਨੁਸਾਰ ਧਰਮਾਂ ਅਤੇ ਸਾਹਿਤ ਦੀ ਇਲਾਹੀ ਦ੍ਰਿਸ਼ਟੀ ਨੂੰ ਸਮਝਿਆ ਜਾ ਸਕਦਾ ਹੈ। ਗੋਇਟੇ ਅਨੁਸਾਰ ਰੱਬ ਨੂੰ ਨਾ ਮੰਨਣ ਵਾਲੇ, ਪਰ ਅਨੁਭਵੀ ਦ੍ਰਿਸ਼ਟੀ ਦੇ ਮਾਲਕ ਲੋਕ ਸਭ ਆਸਤਕ ਹਨ। ਨਾਸਤਕ ਉਹ ਹਨ ਜੋ ਰੱਬ ਰੱਬ ਕਰ ਕੇ ਰੱਬ ਤੋਂ ਤੁਹਾਨੂੰ ਦੂਰ ਲੈ ਜਾਣ। ਇਨ੍ਹਾਂ ਦੋਹਾਂ ਵਿਦਵਾਨਾਂ-ਪ੍ਰੋ. ਹਰਪਾਲ ਸਿੰਘ ਪੰਨੂੰ ਅਤੇ ਡਾ. ਪਰੇਮ ਸਿੰਘ ਦੇ ਵਿਚਾਰ ਨਾਸਤਕ ਹੋਣ ਦੇ ਨਾਲ-ਨਾਲ ਅਤਿ ਬੇ-ਰਸੇ ਅਤੇ ਦੂਸ਼ਣਬਾਜ਼ੀ ਨਾਲ ਲਬਰੇਜ਼ ਹਨ।

ਡਾ. ਪਰੇਮ ਸਿੰਘ ਅਤੇ ਪ੍ਰੋ. ਪੰਨੂੰ ਤੋਂ ਮੈਂ ਇਹ ਉਮੀਦ ਕਰਦਾ ਹਾਂ ਕਿ ਮਹਿਬੂਬ ਦੀਆਂ ਲਿਖਤਾਂ 'ਤੇ ਕੋਈ ਵਿਚਾਰ ਹੱਕ/ਵਿਰੋਧ ਵਿਚ ਦੇਣ ਤਾਂ ਕਿ ਉਨ੍ਹਾਂ ਦੀ ਸੂਝ ਦਾ ਮਿਆਰ ਜ਼ਾਹਿਰ ਹੋ ਸਕੇ। ਮਰਹੂਮ ਮਹਿਬੂਬ ਦੇ ਪਰਿਵਾਰ ਕੋਲ ਕੋਈ ਘਰ ਨਹੀਂ, ਉਸ ਨੇ ਕੋਈ ਰੁਪਿਆ ਨਹੀਂ ਜੋੜਿਆ। ਕੇਵਲ ਪੁਸਤਕਾਂ ਹੀ ਹਨ। ਆਪਣੇ ਯਾਰਾਂ ਦੋਸਤਾਂ ਨੂੰ ਵੀ ਉਹ ਰੱਜਵੀਆਂ ਪੁਸਤਕਾਂ ਦਿਆ ਕਰਦੇ ਸਨ। ਉਹ ਪੁਸਤਕ ਦੀ ਲੋੜ ਹੀ ਵੇਖਦੇ ਸਨ, ਮੁੱਲ ਵੱਲ ਕਦੀ ਧਿਆਨ ਨਹੀਂ ਸੀ ਦਿੱਤਾ। ਪਿਛਲੇ ਸਮੇਂ ਵਿਚ ਉਨ੍ਹਾਂ ਦੀ ਰਿਟਾਇਰਮੈਂਟ ਪਿੱਛੋਂ ਕੋਈ ਪੈਨਸ਼ਨ ਜਾਂ ਹੋਰ ਆਮਦਨੀ ਨਾ ਹੋਣ ਕਾਰਨ ਹੋ ਸਕਦਾ ਹੈ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੋਂ ਕੋਈ ਮਾਲੀ ਮੱਦਦ ਚਾਹੀ ਹੋਵੇ। ਇਹ ਤਾਂ ਉਨ੍ਹਾਂ ਦਾ ਸਦਾਚਾਰਕ ਹੱਕ ਸੀ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਿੱਖ ਧਰਮ ਅਤੇ ਕੌਮ ਦੇ ਹੀ ਲੇਖੇ ਲਾਈ ਹੈ। ਉਨ੍ਹਾਂ ਦੇ ਹਰਮਨ ਪਿਆਰੇ ਪ੍ਰੋ. ਪ੍ਰੀਤਮ ਸਿੰਘ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਲਿਜਾਣਾ ਚਾਹੁੰਦੇ ਸਨ, ਪਰ ਹਰਿੰਦਰ ਸਿੰਘ ਮਹਿਬੂਬ ਇਸ ਲਈ ਨਹੀਂ ਮੰਨੇ ਕਿ ਮੇਰਾ ਕੰਮ ਉਥੇ ਰੁਕ ਜਾਵੇਗਾ। ਦੁਨੀਆਂ ਦੇ ਗਿਣਤੀ ਦੇ ਸ਼ਾਇਰਾਂ ਵਿਚ ਉਨ੍ਹਾਂ ਦਾ ਵਿਸ਼ੇਸ਼ ਸਥਾਨ ਹੈ, ਜੋ ਸਦਾ ਰਹੇਗਾ।

---

## ਦੁਖਦੀ ਰਗ

# ਸ਼ਰੁਤੀ ਅਗਵਾ ਕਾਂਡ ਬਾਰੇ ਪੰਜਾਬ ਸਰਕਾਰ ਚੁੱਪ ਕਿਉਂ?

ਫਰੀਦਕੋਟ ਸ਼ਹਿਰ ਦੇ ਇਕ ਘਰ ਵਿਚ ਦਿਨੇ 10-12 ਹਥਿਆਰਬੰਦ ਗੁੰਡੇ ਆਏ ਅਤੇ ਅਸ਼ਵਨੀ ਕੁਮਾਰ ਅਰੋੜਾ ਦੀ ਧੀ ਸ਼ਰੁਤੀ ਨੂੰ ਅਗਵਾ ਕਰ ਕੇ ਲੈ ਗਏ ਤੇ ਸ਼ਰੁਤੀ ਦੇ ਮਾਂ-ਬਾਪ ਤੇ ਛੋਟੀ ਭੈਣ ਨੂੰ ਕੁੱਟ-ਕੁੱਟ ਕੇ ਅਧਮੋਇਆ ਕਰ ਗਏ। ਇਹ ਘਟਨਾ ਭਾਵੇਂ ਘੁੱਗ ਵਸਦੀ ਆਬਾਦੀ ਵਿਚ ਵਾਪਰੀ, ਪਰ ਕੋਈ ਵੀ ਡਰਦਾ ਬਚਾਅ ਲਈ ਨਾ ਆਇਆ। ਗੁਆਂਢੀਆਂ ਨੇ ਪੁਲਿਸ ਨੂੰ ਫੌਰੀ ਸੂਚਨਾ ਦਿੱਤੀ, ਪਰ ਪੁਲਿਸ ਦੇਰ ਨਾਲ ਪਹੁੰਚਣ ਕਰ ਕੇ ਗੁੰਡੇ ਆਪਣਾ ਕੰਮ ਕਰ ਕੇ ਫਰਾਰ ਹੋ ਗਏ।

ਸ਼ਹਿਰ ਦੇ ਲੋਕਾਂ ਨੇ ਪੁਲਿਸ ਦੇ ਦੇਰੀ ਨਾਲ ਆਉਣ 'ਤੇ ਥਾਣੇ ਅੱਗੇ ਚੱਕਾ ਜਾਮ ਕੀਤਾ। ਜਦ ਕਈ ਦਿਨ ਲੰਘ ਜਾਣ 'ਤੇ ਵੀ ਕੁਝ ਬਣਦਾ ਨਹੀਂ ਦਿਸਿਆ ਤਾਂ ਲੋਕਾਂ ਨੇ ਫਰੀਦਕੋਟ ਵੱਲ ਵਹੀਰਾਂ ਘੱਤ ਲਈਆਂ। ਸੌ ਤੋਂ ਵੀ ਵੱਧ ਜਥੇਬੰਦੀਆਂ ਸ਼ਰੁਤੀ ਕੇਸ ਦੇ ਹੱਕ ਵਿਚ ਉਤਰ ਆਈਆਂ। ਫਰੀਦਕੋਟ, ਫਿਰੋਜ਼ਪੁਰ, ਮੁਕਤਸਰ ਦੇ ਵਿਦਿਆਰਥੀਆਂ ਨੇ ਵੀ ਅੱਗੇ ਹੋ ਕੇ ਇਨ੍ਹਾਂ ਜਥੇਬੰਦੀਆਂ ਦਾ ਸਾਥ ਦਿੱਤਾ। ਸਾਂਝੀ ਐਕਸ਼ਨ ਕਮੇਟੀ ਵਲੋਂ ਫਰੀਦਕੋਟ ਬੰਦ ਅਤੇ ਪੁਲਿਸ ਖ਼ਿਲਾਫ ਧਰਨੇ ਤੇ ਮੁਜ਼ਾਹਰੇ ਦੇ ਦਿੱਤੇ ਸੱਦੇ 'ਤੇ ਪੰਜਾਬ ਭਰ ਤੋਂ ਹਜ਼ਾਰਾਂ ਲੋਕ ਫਰੀਦਕੋਟ ਪਹੁੰਚੇ। ਕਾਂਗਰਸ ਦੇ ਲੀਡਰ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਕੁਮਾਰ ਜਾਖੜ, ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਮਾਲਤੀ ਥਾਪਰ ਅਤੇ ਕਈ ਵਿਧਾਇਕਾਂ ਨੇ ਵੀ ਮੁਜ਼ਾਹਰੇ ਵਿਚ ਭਾਗ ਲਿਆ ਅਤੇ ਸਰਕਾਰ ਕੋਲੋਂ ਸ਼ਰੁਤੀ ਵਾਸਤੇ ਇਨਸਾਫ਼ ਦੀ ਮੰਗ ਕੀਤੀ।

ਇਹ ਤਾਂ ਸੀ ਪੰਜਾਬ ਅੰਦਰ ਗੁੰਡਾਗਰਦੀ ਖਿਲਾਫ਼ ਉਠਿਆ ਤੂਫ਼ਾਨ। ਦੂਜੇ ਪਾਸੇ, ਜਦੋਂ ਸਾਂਝੀ ਐਕਸ਼ਨ ਕਮੇਟੀ ਤੇ ਵਿਦਿਆਰਥੀਆਂ ਨੇ ਫਰੀਦਕੋਟ ਬੰਦ ਦਾ ਸੱਦਾ ਦਿੱਤਾ ਤਾਂ ਪੁਲਿਸ ਨੇ ਇਲਾਕੇ ਦੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਫੜਨਾ ਸ਼ੁਰੂ ਕਰ ਦਿੱਤਾ। ਇਸ ਨਾਲ ਲੋਕਾਂ ਵਿਚ ਰੋਹ ਹੋਰ ਭੜਕ ਉਠਿਆ। ਬਹੁਤ ਸਾਰੇ ਵਿਦਿਆਰਥੀਆਂ, ਜਿਨ੍ਹਾਂ ਦੇ ਬੀ.ਏ. ਆਖਰੀ ਸਾਲ ਦੇ ਪੇਪਰ ਹੋ ਰਹੇ ਸਨ, ਨੇ ਪੇਪਰ ਨਾ ਦੇ ਕੇ ਮੁਜ਼ਾਹਰੇ ਵਿਚ ਭਾਗ ਲਿਆ ਅਤੇ ਸੱਚ ਦੀ ਸੋਚ 'ਤੇ ਪਹਿਰਾ ਦਿੱਤਾ। ਇਸੇ ਦੌਰਾਨ ਸਰਕਾਰ ਨੇ ਬੰਦ ਤੋਂ ਕੁਝ ਘੰਟੇ ਪਹਿਲਾਂ ਜ਼ਿਲ੍ਹਾ ਪੁਲਿਸ ਮੁਖੀ ਗੁਰਬਿੰਦਰ ਸਿੰਘ ਢਿੱਲੋਂ ਦਾ ਤਬਾਦਲਾ ਕਰ ਕੇ ਉਥੇ ਗੁਰਪ੍ਰੀਤ ਸਿੰਘ ਤੂਰ ਨੂੰ ਤਾਇਨਾਤ ਕਰ ਦਿੱਤਾ। ਡੀ.ਆਈ.ਜੀ. ਅਤੇ ਐਸ.ਐਸ.ਪੀ. ਵੀ ਬਦਲੇ ਗਏ। ਪੰਜਾਬ ਦੇ ਲੋਕਾਂ ਨੇ ਇਕ ਵਾਰ ਤਾਂ ਪੰਜਾਬ ਦੇ ਤਖ਼ਤ ਨੂੰ ਹਲੂਣ ਕੇ ਰੱਖ ਦਿੱਤਾ ਹੈ।

ਇਹ ਖਬਰਾਂ ਦੱਸਦੀਆਂ ਹਨ ਕਿ ਪੰਜਾਬ ਹੁਣ ਜਾਗ ਪਿਆ ਹੈ ਅਤੇ ਉਹ ਸ਼ਰੁਤੀ ਦੀ ਹਿਫ਼ਾਜ਼ਤ ਲਈ ਸੜਕਾਂ 'ਤੇ ਆ ਗਿਆ ਹੈ, ਪਰ ਕਮਾਲ ਦੀ ਗੱਲ ਹੈ ਕਿ 'ਧਾਰਮਿਕ' ਸਰਕਾਰ ਦੇ ਪਿਤਾਮਾ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਨੰਨ੍ਹੀਆਂ ਛਾਂਵਾਂ ਨੂੰ ਬਚਾਉਣ ਦੀ ਦੁਹਾਈ ਦੇਣ ਵਾਲੀ ਬੀਬੀ ਹਰਸਿਮਰਤ ਕੌਰ ਬਾਦਲ ਅਤੇ ਬਾਦਲ ਸਾਹਿਬ ਦੇ ਕਸੀਦੇ ਪੜ੍ਹਨ ਵਾਲੇ ਬਿਕਰਮ ਸਿੰਘ ਮਜੀਠੀਆ-ਕਿਸੇ ਦੇ ਵੀ ਮੁਖਾਰਬਿੰਦ ਵਿਚੋਂ ਸ਼ਰੁਤੀ ਦੇ ਹੱਕ ਵਿਚ ਇਕ ਵੀ ਬੋਲ ਨਹੀਂ ਨਿਕਲਿਆ।

ਹੁਣ ਸਵਾਲ ਹੈ ਕਿ ਕੀ ਸ਼ਰੁਤੀ ਨੂੰ ਹਵਾ ਉਡਾ ਕੇ ਅਸਮਾਨ ਉਤੇ ਲੈ ਗਈ ਹੈ ਜਾਂ ਸ਼ਰੁਤੀ ਨੂੰ ਧਰਤੀ ਨੇ ਕਿਤੇ ਆਪਣੇ ਅੰਦਰ ਲੁਕੋ ਲਿਆ ਹੈ? ਪੰਜਾਬ ਅੰਦਰ ਤਰਥਲੀ ਮੱਚੀ ਹੋਈ ਹੈ, ਹਰ ਆਦਮੀ ਪੁੱਛ ਰਿਹਾ ਹੈ ਕਿ ਪੰਜਾਬ ਅੰਦਰ ਐਨਾ ਕਹਿਰ ਕਿਥੋਂ ਤੇ ਕਿਵੇਂ ਆ ਗਿਆ ਹੈ? ਕੀ ਅਸੀਂ ਹੁਣ ਇਹ ਸਮਝ ਲਈਏ ਕਿ ਪੰਜਾਬ ਅੰਦਰ ਜੰਗਲ ਰਾਜ ਹੈ? ਗਰੀਬਾਂ ਦੀਆਂ ਧੀਆਂ-ਭੈਣਾਂ ਹੁਣ ਆਪਣੇ ਘਰਾਂ ਦੇ ਅੰਦਰ ਵੀ ਮਹਿਫ਼ੂਜ਼ ਨਹੀਂ ਹਨ? ਪੰਜਾਬ ਦੇ ਲੋਕ ਕਿੱਥੇ ਜਾਣਗੇ? ਪੰਜਾਬ ਪੁਲਿਸ ਦਾ ਵਤੀਰਾ ਇਸ ਕੇਸ ਨੂੰ ਹੋਰ ਵੀ ਪੇਚੀਦਾ ਤੇ ਗੁੰਝਲਦਾਰ ਬਣਾ ਰਿਹਾ ਹੈ। ਸਰਕਾਰ ਦੀ ਚੁੱਪ ਵੀ ਡਾਢੀ ਖਤਰਨਾਕ ਲੱਗ ਰਹੀ ਹੈ।

ਸਾਰੇ ਪੰਜਾਬ ਵਿਚ ਦਿਨ-ਦਿਹਾੜੇ ਵਾਪਰੇ ਦੁਖਾਂਤ ਨੂੰ ਲੈ ਕੇ ਤਹਿਲਕਾ ਮਚਿਆ ਹੋਇਆ ਹੈ ਪਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਨਾਵਰ ਸਕੂਲ ਨੂੰ ਇਕ ਕਰੋੜ ਰੁਪਏ ਦਾ ਚੈਕ ਭੇਟ ਕਰ ਕੇ ਫੂਲੇ ਨਹੀਂ ਸਮਾ ਰਹੇ, ਕਿਉਂਕਿ ਕਦੀ ਨੰਨ੍ਹੇ ਜਿਹੇ ਸੁਖਬੀਰ ਸਾਹਿਬ ਇਸੇ ਹੀ ਸਨਾਵਰ ਸਕੂਲ ਵਿਚ ਪੜ੍ਹਦੇ ਹੁੰਦੇ ਸਨ। ਉਨ੍ਹਾਂ ਨੂੰ ਤਾਂ ਚਿਤ-ਚੇਤਾ ਵੀ ਨਹੀਂ ਹੋਣਾ ਕਿ ਕਿਸੇ ਗਰੀਬ ਬਾਪ ਅਸ਼ਵਨੀ ਕੁਮਾਰ ਦੀ ਧੀ ਨੂੰ ਗੁੰਡੇ ਚੁੱਕ ਕੇ ਲੈ ਗਏ ਹਨ। ਉਨ੍ਹਾਂ ਨੇ ਤਾਂ ਆਪਣੇ ਪ੍ਰਾਈਵੇਟ ਫਾਰਮਾਂ, ਹੋਟਲਾਂ, ਹਵੇਲੀਆਂ ਅਤੇ ਟੀ.ਵੀ. ਚੈਨਲਾਂ ਤੇ ਹਰਲ-ਹਰਲ ਕਰਦੀਆਂ ਬੱਸਾਂ ਦਾ ਵੀ ਤਾਂ ਖਿਆਲ ਰੱਖਣਾ ਹੁੰਦਾ ਹੈ! ਫਿਰ ਅੱਗਿਓਂ ਪਾਰਲੀਮੈਂਟ ਦੀਆਂ ਚੋਣਾਂ ਵੀ ਆਉਣ ਵਾਲੀਆਂ ਹਨ। 'ਘਰ ਦਾ ਭੇਤੀ ਲੰਕਾ ਢਾਏ' ਵਾਂਗ ਮਨਪ੍ਰੀਤ ਬਾਦਲ ਜੀ ਵੀ ਸਾਹ ਨਹੀਂ ਲੈਣ ਦਿੰਦੇ। ਪੰਜਾਬ ਨੂੰ ਉਹ ਕੀ ਕਰਨ? ਨਾਲੇ ਪੰਜਾਬ ਦਾ ਕੀ ਹੈ, ਪੰਜਾਬ ਤਾਂ ਜੀਂਦਾ ਹੈ ਗੁਰਾਂ ਦੇ ਨਾਮ 'ਤੇ! ਪਰ ਮੈਂ ਕਹਿੰਦੀ ਹਾਂ ਕਿ ਜਿਥੇ ਪੰਜਾਬ ਦੀ ਹਰ ਜਥੇਬੰਦੀ, ਵਿਦਿਆਰਥੀ ਤੇ ਮਾਨਵਤਾ ਨੂੰ ਪਿਆਰ ਕਰਨ ਵਾਲਾ ਇਨਸਾਨ ਇਸ ਸੰਘਰਸ਼ ਵਿਚ ਸ਼ਾਮਲ ਹੈ, ਆਉ ਅਸੀਂ ਵੀ ਅਰਦਾਸ ਕਰੀਏ ਕਿ ਸ਼ਰੁਤੀ ਨੂੰ ਰੱਬ ਇਨਸਾਫ਼ ਦੇਵੇ ਤੇ ਗੁਨਾਹਗਾਰਾਂ ਨੂੰ ਸਜ਼ਾਵਾਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

---

# ਮੇਰਾ ਵਸਦਾ ਰਹੇ ਪੰਜਾਬ

ਇਸੇ ਸਾਲ ਅਪ੍ਰੈਲ ਦੀ ਗੱਲ ਹੈ। ਮੈਂ ਅਤੇ ਮੇਰੇ ਪਤੀ ਨੇ ਜਹਾਜ਼ ਰਾਹੀਂ ਰਾਜਾਸਾਂਸੀ (ਅੰਮ੍ਰਿਤਸਰ) ਤੋਂ ਸ਼ਿਕਾਗੋ ਆਉਣਾ ਸੀ। ਦੋ-ਤਿੰਨ ਦਿਨਾਂ ਵਿਚ ਘਰ ਦੀ ਸਾਰੀ ਸਾਂਭ-ਸੰਭਾਲ ਕਰ ਕੇ ਦੁਪਹਿਰ ਦੇ ਬਾਰਾਂ ਕੁ ਵਜੇ ਸੋਚਿਆ ਕਿ ਬੈਂਕ ਵਿਚੋਂ ਥੋੜ੍ਹੇ ਪੈਸਿਆਂ ਦਾ ਲੈਣ-ਦੇਣ ਹੋ ਜਾਏ ਤਾਂ ਕਿ ਵਾਪਸ ਮੁੜਨ ਤੱਕ ਖਾਤਾ ਚੱਲਦਾ ਰਹੇ।

**ਸੁਖਨਿੰਦਰ ਕੌਰ ਸ਼ਿਕਾਗੋ**
**ਫੋਨ: 224-512-0500**

ਘਰ ਤੋਂ ਫਰਲਾਂਗ ਕੁ ਦੀ ਵਿੱਥ 'ਤੇ ਬੈਂਕ ਹੈ। ਮੈਂ ਪੈਸੇ ਜਮ੍ਹਾਂ ਕਰਵਾ ਕੇ ਸੜਕ ਤੋਂ ਹੇਠਾਂ ਆਪਣੇ ਘਰ ਵਾਲੀ ਗਲੀ ਵਿਚ ਦਾਖਲ ਹੋਈ ਹੀ ਸੀ ਕਿ ਅੱਗਿਓਂ ਮੋਟਰਸਾਈਕਲ ਉਪਰ ਦੋ ਨੌਜਵਾਨ ਲੰਘੇ। ਮੈਂ ਉਨ੍ਹਾਂ ਵੱਲ ਬਹੁਤਾ ਧਿਆਨ ਨਾ ਦਿੱਤਾ ਕਿਉਂਕਿ ਆਪਣੇ ਵਤਨ ਦੀ ਧਰਤੀ ਉਤੇ ਖਲੋਣ ਲਈ ਮੇਰੇ ਕੋਲ ਕੇਵਲ 3-4 ਘੰਟੇ ਹੀ ਬਚੇ ਸਨ। ਮੈਂ ਤਾਂ ਇਨ੍ਹਾਂ ਸੋਚਾਂ ਵਿਚ ਡੁੱਬੀ ਹੋਈ ਸਾਂ ਪਰ ਅਤੀਤ ਦੀਆਂ ਯਾਦਾਂ ਦਾ ਸਿਲਸਿਲਾ ਉਸ ਸਮੇਂ ਟੁੱਟ ਗਿਆ ਜਦੋਂ ਮੋਟਰਸਾਈਕਲ ਉਤੇ ਬੈਠੇ ਨੌਜਵਾਨਾਂ ਵਿਚੋਂ ਇਕ ਮੇਰੇ ਉਪਰ ਝਪਟਿਆ ਅਤੇ ਮੇਰੇ ਗਲ ਵਿਚ ਪਾਈ ਚੇਨੀ ਖਿੱਚ ਕੇ ਔਹ ਗਿਆ, ਔਹ ਗਿਆ। ਮੈਥੋਂ 7-8 ਕਦਮ ਹੀ ਅੱਗੇ ਦੂਜਾ ਮੁੰਡਾ ਮੋਟਰਸਾਈਕਲ ਸਟਾਰਟ ਰੱਖੀ ਖੜ੍ਹਾ ਸੀ। ਝਪਟਮਾਰ ਉਸ ਪਿੱਛੇ ਬੈਠ ਗਿਆ ਅਤੇ ਉਹ ਦੇਖਦੇ ਹੀ ਦੇਖਦੇ ਮੇਰੀਆਂ ਅੱਖਾਂ ਤੋਂ ਉਹਲੇ ਹੋ ਗਏ।

ਮੈਂ ਬਹੁਤ ਘਬਰਾ ਗਈ। ਨਾ ਤਾਂ ਚੇਨੀ ਖਿੱਚਣ ਵੇਲੇ ਮੇਰੀ ਧੌਣ ਨੂੰ ਪੀੜ ਹੋਈ, ਨਾ ਹੀ ਮੈਥੋਂ ਉਚੀ ਬੋਲਿਆ ਗਿਆ। ਮੇਰੇ ਐਨ ਲਾਗੇ ਦੋ ਬੀਬੀਆਂ ਜੋ ਕਿਸੇ ਦੇ ਘਰੋਂ ਸ਼ਾਇਦ ਕੰਮ ਕਰ ਕੇ ਨਿਕਲੀਆਂ ਸਨ, ਵੀ ਦੇਖਦੀਆਂ ਰਹਿ ਗਈਆਂ ਅਤੇ ਉਹ ਵੀ ਕੁਝ ਕਰ/ਬੋਲ ਨਾ ਸਕੀਆਂ। ਇਹ ਮੇਰੀ ਉਹੀ ਧਰਤੀ ਮਾਂ ਸੀ ਜਿਥੇ ਮੈਂ ਜੰਮੀ, ਪਲੀ, ਪੜ੍ਹੀ ਤੇ ਵੱਡੀ ਹੋਈ। ਜਿਸ ਦੀ ਮਿੱਟੀ ਨੂੰ ਕੁਝ ਮਿੰਟ ਪਹਿਲਾਂ ਮੈਂ ਸਜ਼ਦਾ ਕਰ ਰਹੀ ਸੀ ਅਤੇ ਇਸ ਤੋਂ ਵਿਛੋੜੇ ਲਈ ਤੜਫ ਰਹੀ ਸਾਂ। ਮੇਰੀ ਮਾਨਸਿਕਤਾ ਇਕਦਮ ਬਦਲ ਗਈ। ਮੈਂ ਇਹੀ ਸੋਚੀ ਜਾਵਾਂ ਕਿ ਹੁਣ "ਮੁੜ ਨਹੀਂ ਇੱਥੇ ਆਉਣਾ।"

ਅੱਜ ਪੰਜਾਬ ਦੇ ਜੋ ਹਾਲਾਤ ਹਨ, ਉਸ ਬਾਰੇ ਸੋਚ ਕੇ ਕਲੇਜਾ ਮੱਚ ਉਠਦਾ ਹੈ। ਲੁੱਟਾਂ, ਖੋਹਾਂ, ਚੋਰੀਆਂ, ਡਕੈਤੀਆਂ ਅਤੇ ਸਮਾਜਕ ਕਦਰਾਂ-ਕੀਮਤਾਂ ਦੇ ਡਿੱਗੇ ਮਿਆਰ ਤੋਂ ਇਲਾਵਾ ਸਮਾਜਕ ਸ਼ੋਸ਼ਣ ਦੀਆਂ ਵਾਰਦਾਤਾਂ ਨਿੱਤ ਗਲੀ-ਮੁਹੱਲਿਆਂ ਅਤੇ ਬਾਜ਼ਾਰਾਂ ਵਿਚ ਵਾਪਰਦੀਆਂ ਹਨ। ਜੇ ਕਿਤੇ ਕੋਈ ਵਿਰਲਾ-ਵਾਂਝਾ ਫੜਿਆ ਵੀ ਜਾਂਦਾ ਹੈ ਤਾਂ ਦਸ ਦਿਨ ਬਾਅਦ ਉਹ ਫਿਰ ਉਹੀ ਵਾਰਦਾਤਾਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ। ਪਤਾ ਨਹੀਂ ਪੁਲਿਸ ਉਸ ਨੂੰ ਤਕੜੇ ਹੱਥੀਂ ਨਹੀਂ ਲੈਂਦੀ ਜਾਂ ਇਸ ਵਿਚ ਹੋਰ ਕੀ ਰਾਜ਼ ਹੈ? ਇਸ ਸਭ ਕਾਸੇ ਦੀ ਜ਼ਿੰਮੇਵਾਰੀ ਕਿਸ ਦੀ ਹੈ? ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨਾ ਸਰਕਾਰ ਦਾ ਮੁੱਢਲਾ ਫਰਜ਼ ਹੈ। ਸਾਡੇ ਸਿਆਸਤਦਾਨ ਲੋਕਾਂ ਦੀ ਭਲਾਈ ਦੇ ਦਾਅਵੇ ਤਾਂ ਕਰਦੇ ਹਨ ਪਰ ਸਿਰਫ ਲੋਕਾਂ ਨੂੰ ਮੂਰਖ ਬਣਾਉਣ ਲਈ।

ਪੰਜਾਬ ਵਿਚ ਨਸ਼ਿਆਂ ਅਤੇ ਬੇਰੁਜ਼ਗਾਰੀ ਨੇ ਸਮਾਜ ਨੂੰ ਲੀਹੋਂ ਲਾਹ ਦਿੱਤਾ ਹੈ। ਮਾੜੇ ਅਨਸਰਾਂ ਦੀ ਗਿਣਤੀ ਵਧ ਰਹੀ ਹੈ। ਸਰਕਾਰਾਂ ਤਾਂ ਕੰਮ ਚਲਾਊ ਢੰਗ-ਤਰੀਕੇ ਅਪਨਾ ਕੇ ਆਪਣੀਆਂ ਸਭ ਜ਼ਿੰਮੇਵਾਰੀਆਂ ਤੋਂ ਪੱਲਾ ਝਾੜ ਲੈਂਦੀਆਂ ਹਨ ਪਰ ਜਿਨ੍ਹਾਂ ਘਰਾਂ ਵਿਚ ਨਸ਼ਾ ਪੈਰ ਪਾ ਚੁੱਕਾ ਹੈ, ਉਹ ਘਰ ਹਰ ਪੱਖੋਂ ਤਹਿਸ-ਨਹਿਸ ਹੋ ਚੁੱਕੇ ਹਨ। ਚੰਗੇ-ਚੰਗੇ ਘਰਾਂ ਦੇ ਮੁੰਡੇ ਅਤੇ ਕੁਝ ਕੁ ਕੁੜੀਆਂ ਨਸ਼ਿਆਂ ਵਿਚ ਗਲਤਾਨ ਹਨ। ਜਦ ਉਨ੍ਹਾਂ ਨੂੰ ਨਸ਼ਾ ਕਰਨ ਲਈ ਪੈਸੇ ਦਾ ਕੋਈ ਸਾਧਨ ਨਹੀਂ ਲੱਭਦਾ ਤਾਂ ਉਹ ਲੁੱਟਾਂ-ਖੋਹਾਂ ਦੀਆਂ ਹਰਕਤਾਂ 'ਤੇ ਆ ਜਾਂਦੇ ਹਨ। ਕਈ ਘਰਾਂ ਦੇ ਚਿਰਾਗ ਤਾਂ ਕਈ-ਕਈ ਸਾਲ ਕੰਬਦੇ-ਡੋਲਦੇ ਅਖੀਰ ਵਿਚ ਬੇ-ਮੌਕੇ ਹੀ ਬੁਝ ਜਾਂਦੇ ਹਨ। ਬੇਰੁਜ਼ਗਾਰੀ ਨੌਜਵਾਨਾਂ ਨੂੰ ਬੁਰੀ ਤਰ੍ਹਾਂ ਨਪੀੜ ਰਹੀ ਹੈ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਤਾਂ ਕਿਤੇ ਨਾ ਕਿਤੇ ਰੁਜ਼ਗਾਰ ਮਿਲ ਹੀ ਜਾਂਦਾ ਹੈ, ਪਰ ਜਿਹੜੇ ਬੱਚੇ ਛੋਟੀ ਉਮਰੇ ਹੀ ਪੜ੍ਹਾਈ ਛੱਡ ਜਾਂਦੇ ਹਨ, ਉਹ ਫਿਰ ਸਾਰੀ ਉਮਰ ਉਲਝੇ ਰਹਿੰਦੇ ਹਨ। ਅਮੀਰੀ ਗਰੀਬੀ ਦਾ ਪਾੜਾ ਦਿਨੋ-ਦਿਨ ਵਧ ਰਿਹਾ ਹੈ। ਸਿਆਸਤ ਵੀ ਸਰਮਾਏਦਾਰੀ ਦੀ ਹੈ। ਪੂਰਾ ਦੇਸ਼ ਭ੍ਰਿਸ਼ਟਾਚਾਰ ਦੀ ਗ੍ਰਿਫ਼ਤ ਵਿਚ ਹੈ।

ਪਰਦੇਸੀਂ ਬੈਠੇ ਵੀਰ ਭੈਣ ਆਪਣੇ ਦਿਲਾਂ ਵਿਚ ਆਪਣਿਆਂ ਪ੍ਰਤੀ ਪਿਆਰ, ਮੁਹੱਬਤ ਤੇ ਭਾਈਚਾਰਕ ਸਾਂਝ ਸਮੋਈ ਬੈਠੇ ਹਨ। ਆਪਣੇ ਦੇਸ਼ ਦੀ, ਆਪਣੇ ਪਿੱਛੇ ਰਹਿ ਗਿਆਂ ਦੀ ਖੈਰ ਸੁੱਖ ਮੰਗਦੇ ਹਨ। ਆਪਣੀਆਂ ਮਾਂਵਾਂ ਦੀਆਂ ਖਾਧੀਆਂ ਤੱਤੀਆਂ ਰੋਟੀਆਂ ਸਾਰੀ ਉਮਰ ਨਹੀਂ ਭੁੱਲਦੀਆਂ। ਹੁਣ ਤਾਂ ਇਹੀ ਅਰਦਾਸ ਹੈ ਕਿ ਆਪਣਾ ਪੰਜਾਬ ਮਾੜੀਆਂ ਅਲਾਮਤਾਂ ਤੋਂ ਬਚ ਜਾਵੇ। ਉਂਜ ਅੱਜਕੱਲ੍ਹ ਆਪਣੇ ਵੀ ਤਾਂ ਸੁਆਰਥਾਂ ਨਾਲ ਭਰੇ ਪਏ ਹਨ। ਰਿਸ਼ਤੇ-ਨਾਤੇ ਫਿੱਕੇ ਪੈ ਰਹੇ ਹਨ। ਸਾਡੇ ਆਪਣੇ ਭੁੱਲ ਜਾਂਦੇ ਹਨ ਕਿ ਵਿਦੇਸ਼ਾਂ ਵਿਚ ਆ ਕੇ ਮਿਹਨਤ ਅਤੇ ਲਿਆਕਤ ਨਾਲ ਹੀ ਖਾਸ ਮੁਕਾਮ ਹਾਸਲ ਹੁੰਦੇ ਹਨ। ਪਹਿਲੀ ਪੀੜ੍ਹੀ ਜੋ ਇੱਥੇ ਘਾਲਣਾ ਘਾਲਦੀ ਹੈ, ਉਹੀ ਜਾਣਦੀ ਹੈ ਕਿ ਸਫਰ ਕਿਸ ਬਲਾ ਦਾ ਨਾਂ ਹੈ। ਦੂਜੀ ਪੀੜ੍ਹੀ ਜ਼ਰੂਰ ਸੁੱਖ ਦਾ ਕੁਝ ਸਾਹ ਲੈਂਦੀ ਹੈ। ਇੱਥੇ ਆ ਕੇ ਮਿਹਨਤ ਦੀਆਂ ਹਨੇਰੀਆਂ ਲਿਆ ਕੇ ਮਸੀਂ ਬੰਦੇ ਨੂੰ ਰੋਟੀ ਮਿਲਦੀ ਹੈ। ਫਿਰ ਵੀ ਪਰਦੇਸੀਂ ਬੈਠਿਆਂ ਦੀ ਅਰਦਾਸ ਹੈ ਕਿ ਸਰਬੱਤ ਦਾ ਭਲਾ ਮੰਗਣ ਵਾਲਿਆਂ ਦਾ ਪੰਜਾਬ ਸਲਾਮਤ ਰਹੇ ਅਤੇ ਇਸ ਦੇ ਹਾਲਾਤ ਸੁਖਾਵੇਂ ਰਹਿਣ। ਪੰਜਾਬ ਤੋਂ ਇੱਥੇ ਤੱਕ ਸਦਾ ਠੰਢੀਆਂ ਹਵਾਵਾਂ ਪੁੱਜਦੀਆਂ ਰਹਿਣ।

# ਗਰੀਨ ਕਾਰਡ ਨੇ ਖੋਹ ਲਈਆਂ ਲਾਲੀਆਂ ਜੀ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਅਜੈਪਾਲ ਅਜੇ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦਾ ਪਰ ਮਾਂ-ਬਾਪ ਦਾ ਇਕਲੌਤਾ ਪੁੱਤ ਹੋਣ ਕਰ ਕੇ ਮਾਂ ਨੇ ਵੀਹ ਸਾਲ ਦੀ ਉਮਰ ਵਿਚ ਹੀ ਛੁਹਾਰਾ ਪੁਆ ਦਿੱਤਾ। ਵਿਆਹ ਦੀ ਪਹਿਲੀ ਵਰ੍ਹੇਗੰਢ ਅਜੇ ਲੰਘੀ ਹੀ ਸੀ ਕਿ ਅਜੈਪਾਲ ਦੇ ਵਿਹੜੇ ਪਰਮਾਤਮਾ ਨੇ ਗੁਲਾਬ ਦਾ ਫੁੱਲ ਖਿੜਾ ਦਿੱਤਾ। ਅਜੈਪਾਲ ਦੀ ਘਰਵਾਲੀ ਕਮਲ ਸੱਚੀਂ 'ਕੰਵਲ ਦੇ ਫੁੱਲ' ਵਰਗੀ ਸੀ। ਫਿਰ ਪਤਾ ਨਹੀਂ ਕਿਉਂ, ਅਜੈਪਾਲ ਨੇ ਸੱਤ ਸਮੁੰਦਰੋਂ ਪਾਰ ਜਾਣ ਦਾ ਮਨ ਬਣਾ ਲਿਆ। ਏਜੰਟ ਲੱਭ ਕੇ ਕੁੱਤੇ ਜਿੰਨੀ ਉਚੀ ਢੇਰੀ ਨੋਟਾਂ ਦੀ ਲਾ ਕੇ ਅਮਰੀਕਾ ਆ ਗਿਆ। ਚਾਚਾ-ਚਾਚੀ ਨੇ ਬੜੇ ਪਿਆਰ ਨਾਲ 'ਜੀ ਆਇਆਂ ਨੂੰ' ਆਖਿਆ। ਪੰਜਾਬੀ ਵਕੀਲ ਰਾਹੀਂ ਰਿਫਿਊਜੀ ਕੇਸ ਕਰਵਾ ਦਿੱਤਾ। ਇੰਟਰਵਿਊ ਦੀ ਚਿੱਠੀ ਆਈ ਤਾਂ ਅਜੈਪਾਲ ਤਰੀਕ 'ਤੇ ਪਹੁੰਚ ਨਾ ਸਕਿਆ। ਫਿਰ 'ਵਕਤੋਂ ਖੁੰਝੀ ਡੂਮਣੀ ਗਾਵੇ ਆਲ-ਪਤਾਲ' ਵਾਂਗ ਇੱਧਰ-ਉਧਰ ਹੱਥ ਮਾਰਨ ਲੱਗਿਆ। ਅਖੀਰ ਚਾਚੇ ਨੇ ਆਪਣੇ ਕਿਸੇ ਸੱਜਣ ਮਿੱਤਰ ਦੇ ਗੈਸ ਸਟੇਸ਼ਨ 'ਤੇ ਲਵਾ ਦਿੱਤਾ। ਅਜੈਪਾਲ ਕੰਮ ਤਾਂ ਕਰੀ ਜਾਂਦਾ, ਪਰ ਪੇਅ ਚੈਕ ਵਕੀਲ ਸਾਹਿਬ ਲੈ ਜਾਂਦੇ। ਕੰਮ ਛੱਡ ਕੇ ਜਦ ਉਹ ਵਕੀਲ ਸਰ੍ਹਾਣੇ ਬੈਠਦਾ ਤਾਂ ਉਹ ਲਾਰਿਆਂ ਨਾਲ ਹੀ ਉਸ ਨੂੰ ਸਿਟੀਜ਼ਨ ਬਣਾ ਕੇ ਤੋਰ ਦਿੰਦਾ।

ਅਖੀਰ ਕਿਸੇ ਨੇ ਸਲਾਹ ਦਿੱਤੀ ਕਿ ਪੱਕੀ ਕੁੜੀ ਲੱਭ ਕੇ ਵਿਆਹ ਕਰਵਾ ਕੇ ਪੱਕਾ ਹੋ ਜਾ। ਅਜੈਪਾਲ ਨੇ ਫਿਰ ਇਕ ਹਮਉਮਰ ਪੰਜਾਬਣ ਨਾਲ ਦਿਲ ਵਟਾ ਲਿਆ। ਪਿੰਡ ਵਾਲੀ ਆਪਣੀ ਘਰਵਾਲੀ ਬਾਰੇ ਕੁਝ ਦੱਸਿਆ ਨਾ, ਪਰ ਆਪ ਆਪਣੀ ਘਰਵਾਲੀ ਕਮਲ ਨੂੰ ਇਹ ਕਹਿ ਕੇ ਤਲਾਕ ਮੰਗਾ ਲਿਆ ਕਿ ਪੱਕਾ ਹੋਣ ਲਈ ਇੱਥੇ ਵਿਆਹ ਕਰਵਾਉਣਾ ਪੈਣਾ ਹੈ। ਕਮਲ ਨੇ ਘਰੇ ਗਰੀਨ ਕਾਰਡ ਆਉਣ ਦੀ ਖੁਸ਼ੀ ਸੁਣ ਕੇ ਝੱਟ ਤਲਾਕ ਭੇਜ ਦਿੱਤਾ।

ਅਜੈਪਾਲ ਪੰਜਾਬਣ ਕੁੜੀ 'ਸਿੰਮੀ' ਨਾਲ ਚਾਚਾ-ਚਾਚੀ ਤੋਂ ਵੱਖਰੇ ਅਪਾਰਟਮੈਂਟ ਵਿਚ ਰਹਿਣ ਲੱਗ ਗਿਆ। ਸਿੰਮੀ ਨੇ ਵੀ ਆਪਣੀ ਡੋਲੀ ਆਪਣੇ ਘਰੋਂ ਆਪ ਹੀ ਵਿਦਾ ਕਰ ਲਈ ਅਤੇ ਉਹਦੇ ਨਾਲ ਰਹਿਣ ਲੱਗ ਪਈ। ਚਾਚਾ-ਚਾਚੀ ਨੂੰ ਪਤਾ ਹੀ ਨਾ ਲੱਗਿਆ ਕਿ ਅਜੈਪਾਲ ਨੇ ਕਦੋਂ ਚੁੱਪ-ਚਪੀਤੇ ਵਿਆਹ ਦੀਆਂ ਸ਼ਹਿਨਾਈਆਂ ਵਜਾ ਲਈਆਂ, ਪਰ ਪਿੰਡ ਵਾਲੇ ਅਜੈਪਾਲ ਦਾ ਵਿਆਹ ਕਰਵਾਉਣ ਵਿਚ ਚਾਚਾ-ਚਾਚੀ ਦਾ ਪੂਰਾ ਹੱਥ ਸਮਝਦੇ ਰਹੇ। ਹੁਣ ਕਮਲ ਨੂੰ ਵੀ ਪਤਾ ਲੱਗ ਗਿਆ ਕਿ ਘਰ ਗਰੀਨ ਕਾਰਡ ਨਹੀਂ, ਸੌਕਣ ਆ ਗਈ ਹੈ। ਸੌਕਣ ਨੂੰ ਔਰਤ ਨੇ ਕਿਸੇ ਕੀਮਤ 'ਤੇ ਵੀ ਸਵੀਕਾਰ ਨਹੀਂ ਕੀਤਾ, ਪਰ ਕਮਲ ਨੂੰ ਸੱਤ ਸਮੁੰਦਰਾਂ ਦੀ ਦੂਰੀ ਮਾਰ ਗਈ।

ਇੱਧਰ ਵੀ ਕਸ਼ਮੀਰ ਦਾ ਮਸਲਾ ਖੜ੍ਹਾ ਹੋ ਗਿਆ; ਸਿੰਮੀ ਨੂੰ ਅਜੈਪਾਲ ਦੇ ਪਿੰਡ ਵਾਲੇ ਵਿਆਹ ਦਾ ਪਤਾ ਲੱਗ ਗਿਆ। ਉਸ ਨੂੰ ਪਿੰਡ ਵਾਲੀ ਸੌਕਣ ਦਿੱਸਣ ਲੱਗੀ। ਅਜੈਪਾਲ ਨੇ ਮਿੰਨਤਾਂ-ਤਰਲੇ ਕਰ ਕੇ ਸਿੰਮੀ ਤੋਂ ਪੇਪਰ ਭਰਵਾ ਲਏ, ਹੁਣ ਇੰਟਰਵਿਊ ਦੀਆਂ ਚਿੱਠੀਆਂ ਉਡੀਕਣ ਲੱਗਿਆ। ਉਧਰ ਪਿੰਡ ਕਮਲ ਨੇ ਪੀਰ ਫਕੀਰ ਧਿਆਉਣੇ ਸ਼ੁਰੂ ਕਰ ਦਿੱਤੇ ਕਿ 'ਮੇਰਾ ਅਜੈਪਾਲ ਵਾਪਸ ਮੁੜ ਆਵੇ, ਅਜੇ ਤਾਂ ਮੈਂ ਜਵਾਨੀ ਦੀਆਂ ਵੰਗਾਂ ਵੀ ਨਹੀਂ ਛਣਕਾਈਆਂ।' ਅਜੈਪਾਲ ਦੇ ਮਾਂ-ਬਾਪ ਆਪ ਖੁਦ ਪਛਤਾ ਰਹੇ ਸਨ ਕਿ 'ਜੇ ਸਾਡੇ ਪੁੱਤ ਨੇ ਇਸ ਤਰ੍ਹਾਂ ਹੀ ਕਰਨੀ ਸੀ ਤਾਂ ਅਸੀਂ ਬੇਗਾਨੀ ਧੀ ਨੂੰ ਕਿਉਂ ਦੁੱਖਾਂ ਵਿਚ ਪਾਉਂਦੇ' ਪਰ ਮਾਂ-ਬਾਪ ਨੂੰ ਪਤਾ ਨਹੀਂ ਸੀ ਕਿ ਇਹ ਸਭ ਚੱਕਰ ਗਰੀਨ ਕਾਰਡ ਹਾਸਲ ਕਰਨ ਲਈ ਪਏ ਹੋਏ ਹਨ।

ਅਜੈਪਾਲ ਚਿੱਠੀ ਉਡੀਕ ਰਿਹਾ ਸੀ ਕਿ ਕਦੋਂ ਜੇਬ ਵਿਚ ਗਰੀਨ ਕਾਰਡ ਪੈਂਦਾ ਹੈ, ਕਦੋਂ ਉਹ ਖੁਸ਼ੀਆਂ ਮਨਾਉਂਦਾ, ਗਿੱਧਾ ਪਾਉਂਦਾ, ਨੱਚਦਾ ਏਅਰਪੋਰਟ 'ਤੇ ਜਾਵੇ! ਅਜੈਪਾਲ ਦੇ ਚਾਵਾਂ ਦੀ ਮਿੱਟੀ ਹੋ ਗਈ ਜਦੋਂ ਸਿੰਮੀ ਨੇ ਦੱਸਿਆ ਕਿ ਤੁਸੀਂ ਡੈਡੀ ਬਣਨ ਵਾਲੇ ਹੋ। ਖੁਸ਼ੀ ਦੀ ਖ਼ਬਰ ਸੁਣ ਅਜੈਪਾਲ ਗਮਾਂ ਦੇ ਸਮੁੰਦਰ ਵਿਚ ਡੁੱਬਣ ਲੱਗਾ।...ਸੋਚਾਂ ਦੀ ਤੰਦ ਟੁੱਟ ਗਈ ਜਦੋਂ ਸਿੰਮੀ ਨੇ ਕਿਹਾ ਕਿ ਚਲੋ ਗੁਰਦੁਆਰੇ ਮੱਥਾ ਟੇਕ ਕੇ ਆਈਏ ਤੇ ਪਰਮਾਤਮਾ ਦਾ ਸ਼ੁਕਰਾਨਾ ਕਰੀਏ। ਜਿਸ ਦਿਨ ਦੀ ਸਿੰਮੀ ਨੇ ਡੈਡੀ ਬਣਨ ਵਾਲੀ ਖ਼ਬਰ ਸੁਣਾਈ ਸੀ, ਉਸੇ ਦਿਨ ਤੋਂ ਅਜੈਪਾਲ ਗੁੰਮ-ਸੁੰਮ ਰਹਿਣ ਲੱਗ ਪਿਆ ਸੀ। ਉਸ ਨੂੰ ਆਪਣੀ ਘਰਵਾਲੀ ਕਮਲ ਤੇ ਪੁੱਤ, ਅੱਖਾਂ ਸਾਹਮਣੇ ਦਿੱਸਣ ਲੱਗੇ। ਉਹ ਕਈ ਵਾਰ ਸਿੰਮੀ ਨੂੰ ਵੀ ਕਮਲ ਆਖ ਕੇ ਬੁਲਾ ਲੈਂਦਾ, ਸਿੰਮੀ ਖਿਝ ਕੇ ਅਜੈਪਾਲ ਨੂੰ ਬੁਰਾ ਭਲਾ ਆਖਦੀ। ਅਜੈਪਾਲ ਸਬਰ ਦਾ ਘੁੱਟ ਪੀ ਜਾਂਦਾ।

ਇਮੀਗ੍ਰੇਸ਼ਨ ਵਾਲਿਆਂ ਫੀਸ ਭਰਨ ਵਾਸਤੇ ਚਿੱਠੀ ਪਾ ਦਿੱਤੀ। ਸਿੰਮੀ ਨੇ ਚਿੱਠੀ ਅਟੈਚੀਕੇਸ ਵਿਚ ਰੱਖ ਦਿੱਤੀ। ਫਿਰ ਅਜੈਪਾਲ ਨੇ ਮਨ ਬਣਾ ਲਿਆ ਕਿ ਸਭ ਕੁਝ ਛੱਡ ਕੇ ਪਿੰਡ ਵਾਪਸ ਮੁੜ ਜਾਵਾਗਾਂ। ਸਿੰਮੀ ਨੇ ਅਜੈਪਾਲ ਦੀ ਜੇਬ ਵਿਚ ਗਰੀਨ ਕਾਰਡ ਤਾਂ ਪਾਇਆ ਨਹੀਂ, ਪਰ ਉਸ ਦੀ ਝੋਲੀ ਵਿਚ ਪੁੱਤ ਪਾ ਦਿੱਤਾ। ਅਜੈਪਾਲ ਨੂੰ ਪੁੱਤ ਨਹੀਂ, 'ਹਰਾ ਪੱਤਾ' ਚਾਹੀਦਾ ਸੀ! ਧੀਆਂ ਪੇਕਿਆਂ ਨੂੰ ਨਹੀਂ, ਮਾਂਵਾਂ ਨੂੰ ਰੋਂਦੀਆਂ ਹੁੰਦੀਆਂ ਹਨ। ਸਿੰਮੀ ਨੂੰ ਹੁਣ ਮਾਂ ਦੀ ਯਾਦ ਆਉਣ ਲੱਗੀ। ਅਜੈਪਾਲ ਦਾ ਸਹੀ ਢੰਗ ਨਾਲ ਸਹਿਯੋਗ ਨਾ ਦੇਣਾ ਅਤੇ ਛੋਟੇ ਜਿਹੇ ਬੱਚੇ ਨੂੰ ਸਾਂਭਣਾ ਸਿੰਮੀ ਲਈ ਬਹੁਤ ਔਖਾ ਹੋ ਗਿਆ ਸੀ। ਉਹ ਹੌਲੀ-ਹੌਲੀ ਮਾਂ ਦੇ ਨੇੜੇ ਤੇ ਅਜੈਪਾਲ ਤੋਂ ਦੂਰ ਹੋਣ ਲੱਗ ਗਈ। ਪਿੰਡ ਕਮਲ ਨੂੰ ਸਿੰਮੀ ਦੇ ਪੁੱਤ ਜੰਮਣ ਦੀ ਖ਼ਬਰ ਮਿਲ ਗਈ। ਉਸ ਨੇ ਪਿੱਟ-ਪਿੱਟ ਕੇ ਪਿੰਡ ਇਕੱਠਾ ਕਰ ਲਿਆ ਕਿ ਪਹਿਲਾਂ ਮੇਰੀ ਸੌਕਣ ਲੈ ਆਇਆ, ਹੁਣ ਪੁੱਤ ਦਾ ਸਰੀਕ ਜੰਮ ਲਿਆ, ਮੈਂ ਕਿਹੜੇ ਖੂਹ-ਖਾਤੇ ਜਾਵਾਂ। ਜਿਵੇਂ ਭੱਜੀਆਂ ਬਾਹਾਂ ਗਲ ਨੂੰ ਆਉਂਦੀਆਂ ਨੇ, ਇਸੇ ਤਰ੍ਹਾਂ ਅਜੈਪਾਲ ਚਾਚਾ-ਚਾਚੀ ਕੋਲ ਆ ਗਿਆ। ਸਿੰਮੀ ਆਪਣਾ ਪੁੱਤ ਲੈ ਕੇ ਫਿਰ ਮਾਂ ਦੀ ਸਿਆਣੀ ਧੀ ਬਣਨ ਲੱਗੀ।

ਚਾਚਾ-ਚਾਚੀ ਨੇ ਦੁਬਾਰਾ ਪੈਸੇ ਲਾ ਕੇ ਵਕੀਲ ਕੀਤਾ ਕਿ ਅਜੈਪਾਲ ਨੂੰ ਗਰੀਨ ਕਾਰਡ ਮਿਲ ਜਾਵੇ। ਜੋ ਹੋਣਾ ਸੀ, ਉਹ ਤਾਂ ਹੋ ਗਿਆ। ਸਮਾਂ ਬੀਤਿਆ। ਸਿੰਮੀ ਮੁੜ ਕੰਮ 'ਤੇ ਜਾਣ ਲੱਗੀ। ਅਜੈਪਾਲ ਨੇ ਆਪਣਾ ਰਾਹ ਵੱਖਰਾ ਕਰ ਲਿਆ। ਸਿੰਮੀ ਦੇ ਖਾਲੀ ਹੋਏ ਦਿਲ ਵਿਚ ਕਿਸੇ ਹੋਰ ਨੇ ਆ ਕੇ ਡੇਰੇ ਲਾ ਲਏ। ਸਿੰਮੀ ਨੇ ਸੋਚਿਆ ਕਿ ਅਜੈਪਾਲ ਨਹੀਂ ਤਾਂ ਚੱਲੋ 'ਕੁਲਜੀਤ' ਆ ਗਿਆ।

ਕੁਲਜੀਤ ਪੜ੍ਹਿਆ-ਲਿਖਿਆ ਤਕੜੇ ਘਰ ਦਾ ਮੁੰਡਾ ਸੀ। ਉਸ ਦੇ ਮਾਮਿਆਂ ਨੇ ਅਮਰੀਕਾ ਦੀ ਸਿਟੀਜ਼ਨ ਕੁੜੀ ਲੱਭ ਕੇ ਉਸ ਦਾ ਵਿਆਹ ਕਰ ਦਿੱਤਾ। ਕੁੜੀ ਕੁਲਜੀਤ ਤੋਂ ਪੰਜ-ਛੇ ਸਾਲ ਵੱਡੀ ਸੀ ਪਰ ਅਮਰੀਕਾ ਦਾ ਲਾਲਚ!! ਕੁੜੀ ਵਾਲਿਆਂ ਨੇ ਸੋਚਿਆ ਕਿ ਸਾਡੀ ਸਿਟੀਜ਼ਨ ਕੁੜੀ ਦੀ ਬਦੌਲਤ ਸਾਡਾ ਨਾਤਾ ਤਕੜਿਆਂ ਨਾਲ ਜੁੜਨ ਲੱਗਾ ਹੈ, ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਪੂਰੀ ਪਹੁੰਚ ਹੈ। ਦੋਹਾਂ ਪਾਸਿਆਂ ਦੇ ਲਾਲਚ ਨੇ ਜੋੜੀ ਬਣਾ ਨਹੀਂ, ਨਰੜ ਦਿੱਤੀ।

ਤਕੜੇ ਘਰਾਂ ਦੇ ਕਾਕੇ ਉਨਾ ਚਿਰ ਹੀ ਸਿਟੀਜ਼ਨ ਪਿੰਜਰੇ ਵਿਚ ਰਹਿੰਦੇ ਹਨ ਜਿੰਨਾ ਚਿਰ ਗਰੀਨ ਕਾਰਡ ਦੀ ਚੋਗ ਨਹੀਂ ਮਿਲਦੀ। ਤਲੀ 'ਤੇ ਧਰੀ ਗਰੀਨ ਕਾਰਡ ਦੀ ਚੋਗ ਚੁਗ ਕੇ ਉਡਾਰੀ ਮਾਰ ਜਾਂਦੇ ਹਨ। ਕੁਲਜੀਤ ਵੀ ਇਹ ਚੋਗ ਚੁਗਣ ਆਇਆ ਸੀ। ਆਪਣੀ ਘਰਵਾਲੀ ਨਾਲੋਂ ਉਸ ਨੂੰ ਸਿੰਮੀ ਹੱਦੋਂ ਵੱਧ ਸੋਹਣੀ ਤੇ ਪਿਆਰੀ ਲੱਗੀ। ਸਿੰਮੀ ਨੇ ਵੀ ਹੁਣ ਮਾਪਿਆਂ ਦਾ ਘੱਟ ਫਿਕਰ ਕੀਤਾ, ਤੇ ਅਜੈਪਾਲ ਦਾ ਜ਼ਿਕਰ ਤਾਂ ਕੀਤਾ ਹੀ ਨਹੀਂ। ਕੁਲਜੀਤ ਨੂੰ ਸਿੰਮੀ ਦੇ ਪੁੱਤ ਬਾਰੇ ਉਸ ਦਿਨ ਪਤਾ ਲੱਗਿਆ ਜਦੋਂ ਲੇਡੀ ਡਾਕਟਰ ਨੇ ਕਿਹਾ, "ਸਿੰਮੀ ਤੇਰੇ ਬੇਟੇ ਦਾ ਕੀ ਹਾਲ ਹੈ?" ਸਿੰਮੀ ਜਿਵੇਂ ਪੱਥਰ ਦੀ ਮੂਰਤ ਬਣ ਗਈ ਹੋਵੇ, ਜਿਵੇਂ ਅੱਜ ਉਸ ਨੇ ਅਜੈਪਾਲ ਵਾਲਾ ਗੁਨਾਹ ਕੁਲਜੀਤ ਨਾਲ ਕੀਤਾ ਹੋਵੇ। "ਹੈਲੋ ਸਿੰਮੀ, ਤੂੰ ਦੁਬਾਰਾ ਮਾਂ ਬਣਨ ਵਾਲੀ ਹੈਂ!" ਲੇਡੀ ਡਾਕਟਰ ਨੇ ਕਿਹਾ।

ਜਦੋਂ ਦੋਵੇਂ ਘਰ ਵਾਪਸ ਆਏ ਤਾਂ ਜੰਮ ਕੇ ਲੜਾਈ ਹੋਈ। ਤਿੰਨਾਂ ਵਿਚੋਂ ਭਲਾਮਾਣਸ ਕੋਈ ਵੀ ਨਹੀਂ ਸੀ। ਨਾ ਸਿੰਮੀ, ਨਾ ਅਜੈਪਾਲ ਤੇ ਨਾ ਕੁਲਜੀਤ। ਸਭ ਨੇ ਦੂਜੇ ਦੇ ਅਰਮਾਨਾਂ ਨੂੰ ਜਲਾ ਕੇ ਆਪਣੀ ਲੋੜ ਦੀਆਂ ਰੋਟੀਆਂ ਸੇਕੀਆਂ ਸਨ। ਸੱਚੇ ਮਨ ਨਾਲ ਰੱਬ ਨੂੰ ਤਾਂ ਕਮਲ ਹੀ ਧਿਆਉਂਦੀ ਸੀ ਜਿਸ ਨੇ ਹਮੇਸ਼ਾ ਸਿਰ ਦੇ ਸਾਈਂ ਦੀ ਖੈਰ ਮੰਗੀ ਸੀ। ਸਹੁਰਿਆਂ ਦੇ ਘਰ ਦੀ ਦਹਿਲੀਜ਼ ਬਿਨਾਂ ਪੁੱਛਿਆਂ ਨਹੀਂ ਸੀ ਟੱਪੀ। ਅਜੈਪਾਲ ਦਾ ਪੁੱਤ ਪਾਲ ਕੇ ਮਾਂ ਦੇ ਦੁੱਖ ਸੁਣਨ ਜੋਗਾ ਕਰ ਦਿੱਤਾ ਸੀ। ਕਮਲ ਪੁੱਤ ਸਹਾਰੇ ਅਤੇ ਰੱਬ ਦੇ ਆਸਰੇ ਦਿਨ ਕੱਢ ਰਹੀ ਸੀ। ਅਜੈਪਾਲ ਨੇ ਇਕ ਵੀ ਡਾਲਰ ਪਿੰਡ ਨਹੀਂ ਭੇਜਿਆ, ਜੋ ਕਮਾਇਆ ਕੋਰਟ-ਕਚਹਿਰੀਆਂ, ਅਪੀਲਾਂ-ਵਕੀਲਾਂ 'ਤੇ ਲਾ ਦਿੱਤਾ। ਬੀਜਣ ਵਾਲੇ ਪੋਰ ਵਾਂਗ ਖਾਲੀ ਦਾ ਖਾਲੀ ਹੀ ਰਿਹਾ। ਗੁਰਮੁੱਖ ਸੁਭਾਅ ਦੇ ਚਾਚੇ ਨੇ ਅਜੈਪਾਲ ਦਾ ਬਹੁਤ ਸਾਥ ਦਿੱਤਾ ਪਰ ਕਿਸਮਤ ਨੇ ਸਾਥ ਨਾ ਦਿੱਤਾ। ਮਸ਼ਹੂਰ ਵਕੀਲ ਵੀ ਅਜੈਪਾਲ ਦੀ ਜੇਬ ਵਿਚ ਗਰੀਨ ਕਾਰਡ ਨਾ ਪਵਾ ਸਕਿਆ।

ਕੁਲਜੀਤ ਦੀ ਪਹਿਲੀ ਘਰਵਾਲੀ ਕੋਲ ਵੀ ਕੁੜੀ ਸੀ ਤੇ ਹੁਣ ਸਿੰਮੀ ਨੇ ਵੀ ਕੁੜੀ ਨੂੰ ਜਨਮ ਦੇ ਦਿੱਤਾ। ਕੁਲਜੀਤ ਨੂੰ ਸਿੰਮੀ ਹੁਣ ਖਾਲੀ ਬੋਤਲ ਜਾਪਣ ਲੱਗੀ ਜਿਸ ਦੀ ਕੀਮਤ ਬੱਸ ਕੁਝ ਸੈਂਟ ਹੀ ਰਹਿ ਗਈ ਸੀ। ਉਹ ਤਾਂ ਕਹਿੰਦਾ, ਮੈਂ ਅਮੀਰ ਘਰ ਦਾ ਲੜਕਾ ਹਾਂ, ਮੈਨੂੰ ਬਥੇਰੀਆਂ ਸਿੰਮੀਆਂ ਮਿਲ ਜਾਣਗੀਆਂ, ਮੈਂ ਗਰੀਨ ਕਾਰਡ ਤੋਂ ਕੀ ਕਰਵਾਉਣਾ ਹੈ? ਫਿਰ ਇਕ ਦਿਨ ਕੁਲਜੀਤ ਇੰਡੀਆ ਤੁਰ ਗਿਆ, ਕੋਈ ਹੋਰ ਸਿੰਮੀ ਲੱਭਣ!

ਇਸ ਵਾਰ ਸਿੰਮੀ ਦੀ ਮਾਂ ਨੇ ਉਸ ਨੂੰ ਗਲ ਨਾਲ ਨਹੀਂ ਲਾਇਆ, ਸਗੋਂ ਲਾਹ ਕੇ ਪਰ੍ਹਾਂ ਵਗਾਹ ਦਿੱਤਾ ਤੇ ਬੋਲੀ, 'ਜੇ ਆਹ ਕੁਝ ਕਰਨਾ ਸੀ, ਮੈਂ ਤੈਨੂੰ ਜੰਮਦੀ ਨੂੰ ਮਾਰ ਦਿੰਦੀ। ਅਸੀਂ ਤੈਨੂੰ ਪਾਲਿਆ, ਪੜ੍ਹਾਇਆ। ਹੁਣ ਤੇਰੇ ਲਈ ਮੁੰਡਾ ਵੀ ਲੱਭ ਸਕਦੇ ਸੀ। ਸਾਡੀ ਇੱਜ਼ਤ ਕੱਖਾਂ ਵਿਚ ਰੋਲ ਕੇ ਸਾਨੂੰ ਛੱਡ ਕੇ ਬੇਗਾਨੇ ਪੁੱਤ ਨਾਲ ਰਹਿਣ ਲੱਗ ਪਈ। ਜਾਹ ਜਿੱਥੇ ਮਰਜ਼ੀ ਮਰ।' ਮਾਂ ਨੇ ਇਹ ਕਹਿ ਕੇ ਬੂਹਾ ਬੰਦ ਕਰ ਦਿੱਤਾ। ਸਿੰਮੀ ਦੋ ਨਿਆਣੇ ਚੁੱਕੀ ਕਿਸੇ ਹੋਰ ਸਹਾਰੇ ਵੱਲ ਹੋ ਤੁਰੀ।

ਅਜੈਪਾਲ ਦੀ ਆਸ ਦਾ ਬੂਰ ਝੜ ਗਿਆ। ਵਕੀਲ ਨੇ ਮਲਾਈ ਛਕ ਲਈ ਤੇ ਸਪਰੇਟਾ ਅਜੈਪਾਲ ਨੂੰ ਦੇ ਕੇ ਕਹਿ ਦਿੱਤਾ, "ਮਿਸਟਰ ਸਿੰਘ, ਆਈ ਥਿੰਕ ਯੂ ਹੈਵ ਏ ਬੈਡ ਲੱਕ।" ਰੋਂਦਾ ਅਜੈਪਾਲ ਜਹਾਜ਼ ਚੜ੍ਹ ਗਿਆ। ਕਈ ਸਾਲਾਂ ਦੀਆਂ ਹਨੇਰੀਆਂ ਦੀਵਾਲੀਆਂ ਲੰਘਾ ਕੇ ਐਤਕੀਂ ਕਮਲ ਨੇ ਚਾਵਾਂ ਦਾ ਤੇਲ ਭਰ-ਭਰ ਕੇ ਦੀਵੇ ਜਗਾਏ। ਉਸ ਦੀਆਂ ਅਰਦਾਸਾਂ ਸਫ਼ਲ ਹੋਈਆਂ ਤੇ ਉਜੜਿਆ ਘਰ ਮੁੜ ਹਰਿਆ ਭਰਿਆ ਹੋ ਗਿਆ। ਬੁੱਢੇ ਹੋ ਰਹੇ ਮਾਪਿਆਂ ਨੂੰ ਸਹਾਰਾ ਮਿਲ ਗਿਆ।

ਕਈ ਵਾਰ ਅਣਜਾਣ ਮੰਜ਼ਿਲ ਦੀ ਕਟਾਈ ਹੋਈ ਟਿਕਟ ਦੁੱਖ ਦੇ ਜਾਂਦੀ ਹੈ।

# ਪ੍ਰਚਾਰ ਲਈ ਕਲਾਕਾਰਾਂ ਵੱਲੋਂ ਧਾਰਮਿਕ ਸਥਾਨਾਂ ਦੀ ਵਰਤੋਂ

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਕੱਲ੍ਹ ਤੱਕ ਮੈਂ ਸੋਚਦਾ ਸਾਂ ਕਿ ਜੀਹਦਾ ਜਿਵੇਂ ਚੱਲੀ ਜਾਂਦੈ, ਚਲਾਈ ਜਾਵੇ, ਪਰ ਇਹ ਸੋਚ ਉਦੋਂ ਖਿੰਡਣ ਲੱਗ ਗਈ, ਜਦੋਂ ਗੁਰੂ ਦੇ ਦੁਆਰਿਆਂ 'ਤੇ ਜਾਣ ਵਾਲੇ ਤੇਜ਼-ਤਰਾਰ ਲੋਕ ਸ਼ਰਧਾ ਨਾਲ ਸਿਰ ਨਿਵਾਉਣ ਦੀ ਥਾਂ ਇਸ ਨੂੰ ਵੀ ਪ੍ਰਚਾਰ ਦਾ ਸਾਧਨ ਮੰਨਣ ਲੱਗ ਗਏ ਨੇ। ਕਹਿੰਦੇ ਕਿ ਸੱਚੇ ਦਿਲੋਂ ਮੰਗੀ ਦੁਆ ਕਦੇ ਵਿਅਰਥ ਨਹੀਂ ਜਾਂਦੀ, ਸਭ ਦੀਆਂ ਜਾਣਦਾ ਹੈ ਤੇ ਭੁੱਲਿਆਂ ਨੂੰ ਮਾਫ਼ ਕਰਨ ਵਾਲਾ ਵੀ। ਪਰ ਜਿਹੜੀ ਸੋਚ ਤਹਿਤ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਵਿਚ ਕਲਾ ਖੇਤਰ ਨਾਲ ਜੁੜੇ ਕੁਝ ਲੋਕ ਜਾ ਰਹੇ ਨੇ, ਉਸ ਤੋਂ ਕਈ ਵਾਰ ਹਾਸਾ ਆਉਣ ਲੱਗਦੈ।

ਪਿਛੇ ਜਿਹੇ ਦਰਗਾਹ ਅਜਮੇਰ ਸ਼ਰੀਫ਼ ਦੇ ਮੌਲਵੀਆਂ ਨੇ ਬਿਆਨ ਜਾਰੀ ਕੀਤਾ ਸੀ ਕਿ ਉਹ ਧਰਮ-ਕਰਮ ਵਾਲੀ ਇਸ ਸੁੱਚੀ ਥਾਂ 'ਤੇ ਉਨ੍ਹਾਂ ਲੋਕਾਂ ਨੂੰ ਨਹੀਂ ਆਉਣ ਦੇਣਗੇ, ਜਿਹੜੇ ਵਪਾਰਕ ਸੋਚ ਤਹਿਤ ਗੰਦੀਆਂ ਤੇ ਭੜਕਾਊ ਫ਼ਿਲਮਾਂ ਬਣਾਉਂਦੇ ਨੇ ਜਾਂ ਗਲੈਮਰ ਦੀ ਦੁਨੀਆਂ ਨਾਲ ਜੁੜੇ ਹੋਏ ਹਨ। ਬਿਆਨ ਮੁਤਾਬਕ ਇਨ੍ਹਾਂ ਲੋਕਾਂ ਨੇ ਸਮਾਜਿਕ ਰਿਸ਼ਤਿਆਂ ਦੇ ਘਾਣ ਵਾਲੀਆਂ ਫ਼ਿਲਮਾਂ ਬਣਾਈਆਂ ਹੁੰਦੀਆਂ ਨੇ, ਗਾਣਿਆਂ ਵਿਚ ਊਲ-ਜਲੂਲ ਬਕਿਆ ਹੁੰਦੈ, ਪਰ ਦਰਗਾਹਾਂ 'ਤੇ ਆ ਕੇ ਮੱਥਾ ਰਗੜਦੇ ਨੇ ਕਿ 'ਅੱਲ੍ਹਾ ਸਾਡੇ ਇਨ੍ਹਾਂ ਕਾਰਨਾਮਿਆਂ ਨੂੰ ਬਲ ਬਖਸ਼ੀਂ, ਇਹ ਜੋ ਅਸੀਂ ਕੀਤਾ ਏ, ਸਫ਼ਲ ਹੋ ਜਾਵੇ ਤਾਂ ਅਗਲੇ ਸਾਲ ਹੋਰ ਕਾਰਨਾਮਾ ਕਰ ਦਿਖਾਈਏ?' ਮੌਲਵੀਆਂ ਦਾ ਵੀ ਅੱਗੋਂ ਕਈਆਂ ਨੇ ਵਿਰੋਧ ਕੀਤਾ ਸੀ ਕਿ ਰੱਬ ਦੇ ਘਰ ਵਿਚ ਚੰਗੇ ਲੋਕ ਵੀ ਆਉਂਦੇ ਨੇ ਤੇ ਮਾੜੇ ਵੀ, ਫੇਰ ਮਾੜਿਆਂ ਨੂੰ ਰੋਕਿਆ ਕਿਵੇਂ ਜਾ ਸਕਦੈ? ਰੱਬ ਦੇ ਦਰ ਹਰ ਇਕ ਲਈ ਖੁੱਲ੍ਹੇ ਨੇ। ਇਸ ਵਿਵਾਦ ਦੌਰਾਨ ਵੀ ਅਜਮੇਰ ਸ਼ਰੀਫ਼ ਜਾਣ ਵਾਲੇ ਕਲਾਕਾਰਾਂ, ਹੀਰੋ, ਹੀਰੋਇਨਾਂ ਦੀ ਗਿਣਤੀ ਜਿਉਂ ਦੀ ਤਿਉਂ ਬਰਕਰਾਰ ਹੈ।

ਤਰਕਵਾਨ ਲੋਕ ਕਹਿੰਦੇ ਨੇ ਕਿ ਜੇ ਕੱਲ੍ਹ ਨੂੰ ਪੂਨਮ ਪਾਂਡੇ ਕਿਸੇ ਧਾਰਮਿਕ ਥਾਂ ਜਾਵੇ ਤਾਂ ਮੀਡੀਆ ਉਸ ਦੀ ਵੀ ਕਵਰੇਜ਼ ਕਰੇਗਾ ਕਿ ਉਹ ਉਥੇ ਗਈ ਤੇ ਚੰਗੇ ਭਵਿੱਖ ਦੀ ਕਾਮਨਾ ਲਈ ਅਰਦਾਸ ਕੀਤੀ। ਜਿਹੜੀ ਪੂਨਮ ਹੁਣ ਤੱਕ ਸਿਰਫ਼ ਕੱਪੜੇ ਲਾਹੁਣ ਦੀਆਂ ਖ਼ਬਰਾਂ ਕਰਕੇ ਸੁਰਖੀਆਂ ਵਿਚ ਰਹਿੰਦੀ ਏ, ਜੇ ਰੱਬ ਉਹਦੀ ਦੁਆ ਕਬੂਲ ਕਰ ਲੈਂਦਾ ਏ ਤਾਂ ਕੀ ਉਹ ਭਵਿੱਖ ਵਿਚ ਹੁਣ ਨਾਲੋਂ ਵੀ ਸਨਸਨੀਖੇਜ਼ ਪ੍ਰਗਟਾਵੇ ਨਹੀਂ ਕਰੇਗੀ? ਕੱਲ੍ਹ ਨੂੰ 'ਜਿਸਮ 2' ਫ਼ਿਲਮ ਦੀ ਟੀਮ ਜੇ ਆਪਣੀ ਸਫ਼ਲਤਾ ਲਈ ਰੱਬ ਦਾ ਸ਼ੁਕਰਾਨਾ ਕਰਨ ਕਿਸੇ ਧਾਰਮਿਕ ਥਾਂ ਨਤਮਸਤਕ ਹੋਣ ਚਲੀ ਜਾਵੇ ਤਾਂ ਕੀ ਸੰਦੇਸ਼ ਜਾਵੇਗਾ ਆਮ ਲੋਕਾਂ ਵਿਚ ਕਿ ਇਹ ਟੀਮ 'ਨੀਲੀਆਂ ਫ਼ਿਲਮਾਂ' ਦੀ ਕਾਮਯਾਬੀ ਲਈ ਰੱਬ ਦਾ ਧੰਨਵਾਦ ਕਰਨ ਆਈ ਏ।

ਕਹਿਣ ਦਾ ਭਾਵ ਇਹ ਹੈ ਕਿ ਗਲੈਮਰ ਦੀ ਦੁਨੀਆਂ ਨਾਲ ਜੁੜੇ ਲੋਕਾਂ ਨੇ ਹੁਣ ਧਾਰਮਿਕ ਥਾਂਵਾਂ ਨੂੰ ਵੀ ਪ੍ਰਚਾਰ ਦਾ ਕੇਂਦਰ ਬਣਾ ਲਿਆ ਹੈ। ਬਹੁਤ ਸਾਰੇ ਕਲਾਕਾਰ, ਫ਼ਿਲਮਕਾਰ, ਅਦਾਕਾਰ ਅਜਿਹੇ ਹਨ, ਜੋ ਕਿਸੇ ਧਾਰਮਿਕ ਸਥਾਨ 'ਤੇ ਜਾਣ ਮੌਕੇ ਮੀਡੀਏ ਨੂੰ ਪਹਿਲਾਂ ਕਹਿ ਛੱਡਦੇ ਨੇ ਕਿ ਅਸੀਂ ਐਨੇ ਵਜੇ ਉਥੇ ਪਹੁੰਚਣੈ, ਤੁਸੀਂ ਫੋਟੋਆਂ ਖਿੱਚ ਕੇ ਅਗਲੇ ਦਿਨ ਅਖ਼ਬਾਰਾਂ ਵਿਚ ਛਾਪ ਦੇਣਾ। ਉਹ ਲੋਕ ਪਹਿਲਾਂ ਆਪਣੀ ਫ਼ਿਲਮ ਦੇ ਪ੍ਰਚਾਰ ਲਈ ਸਕੂਲਾਂ, ਕਾਲਜਾਂ ਵਿਚ ਜਾ ਕੇ ਨੱਚਦੇ-ਟੱਪਦੇ ਨੇ, ਸਟੇਜਾਂ 'ਤੇ ਜਾ ਨਵੇਂ ਕਾਰਨਾਮਿਆਂ ਦਾ ਖੁਲਾਸਾ ਕਰਦੇ ਨੇ ਤੇ ਜਦੋਂ ਧਾਰਮਿਕ ਥਾਂਵਾਂ 'ਤੇ ਜਾਂਦੇ ਨੇ ਤਾਂ ਪਟਕਾ ਬੰਨ੍ਹ, ਸਿਰ ਨਿਵਾਂ ਲੈਂਦੇ ਨੇ।

ਜਦੋਂ ਤੋਂ ਪੰਜਾਬੀ ਫ਼ਿਲਮਾਂ ਧੜਾਧੜ ਬਣਨੀਆਂ ਸ਼ੁਰੂ ਹੋਈਆਂ ਨੇ, ਉਦੋਂ ਤੋਂ ਹਰ ਫ਼ਿਲਮ ਦੀ ਟੀਮ ਗੁਰੂ ਕੀ ਨਗਰੀ ਅੰਮ੍ਰਿਤਸਰ ਜਾਣਾ ਨਹੀਂ ਭੁੱਲਦੀ। ਦਰਬਾਰ ਸਾਹਿਬ ਮੱਥਾ ਟੇਕਣ ਜਾਂਦੇ ਨੇ ਕਿ ਰੱਬ ਦੇ ਆਸ਼ੀਰਵਾਦ ਨਾਲ ਫ਼ਿਲਮ ਚੱਲ ਨਿਕਲੇ। ਪਰਿਕਰਮਾ ਵਿਚ ਫੋਟੋਆਂ ਖਿਚਾਈਆਂ ਜਾਂਦੀਆਂ ਨੇ, ਜਿੱਥੇ ਉਹ ਹੱਥ ਜੋੜ ਪੱਤਰਕਾਰਾਂ ਦੇ ਕੈਮਰਿਆਂ ਅੱਗੇ ਸਿਰ ਝੁਕਾਉਂਦੇ ਨੇ ਤੇ ਹਰਿਮੰਦਰ ਸਾਹਿਬ ਪਿਛਲੇ ਪਾਸਿਓਂ ਦਿਸ ਰਿਹਾ ਹੁੰਦੈ। ਫੋਟੋਆਂ ਅਖ਼ਬਾਰਾਂ ਵਿਚ ਛਪਦੀਆਂ ਨੇ ਤਾਂ ਇੰਜ ਮਹਿਸੂਸ ਹੁੰਦੈ ਕਿ ਮੱਥਾ ਟੇਕਣਾ ਤਾਂ ਬਹਾਨਾ ਸੀ, ਅਸਲ ਵਿਚ ਤਾਂ ਇਹ ਮੀਡੀਏ ਦੇ ਕੈਮਰਿਆਂ ਨੂੰ ਮੱਥਾ ਟੇਕਣ ਆਏ ਸਨ।




ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿਛਲੇ ਲੰਮੇ ਸਮੇਂ ਤੋਂ ਕਲਾਵਾਨ ਲੋਕਾਂ ਦੇ ਕੰਮਾਂ ਵੱਲ ਗੰਭੀਰਤਾ ਨਾਲ ਨਹੀਂ ਤੱਕਿਆ। ਹਾਂ ਇੱਕ-ਦੋ ਵਾਰ ਇਹ ਗੱਲ ਜ਼ਰੂਰ ਹੋਈ ਏ ਕਿ ਕੱਚੀ ਬਾਣੀ ਦਾ ਗਾਇਨ ਨਹੀਂ ਕੀਤਾ ਜਾ ਸਕਦਾ ਜਾਂ ਫ਼ਿਲਮਾਂ ਵਿਚ ਸਿੱਖੀ ਦਾ ਮਜ਼ਾਕ ਨਹੀਂ ਉਡਾਇਆ ਜਾ ਸਕਦਾ। ਇਨ੍ਹਾਂ ਗੱਲਾਂ ਉਤੇ ਅੱਜ ਤੱਕ ਅਮਲ ਨਹੀਂ ਕੀਤਾ ਜਾ ਸਕਿਆ। ਹਿੰਦੀ ਦੀ ਹਰ ਫ਼ਿਲਮ ਵਿਚ ਧਰਮ-ਕਰਮ ਦੀਆਂ ਗੱਲਾਂ ਨੂੰ ਅਧਾਰ ਬਣਾ ਕੇ ਮਸ਼ਹੂਰੀ ਖੱਟੀ ਜਾਂਦੀ ਏ। 'ਓ ਮਾਈ ਗੌਡ' ਰਿਲੀਜ਼ ਹੋਈ ਤਾਂ ਹਿੰਦੂ ਸੰਸਥਾਵਾਂ ਨੇ ਕਿਹਾ ਕਿ ਇਹਦੇ ਵਿਚ ਆਰਤੀ ਦੀ ਥਾਲੀ 'ਚ ਥੁੱਕਿਆ ਗਿਆ ਤੇ ਵਿਰੋਧ ਹੁੰਦਿਆਂ-ਹੁੰਦਿਆਂ ਫ਼ਿਲਮ ਚੱਲ ਨਿਕਲੀ। 'ਕਮਾਲ, ਧਮਾਲ, ਮਾਲਾਮਾਲ' ਫ਼ਿਲਮ ਵਿਚ ਕੱਢਣ-ਪਾਉਣ ਨੂੰ ਕੁੱਝ ਵੀ ਨਹੀਂ ਸੀ ਤੇ ਈਸਾਈ ਧਰਮ ਖਿਲਾਫ਼ ਇੱਕ-ਦੋ ਸੰਵਾਦ ਬੋਲਣ ਕਰਕੇ ਉਹ ਵੀ ਚਰਚਾ ਵਿਚ ਆ ਗਈ।

'ਸੰਨ ਆਫ਼ ਸਰਦਾਰ' ਦੀਵਾਲੀ 'ਤੇ ਰਿਲੀਜ਼ ਹੋਣੀ ਹੈ ਤੇ ਇਸ ਵਿਚ ਛਾਤੀ 'ਤੇ ਸ਼ਿਵਜੀ ਦਾ ਟੈਟੂ ਬਣਾ ਕੇ ਅਜੈ ਦੇਵਗਣ ਢਾਈ ਮਹੀਨੇ ਪਹਿਲਾਂ ਹੀ ਚਰਚਾ ਹਾਸਲ ਕਰ ਗਿਆ। ਫ਼ਿਰ ਜਦੋਂ ਸਿੱਖ ਜਥੇਬੰਦੀਆਂ ਦਾ ਰੌਲਾ ਵਧਿਆ ਤਾਂ ਅਜੈ ਦੇਵਗਣ ਨੇ ਮਾਫ਼ੀ ਮੰਗ ਲਈ ਤੇ ਛਾਤੀ ਤੋਂ ਸ਼ਿਵਜੀ ਦਾ ਟੈਟੂ ਲੁਹਾ ਕੇ ਖੰਡੇ ਦਾ ਕਰ ਲਿਆ। ਫ਼ਿਲਮ ਆਉਣ ਤੋਂ ਪਹਿਲਾਂ ਹੀ ਖਬਰਾਂ ਕਰਕੇ ਹਿੱਟ ਹੋ ਗਈ। 'ਸਿੰਘ ਇਜ਼ ਕਿੰਗ' ਨੂੰ ਵੀ ਵਿਵਾਦ ਦਾ ਹੀ ਫ਼ਾਇਦਾ ਹੋਇਆ ਸੀ ਤੇ 'ਜੋ ਬੋਲੇ ਸੋ ਨਿਹਾਲ' ਨੂੰ ਵੀ।

ਇਹ ਸਭ ਕੁਝ ਦੱਸਦਾ ਹੈ ਕਿ ਗਲੈਮਰ ਦੀ ਦੁਨੀਆਂ ਨਾਲ ਜੁੜੇ ਲੋਕ ਬਹੁਤ ਹੀ ਸ਼ੈਤਾਨੀ ਸੋਚ ਤਹਿਤ ਧਾਰਮਿਕ ਸਥਾਨਾਂ ਤੇ ਧਾਰਮਿਕ ਭਾਵਨਾਵਾਂ ਨਾਲ ਖੇਡਦੇ ਹਨ। ਪਹਿਲਾਂ ਪ੍ਰਚਾਰ ਲਈ ਉਨ੍ਹਾਂ ਥਾਂਵਾਂ 'ਤੇ ਜਾਓ, ਜੋ ਆਸਥਾ ਦੀਆਂ ਕੇਂਦਰ ਹੋਣ ਤੇ ਫੇਰ ਫ਼ਿਲਮ ਵਿਚ ਬੋਲੇ ਇੱਕ-ਦੋ ਸੰਵਾਦਾਂ ਦਾ ਆਪੇ ਰੌਲਾ ਪਵਾ ਲਵੋ। ਪੁਤਲੇ ਫੂਕੇ ਜਾਣਗੇ, ਮੁਜ਼ਾਹਰੇ ਹੋਣਗੇ, ਖ਼ਬਰਾਂ ਛਪਣਗੀਆਂ ਤੇ ਜਦੋਂ ਚਰਚਾ ਹੋ ਗਈ ਤਾਂ ਕਹਿ ਦਿਓ ਕਿ ਮਾਫ਼ੀ ਮੰਗਦੇ ਹਾਂ, ਅੱਗੋਂ ਖਿਆਲ ਰੱਖਾਂਗੇ।

ਬਹੁਤੀ ਵਾਰ ਦਰਬਾਰ ਸਾਹਿਬ ਮੱਥਾ ਟੇਕਣ ਆਈਆਂ ਫ਼ਿਲਮ ਟੀਮਾਂ ਨੂੰ ਸਨਮਾਨ ਨਿਸ਼ਾਨੀ ਦੇਣ ਵੇਲ਼ੇ ਇਹ ਨਹੀਂ ਸੋਚਿਆ ਜਾਂਦਾ ਕਿ ਕੀ ਇਹ ਲੋਕ ਇਸ ਦੇ ਹੱਕਦਾਰ ਵੀ ਨੇ? ਸਿਰਫ਼ ਉਨ੍ਹਾਂ ਦੀ ਪ੍ਰਸਿੱਧੀ ਨੂੰ ਦੇਖਿਆ ਜਾਂਦਾ ਏ। ਇਹੀ ਕਾਰਨ ਹੈ ਕਿ ਧਾਰਮਿਕ ਥਾਂਵਾਂ ਦੀ ਯਾਦ ਫ਼ਿਲਮਕਾਰਾਂ ਤੇ ਅਦਾਕਾਰਾਂ ਨੂੰ ਉਦੋਂ ਹੀ ਆਉਂਦੀ ਹੈ, ਜਦੋਂ ਫ਼ਿਲਮ ਰਿਲੀਜ਼ ਹੋਣ ਵਿਚ ਸਿਰਫ਼ ਇੱਕ ਮਹੀਨੇ ਦਾ ਸਮਾਂ ਬਾਕੀ ਬਚਦਾ ਏ।

**ਜਾਂਦਿਆਂ-ਜਾਂਦਿਆਂ:** ਕਲਾ ਦੇ ਨਾਂ 'ਤੇ ਕੂੜ ਖਿਲਾਰਨ ਵਾਲਿਆਂ ਖਿਲਾਫ਼ ਕਦੇ ਕੋਈ ਕਾਰਵਾਈ ਨਾ ਕਰਨ ਕਰਕੇ ਸ੍ਰੋਮਣੀ ਕਮੇਟੀ ਨੂੰ ਬਹੁਤ ਸਾਰੇ ਸਵਾਲ ਕਰਨ ਨੂੰ ਮਨ ਕਰਦਾ ਰਹਿੰਦਾ ਹੈ। ਜਿਹੜੇ ਚੈਨਲਾਂ 'ਤੇ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਹੁੰਦਾ ਏ, ਉਨ੍ਹਾਂ 'ਤੇ ਗੁਰਬਾਣੀ ਪ੍ਰਸਾਰਣ ਤੋਂ ਕੁਝ ਹੀ ਮਿੰਟਾਂ ਬਾਅਦ 'ਮਾਂਵਾਂ ਬੁੱਕਲਾਂ 'ਚ ਪੁੱਤਾਂ ਨੂੰ ਲੁਕੋਂਦੀਆਂ ਜਦੋਂ ਗੱਲਾਂ ਹੋਣ ਤੇਰੀਆਂ' ਗਾਣੇ ਚੱਲਣ ਲੱਗਦੇ ਨੇ। ਪਗੜੀ ਬੰਨ੍ਹ ਕਲਾਕਾਰਾਂ

*(ਬਾਕੀ ਸਫਾ 33 'ਤੇ)*

# ਖੁਦ ਬਲ ਕੇ ਕੀਤੀ ਲੋਅ ਗ਼ਦਰੀਆਂ ਨੇ...

## ਕਾਲੇ ਪਾਣੀ ਦੀ ਚਸ਼ਮਦੀਦ ਗਵਾਹੀ-3

***ਸ਼ਬਦਾਂ ਅਤੇ ਵਿਚਾਰਾਂ ਦੀਆਂ ਲੜੀਆਂ ਜੋੜਨ ਦੇ ਧਨੀ, ਪੰਜਾਬੀ ਦੇ ਨਾਮੀ ਲੇਖਕ ਵਰਿਆਮ ਸਿੰਘ ਸੰਧੂ ਨੇ ਗ਼ਦਰੀ ਬਾਬਿਆਂ ਬਾਰੇ ਲਿਖੀ ਇਸ ਲੇਖ ਲੜੀ ਵਿਚ ਕਾਲੇ ਪਾਣੀਆਂ ਦੀ ਦਾਸਤਾਨ ਬਿਆਨ ਕੀਤੀ ਹੈ। ਕਾਲੇ ਪਾਣੀਆਂ ਦਾ ਇਹ ਬਿਆਨ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ। ਦੇਸ਼ ਭਗਤ ਗ਼ਦਰੀਆਂ ਨੇ ਜਿਸ ਤਰ੍ਹਾਂ ਨਿਰਭੈ ਹੋ ਕੇ ਆਜ਼ਾਦੀ ਦੀ ਲੜਾਈ ਵਿਚ ਭਰਪੂਰ ਯੋਗਦਾਨ ਪਾਇਆ, ਉਹ ਬੇਮਿਸਾਲ ਹੈ। ਉਂਜ, ਇਹ ਵਕਤ ਦੀ ਸਿਤਮਜ਼ਰੀਫੀ ਹੀ ਹੈ ਕਿ ਗ਼ਦਰੀਆਂ ਨੂੰ ਪਹਿਲਾਂ ਪਹਿਲ ਕਮਿਊਨਿਸਟਾਂ ਨਾਲ ਜੋੜ ਕੇ ਦੇਖਿਆ ਗਿਆ ਅਤੇ ਹੁਣ ਕੁਝ ਧਿਰਾਂ ਵੱਲੋਂ ਸਿੱਖ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਗ਼ਦਰੀਆਂ ਵਿਚੋਂ ਬਹੁਤੇ ਭਾਵੇਂ ਪਿਛੋਂ ਕਮਿਊਨਿਸਟ ਵਿਚਾਰਧਾਰਾ ਨਾਲ ਹੀ ਜੁੜੇ ਅਤੇ ਉਨ੍ਹਾਂ ਨੇ ਸਿਆਸੀ ਖੇਤਰ ਵਿਚ ਚੋਖੀ ਸਰਗਰਮੀ ਵੀ ਕੀਤੀ, ਪਰ ਉਹ ਉਦੋਂ ਕੌਮਾਂਤਰੀ ਪੱਧਰ 'ਤੇ ਮੁਕੰਮਲ ਇਨਕਲਾਬ ਦੇ ਨਜ਼ਰੀਏ ਤੋਂ ਸਾਰੀ ਸਰਗਰਮੀ ਕਰ ਰਹੇ ਸਨ, ਤੇ ਮੁਕੰਮਲ ਇਨਕਲਾਬ ਦੀ ਅਗਵਾਈ ਉਦੋਂ ਕਮਿਊਨਿਸਟ ਕਰ ਰਹੇ ਸਨ। ਗ਼ਦਰੀਆਂ ਨੇ ਤਾਂ ਸਗੋਂ ਆਪਣੇ ਮੁਕੰਮਲ ਗ਼ਦਰ ਲਈ ਹਰ ਧਿਰ ਅਤੇ ਧਾਰਾ ਨਾਲ ਰਾਬਤਾ ਬਣਾਉਣ ਦਾ ਯਤਨ ਕੀਤਾ। ਗ਼ਦਰੀਆਂ ਦੀ ਸੁੱਚੀ ਲੜਾਈ ਦੀ ਤਹਿ ਤੱਕ ਪੁੱਜਣ ਲਈ ਸਾਨੂੰ ਇਹ ਨੁਕਤਾ ਧਿਆਨ ਵਿਚ ਰੱਖਣਾ ਪਵੇਗਾ। ਸੱਚ ਤਾਂ ਇਹ ਹੈ ਕਿ ਗ਼ਦਰੀ ਸਭ ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਮੁਕੰਮਲ ਗ਼ਦਰ ਦੇ ਵੱਡੇ ਸੁਪਨਸਾਜ਼ ਸਨ। ਉਨ੍ਹਾਂ ਨੂੰ ਅਜਿਹੇ ਸੌੜੇ ਖਾਨਿਆਂ ਵਿਚ ਕੈਦ ਕਰਨਾ ਉਨ੍ਹਾਂ ਵੱਲੋਂ ਉਸ ਵੇਲੇ ਲੜੀ ਸੱਚ ਦੀ ਲੜਾਈ ਨਾਲ ਵਧੀਕੀ ਹੈ। ਲੇਖਕ ਵਰਿਆਮ ਸਿੰਘ ਸੰਧੂ ਦੀ ਇਸ ਲੇਖ ਲੜੀ ਵਿਚ ਜਿਸ ਤਰ੍ਹਾਂ ਗ਼ਦਰੀਆਂ ਦਾ ਜ਼ਿਕਰ ਆਇਆ ਹੈ, ਉਸ ਤੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਨ੍ਹਾਂ ਗ਼ਦਰੀਆਂ ਦਾ ਦਾਈਆ ਸਚਮੁੱਚ ਸਰਬੱਤ ਦੇ ਭਲੇ ਵਾਲਾ ਸੀ ਅਤੇ ਉਨ੍ਹਾਂ ਨੇ ਇਸ ਰਾਹ ਉਤੇ ਤੁਰਦਿਆਂ ਆਪਣੀ ਜ਼ਿੰਦੜੀਆਂ ਵਾਰ ਦਿੱਤੀਆਂ। ਗ਼ਦਰ ਲਹਿਰ ਦੀ ਸ਼ਤਾਬਦੀ ਮੌਕੇ ਅਸੀਂ ਅਜਿਹੀਆਂ ਲਿਖਤਾਂ ਰਾਹੀਂ ਆਪਣੇ ਇਨ੍ਹਾਂ ਪੁਰਖਿਆਂ ਦੀਆਂ ਕੁਰਬਾਨੀਆਂ ਨੂੰ ਸਲਾਮੀ ਦੇ ਰਹੇ ਹਾਂ। ਇਸ ਲੇਖ ਵਿਚ ਅੰਗਰੇਜ਼ਾਂ ਵੱਲੋਂ ਦੇਸ਼ ਭਗਤਾਂ ਉਤੇ ਢਾਹੇ ਜਾ ਰਹੇ ਜ਼ੁਲਮਾਂ ਅਤੇ ਦੇਸ਼ ਭਗਤਾਂ ਵੱਲੋਂ ਔਖੇ ਹਾਲਾਤ ਦੇ ਬਾਵਜੂਦ ਕਾਇਮ ਰਹਿਣ ਦਾ ਵਰਣਨ ਕੀਤਾ ਗਿਆ ਹੈ। -ਸੰਪਾਦਕ***

ਜੇਲ੍ਹ ਅਧਿਕਾਰੀਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਵਧੀਕੀਆਂ ਦਾ ਵਿਰੋਧ ਭਾਵੇਂ ਕਿੰਨਾ ਵੀ ਹੱਕੀ ਤੇ ਲੋੜੀਂਦਾ ਸੀ, ਤਦ ਵੀ ਇਸ ਗੱਲ ਨੂੰ ਲੈ ਕੇ ਰਾਜਸੀ ਕੈਦੀਆਂ ਵਿਚ 'ਨਰਮ' ਤੇ 'ਗਰਮ' ਦੋ ਗਰੁਪ ਬਣ ਗਏ। ਵੀਰ ਸਾਵਰਕਰ, ਭ੍ਰਾਤ੍ਰਦਵਯ, ਬਾਰੀਨ ਬਾਬੂ ਤੇ ਕੁਝ ਹੋਰ ਬੰਗਾਲੀ ਸਾਥੀਆਂ ਨੇ ਗ਼ਦਰੀ ਕੈਦੀਆਂ ਵੱਲੋਂ ਅਪਨਾਏ ਵਿਰੋਧ ਦੇ ਵਾਜਬ ਤੇ ਹੱਕੀ ਰਾਹ ਨੂੰ ਅਖ਼ਤਿਆਰ ਕਰਨ



**■ ਵਰਿਆਮ ਸਿੰਘ ਸੰਧੂ**

ਤੋਂ ਨਾਂਹ ਕਰ ਦਿੱਤੀ।

ਅਸਲ ਵਿਚ ਗ਼ਦਰੀਆਂ ਦੇ ਅੰਡੇਮਾਨ ਆਉਣ ਤੋਂ ਪਹਿਲਾਂ ਕੀਤੇ ਸੰਘਰਸ਼ ਕਾਰਨ ਉਨ੍ਹਾਂ ਨੇ ਜੇਲ੍ਹ ਅਧਿਕਾਰੀਆਂ ਤੋਂ ਕੁਝ ਸਹੂਲਤਾਂ ਵੀ ਪ੍ਰਾਪਤ ਕਰ ਲਈਆਂ ਸਨ ਅਤੇ ਲਗਾਤਾਰ ਖ਼ੁਸ਼ਾਮਦ ਕਰਦੇ ਰਹਿਣ ਕਰ ਕੇ ਉਹ ਅਧਿਕਾਰੀਆਂ ਦੇ ਕੁਝ-ਕੁਝ ਚਹੇਤੇ ਵੀ ਬਣ ਗਏ ਸਨ। ਵੀਰ ਸਾਵਰਕਰ ਨੇ ਤਾਂ ਸਰਕਾਰ ਅੱਗੇ ਆਪਣੇ ਆਪ ਨੂੰ ਰਿਹਾ ਕਰ ਦੇਣ ਲਈ ਪਟੀਸ਼ਨ ਵੀ ਕੀਤੀ ਹੋਈ ਸੀ। ਉਸ ਦੀ ਬੇਨਤੀ ਸੀ ਕਿ ਸਰਕਾਰ ਜੇ ਉਸ ਨੂੰ ਜੇਲ੍ਹ ਵਿਚ ਰੱਖਣ ਦੀ ਥਾਂ ਰਿਹਾ ਕਰ ਦੇਵੇਗੀ ਤਾਂ ਬਾਹਰ ਆ ਕੇ ਉਹ ਸਰਕਾਰ ਦੀ ਸਹਾਇਤਾ ਕਰਨ ਲਈ ਵਧੇਰੇ ਲਾਹੇਵੰਦ ਹੋ ਸਕੇਗਾ। ਇਸ ਵਿਚ ਸ਼ੱਕ ਨਹੀਂ ਕਿ ਕਿਸੇ ਵੇਲੇ ਸਾਵਰਕਰ ਦੀ ਦੇਸ਼ ਭਗਤੀ ਨੂੰ ਮਿਸਾਲੀ ਮੰਨਿਆ ਗਿਆ ਸੀ। ਉਹਨੇ 1857 ਦੇ ਗ਼ਦਰ ਬਾਰੇ ਜਿਹੜੀ ਪੁਸਤਕ ਲਿਖੀ ਸੀ, ਉਸ ਤੋਂ ਅਤੇ ਹੋਰ ਕੰਮਾਂ ਤੋਂ ਤੰਗ ਪੈ ਕੇ ਬਰਤਾਨਵੀ ਸਰਕਾਰ ਨੇ ਉਹਨੂੰ ਲੰਡਨ ਵਿਚੋਂ ਗ੍ਰਿਫ਼ਤਾਰ ਕਰ ਕੇ ਭਾਰਤ ਭੇਜ ਦਿੱਤਾ ਤਾਂ ਕਿ ਉਸ 'ਤੇ ਮੁਕੱਦਮਾ ਚਲਾਇਆ ਜਾ ਸਕੇ। ਸਪੈਸ਼ਲ ਟ੍ਰਿਬਿਊਨਲ ਵੱਲੋਂ ਉਸ ਨੂੰ 1910 ਵਿਚ ਉਮਰ ਕੈਦ ਤੇ 1911 ਵਿਚ ਜਲਾਵਤਨੀ ਦੀ ਸਜ਼ਾ ਦੇ ਕੇ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਭੇਜ ਦਿੱਤਾ। ਅੰਡੇਮਾਨ ਵਿਚਲੀਆਂ ਸਖ਼ਤੀਆਂ ਨੇ ਮਿਸਾਲੀ ਦੇਸ਼ ਭਗਤ ਦੇ ਤੌਰ 'ਤੇ ਜਾਣੇ ਜਾਂਦੇ ਸਾਵਰਕਰ ਨੂੰ ਮਾਨਸਿਕ ਤੌਰ 'ਤੇ ਇੰਨਾ ਕਮਜ਼ੋਰ ਕਰ ਦਿੱਤਾ ਕਿ ਉਹ ਸਰਕਾਰ ਕੋਲ ਰਿਹਾਈ ਲਈ ਲਿਲਕੜੀਆਂ ਲੈਣ ਲੱਗਾ। ਡਾ. ਪਰੇਮ ਸਿੰਘ ਪ੍ਰਸਿੱਧ ਇਤਿਹਾਸਕਾਰ ਆਰ.ਸੀ. ਮਾਜਮੂਦਾਰ ਦੀ ਪੁਸਤਕ 'ਪੀਨਲ ਸੈਟਲਮੈਂਟਸ ਇਨ ਅੰਡੇਮਾਨ' ਦਾ ਹਵਾਲਾ ਦਿੰਦੇ ਹਨ ਜਿਸ ਵਿਚ ਸਾਵਰਕਰ ਵੱਲੋਂ ਪਟੀਸ਼ਨਾਂ ਰਾਹੀਂ ਸਰਕਾਰ ਕੋਲ ਕੀਤੇ ਤਰਲਿਆਂ ਨੂੰ ਇਸ ਪ੍ਰਕਾਰ



*ਭਾਈ ਭਾਨ ਸਿੰਘ ਸੁਨੇਤ*

ਬਿਆਨ ਕੀਤਾ ਗਿਆ ਹੈ,


"ਜੇ ਸਰਕਾਰ ਆਪਣੀ ਬਹੁ-ਪੱਖੀ ਉਦਾ-ਰਤਾ ਅਤੇ ਰਹਿਮ-ਦਿਲੀ ਦੀ ਭਾਵਨਾ ਅਨੁਸਾਰ ਮੈਨੂੰ ਰਿਹਾ ਕਰ ਦੇਵੇ ਤਾਂ ਮੈਂ ਵਿਧਾਨਕ ਢੰਗ ਨਾਲ ਤਰੱਕੀ ਅਤੇ ਬਰਤਾਨਵੀ ਸਰਕਾਰ ਪ੍ਰਤੀ ਵਫ਼ਾਦਾਰੀ ਦਾ ਸਭ ਤੋਂ ਤਕੜਾ ਮੁਦਈ ਹੋਵਾਂਗਾ। ਸਰਕਾਰ ਵੱਲ ਵਫ਼ਾਦਾਰੀ ਅਜਿਹੀ ਤਰੱਕੀ ਦੀ ਸਭ ਤੋਂ ਪਹਿਲੀ ਸ਼ਰਤ ਹੈ।...ਵਿਧਾਨ ਅਨੁਸਾਰ ਚੱਲਣ ਦੇ ਰਾਹ ਦਾ ਮੇਰੇ ਵੱਲੋਂ ਅਪਨਾਇਆ ਜਾਣਾ ਭਾਰਤ ਤੇ ਵਿਦੇਸ਼ਾਂ ਵਿਚ ਵਸਦੇ ਉਨ੍ਹਾਂ ਸਾਰੇ ਨੌਜਵਾਨਾਂ ਨੂੰ ਵਾਪਸ ਇਸੇ ਰਾਹ ਲਿਆਵੇਗਾ ਜਿਹੜੇ ਮੈਨੂੰ ਆਪਣਾ ਰਹਿਨੁਮਾ ਮੰਨਦੇ ਹਨ। ਮੈਂ ਸਰਕਾਰ ਦੀ ਸੇਵਾ ਕਿਸੇ ਵੀ ਹੈਸੀਅਤ ਵਿਚ ਕਰਨ ਨੂੰ ਤਿਆਰ ਹਾਂ ਕਿਉਂਕਿ ਆਪਣੇ ਰਸਤੇ ਦੀ ਤਬਦੀਲੀ ਮੈਂ ਸੁਚੇਤ ਰੂਪ ਵਿਚ ਕਰ ਰਿਹਾ ਹਾਂ। ਭਵਿੱਖ ਵਿਚ ਮੇਰੀ ਭੂਮਿਕਾ ਵੀ ਇਸੇ ਅਨੁਸਾਰ ਹੀ ਹੋਵੇਗੀ। ਮੈਨੂੰ ਰਿਹਾ ਕਰਨ ਨਾਲ ਜੋ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ, ਉਹ ਮੈਨੂੰ ਜੇਲ੍ਹ ਵਿਚ ਰੱਖਣ ਨਾਲ ਨਹੀਂ। ਕੇਵਲ ਸ਼ਕਤੀਸ਼ਾਲੀ ਧਿਰ ਹੀ ਰਹਿਮ-ਦਿਲ ਹੋ ਸਕਦੀ ਹੈ। ਇਸ ਲਈ ਇੱਕ ਸ਼ਾਹਖ਼ਰਚ ਪੁੱਤਰ ਸਰਕਾਰ ਦੇ ਮਾਪਿਆਂ ਜਿਹੇ ਘਰ ਤੋਂ ਸਿਵਾ ਹੋਰ ਕਿਹੜੇ ਦੁਆਰੇ ਮੁੜ ਸਕਦਾ ਹੈ।"

ਇਹ ਵੀ ਸੈਲੂਲਰ ਜੇਲ੍ਹ ਦੇ ਜਬਰ ਦਾ ਹੀ ਅਸਰ ਸੀ ਕਿ ਸਾਵਰਕਰ ਦੇਸ਼ ਭਗਤੀ ਦੇ ਰਾਹ ਤੋਂ ਐਸਾ ਥਿੜਕਿਆ ਕਿ ਜੇਲ੍ਹ ਵਿਚੋਂ ਰਿਹਾ ਹੋਣ ਪਿਛੋਂ ਆਜ਼ਾਦੀ ਦੀ ਕਿਸੇ ਵੀ ਲਹਿਰ ਨਾਲ ਰਿਸ਼ਤਾ ਨਾ ਰੱਖਿਆ; ਸਗੋਂ ਉਲਟਾ ਇਹ ਹੋਇਆ ਕਿ ਅੰਗਰੇਜ਼ਾਂ ਦੀ ਹਿੰਦੂ-ਮੁਸਲਿਮ ਦੋਫਾੜ ਪਾਉਣ ਦੀ ਨੀਤੀ ਦਾ ਅਨੁਸਾਰੀ ਹੋ ਕੇ ਉਸ ਨੇ ਮੁਸਲਿਮ ਲੀਗ ਤੋਂ ਵੀ ਪਹਿਲਾਂ ਦੋ ਕੌਮਾਂ ਦਾ ਸਿਧਾਂਤ ਪੇਸ਼ ਕਰ ਕੇ ਆਖਿਆ ਕਿ ਹਿੰਦੂ ਹੀ ਹਿੰਦੁਸਤਾਨ ਦੇ ਅਸਲੀ ਵਾਰਸ ਹਨ ਤੇ ਈਸਾਈ ਜਾਂ ਮੁਸਲਮਾਨ ਆਪਣੇ ਆਪ ਨੂੰ ਹਿੰਦੁਸਤਾਨੀ ਨਹੀਂ ਅਖਵਾ ਸਕਦੇ ਕਿਉਂਕਿ ਇਹ 'ਬਾਹਰੋਂ' ਆਏ ਹਨ ਤੇ ਇਨ੍ਹਾਂ ਦੇ ਧਾਰਮਿਕ ਸਥਾਨ ਵੀ ਹਿੰਦੁਸਤਾਨ ਵਿਚ ਨਹੀਂ ਹਨ।

ਇਹ ਵੀ ਹਾਲਾਤ ਦੀ ਸਿਤਮਜ਼ਰੀਫ਼ੀ ਹੈ ਕਿ ਸੈਲੂਲਰ ਜੇਲ੍ਹ ਦੀ ਸਖ਼ਤੀ ਦਾ ਟਾਕਰਾ ਕਰਨ ਤੋਂ ਅਸਮਰਥ ਰਹਿਣ ਵਾਲੇ ਤੇ ਸਾਥੀ ਕੈਦੀਆਂ ਨੂੰ ਜੇਲ੍ਹ ਅਧਿਕਾਰੀਆਂ ਦਾ ਵਿਰੋਧ ਨਾ ਕਰਨ ਦੀ 'ਸਿੱਖ-ਮੱਤ' ਦੇਣ ਲੱਗ ਜਾਣ ਵਾਲੇ ਸਾਵਰਕਰ ਦੇ ਨਾਂ 'ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੇਲੇ ਲਾਲ ਕ੍ਰਿਸ਼ਨ ਅਡਵਾਨੀ ਨੇ ਪੋਰਟ ਬਲੇਅਰ ਦਾ ਨਾਂ ਸਾਵਰਕਰ ਦੇ ਨਾਂ 'ਤੇ ਰੱਖਣ ਦਾ ਐਲਾਨ ਕੀਤਾ। ਜਿਹੜੇ ਸੂਰਬੀਰ ਹਾਲਾਤ ਸਾਹਵੇਂ ਮਰਦਾਂ ਵਾਂਗ ਲੜੇ, ਉਨ੍ਹਾਂ ਨੂੰ ਕੋਈ ਯਾਦ ਨਹੀਂ ਕਰਦਾ ਪਰ ਜਿਹੜੇ ਹਾਲਾਤ ਅੱਗੇ ਗੋਡੇ ਟੇਕ ਗਏ, ਉਨ੍ਹਾਂ ਦੀਆਂ ਯਾਦਗ਼ਾਰਾਂ ਬਣ ਰਹੀਆਂ ਨੇ। ਇਸੇ ਕਰ ਕੇ ਹੀ ਅਸੀਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਆਪਣੇ ਇਨਕਲਾਬੀ ਇਤਿਹਾਸ ਅਤੇ ਮੁੱਖ-ਧਾਰਾ ਦੇ ਪ੍ਰਚਲਿਤ ਇਤਿਹਾਸ ਦਾ ਨਿਖੇੜਾ ਕਰਦੇ ਹਾਂ।

ਸਾਵਰਕਰ ਵਾਂਗ ਹੀ ਕੁਝ ਹੋਰ ਬੰਗਾਲੀ ਬਾਬੂ ਵੀ ਲੋਕ ਸੰਘਰਸ਼ ਵਿਚ ਦੂਜਿਆਂ ਦਾ ਸਾਥ ਦੇਣ ਤੋਂ ਆਪਣੇ ਸਾਥੀਆਂ ਤੇ ਜਾਣੂਆਂ ਨੂੰ ਵਰਜਦੇ ਰਹਿੰਦੇ ਸਨ। ਤ੍ਰਿਲੋਕੀ ਨਾਥ ਚੱਕ੍ਰਵਰਤੀ ਲਿਖਦੇ ਹਨ, 'ਪੁਲਿਨ ਬਾਬੂ ਕਿਸੇ ਝਮੇਲੇ ਵਿਚ ਨਹੀਂ ਸਨ ਪੈਂਦੇ ਅਤੇ ਅਧਿਕਾਰੀਆਂ ਦੇ ਪਿਆਰੇ ਪਾਤਰ ਬਣਨ ਦੀ ਕੋਸ਼ਿਸ਼ ਵੀ ਨਹੀਂ ਸਨ ਕਰਦੇ। ਪਿਆਰ ਨਾਲ ਉਹ ਸਾਨੂੰ ਕਹਿੰਦੇ, "ਜੇਲ੍ਹ ਵਿਚ ਗੜਬੜੀ ਕਰ ਕੇ ਸਜ਼ਾ ਵਧਾਉਣ ਦਾ ਕੀ ਫ਼ਾਇਦਾ! ਬਲਕਿ ਸ਼ਾਂਤ ਰਹਿ ਕੇ, ਬਾਹਰ ਨਿਕਲ ਕੇ ਦੇਸ਼ ਦੀ ਸੇਵਾ ਕਰ ਸਕੋਗੇ।"

ਪੰਜਾਬੀ ਕੈਦੀਆਂ ਦੀ ਕਾਲੇ ਪਾਣੀ ਵਿਚ ਆਮਦ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਇਨਸਾਨੀ ਨਿਯਮਾਂ ਦੀ ਹਦੂਦ ਅੰਦਰ ਰਹਿੰਦਿਆਂ ਵਾਜਬ ਨਿਯਮਾਂ ਦਾ ਪਾਲਣ ਕਰਨ ਤੋਂ ਇਨਕਾਰੀ ਨਹੀਂ ਪਰ ਜਿੱਥੇ ਵੀ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਗ਼ੈਰ-ਇਨਸਾਨੀ ਵਿਹਾਰ ਕਰ ਕੇ ਉਨ੍ਹਾਂ ਦੀ ਗ਼ੈਰਤ ਤੇ ਇਨਸਾਨੀ ਹੋਂਦ ਨੂੰ ਠਿੱਠ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਉਹ ਅਜਿਹੇ ਅਣਮਨੁੱਖੀ ਹੁਕਮ ਮੰਨਣ ਤੋਂ ਇਨਕਾਰੀ ਹੋਣਗੇ। ਸਾਡਾ ਮਕਸਦ ਇਥੇ ਪੰਜਾਬੀ ਦੇਸ਼ ਭਗਤਾਂ ਦੀ ਵਡਿਆਈ ਕਰ ਕੇ ਦੂਜੇ ਸੂਬਿਆਂ ਦੇ ਦੇਸ਼ ਭਗਤਾਂ



*ਵੀਰ ਸਾਵਰਕਰ*

ਦੀ ਕਦਰ-ਘਟਾਈ ਕਰਨਾ ਨਹੀਂ। ਉਨ੍ਹਾਂ ਨੇ ਵੀ ਆਪਣੀ ਸਮਰੱਥਾ ਅਨੁਸਾਰ ਕਰੜੇ ਵਿਰੋਧ ਕੀਤੇ। ਕੈਦੀਆਂ ਦੀਆਂ ਕਈ ਹੱਕੀ ਮੰਗਾਂ ਵੀ ਮੰਨਵਾਈਆਂ ਪਰ ਇਹ ਵੀ ਸੱਚ ਹੈ ਕਿ ਗ਼ਦਰੀਆਂ ਤੋਂ ਪਹਿਲਾਂ ਕਾਲੇ ਪਾਣੀ ਪੁੱਜੇ ਦੇਸ਼ ਭਗਤਾਂ ਜਿਹੜੇ ਬਹੁਤੇ ਬੰਗਾਲੀ ਸਨ, ਨੂੰ ਜੇਲ੍ਹ ਅਧਿਕਾਰੀਆਂ ਨੇ ਸੁਹਾਗ ਕੇ ਨਿੱਸਲ ਕਰ ਛੱਡਿਆ ਸੀ। ਜੇਲ੍ਹ ਅਧਿਕਾਰੀਆਂ ਦਾ ਬੇਕਿਰਕ ਰਾਜ ਪੂਰੀ ਚੜ੍ਹਤ ਵਿਚ ਸੀ। ਜਗਜੀਤ ਸਿੰਘ ਠੀਕ ਹੀ ਲਿਖਦੇ ਹਨ, 'ਬੰਗਾਲੀ ਦੇਸ਼ ਭਗਤ ਕੈਦੀਆਂ ਨੇ ਬੜੀ ਬਹਾਦਰੀ ਨਾਲ ਸੈਲੂਲਰ ਜੇਲ੍ਹ ਦੀਆਂ ਸਖ਼ਤੀਆਂ ਦਾ ਮੁਕਾਬਲਾ ਕਰਨ ਦਾ ਯਤਨ ਕੀਤਾ; ਪਰ ਉਨ੍ਹਾਂ ਦੇ ਕੋਮਲ ਸਰੀਰ ਇਹ ਕਸ਼ਟ ਝੱਲਣ ਦੇ ਯੋਗ ਨਹੀਂ ਸਨ; ਅਤੇ ਜਿਵੇਂ ਸ੍ਰੀ ਘੋਸ਼ ਨੇ ਬੜੀ ਈਮਾਨਦਾਰੀ ਨਾਲ ਮੰਨਿਆ ਹੈ, ਸਾਰਿਆਂ ਵਿਚ ਇਹ ਹੌਸਲਾ ਨਹੀਂ ਸੀ ਕਿ ਉਹ ਮੌਤ ਨੂੰ ਜੱਫੀਆਂ ਪਾ ਲੈਣ।'

ਇਸ ਦੇ ਉਲਟ ਪੰਜਾਬੀ ਇਨਕਲਾਬੀਆਂ ਦੇ ਵਿਸ਼ੇਸ਼ ਖਾੜਕੂ ਸੁਭਾਅ ਦੀ ਇਕ ਝਲਕ ਬਰਿੰਦਰ ਕੁਮਾਰ ਘੋਸ਼ ਨੇ ਆਪਣੇ ਸ਼ਬਦਾਂ ਵਿਚ ਇਸ ਪ੍ਰਕਾਰ ਬਿਆਨ ਕੀਤੀ ਹੈ,

'ਅੰਡੇਮਾਨ ਵਿਚ ਬ੍ਰਾਹਮਣਾਂ ਦਾ ਜਨੇਊ ਉਤਾਰ ਲਿਆ ਜਾਂਦਾ ਪਰ ਮੁਸਲਮਾਨਾਂ ਤੇ ਸਿੱਖਾਂ ਨੂੰ ਕੁਝ ਨਾ ਕਿਹਾ ਜਾਂਦਾ; ਕਿਉਂਕਿ ਉਹ ਜੋਸ਼ੀਲੇ ਸਨ। ਕਿਸੇ ਵੀ ਬ੍ਰਾਹਮਣ ਨੇ ਜਨੇਊ ਉਤਾਰਨ ਬਦਲੇ ਉਜ਼ਰ ਤੱਕ ਨਾ ਕੀਤਾ। ਅੰਤ ਇਕ ਪੰਜਾਬੀ ਬ੍ਰਾਹਮਣ ਸ੍ਰੀ ਰਾਮ ਰੱਖਾ ਨੇ ਇਸ ਬਾਰੇ ਪ੍ਰੋਟੈਸਟ ਕੀਤਾ ਕਿ ਜਿਤਨਾ ਚਿਰ ਉਨ੍ਹਾਂ ਪਾਸ ਜਨੇਊ ਨਾ ਹੋਵੇ, ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਖਾਣਾ ਖਾਣ ਦੀ ਆਗਿਆ ਨਹੀਂ ਦਿੰਦਾ। ਸ੍ਰੀ ਰਾਮ ਰੱਖਾ ਚੀਨ, ਜਪਾਨ ਅਤੇ ਸਿਆਮ ਆਦਿ ਫਿਰਦੇ ਫਿਰਾਉਂਦੇ ਰਹੇ ਸਨ ਅਤੇ ਉਨ੍ਹਾਂ ਵਿਚ ਕੱਟੜਪੁਣਾ ਨਹੀਂ ਸੀ ਜਾਪਦਾ ਪਰ ਹੁਣ ਉਹ ਇਕ ਅਸੂਲ ਲਈ ਲੜ ਰਹੇ ਸਨ। ਜਦ ਪਾਣੀ ਦੀ ਘੁੱਟ ਪੀਤੇ ਬਗ਼ੈਰ ਚਾਰ ਦਿਨ ਭੁੱਖ-ਹੜਤਾਲ ਕੀਤੀ ਨੂੰ ਹੋ ਗਏ ਤਾਂ ਉਨ੍ਹਾਂ ਨੂੰ ਜ਼ਬਰਦਸਤੀ ਪੰਪ ਨਾਲ ਦੁੱਧ ਦਿੱਤਾ ਗਿਆ। ਇਸੇ ਦੌਰਾਨ ਜੇਲ੍ਹ ਵਿਚ ਸਟਰਾਈਕ ਦੀ ਲਹਿਰ ਸ਼ੁਰੂ ਹੋ ਗਈ ਜਿਸ ਵਿਚ ਉਹ ਸ਼ਾਮਲ ਹੋ ਗਏ। ਉਨ੍ਹਾਂ ਦਾ ਬਰਮਾ ਦੀਆਂ ਜੇਲ੍ਹਾਂ ਵਿਚ ਰਹਿਣ ਕਰ ਕੇ ਅੱਗੇ ਹੀ ਸਰੀਰ ਕਮਜ਼ੋਰ ਸੀ। ਹੁਣ ਉਨ੍ਹਾਂ ਨੂੰ ਤਪਦਿਕ ਹੋ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਹ ਚਲਾਣਾ ਕਰ ਗਏ।'

ਇਥੇ ਵੀ ਰਾਮ ਰੱਖਾ ਮੱਲ ਦਾ ਮਸਲਾ ਸ਼ਾਇਦ ਨਿਰੇ ਜਨੇਊ ਪਹਿਨਣ ਦਾ ਨਹੀਂ ਸੀ ਸਗੋਂ ਗੁਰੂ ਤੇਗ਼ ਬਹਾਦਰ ਵਾਂਗ ਕਿਸੇ ਦੇ ਵਿਸ਼ਵਾਸ ਵਿਚ ਹਾਕਮ ਧਿਰ ਦੀ ਜ਼ਬਰਦਸਤੀ ਦਖ਼ਲ-ਅੰਦਾਜ਼ੀ ਸਵੀਕਾਰ ਨਾ ਕਰਨ ਦਾ ਸੀ। ਜਿਵੇਂ ਗੁਰੂ ਜੀ ਨੇ ਕਿਸੇ ਦੇ (ਆਪ ਤਾਂ ਸਿੱਖੀ ਵਿਹਾਰ ਅਨੁਸਾਰ ਉਹ ਜਨੇਊ ਪਹਿਨਦੇ ਹੀ ਨਹੀਂ ਸਨ) ਵਿਸ਼ਵਾਸ ਜਾਂ ਅਕੀਦੇ ਵਿਚ ਸਥਾਪਤੀ ਦੀ ਗ਼ੈਰ-ਜ਼ਰੂਰੀ ਧੱਕੜ ਦਖ਼ਲ-ਅੰਦਾਜ਼ੀ ਨੂੰ ਪ੍ਰਵਾਨ ਨਾ ਕਰਦਿਆਂ ਜਾਨ ਦੀ ਬਾਜ਼ੀ ਲਾ ਦਿੱਤੀ ਸੀ, ਉਂਜ ਹੀ ਰਾਮ ਰੱਖਾ ਮੱਲ ਖੁੱਲ੍ਹ-ਦਿਲੇ ਵਿਚਾਰਾਂ ਦੇ ਹੁੰਦੇ ਵੀ ਧਾਰਮਿਕ ਅਕੀਦੇ ਵਿਚ ਹਾਕਮਾਂ ਦੀ ਗ਼ੈਰ-ਜ਼ਰੂਰੀ ਦਖ਼ਲ-ਅੰਦਾਜ਼ੀ ਦੇ ਵਿਰੋਧ ਵਿਚ ਕੁਰਬਾਨ ਹੋ ਗਏ; ਸਗੋਂ ਅਗਲੀ ਗੱਲ ਤਾਂ ਇਹ ਹੈ ਕਿ ਵਿਅਕਤੀਗਤ ਵਿਸ਼ਵਾਸ ਦੀ ਲੜਾਈ ਲੜਦਿਆਂ ਵੀ ਉਹ ਕੈਦੀਆਂ ਵੱਲੋਂ ਸਭ ਲਈ ਲੜੀ ਜਾ ਰਹੀ ਲੜਾਈ ਵਿਚ ਵੀ ਸ਼ਾਮਲ ਹੋਏ ਤੇ ਭੁੱਖ ਹੜਤਾਲ ਜਾਰੀ ਰੱਖਦਿਆਂ ਜਾਨ ਦੀ ਬਾਜ਼ੀ ਲਾ ਦਿੱਤੀ।

ਪੰਜਾਬੀ ਇਨਕਲਾਬੀਆਂ ਦੇ ਖ਼ਮੀਰ ਵਿਚ ਉਨ੍ਹਾਂ ਦਾ ਇਤਿਹਾਸ ਗੁੰਨ੍ਹਿਆ ਹੋਇਆ ਹੈ। ਸ਼ਾਇਦ ਇਸੇ ਲਈ ਉਹ ਆਜ਼ਾਦੀ ਤੇ ਅਣਖ਼ ਦੀ ਲੜਾਈ ਖਾੜਕੂ ਅੰਦਾਜ਼ ਵਿਚ ਲੜਨ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਸਾਰੇ ਪੰਜਾਬੀ ਇਕੋ ਜਿਹੇ ਹੁੰਦੇ ਨੇ। ਗ਼ਦਰੀ ਕੈਦੀਆਂ ਵਿਚ ਵੀ ਭਾਈ ਪਰਮਾਨੰਦ (ਲਾਹੌਰ) ਨੇ ਆਪਣੇ ਆਪ ਨੂੰ ਵਿੱਥ 'ਤੇ ਰੱਖ ਕੇ ਜੇਲ੍ਹ ਅਧਿਕਾਰੀਆਂ ਦਾ ਚਹੇਤਾ ਬਣਨ ਦੀ ਕੋਸ਼ਿਸ਼ ਜਾਰੀ ਰੱਖੀ ਸੀ। ਜੇਲ੍ਹ ਵਿਚ ਲੜੇ ਗਏ ਸੰਘਰਸ਼ ਦਾ ਸਾਥ ਦੇਣ ਵਾਲੇ ਪੰਜਾਬੀ ਰਾਜਸੀ ਕੈਦੀਆਂ ਵਿਚੋਂ ਇਕੱਲੇ ਭਾਈ ਪਰਮਾਨੰਦ (ਲਾਹੌਰ) ਨੇ ਹੀ ਆਪਣੇ ਆਪ ਨੂੰ ਇਸ ਸੰਘਰਸ਼ ਤੋਂ ਵੱਖਰੇ ਰੱਖਣ ਦਾ ਫੈਸਲਾ ਕੀਤਾ ਸੀ। ਭਾਈ ਪਰਮਾਨੰਦ ਮੁਤਾਬਕ ਗ਼ਦਰੀ ਸਾਥੀਆਂ ਦਾ ਵਿਰੋਧ ਗ਼ੈਰ-ਵਾਜਬ ਸੀ। ਉਹ ਇਸ ਨੂੰ ਅਧਿਕਾਰੀਆਂ ਨਾਲ ਖ਼ਾਹ-ਮ-ਖ਼ਾਹ ਪੰਗਾ ਲੈਣ ਦੇ ਤੁੱਲ ਸਮਝਦੇ ਸਨ। ਆਪਣੀ ਲਿਖਤ ਵਿਚ ਇਕ ਪਾਸੇ ਉਹ ਅਧਿਕਾਰੀਆਂ ਵੱਲੋਂ ਕੀਤੇ ਜਾਂਦੇ ਜ਼ੁਲਮ ਦੀ ਤਸਦੀਕ ਵੀ ਕਰਦੇ ਹਨ ਅਤੇ ਦੂਜੇ ਪਾਸੇ ਇਨਕਲਾਬੀਆਂ ਦੇ ਵਿਰੋਧ ਨੂੰ 'ਬੇਵਕੂਫ਼ਾਨਾ' ਵੀ ਦੱਸਦੇ ਹਨ। ਉਨ੍ਹਾਂ ਨੂੰ ਜੇਲ੍ਹ ਵਿਚ ਮਿਲਦੀ ਭੈੜੀ ਖ਼ੁਰਾਕ ਵਿਰੁਧ ਸੰਘਰਸ਼ ਕਰਨ ਵਾਲੇ ਕੇਵਲ 'ਜੀਭ ਦੇ ਸਵਾਦ ਖ਼ਾਤਰ ਉਲਟ-

**ਬਾਤਾਂ ਗਦਰ ਦੀਆਂ**

ਪੁਲਟ ਕੰਮ ਕਰਦੇ' ਜਾਪਦੇ ਹਨ। ਉਨ੍ਹਾਂ ਨੂੰ ਕਿਸੇ ਰਾਜਸੀ ਕੈਦੀ ਨਾਲ ਹੋਈ ਵਧੀਕੀ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਉਨ੍ਹਾਂ ਦੀ ਖ਼ਾਹ-ਮ-ਖ਼ਾਹ 'ਪਿੱਠ ਠੋਕਣੀ' ਲੱਗਦਾ ਸੀ ਜਿਸ ਨਾਲ ਹੋਏ 'ਝਗੜੇ ਕਾਰਨ ਬਾਕੀ ਦੇ ਬੰਦੇ ਵੀ ਵਲ੍ਹੇਟੇ ਜਾਂਦੇ' ਸਨ। ਉਨ੍ਹਾਂ ਨੂੰ ਗ਼ਦਰੀਆਂ ਦੇ ਅਜਿਹੇ ਝਗੜਿਆਂ ਕਾਰਨ 'ਵਲ੍ਹੇਟੇ' ਜਾਣਾ ਪ੍ਰਵਾਨ ਨਹੀਂ ਸੀ। ਇਸੇ ਕਰ ਕੇ ਉਨ੍ਹਾਂ ਨੇ ਗ਼ਦਰੀਆਂ ਵੱਲੋਂ ਲੜੀਆਂ ਲੜਾਈਆਂ ਜਾਂ ਹੜਤਾਲਾਂ ਵਿਚ ਉਨ੍ਹਾਂ ਦਾ ਸਾਥ ਨਹੀਂ ਸੀ ਦਿੱਤਾ। ਉਂਜ ਉਹ ਗ਼ਦਰੀਆਂ ਦੇ ਜੇਲ੍ਹ ਵਿਚਲੇ ਵਿਹਾਰ ਖ਼ਿਲਾਫ਼ ਲਿਖਦਿਆਂ ਅਸਿੱਧੇ ਤੌਰ 'ਤੇ ਉਨ੍ਹਾਂ ਦੀ ਤਾਰੀਫ਼ ਵੀ ਕਰ ਜਾਂਦੇ ਹਨ।

ਇਤਿਹਾਸਕਾਰ ਜਗਜੀਤ ਸਿੰਘ 'ਗ਼ਦਰ ਪਾਰਟੀ ਲਹਿਰ' ਵਿਚ ਠੀਕ ਹੀ ਲਿਖਦੇ ਹਨ, 'ਦਰਅਸਲ ਭਾਈ ਪਰਮਾਨੰਦ ਅਤੇ ਗ਼ਦਰੀ ਕੈਦੀਆਂ ਦੇ ਦ੍ਰਿਸ਼ਟੀਕੋਣ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਗ਼ਦਰੀ ਕੈਦੀ ਹੱਤਕ ਅਤੇ ਬੇਇਜ਼ਤੀ ਸਹਾਰਨ ਵਾਲੇ ਬੰਦੇ ਨਹੀਂ ਸਨ ਅਤੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਤੁੱਲੇ ਹੋਏ ਸਨ ਅਤੇ ਭਾਈ ਪਰਮਾਨੰਦ ਜੇਲ੍ਹ ਕਰਮਚਾਰੀਆਂ ਨਾਲ ਮੱਥਾ ਲਾ ਕੇ ਬਖੇੜਾ ਲੈਣੋਂ ਸੰਕੋਚ ਕਰਦੇ ਸਨ, ਭਾਵੇਂ ਉਹ ਕਿਤਨਾ ਵੀ ਜ਼ੁਲਮ ਪਏ ਕਰਨ। ਭਾਈ ਪਰਮਾਨੰਦ ਲਿਖਦੇ ਹਨ ਕਿ, 'ਰਾਜਸੀ ਕੈਦੀ ਆਪਣੇ ਹੱਕਾਂ ਖ਼ਾਤਰ ਉਸੇ ਤਰ੍ਹਾਂ ਹੀ ਐਜੀਟੇਸ਼ਨ ਕਰਨਾ ਚਾਹੁੰਦੇ ਸਨ ਜਿਵੇਂ ਉਹ ਬਾਹਰ ਕਰਦੇ ਆਏ ਸਨ।...ਇਸ ਤੋਂ ਇਲਾਵਾ ਇਕ ਪਾਰਟੀ ਐਸੀ ਸੀ ਜੋ ਬਿਨਾਂ ਛਾਣ-ਬੀਣ ਕੀਤੇ ਹਰ ਐਸੇ ਮੁਆਮਲੇ ਨੂੰ ਹੱਥ ਵਿਚ ਲੈ ਲੈਂਦੀ ਸੀ ਜਿਸ ਦੀ ਉਨ੍ਹਾਂ ਪਾਸ ਸ਼ਿਕਾਇਤ ਪੁੱਜਦੀ। ਜਦੋਂ ਉਹ ਹਿੰਦੂ ਜਾਂ ਬਰਮੀ ਬੱਚਿਆਂ ਨਾਲ ਗ਼ੈਰ-ਇਨਸਾਨੀ ਵਰਤਾਓ ਹੋਇਆ ਵੇਖਦੇ, ਜਾਂ ਜਦੋਂ ਉਨ੍ਹਾਂ ਨੂੰ ਜ਼ੁਲਮ ਦੀ ਚੱਕੀ ਵਿਚ ਪੀਸਿਆ ਜਾਂਦਾ ਵੇਖਦੇ, ਜਾਂ ਜਦੋਂ ਉਨ੍ਹਾਂ ਨਾਲ ਗ਼ੈਰ-ਕੁਦਰਤੀ ਜੁਰਮ ਕੀਤਾ ਜਾਂਦਾ, ਉਹ ਇਹ ਵੇਖ ਕੇ ਸਹਾਰ ਨਾ ਸਕਦੇ ਅਤੇ ਵੱਡਾ ਬਖ਼ੇੜਾ ਮੁੱਲ ਲੈਣ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਦਖ਼ਲ ਦਿੰਦੇ। ਉਨ੍ਹਾਂ ਦੀ ਇਹ ਦਲੀਲ ਹੁੰਦੀ ਕਿ ਕਿਉਂਕਿ ਉਹ ਮਾਤ੍ਰ-ਭੂਮੀ ਦੀ ਸੇਵਾ ਖ਼ਾਤਰ ਜੇਲ੍ਹ ਆਏ ਸਨ, ਇਸ ਲਈ ਜੇਲ੍ਹ ਦੇ ਹੋਰ ਕੈਦੀਆਂ ਦੀ ਹਾਲਤ ਬੇਹਤਰ ਕਰਨ ਲਈ ਕੋਸ਼ਿਸ਼ ਕਰਨੀ ਅਜੇ ਵੀ ਉਨ੍ਹਾਂ ਦਾ ਫ਼ਰਜ਼ ਸੀ।'

ਪਰਮਾਨੰਦ ਦੇ ਕਥਨ ਤੋਂ ਇਹ ਤਾਂ ਜ਼ਾਹਿਰ ਹੈ ਕਿ ਉਹ ਗ਼ਦਰੀਆਂ ਦੇ ਜੇਲ੍ਹ ਵਿਚ ਧਾਰਨ ਕੀਤੇ ਰਵੱਈਏ ਨਾਲ ਸਹਿਮਤ ਨਹੀਂ ਸਨ ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਗ਼ਦਰੀਆਂ ਦੇ ਰਵੱਈਏ ਦੀ ਨਿਖ਼ੇਧੀ ਕਰਦਿਆਂ ਵੀ ਉਨ੍ਹਾਂ ਕੋਲੋਂ ਉਨ੍ਹਾਂ ਦੀ ਸਹਿਵਨ ਹੀ ਤਾਰੀਫ਼ ਹੋ ਗਈ ਹੈ ਜਿਹੜੇ ਆਪਣੀਆਂ ਜਾਨਾਂ 'ਤੇ ਵੀ ਖੇਡ ਕੇ ਆਪਣੇ ਸਾਥੀਆਂ ਨਾਲ ਹੁੰਦੇ ਜ਼ੁਲਮ ਦੇ ਖ਼ਿਲਾਫ਼ ਜੱਦੋ-ਜਹਿਦ ਕਰਨ ਲਈ ਤਿਆਰ ਰਹਿੰਦੇ ਸਨ। ਭਾਈ ਪਰਮਾਨੰਦ ਜੇਲ੍ਹ ਅਧਿਕਾਰੀਆਂ ਦੇ ਜ਼ੁਲਮ ਨੂੰ ਵੀ



*ਭਾਈ ਪਰਮਾਨੰਦ ਝਾਂਸੀ*

ਮੰਨਦੇ ਹਨ ਪਰ ਗ਼ਦਰੀਆਂ ਵੱਲੋਂ ਜ਼ੁਲਮ ਦੇ ਕੀਤੇ ਵਿਰੋਧ ਨੂੰ 'ਬੇਵਕੂਫ਼ੀ' ਵੀ ਦੱਸਦੇ ਹਨ। ਅਜਿਹੇ ਲੋਕਾਂ ਦੇ ਦੋਫ਼ਸਲੇ ਵਿਹਾਰ ਕਾਰਨ ਕਈ ਵਾਰ ਚਾਹੁੰਦਿਆਂ ਹੋਇਆਂ ਵੀ ਦੇਸ਼ ਭਗਤ ਕਦੀ-ਕਦੀ ਆਪਣੇ ਕਿਸੇ ਸਾਥੀ ਦੀ ਮਦਦ ਕਰਨੋਂ ਬੇਵੱਸ ਹੋ ਜਾਂਦੇ ਤੇ ਉਸ ਵਿਸ਼ੇਸ਼ ਕੇਸ ਵਿਚ ਜੇਲ੍ਹ ਵਾਲੇ ਆਪਣਾ ਜ਼ੁਲਮ ਜਾਰੀ ਰੱਖਣੋਂ ਬਾਜ਼ ਨਾ ਆਉਂਦੇ। ਅਕਸਰ ਕੁਝ ਮੌਕਾ-ਸ਼ਨਾਸ਼ ਤੇ ਕਮਜ਼ੋਰ ਬਿਰਤੀ ਦੇ ਲੋਕ ਕੀਤੇ ਜਾਣ ਵਾਲੇ ਵਿਰੋਧ ਦੇ ਰਾਹ ਦਾ ਰੋੜਾ ਬਣ ਖਲੋਂਦੇ ਸਨ। ਇਸ ਪ੍ਰਸੰਗ ਵਿਚ ਬੰਗਾਲੀ ਨੌਜਵਾਨ ਆਸ਼ੂਤੋਸ਼ ਲਹਿਰੀ ਦੇ ਕੇਸ ਦੀ ਗੱਲ ਕੀਤੀ ਜਾ ਸਕਦੀ ਹੈ। ਉਹਨੇ ਕਲਕੱਤਾ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਹੋਈ ਸੀ।

ਉਹਨੂੰ ਨਾਰੀਅਲ ਦਾ ਛਿਲਕਾ ਕੁੱਟਣ ਦੀ ਸਜ਼ਾ ਦਿੱਤੀ ਗਈ। ਉਹ ਅੱਠ ਮਹੀਨੇ ਤੱਕ ਛਿਲਕਾ ਕੁੱਟਦਾ ਰਿਹਾ। ਜੇਲ੍ਹ ਦੇ ਆਮ ਨਿਯਮ ਅਨੁਸਾਰ ਤਿੰਨ ਮਹੀਨੇ ਸਖ਼ਤ ਮੁਸ਼ੱਕਤ ਕਰਨ ਵਾਲੇ ਕੈਦੀ ਨੂੰ ਰੱਸੀਆਂ ਵੱਟਣ ਵਰਗੀ ਥੋੜ੍ਹੀ ਹਲਕੀ ਮੁਸ਼ੱਕਤ ਦੇ ਦਿੱਤੀ ਜਾਂਦੀ ਸੀ। ਸਮਾਂ ਲੰਘਦਾ ਵੇਖ ਆਸ਼ੂਤੋਸ਼ ਲਹਿਰੀ ਨੇ ਸੁਪਰਡੈਂਟ ਨੂੰ ਯਾਦ ਦਿਵਾਇਆ ਤਾਂ ਉਹਨੇ ਵਾਅਦਾ ਕੀਤਾ ਕਿ ਛੇ ਮਹੀਨੇ ਦੀ ਮੁਸ਼ੱਕਤ ਤੋਂ ਬਾਅਦ ਉਹਨੂੰ ਨਰਮ ਮੁਸ਼ੱਕਤ ਦੇ ਦਿੱਤੀ ਜਾਏਗੀ।

ਲਗਾਤਾਰ ਅੱਠ ਮਹੀਨੇ ਛਿਲਕਾ ਕੁੱਟਦਾ ਰਹਿਣ ਦੇ ਬਾਵਜੂਦ ਜਦੋਂ ਜੇਲ੍ਹ ਸੁਪਰਡੈਂਟ ਨੇ ਲਹਿਰੀ ਦੇ ਵਾਰ-ਵਾਰ ਆਖਣ 'ਤੇ ਵੀ ਵਾਅਦਾ ਨਾ ਨਿਭਾਇਆ ਤਾਂ ਉਹਨੇ ਕੰਮ ਕਰਨੋਂ ਇਨਕਾਰ ਕਰ ਦਿੱਤਾ। ਉਸ ਵੇਲੇ ਜੇਲ੍ਹ ਦਾ ਸੁਪਰਡੈਂਟ ਮਿਸਟਰ ਮਰੇ ਸੀ। ਉਹਨੇ ਲਹਿਰੀ ਨੂੰ ਇਕੱਠੀਆਂ ਕਈ ਸਜ਼ਾਵਾਂ ਦਿੱਤੀਆਂ। ਤੀਹ ਬੈਂਤਾਂ ਦੀ ਬੇਕਿਰਕ ਮਾਰ ਨੇ ਉਹਦੇ ਪਿੰਡੇ ਦਾ ਮਾਸ ਬੋਟੀ-ਬੋਟੀ ਕਰ ਕੇ ਉਡਾ ਦਿੱਤਾ। ਸਬਰ, ਸਿਦਕ ਤੇ ਸਿਰੜ ਨਾਲ ਇਹ ਸਜ਼ਾ ਬਰਦਾਸ਼ਤ ਕਰਨ ਵਾਲੇ ਲਹਿਰੀ ਨੂੰ ਬੈਂਤਾਂ ਦੀ ਸਜ਼ਾ ਤੋਂ ਇਲਾਵਾ ਛੇ ਮਹੀਨੇ ਕੋਠੀ ਬੰਦ ਤੇ ਡੰਡਾ ਬੇੜੀ ਦੀ ਸਜ਼ਾ ਵੀ ਦਿੱਤੀ ਗਈ। ਇਹ ਅਣਮਨੁੱਖੀ ਤਸ਼ੱਦਦ ਵੇਖ ਕੇ ਗ਼ਦਰੀ ਇਨਕਲਾਬੀ ਤਾਂ ਉਹਦੀ ਹਮਦਰਦੀ ਵਿਚ ਹੜਤਾਲ ਕਰਨਾ ਚਾਹੁੰਦੇ ਸਨ ਪਰ ਪੁਰਾਣੇ ਰਾਜਸੀ ਕੈਦੀਆਂ ਨੇ ਬੰਗਾਲੀ ਕੈਦੀਆਂ ਵਿਚ ਫੁੱਟ ਪੁਆ ਦਿੱਤੀ ਜਿਸ ਕਾਰਨ ਜੇਲ੍ਹ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਾ ਹੋ ਸਕੀ। ਲਹਿਰੀ ਨੇ ਜਦੋਂ ਸਜ਼ਾ ਪੂਰੀ ਕਰ ਲਈ ਤਾਂ ਉਹਨੂੰ ਮੁੜ ਤੋਂ ਪਹਿਲਾਂ ਵਾਲੀ ਸਖ਼ਤ ਮੁਸ਼ੱਕਤ ਹੀ ਕਰਨ ਨੂੰ ਦੇ ਦਿੱਤੀ ਗਈ। ਬੇਵੱਸੀ ਦੀ ਹਾਲਤ ਵਿਚ ਆਸ਼ੂਤੋਸ਼ ਨੂੰ ਸਖ਼ਤ ਮੁਸ਼ੱਕਤ ਕਰਨ ਲਈ ਮਜਬੂਰ ਹੋਣਾ ਪਿਆ ਤੇ ਬਕੌਲ ਬਾਬਾ ਸੋਹਨ ਸਿੰਘ ਭਕਨਾ, 'ਭਾਈ ਪਰਮਾਨੰਦ (ਲਾਹੌਰ) ਦੀ ਜੈ ਹੋਈ।'

ਕੀ ਗ਼ਦਰੀ ਦੇਸ਼ ਭਗਤਾਂ ਵੱਲੋਂ ਜੇਲ੍ਹ ਵਿਚ ਕੀਤਾ ਜਾਂਦਾ ਸੰਘਰਸ਼ ਸੱਚ-ਮੁੱਚ ਹੀ ਭਾਈ ਪਰਮਾਨੰਦ ਦੇ ਕਹਿਣ ਮੁਤਾਬਿਕ ਗ਼ੈਰ-ਵਾਜਬ ਸੀ ਜਾਂ ਉਹ ਗ਼ਦਰੀ ਦੇਸ਼ ਭਗਤਾਂ ਵੱਲੋਂ ਆਪਣੇ ਮਾਣ-ਸਵੈਮਾਣ ਨੂੰ ਬਚਾ ਕੇ ਆਪਣੀ ਇਨਸਾਨੀ ਹੋਂਦ ਨੂੰ ਤਸਲੀਮ ਕਰਵਾਉਣ ਤੇ ਪਸ਼ੂਆਂ ਵਾਂਗ ਜ਼ੁਲਮ ਸਹਿਣ ਤੋਂ ਇਨਕਾਰੀ ਹੋ ਕੇ ਲੜਨ ਦੀ ਹਾਲਤ ਵਿਚੋਂ ਪੈਦਾ ਹੋਈ ਲੋੜ ਜਾਂ ਮਜਬੂਰੀ ਸੀ; ਇਸ ਦਾ ਥਹੁ-ਪਤਾ ਲਾਉਣ ਲਈ ਸਾਨੂੰ ਗ਼ਦਰੀ ਦੇਸ਼ ਭਗਤਾਂ ਵੱਲੋਂ ਲੜੇ ਸੰਘਰਸ਼ਾਂ ਤੇ ਕੀਤੀਆਂ ਹੜਤਾਲਾਂ ਦਾ ਸੰਕੇਤਕ ਤੌਰ 'ਤੇ ਜ਼ਿਕਰ ਤੇ ਵਿਵੇਚਨ ਕਰ ਲੈਣਾ ਚਾਹੀਦਾ ਹੈ।

ਜੇਲ੍ਹ ਅਧਿਕਾਰੀਆਂ ਨੇ ਆਪਣੇ ਸੂਹੀਆਂ ਤੋਂ ਪਹਿਲਾਂ ਹੀ ਪਤਾ ਲਾ ਲਿਆ ਸੀ ਕਿ ਪੰਜਾਬ ਤੋਂ ਨਵੇਂ ਆਏ ਕੈਦੀਆਂ ਨੇ ਕੋਹਲੂ ਪੀੜਨ ਦੀ ਮੁਸ਼ੱਕਤ ਨਹੀਂ ਕਰਨੀ; ਇਸ ਲਈ ਉਨ੍ਹਾਂ ਕੋਹਲੂ ਦੀ ਸਜ਼ਾ ਤਾਂ ਕਿਸੇ ਨੂੰ ਨਾ ਦਿੱਤੀ ਪਰ ਜੇਲ੍ਹਰ ਨੇ ਕੁਝ ਵੱਖਰੇ ਅੰਦਾਜ਼ ਵਿਚ ਪਹਿਲੇ ਦਿਨ ਹੀ ਜ਼ਿਆਦਤੀ ਆਰੰਭ ਦਿੱਤੀ। ਕੋਹਲੂ ਦੀ ਸਜ਼ਾ ਤੋਂ ਬਾਅਦ ਕੈਦੀਆਂ ਲਈ ਦੂਜੀ ਕਰੜੀ ਮੁਸ਼ੱਕਤ ਨਾਰੀਅਲ ਦੇ ਛਿਲਕੇ ਨੂੰ ਕੁੱਟ ਕੇ ਰੇਸ਼ਾ ਕੱਢਣ ਦੀ ਸੀ। ਆਮ ਤੌਰ 'ਤੇ ਕੈਦੀਆਂ ਨੂੰ ਨਾਰੀਅਲ ਦਾ ਹਰਾ ਛਿਲਕਾ ਕੁੱਟਣ ਨੂੰ ਦਿੱਤਾ ਜਾਂਦਾ ਸੀ ਪਰ ਜੇਲ੍ਹਰ ਨੇ ਜਾਣ-ਬੁੱਝ ਕੇ ਨਵੇਂ ਕੈਦੀਆਂ ਨੂੰ ਹਰੇ ਦੀ ਥਾਂ ਸੁੱਕਾ ਛਿਲਕਾ ਕੁੱਟਣ ਲਈ ਦਿੱਤਾ। ਸੁੱਕੇ ਛਿਲਕੇ ਵਿਚੋਂ ਰੇਸ਼ਾ ਕੱਢਣਾ ਆਸਾਨ ਨਹੀਂ ਸੀ। ਪਹਿਲੇ ਦਿਨ ਹੀ ਸਭ ਦੇ ਹੱਥਾਂ 'ਤੇ ਛਾਲੇ ਪੈ ਗਏ। ਜੇਲ੍ਹਰ ਨੇ ਭਾਈ ਪਰਮਾਨੰਦ (ਲਾਹੌਰ) ਅਤੇ ਭਾਈ ਪਰਮਾਨੰਦ ਝਾਂਸੀ ਨੂੰ ਬੁਲਾ ਕੇ ਮੁਸ਼ੱਕਤ ਪੂਰੀ ਨਾ ਕਰਨ ਲਈ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ। ਉਂਜ ਨਵੇਂ ਗਏ ਕੈਦੀਆਂ ਨੂੰ ਪਹਿਲੇ ਪੰਦਰਾਂ ਦਿਨ ਇਕਾਂਤ ਕੈਦ ਵਿਚ ਰੱਖਿਆ ਜਾਂਦਾ ਸੀ। ਇਨ੍ਹਾਂ ਦਿਨਾਂ ਵਿਚ ਕੀਤੀ ਮੁਸ਼ੱਕਤ ਦਾ ਨਾ ਤਾਂ ਕੋਈ ਰਿਕਾਰਡ ਰੱਖਿਆ ਜਾਂਦਾ ਸੀ ਤੇ ਨਾ ਹੀ ਘੱਟ ਮੁਸ਼ੱਕਤ ਕਰਨ ਬਦਲੇ ਕੈਦੀ ਦੀ ਪੇਸ਼ੀ ਕੀਤੀ ਜਾਂਦੀ ਸੀ ਪਰ ਉਥੇ ਨਿਯਮਾਂ ਅਨੁਸਾਰ ਕੌਣ ਚੱਲਦਾ ਸੀ! ਜੇਲ੍ਹਰ ਦੀਆਂ ਧਮਕੀਆਂ ਸੁਣ ਕੇ ਭਾਈ ਪਰਮਾਨੰਦ (ਲਾਹੌਰ) ਤਾਂ ਹਾਮੀ ਭਰ ਕੇ ਟਾਲਾ ਵੱਟ ਗਏ ਪਰ ਭਾਈ ਪਰਮਾਨੰਦ ਝਾਂਸੀ ਖ਼ਾਮੋਸ਼ ਖੜ੍ਹੇ ਰਹੇ ਤੇ ਇਹ ਪ੍ਰਭਾਵ ਦਿੱਤਾ ਜਿਵੇਂ ਉਨ੍ਹਾਂ ਨੂੰ ਜੇਲ੍ਹਰ ਦੇ ਆਖੇ ਦੀ ਕੋਈ ਪ੍ਰਵਾਹ ਹੀ ਨਾ ਹੋਵੇ।

ਅਗਲੇ ਦਿਨ ਤਾਂ ਮੁਸ਼ੱਕਤ ਪੂਰੀ ਕਰਨੀ ਹੋਰ ਵੀ ਮੁਸ਼ਕਿਲ ਸੀ। ਹੱਥਾਂ 'ਤੇ ਛਾਲੇ ਪੈ ਜਾਣ ਕਰ ਕੇ ਮੁੱਠੀਆਂ ਖੋਲ੍ਹਣੀਆਂ ਵੀ ਔਖੀਆਂ ਸਨ। ਜੇਲ੍ਹਰ ਨੂੰ ਕੱਲ੍ਹ ਦਾ ਭਾਈ ਪਰਮਾਨੰਦ ਝਾਂਸੀ ਦਾ ਬੇਪ੍ਰਵਾਹ ਵਿਹਾਰ ਕੰਡੇ ਵਾਂਗ ਚੁਭ ਰਿਹਾ ਸੀ। ਇਸੇ ਲਈ ਦੂਜੇ ਦਿਨ ਮੁੜ ਭਾਈ ਪਰਮਾਨੰਦ ਝਾਂਸੀ ਨੂੰ ਇਕੱਲਿਆਂ ਜੇਲ੍ਹਰ ਦੇ ਪੇਸ਼ ਕੀਤਾ ਗਿਆ। ਜੇਲ੍ਹਰ ਨੇ ਪੈਂਦੇ ਹੀ ਉਸ ਨੂੰ ਧਮਕਾਉਣਾ ਅਤੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਪਰਮਾਨੰਦ ਨੇ ਵੀ ਗਾਲ ਦਾ ਜਵਾਬ ਗਾਲ ਵਿਚ ਹੀ ਦਿੱਤਾ ਤਾਂ ਜੇਲ੍ਹਰ ਗੁੱਸੇ ਵਿਚ ਅੱਗ ਭਬੂਕਾ ਹੋ ਕੇ ਉਸ ਨੂੰ ਮਾਰਨ ਲਈ ਕੁਰਸੀ ਤੋਂ ਉਠ ਕੇ ਅੱਗੇ ਵਧਣ ਲੱਗਾ। ਹਮਲਾ ਰੋਕਣ ਲਈ ਭਾਈ ਪਰਮਾਨੰਦ ਨੇ ਜੇਲ੍ਹਰ ਦੀ ਗੋਗੜ ਵਿਚ ਲੱਤ ਮਾਰੀ। ਜੇਲ੍ਹਰ ਪਿੱਛੇ ਕੁਰਸੀ ਵਿਚ ਜਾ ਡਿੱਗਾ ਤੇ ਕੁਰਸੀ ਭੁੰਜੇ ਢਹਿ ਪਈ। ਜੇਲ੍ਹ ਦੇ 'ਖ਼ੁਦਾ' ਦੀ ਪਤ ਮਿੱਟੀ ਵਿਚ ਰੁਲਦੀ ਵੇਖ ਟੈਂਡਲ ਤੇ ਜਮਾਂਦਾਰ ਭਾਈ ਪਰਮਾਨੰਦ ਨੂੰ ਟੁੱਟ ਕੇ ਪੈ ਗਏ। ਇੰਨਾ ਬੁਰੀ ਤਰ੍ਹਾਂ ਕੁੱਟਿਆ ਕਿ ਉਹਦਾ ਸਿਰ ਲਹੂ-ਲੁਹਾਨ ਹੋ ਗਿਆ। ਉਹ ਇੰਨਾ ਜ਼ਖ਼ਮੀ ਹੋ ਗਿਆ ਕਿ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਹਸਪਤਾਲ ਲਿਜਾਣਾ ਪਿਆ। ਇਸ ਦੇ ਬਾਵਜੂਦ ਭਾਈ ਪਰਮਾਨੰਦ ਨੂੰ ਤੀਹ ਬੈਂਤਾਂ ਦੀ ਸਜ਼ਾ ਦਿੱਤੀ ਗਈ। ਉਹਨੇ ਬਿਨਾਂ ਕਸੀਸ ਵੱਟੇ ਤੇ ਬਿਨਾਂ 'ਹਾਇ! ਤੋਬਾ!' ਕੀਤਿਆਂ ਬਹਾਦਰਾਂ ਵਾਂਗ ਬੈਂਤਾਂ ਦੀ ਲਹੂ-ਵੀਟਵੀਂ ਮਾਰ ਝੱਲੀ। ਬੈਂਤਾਂ ਦੀ ਮਾਰ ਤੋਂ ਇਲਾਵਾ ਛੇ ਮਹੀਨੇ ਕੋਠੀ ਬੰਦ, ਘੱਟ ਖਾਣਾ ਤੇ ਛੇ ਮਹੀਨੇ ਡੰਡਾ-ਬੇੜੀ ਲਾਉਣ ਦੀ ਸਜ਼ਾ ਵੀ ਦਿੱਤੀ।

ਦੇਸ਼ ਭਗਤਾਂ ਨੂੰ ਇਹ ਭਾਈ ਪਰਮਾਨੰਦ ਝਾਂਸੀ ਨਾਲ ਕੀਤੀ ਜੇਲ੍ਹਰ ਦੀ ਸਰਾਸਰ ਜ਼ਿਆਦਤੀ ਲੱਗੀ। ਉਹ ਸਮਝਦੇ ਸਨ ਕਿ ਕਸੂਰ ਤਾਂ ਜੇਲ੍ਹਰ ਦਾ ਸੀ ਜਿਸ ਨੇ ਪਹਿਲਾਂ ਭਾਈ ਪਰਮਾਨੰਦ ਨੂੰ ਮੰਦੇ ਬੋਲ ਬੋਲੇ ਸਨ। ਭਾਈ ਪਰਮਾਨੰਦ ਦਾ ਐਕਸ਼ਨ ਤਾਂ ਸਵੈ-ਰੱਖਿਆ ਲਈ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸੁੱਕਾ ਛਿਲਕਾ ਕੁੱਟਣ ਲਈ ਦੇਣਾ ਵੀ ਗ਼ੈਰ-ਕਾਨੂੰਨੀ ਸੀ। ਸੋ, ਉਨ੍ਹਾਂ ਕੰਮ ਤੋਂ ਹੜਤਾਲ ਕਰ ਦਿੱਤੀ। 'ਰੱਬ ਦੇ ਢਿੱਡ ਵਿਚ ਲੱਤ ਵੱਜਣ' ਦੀ ਖ਼ਬਰ ਸਾਰੀ ਜੇਲ੍ਹ ਵਿਚ ਫੈਲਣ ਕਰ ਕੇ ਜੇਲ੍ਹਰ ਬੈਰੀ ਪਹਿਲਾਂ ਹੀ ਛਿੱਥਾ ਪਿਆ ਹੋਇਆ ਸੀ ਤੇ ਹੁਣ ਹੜਤਾਲ ਦਾ ਸੁਣ ਕੇ ਉਹ ਹੋਰ ਘਬਰਾ ਗਿਆ। ਉਹ ਭਾਈ ਪਰਮਾਨੰਦ ਲਾਹੌਰ ਨੂੰ ਵਿਚੋਲਾ ਪਾ ਕੇ ਸੁਲ੍ਹਾ ਲਈ ਤਰਲੇ ਪਾਉਣ ਲੱਗਾ। ਹੜਤਾਲੀ ਦੇਸ਼ ਭਗਤਾਂ ਨੇ ਸੋਚਿਆ ਕਿ ਭਾਈ ਪਰਮਾਨੰਦ ਝਾਂਸੀ ਨੂੰ ਬੈਂਤਾਂ ਦੀ ਲੱਗੀ ਸਜ਼ਾ ਤਾਂ ਮੁੜਨ ਨਹੀਂ ਲੱਗੀ; ਸੋ, ਜੇ ਸਮਝੌਤਾ ਕੀਤਿਆਂ ਭਾਈ ਪਰਮਾਨੰਦ ਦੀਆਂ ਦੂਜੀਆਂ ਸਜ਼ਾਵਾਂ ਮਨਸੂਖ਼ ਹੋ ਜਾਂਦੀਆਂ ਹਨ ਤਾਂ ਮਾੜੀ ਗੱਲ ਨਹੀਂ। ਉਨ੍ਹਾਂ ਨੇ ਦਿੱਤੇ ਭਰੋਸੇ 'ਤੇ ਵਿਸ਼ਵਾਸ ਕਰ ਕੇ



*ਸੈਲੂਲਰ ਜੇਲ੍ਹ ਦੇ ਅਜਾਇਬਘਰ ਵਿਚ ਕੋੜੇ ਮਾਰਨ ਦੀ ਸਜ਼ਾ ਦਰਸਾਉਂਦਾ ਬੁੱਤ।*

ਹੜਤਾਲ ਖ਼ਤਮ ਕਰ ਦਿੱਤੀ। ਮਹੀਨਾ ਗੁਜ਼ਰ ਗਿਆ ਪਰ ਜੇਲ੍ਹਰ ਨੇ ਵਾਅਦਾ ਵਫ਼ਾ ਨਾ ਕੀਤਾ। ਵਿਚੋਲੇ ਭਾਈ ਪਰਮਾਨੰਦ ਨੂੰ ਪੁੱਛਿਆ ਤਾਂ ਉਹ ਵੀ ਇਹ ਕਹਿ ਕੇ ਕਿ ਜੇਲ੍ਹਰ ਕੋਈ ਠੋਸ ਜਵਾਬ ਨਹੀਂ ਦੇ ਰਿਹਾ, ਹੱਥ ਖੜ੍ਹੇ ਕਰ ਗਿਆ।

ਜੇਲ੍ਹਰ ਅਤੇ ਜੇਲ੍ਹ ਅਧਿਕਾਰੀਆਂ ਦੇ ਹੋਰ ਵੀ ਸਖ਼ਤ ਹੋ ਗਏ ਅੜੀਅਲ ਰਵੱਈਏ ਨੂੰ ਵੇਖ ਕੇ ਕੈਦੀਆਂ ਨੇ ਬਾਬਾ ਸੋਹਨ ਸਿੰਘ ਭਕਨਾ ਦੀ ਅਗਵਾਈ ਵਿਚ 13 ਜਨਵਰੀ 1916 ਨੂੰ ਕੰਮ ਤੋਂ ਹੜਤਾਲ ਕਰ ਦਿੱਤੀ। ਇਹ ਹੜਤਾਲ ਛੇ ਮਹੀਨੇ ਜਾਰੀ ਰਹੀ। ਇਸ ਹੜਤਾਲ ਵਿਚ ਸਿਵਾਇ ਭਾਈ ਪਰਮਾਨੰਦ ਲਾਹੌਰ ਅਤੇ ਪਹਿਲਾਂ ਆਏ ਕੈਦੀਆਂ ਨੂੰ ਛੱਡ ਕੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਸਾਰੇ ਗ਼ਦਰੀ ਸ਼ਾਮਲ ਹੋਏ ਸਨ। ਉਨ੍ਹਾਂ ਨੂੰ ਵੀ ਭਾਈ ਪਰਮਾਨੰਦ ਝਾਂਸੀ ਵਾਂਗ ਛੇ ਮਹੀਨੇ ਕੋਠੀ ਬੰਦ, ਡੰਡਾ ਬੇੜੀ, ਹੱਥਕੜੀ ਤੇ ਘੱਟ ਖ਼ੁਰਾਕ ਦੀ ਸਜ਼ਾ ਦਿੱਤੀ ਗਈ। ਛੇ ਮਹੀਨੇ ਦੀ ਸਜ਼ਾ ਪੂਰੀ ਹੋਣ ਤੱਕ ਕਿਉਂਕਿ ਭਾਈ ਪਰਮਾਨੰਦ ਦੀ ਸਜ਼ਾ ਵੀ ਪੂਰੀ ਹੋ ਚੁੱਕੀ ਸੀ, ਇਸ ਲਈ ਹੜਤਾਲ ਖ਼ਤਮ ਹੋ ਗਈ।

ਜਿਵੇਂ ਦੱਸਿਆ ਜਾ ਚੁੱਕਾ ਹੈ ਕਿ ਜੇਲ੍ਹ ਅਧਿਕਾਰੀ ਤਾਂ ਰਾਜਸੀ ਕੈਦੀਆਂ ਨੂੰ ਤੰਗ-ਪਰੇਸ਼ਾਨ ਕਰਨ ਦਾ ਕੋਈ ਨਾ ਕੋਈ ਬਹਾਨਾ ਤਲਾਸ਼ਦੇ ਹੀ ਰਹਿੰਦੇ ਸਨ। ਐਤਵਾਰ ਵਾਲੇ ਦਿਨ ਕੋਈ ਮੁਸ਼ੱਕਤ ਨਹੀਂ ਸੀ ਲਈ ਜਾਂਦੀ ਕਿਉਂਕਿ ਇਹ ਛੁੱਟੀ ਦਾ ਦਿਨ ਹੁੰਦਾ ਸੀ ਪਰ ਇਕ ਦਿਨ ਬੈਰੀ ਨੇ ਜਾਣ-ਬੁੱਝ ਕੇ ਕੈਦੀਆਂ 'ਤੇ ਐਤਵਾਰ ਵਾਲੇ ਦਿਨ ਅਹਾਤੇ ਦਾ ਘਾਹ ਕੱਟਣ ਦਾ ਹੁਕਮ ਚਾੜ੍ਹ ਦਿੱਤਾ। ਗ਼ਦਰੀ ਕੈਦੀਆਂ ਨੇ ਗ਼ੈਰ-ਵਾਜਬ ਹੁਕਮ ਮੰਨਣੋਂ ਇਨਕਾਰ ਕਰ ਦਿੱਤਾ। ਦੂਜੇ ਅਹਾਤਿਆਂ ਵਾਲੇ ਟੈਂਡਲਾਂ ਨੇ ਤਾਂ ਗ਼ਦਰੀਆਂ ਦਾ ਰੁਖ਼ ਵੇਖ ਕੇ ਘਾਹ ਕਟਵਾਉਣ 'ਤੇ ਜ਼ੋਰ ਨਾ ਦਿੱਤਾ ਪਰ ਪੰਜ ਨੰਬਰ ਅਹਾਤੇ ਦੇ ਨੰਬਰਦਾਰ ਨੇ ਘਾਹ ਕੱਟਣ 'ਤੇ ਜ਼ੋਰ ਦਿੱਤਾ। ਇਸ ਅਹਾਤੇ ਵਿਚ ਮਾਸਟਰ ਚਤਰ ਸਿੰਘ, ਭਾਈ ਹਜ਼ਾਰਾ ਸਿੰਘ, ਭਾਈ ਸਾਵਣ ਸਿੰਘ, ਭਾਈ ਖ਼ੁਸ਼ਹਾਲ ਸਿੰਘ, ਭਾਈ ਕੇਹਰ ਸਿੰਘ ਮਰਹਾਣਾ ਅਤੇ ਇਕ ਹੋਰ ਗ਼ਦਰੀ ਕੈਦ ਸਨ। ਹੁਕਮ-ਅਦੂਲੀ ਕਰਨ 'ਤੇ ਉਨ੍ਹਾਂ ਵਿਚੋਂ ਦੋ ਨੂੰ ਤਿੰਨ ਮਹੀਨੇ ਲਈ ਕੈਦ ਤਨਹਾਈ ਅਤੇ ਪੰਜ ਨੂੰ ਛੇ ਮਹੀਨੇ ਲਈ ਕੈਦ ਤਨਹਾਈ, ਡੰਡਾ-ਬੇੜੀ ਅਤੇ ਘੱਟ ਖ਼ੁਰਾਕ ਦੀ ਸਜ਼ਾ ਦਿੱਤੀ ਗਈ। ਛੁੱਟੀ ਵਾਲੇ ਦਿਨ ਵੀ ਘਾਹ ਕੱਟਣ ਦਾ ਗ਼ੈਰ-ਕਾਨੂੰਨੀ ਹੁਕਮ ਦੇਣ ਬਾਰੇ ਅੰਡੇਮਾਨ ਦੇ ਕਮਿਸ਼ਨਰ ਦੀ ਹਾਸੋਹੀਣੀ ਦਲੀਲ ਨੂੰ ਜਾਣਨਾ ਵੀ ਦਿਲਚਸਪ ਹੋਏਗਾ। ਉਹਨੇ 'ਬੰਗਾਲੀ' ਨਾਂ ਦੇ ਅਖ਼ਬਾਰ ਵਿਚ ਘਾਹ ਕੱਟਣ ਦੇ ਹੁਕਮ ਬਾਰੇ ਦੱਸਿਆ, 'ਕੈਦੀ ਕੋਠੜੀਆਂ ਵਿਚ ਬੰਦ ਰਹਿਣ ਨਾਲੋਂ ਘਾਹ ਕੱਟਣ ਨੂੰ ਪਸੰਦ ਕਰਦੇ ਸਨ।'

ਜੇਲ੍ਹ ਅਧਿਕਾਰੀਆਂ ਦਾ ਜ਼ੁਲਮ ਕੋਈ ਇੱਕ ਦਿਨ ਦਾ ਤਾਂ ਹੈ ਨਹੀਂ ਸੀ। ਉਨ੍ਹਾਂ ਵੱਲੋਂ ਦੇਸ਼ ਭਗਤਾਂ ਨੂੰ ਜ਼ਲੀਲ ਕਰਨ ਵਾਲਾ ਵਿਹਾਰ ਤਾਂ ਲਗਾਤਾਰ ਜਾਰੀ ਹੀ ਰਹਿੰਦਾ ਸੀ। ਇਕ ਦਿਨ ਮੁਸ਼ੱਕਤ ਲੈਣ ਲਈ ਲਾਈਨ ਵਿਚ ਖਲੋਤੇ ਭਾਈ ਭਾਨ ਸਿੰਘ ਸੁਨੇਤ ਨੂੰ ਗੋਰੇ ਸਿਪਾਹੀ ਨੇ ਅੰਗਰੇਜ਼ੀ ਵਿਚ ਗਾਲ ਦਿੱਤੀ ਤੇ ਨਾਲ ਹੀ ਪੂਰੀ ਭਾਰਤੀ ਕੌਮ ਲਈ ਨਿਰਾਦਰੀ ਭਰੇ ਕੁਬਚਨ ਬੋਲੇ। ਭਾਈ ਭਾਨ ਸਿੰਘ ਅੰਗਰੇਜ਼ੀ ਸਮਝਦੇ ਸਨ। ਉਨ੍ਹਾਂ ਕੋਲੋਂ ਗੋਰੇ ਦੀ ਇਹ ਵਧੀਕੀ ਬਰਦਾਸ਼ਤ ਨਾ ਹੋਈ ਤੇ ਉਹਨੇ ਵੀ ਅੰਗਰੇਜ਼ੀ ਵਿਚ ਮੋੜਵਾਂ ਜਵਾਬ ਉਸੇ ਅੰਦਾਜ਼ ਵਿਚ ਦਿੱਤਾ। ਇਸ 'ਤੇ ਉਹਨੂੰ ਛੇ ਮਹੀਨੇ ਕੋਠੀ-ਬੰਦ, ਖੜੀ ਹੱਥਕੜੀ, ਡੰਡਾ-ਬੇੜੀ ਤੇ ਘੱਟ ਖ਼ੁਰਾਕ ਦੀ ਸਜ਼ਾ ਸੁਣਾ ਦਿੱਤੀ। ਇਕ ਦਿਨ ਉਹ ਆਪਣੀ ਕੋਠੜੀ ਵਿਚ 'ਜੇ ਤਉ ਪ੍ਰੇਮ ਖੇਲਨ ਕਾ ਚਾਉ' ਸ਼ਬਦ ਗਾ ਰਿਹਾ ਸੀ ਤਾਂ ਦੌਰੇ 'ਤੇ ਆਏ ਬੈਰੀ ਨੇ ਉਹਨੂੰ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਭਾਨ ਸਿੰਘ ਨੇ ਵੀ ਉਸੇ ਭਾਸ਼ਾ ਵਿਚ ਜੁਆਬ ਦਿੱਤਾ ਤਾਂ ਉਹ ਅੱਗ-ਬਗੋਲਾ ਹੋ ਗਿਆ। ਤਿੰਨ-ਚਾਰ ਜਣਿਆਂ ਨੇ ਕੋਠੜੀ 'ਚ ਵੜ ਕੇ ਭਾਈ ਭਾਨ ਸਿੰਘ ਨੂੰ ਬੁਰੀ ਤਰ੍ਹਾਂ ਕੁੱਟਿਆ। ਥੋੜ੍ਹੀ ਦੇਰ ਬਾਅਦ ਬੈਰੀ ਜੇਲ੍ਹ ਕਰਮਚਾਰੀਆਂ ਦੀ ਧਾੜ ਲੈ ਕੇ ਆਣ ਪਹੁੰਚਾ ਅਤੇ ਭਾਈ ਭਾਨ ਸਿੰਘ ਨੂੰ ਪਿੰਜਰਾ ਕੋਠੜੀ ਵਿਚ ਲਿਜਾ ਕੇ ਇੰਨੀ ਬੁਰੀ ਤਰ੍ਹਾਂ ਮਾਰਿਆ-ਕੁੱਟਿਆ ਕਿ ਉਹ ਬੇਹੋਸ਼ ਹੋ ਗਿਆ। ਪਿੱਛੋਂ ਅਣਮਿਥੇ ਸਮੇਂ ਲਈ ਡੰਡਾ-ਬੇੜੀ ਅਤੇ ਪਿੰਜਰੇ ਵਿਚ ਬੰਦ ਰੱਖਣ ਦੀ ਸਜ਼ਾ ਦੇ ਦਿੱਤੀ ਗਈ। ਕੀਤੇ ਗਏ ਬੇਹੱਦ ਤਸ਼ੱਦਦ ਦੇ ਫ਼ਲਸਰੂਪ ਭਾਈ ਭਾਨ ਸਿੰਘ ਦੀ ਸਿਹਤ ਬਹੁਤ ਵਿਗੜ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਕੁਝ ਚਿਰ ਬਾਅਦ ਉਹਦੀ ਮੌਤ ਹੋ ਗਈ। ਭਾਈ ਭਾਨ ਸਿੰਘ ਨਾਲ ਕੀਤੇ ਇਸ ਵਿਹਾਰ ਤੋਂ ਰਾਜਸੀ ਕੈਦੀ ਬਹੁਤ ਦੁਖੀ ਹੋਏ ਤੇ ਉਨ੍ਹਾਂ ਨੇ ਕੰਮ ਤੋਂ ਹੜਤਾਲ ਕਰ ਦਿੱਤੀ। ਇਸ ਹੜਤਾਲ ਵਿਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਕੈਦੀ, ਬਰਮਾ ਕੇਸ ਦੇ ਕੈਦੀ ਅਤੇ ਗ਼ਦਰ ਲਹਿਰ ਨਾਲ ਸਬੰਧਿਤ ਨਵੇਂ ਆਏ ਬੰਗਾਲੀ ਰਾਜਸੀ ਕੈਦੀ ਵੀ ਸ਼ਾਮਲ ਸਨ। ਹੜਤਾਲ ਕਰਨ ਵਾਲਿਆਂ ਨੂੰ ਤਿੰਨ ਤਿੰਨ ਮਹੀਨੇ ਜਾਂ ਛੇ ਛੇ ਮਹੀਨੇ ਲਈ ਡੰਡਾ-ਬੇੜੀ ਤੇ ਕੈਦ ਤਨਹਾਈ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਸ੍ਰੀ ਪ੍ਰਿਥਵੀ ਸਿੰਘ ਤੇ ਬਾਬਾ ਸੋਹਨ ਸਿੰਘ ਭਕਨਾ ਨੇ ਪਹਿਲਾਂ ਤੇ ਪਿੱਛੋਂ ਜਾ ਕੇ ਜਵੰਦ ਸਿੰਘ ਸੁਰ ਸਿੰਘ, ਮੌਲਵੀ ਮੁਸਤਫ਼ਾ ਹੁਸੈਨ ਅਤੇ ਜਨੇਊ ਪਾਉਣ ਦੇ ਅਧਿਕਾਰ ਲਈ ਪਹਿਲਾਂ ਹੀ ਹੜਤਾਲ 'ਤੇ ਗਏ ਰਾਮ ਰੱਖਾ ਮੱਲ ਨੇ ਕੰਮ ਦੀ ਹੜਤਾਲ ਦੇ ਨਾਲ-ਨਾਲ ਭੁੱਖ ਹੜਤਾਲ ਵੀ ਕਰ ਦਿੱਤੀ। ਕੈਦੀਆਂ ਨਾਲ ਕੀਤੇ ਜਾਂਦੇ ਬੁਰੇ ਸਲੂਕ ਦੀ ਇਕ ਮਿਸਾਲ ਇਹ ਹੈ ਕਿ ਭਰ ਸਿਆਲ ਦੇ ਦਿਨਾਂ ਵਿਚ ਕੈਦੀਆਂ ਨੂੰ ਬਾਹਰ ਕੱਢ ਲਿਆ ਜਾਂਦਾ। ਨਹਾਉਣ ਵਾਲੇ ਹੌਜ਼ 'ਤੇ ਲਿਜਾ ਕੇ ਉਨ੍ਹਾਂ 'ਤੇ ਠੰਢਾ ਪਾਣੀ ਪਾਇਆ ਜਾਂਦਾ ਤੇ ਫਿਰ ਬਿਨਾਂ ਕੰਬਲਾਂ ਤੋਂ ਉਨ੍ਹਾਂ ਨੂੰ ਲੱਕੜਾਂ ਦੇ ਠੰਢੇ ਫ਼ਰਸ਼ 'ਤੇ ਸੁੱਟ ਦਿੱਤਾ ਜਾਂਦਾ। ਉਪਰੰਤ ਜੇਲ੍ਹਰ ਉਨ੍ਹਾਂ ਬੇਜਾਨ ਪਏ ਭੁੱਖੇ-ਭਾਣੇ ਹੜਤਾਲੀਆਂ ਨੂੰ ਉਠ ਕੇ ਤੁਰਨ ਦਾ ਹੁਕਮ ਦਿੰਦਾ। ਉਹ ਉਠ ਕੇ ਤੁਰ ਨਾ ਸਕਦੇ ਤਾਂ ਇੱਕ ਆਦਮੀ ਅੱਗੋਂ ਬੇੜੀ ਖਿੱਚਦਾ ਤੇ ਦੋ ਆਦਮੀ ਬਾਹਵਾਂ ਤੋਂ ਫੜ ਕੇ ਅੱਗੇ ਨੂੰ ਧੂੰਹਦੇ। ਇਸ ਤਸ਼ੱਦਦ ਦੀ ਮਾਰ ਨਾ ਸਹਿੰਦੇ ਹੋਏ ਤਪਦਿਕ ਦਾ ਸ਼ਿਕਾਰ ਹੋ ਕੇ ਅਸਲੋਂ ਕਮਜ਼ੋਰ ਹੋ ਚੁੱਕੇ ਪੰਡਿਤ ਰਾਮ ਰੱਖਾ ਮੱਲ ਸ਼ਹੀਦ ਹੋ ਗਏ। ਜਦੋਂ ਬਹਾਦਰ ਗ਼ਦਰੀਆਂ 'ਤੇ ਇਹ ਜ਼ੁਲਮ ਹੋ ਰਿਹਾ ਹੁੰਦਾ ਸੀ ਤਾਂ ਭਾਈ ਪਰਮਾਨੰਦ (ਲਾਹੌਰ) ਵੀ ਉਸੇ ਨੰਬਰ ਵਿਚ ਛਾਪੇਖਾਨੇ ਵਿਚ ਕੰਮ ਕਰਦੇ ਸਨ ਤੇ ਜੇਲ੍ਹ ਵਾਲਿਆਂ ਦਾ ਸਾਰਾ ਜ਼ੋਰ-ਜ਼ੁਲਮ ਆਪਣੀਆਂ ਅੱਖਾਂ ਨਾਲ ਵੇਖਦੇ ਸਨ। ਭਾਈ ਪਰਮਾਨੰਦ ਦੇ ਰਵੱਈਏ ਬਾਰੇ ਬਾਬਾ ਸੋਹਨ ਸਿੰਘ ਭਕਨਾ ਦਾ ਕਥਨ ਬਿਲਕੁਲ ਦਰੁਸਤ ਜਾਪਦਾ ਹੈ, 'ਭਾਈ ਪਰਮਾਨੰਦ (ਲਾਹੌਰ) ਨੇ ਜੋ ਅਨਿਆਂ ਆਪਣੀ ਜੀਵਨੀ ਵਿਚ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਨਾਲ ਕੀਤਾ ਹੈ, ਉਹ ਗ਼ਲਤ ਹੈ। ਉਹਨੇ ਅੰਡੇਮਾਨ ਜੇਲ੍ਹ ਵਿਚ ਆਪਣੀ ਰਿਹਾਈ ਤੋਂ ਸਿਵਾ ਹੋਰ ਕੋਈ ਦੂਜਾ ਭਾਵ ਸੱਚਾਈ ਦਾ ਰਸਤਾ ਨਹੀਂ ਅਪਨਾਇਆ।...ਹੁਣ ਤੁਸੀਂ ਹੀ ਫ਼ੈਸਲਾ ਕਰੋ ਕਿ ਭਾਈ ਪਰਮਾਨੰਦ (ਲਾਹੌਰ) ਦਾ ਇਹ ਲਿਖਣਾ ਕਿ ਇਹ ਲੋਕ (ਗ਼ਦਰ ਪਾਰਟੀ ਵਾਲੇ) ਬਗ਼ੈਰ ਸੋਚੇ ਸਮਝੇ ਹੜਤਾਲ ਕਰ ਦਿੰਦੇ ਸਨ, ਕਿਥੋਂ ਤੱਕ ਠੀਕ ਹੈ।'

## ਪ੍ਰਚਾਰ ਲਈ ਕਲਾਕਾਰਾਂ ਵੱਲੋਂ ਧਾਰਮਿਕ ਸਥਾਨਾਂ ਦੀ ਵਰਤੋਂ

*(ਸਫਾ 31 ਦੀ ਬਾਕੀ)*

ਵੱਲੋਂ 'ਕੁੜੀ ਸੈਚਰਡੇਅ ਸੈਚਰਡੇਅ ਕਰਦੀ ਰਹਿੰਦੀ ਆ' ਗਾਇਆ ਜਾਂਦਾ ਏ ਤੇ ਇਸ ਸਭ 'ਤੇ ਸਵਾਲ ਕਰਨ ਦੀ ਕਮੇਟੀ ਨੇ ਕਦੇ ਉਚੇਚ ਨਹੀਂ ਕੀਤੀ।

ਇਨ੍ਹੀਂ ਦਿਨੀਂ ਜੇ.ਐਸ.ਐਲ ਨਾਮੀ ਇੱਕ ਬੰਦੇ ਦਾ ਚੈਨਲਾਂ 'ਤੇ ਧਾਰਮਿਕ ਗਾਣਾ ਚੱਲ ਰਿਹੈ। ਪੂਰੇ ਦਾ ਪੂਰਾ ਗਾਣਾ ਰੈਪ ਸਟਾਈਲ ਵਿਚ ਹੈ, ਭਾਵ ਘਾਚਾ...ਮਾਚਾ। ਗਾਉਣ ਵਾਲਾ ਗੁਰੂਆਂ ਦੀਆਂ ਕੁਰਬਾਨੀਆਂ ਇੰਜ ਪੇਸ਼ ਕਰਦੈ, ਜਿਵੇਂ ਅਖ਼ਬਾਰ ਦੀ ਖ਼ਬਰ ਪੜ੍ਹ ਰਿਹਾ ਹੋਵੇ ਤੇ ਵਾਰ-ਵਾਰ ਆਖਦੈ, 'ਅਸੀਂ ਸਿੱਖ, ਓ ਅਸੀਂ ਸਿੱਖ...।' ਰੈਪ ਵਿਚਲੇ ਨਮੂਨੇ ਹਨ, 'ਭਾਈ ਮਤੀ ਦਾਸ ਨੇ ਬੰਦ ਬੰਦ ਕਟਵਾਏ, ਗੁਰੂ ਜੀ ਸਾਡੇ ਤੱਤੀ ਤਵੀ 'ਤੇ ਬਿਠਾਏ, ਤਾਰੂ ਸਿੰਘ ਨੇ ਸੀ ਖੋਪੜ ਲੁਹਾਏ'...ਅਸੀਂ ਸਿੱਖ, ਓ ਅਸੀਂ ਸਿੱਖ।'

ਸੋਚਣ ਦੀ ਗੱਲ ਹੈ ਕਿ ਇਹ ਗੁਰੂਆਂ ਦੀ ਵਡਿਆਈ ਹੋ ਰਹੀ ਏ ਜਾਂ ਮਜ਼ਾਕ ਉਡ ਰਿਹੈ। ਕਿਸੇ ਫ਼ਿਲਮ 'ਚ ਦੋ ਗੱਲਾਂ ਸਿੱਖੀ ਬਾਬਤ ਕਹਿ ਦਿੱਤੀਆਂ ਜਾਣ ਤਾਂ ਅਸੀਂ ਰੌਲਾ ਪਾਉਣੋਂ ਨਹੀਂ ਹਟਦੇ ਤੇ ਹੁਣ ਸਭ ਕੁਝ ਚੈਨਲਾਂ 'ਤੇ ਦਿਸ ਰਿਹੈ ਤੇ ਅਸੀਂ ਉਸ ਨੂੰ ਅਣਦੇਖਿਆ ਕਰ ਰਹੇ ਹਾਂ।

## ਪ੍ਰਦੇਸੀ

ਬਿਨ ਸਿਰਨਾਵੇਂ ਪੱਤਰ ਵਾਂਗੂੰ
ਦਰ ਦਰ ਰੁਲਦੇ ਰਹਿਣਾ,
ਨਾ ਕੋਈ ਝਾਲੂ ਅੱਗੇ ਬਣਦਾ,
ਨਾ ਪਿੱਛੇ ਮੁੜਨ ਦੀ ਆਸ।

ਪੰਛੀ ਤੇ ਪਰਦੇਸੀ ਦੋਵੇਂ,
ਨਾ ਕੋਈ ਮੰਜ਼ਿਲ ਥਹੁ ਟਿਕਾਣਾ,
ਅੰਨ੍ਹੇ ਮੋੜ ਤੇ ਗਲੀ ਅੰਧੇਰੀ,
ਮਨ ਚਾਹਿਆ ਬਣਵਾਸ।

ਰੁੱਖਾਂ ਨੂੰ ਡਾਲਰ ਲਗਦੇ ਨੇ ਉਥੇ,
ਭਰਮਾਂ ਦੀ ਗੰਢ ਖੁਲ੍ਹੀ,
ਜਾਗੀਰਾਂ ਮੁਰੱਬੇ ਦਾਅ 'ਤੇ ਲਾਏ,
ਨਾ ਜੂਆ ਆਇਆ ਰਾਸ।

ਚਕਾਚੂੰਧ ਗੁੱਛੇ ਅੰਗੂਰ ਕਿਆਸੇ,
ਥੂਹ ਥੂਹ ਕੌੜੇ ਨਿਕਲੇ,
ਨਾ ਚੋਆਂ ਜਿਹਾ ਅੰਮ੍ਰਿਤ ਉਥੇ,
ਨਾ ਅਪਣਤ ਭਰੀ ਮਿਠਾਸ।

ਫਿਰ ਪਛਤਾਏ ਕੀ ਬਣੇ,
ਜਦ ਚਿੜੀਆਂ ਚੁਗਿਆ ਖੇਤ,
ਏਜੰਟਾਂ ਝਾਂਸੇ ਪਿਆ ਪਛਤਾਉਣਾ,
ਅਧੂਰੀ ਰਹੀ ਪਿਆਸ।

ਹੋਸ਼ ਸੰਭਾਲੋ ਨੌਜੁਆਨੋ,
ਛੱਜੂ ਚੁਬਾਰਾ ਬਾਹਰ ਨਹੀਂ ਕਿਧਰੇ,
ਨਾ ਕੋ ਪੰਨੂ ਚੂਰੀ ਕੁੱਟ ਖੁਆਵੇ,
ਨਾ ਮਾਂ-ਪਿਓ ਦਾ ਧਰਵਾਸ।

-ਚਰਨਜੀਤ ਸਿੰਘ ਪੰਨੂ

---

## ਲੋਕ ਤੱਥ

ਯਾਰ ਗਦਾਰੀਆਂ ਕਰਦੇ
ਜੋ ਨਾਲ ਆਪਣੇ ਯਾਰਾਂ ਦੇ,
ਕਿਉਂ ਪਰਵਾਹ ਨੀਂ ਕਰਦੇ
ਇਕ ਥਾਲੀ ਵਿਚ ਖਾ ਕੇ।
ਰੱਜੀ ਨੀਤ ਜਿਨ੍ਹਾਂ ਦੀ
ਉਹੀ ਪਿਆਰ ਵਧਾਉਂਦੇ ਆ,
ਅਣਖ ਦੀ ਖਾਤਰ ਉਹ
ਸਭ ਕੁਝ ਦਿੰਦੇ ਲਾ ਦਾਅ 'ਤੇ।

ਜਦੋਂ ਜ਼ਮੀਨ ਜਾਂ ਪੈਸਾ,
ਆ ਜਾਏ ਵਿਚ ਮੁਹੱਬਤ ਦੇ,
ਕਈ ਫਿਰ ਗੱਲਾਂ ਪੁੱਠੀਆਂ
ਕੋਲੋਂ ਦੀ ਕਰਨ ਬਣਾ ਕੇ।
ਪਾਪ ਲਕੋਣਾ ਔਖਾ
ਕਦੇ ਲੁਕਾਇਆਂ ਲੁਕਦਾ ਨਹੀਂ,
ਇਕ ਨਾ ਇਕ ਦਿਨ ਇਹ
ਬਹਿ ਜਾਂਦਾ ਮੂਹਰੇ ਆ ਕੇ।
ਥੂ ਥੂ ਕਰੇ ਜ਼ਮਾਨਾ
ਵੇਖ ਕੇ ਧੋਖੇਬਾਜ਼ਾਂ ਨੂੰ,
ਸ਼ਰਮ ਹਯਾ ਨਹੀਂ ਮੰਨਦੇ
ਰੱਖ ਦਿੰਦੇ ਜੋ ਲਾਹ ਕੇ।

ਵੱਡੇ ਘਰ ਦੀ ਬੇਟੀ
ਰੰਗਰਲੀਆਂ ਫਿਰੇ ਮਨਾਉਂਦੀ,
ਛੁੱਟੀਆਂ ਭੂਆ ਕੋਲੇ ਆਈ
ਕਹਿਣ, ਬਿਤਾ ਕੇ।
ਮਾੜੇ ਬੰਦੇ ਦੀ ਧੀ ਹੱਸ ਕੇ
ਗੱਲ ਕਿਤੇ ਕਰਦੀ ਤਾਂ,
ਉਹੀ ਆਖਣ, ਮਾਪੇ
ਰੱਖਦੇ ਨਹੀਂ ਸਮਝਾ ਕੇ।

'ਚੀਮਨੇ' ਵਾਲਿਆ ਦੰਦੇ
ਦੋਹੀਂ ਪਾਸੀਂ ਲੋਕਾਂ ਦੇ,
'ਰਾਜ' ਦੋ ਲਾਉਣ ਨਿਸ਼ਾਨੇ
ਇੱਕ ਹੀ ਤੀਰ ਚਲਾ ਕੇ।

-ਰਾਜ ਧਾਲੀਵਾਲ

## ਵਿਚਾਰਾ

ਜਦੋਂ ਜੰਮਿਆ ਸੀ ਮੈਂ
ਪੁੱਤ ਬਣ ਕੇ ਕਿਸੇ ਦਾ
ਉਦੋਂ ਮਾਪਿਆਂ ਦੀ
ਅੱਖ ਦਾ ਮੈਂ ਤਾਰਾ ਬਣਿਆ।
ਜਿੰਨਾ ਚਿਰ ਮੇਰੇ ਸਿਰ
ਰਹੀ ਛਾਂ ਉਹ ਅਵੱਲੀ
ਉਦੋਂ ਤਾਂਈ ਮੈਂ ਉਹ
ਰੁੱਖਾਂ ਦਾ ਸਹਾਰਾ ਬਣਿਆ।
ਜਦੋਂ ਚੜ੍ਹੀ ਸੀ ਜਵਾਨੀ
ਪੈਂਦਾ ਨੂਰ ਡੁੱਲ੍ਹ ਡੁੱਲ੍ਹ
ਉਦੋਂ ਕਿਸੇ ਲਈ ਮੈਂ
ਜੱਗ ਤੋਂ ਨਿਆਰਾ ਬਣਿਆ।
ਗੋਦੀ ਚੁੱਕ ਕੇ ਸੀ ਜਿਨ੍ਹਾਂ ਨੂੰ
ਹੱਥਾਂ 'ਚ ਖਿਡਾਇਆ
ਮੇਰੀ ਵਾਰੀ ਉਨ੍ਹਾਂ ਵਾਸਤੇ
ਮੈਂ ਭਾਰਾ ਬਣਿਆ।
ਹੁਣ ਮੰਜੇ ਉਤੇ ਬੈਠਾ
ਹੈ ਨਹੀਂ ਅੱਖਾਂ ਵਿਚ ਜੋਤ
ਸਾਰੀ ਦੁਨੀਆਂ ਲਈ
'ਮੰਗਲੀ' ਵਿਚਾਰਾ ਬਣਿਆ।

-ਦੀਪ ਮੰਗਲੀ, ਨਿਊ ਯਾਰਕ
ਫੋਨ: 917-254-6768

## ਵਿਸ਼ਵ ਸਾਹਿਤ


## ਚਾਂਦੀ ਰੰਗੀ ਚਿਣਗ ਸਿਮੋਨ 'ਦ ਬੋਵੁਆਰ-2

# ਮਹਿਲਾ ਮੁਕਤੀ ਮਾਰਗ ਦੀ ਮਹਾਗਾਥਾ

***ਉੱਘੀ ਲੇਖਕਾ ਸਿਮੋਨ 'ਦ ਬੋਵੁਆਰ ਦਾ ਜੀਵਨ ਅਤੇ ਲਿਖਤਾਂ ਬਹੁ-ਰੰਗਾਂ ਦਾ ਸੁਮੇਲ ਹੈ। ਸੌਖੇ ਸ਼ਬਦਾਂ ਵਿਚ ਇਨ੍ਹਾਂ ਨੂੰ ਗੁਣ-ਔਗੁਣ ਕਹਿ ਲਈਦਾ ਹੈ। ਉਂਜ, ਇਹ ਗੱਲ ਵੀ ਦਰੁਸਤ ਹੈ ਕਿ ਗੁਣ-ਔਗੁਣ ਦੀ ਪਰਿਭਾਸ਼ਾ ਉਤਨੀ ਹੀ ਬਹੁ-ਰੰਗੀ ਹੈ। ਉਹਦਾ ਜੀਵਨ ਅਤੇ ਲਿਖਤਾਂ ਅਜਿਹਾ ਦਰਪਣ ਹੈ ਜਿਸ ਵਿਚੋਂ ਬਹੁਤ ਸਾਰੇ ਚਿਹਰੇ ਇਕੋ ਵੇਲੇ ਝਾਕਦੇ ਦਿਸਦੇ ਹਨ। ਸੋਹਣੀ ਪੰਜਾਬੀ ਵਾਰਤਕ ਲਿਖਣ ਵਾਲੇ ਪ੍ਰੋ. ਹਰਪਾਲ ਸਿੰਘ ਪੰਨੂ ਦੀ ਇਹ ਲਿਖਤ ਵੀ ਇਸੇ ਖਾਸੇ ਦੀ ਹੈ। ਉਹ ਸਿਮੋਨ ਬਾਰੇ ਲਿਖਦਾ ਹੈ ਤਾਂ ਕਦੀ ਹੱਥ ਵਿਚ ਕਲਮ ਅਤੇ ਕਦੀ ਕਟਾਰ ਫੜਦਾ ਹੈ। ਇਸੇ ਕਰ ਕੇ ਉਹਦੀ ਲਿਖਤ ਦਿਲਚਸਪ ਬਣਦੀ ਹੈ। ਕਮਿਊਨਿਸਟਾਂ ਨੂੰ ਤਾਂ ਉਹ ਵਲ ਪਾ ਕੇ ਵੀ ਟੱਕਰਦਾ ਹੈ ਅਤੇ ਟੱਕਰਦਾ ਵੀ ਕਰਾਰੇ ਹੱਥੀਂ ਹੈ। ਸਿਮੋਨ ਬਾਰੇ ਗੱਲਾਂ ਕਰਦਿਆਂ ਉਹਦੇ ਵੇਲਿਆਂ ਨਾਲ ਵੀ ਸੰਵਾਦ ਰਚਾਉਣ ਦਾ ਯਤਨ ਕੀਤਾ ਹੈ ਜੋ ਅੱਗ ਉਤੇ ਰੱਖੇ ਪਾਣੀ ਵਾਂਗ ਉਬਾਲੇ ਮਾਰ ਰਹੇ ਸਨ। ਲਿਖਤ ਦੇ ਇਸ ਭਾਗ ਵਿਚ ਸਿਮੋਨ ਅੰਦਰ ਸਮਾਈ ਊਰਜਾ ਦੇ ਮੱਠੇ ਪੈਣ ਦਾ ਦਰਦ ਉਬਾਲੇ ਮਾਰਦਾ ਜਾਪਦਾ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਰਾਇਲਟੀ ਤੋਂ ਬਹੁਤ ਪੈਸਾ ਮਿਲਣ ਲੱਗਾ। ਵੱਡੀ ਗਿਣਤੀ ਵਿਚ ਔਰਤਾਂ ਸਿਮੋਨ ਕੋਲ ਆ ਕੇ ਆਪਣੇ ਅਨੁਭਵ ਦੱਸਦੀਆਂ। ਇਹੋ ਅਨੁਭਵ ਉਹਦੀਆਂ ਲਿਖਤਾਂ ਵਾਸਤੇ ਸਮੱਗਰੀ ਬਣਦੇ। ਬੇਸ਼ਕ ਉਹਨੂੰ ਹਰ ਥਾਂ ਸਨਮਾਨ ਮਿਲਿਆ, ਤਾਂ ਵੀ ਆਖਦੀ ਹੈ, "ਜੇ ਮੈਂ ਮੁੰਡਾ ਹੁੰਦੀ, ਫੇਰ ਮੈਂ



ਪ੍ਰੋ. ਹਰਪਾਲ ਸਿੰਘ ਪੰਨੂ

ਵੱਖਰੀ ਤਰ੍ਹਾਂ ਲਿਖਦੀ..., ਪਰ ਇਸ ਦਾ ਮਤਲਬ ਇਹ ਨਹੀਂ ਕਿ ਔਰਤ, ਮਰਦ ਦੀ ਬਰਾਬਰੀ ਦਾ ਦਾਅਵਾ ਕਰਦਿਆਂ ਚਾਹੇ ਕਿ ਉਹਦੇ ਜਿਸਮ ਉਪਰ ਮਰਦ ਵਾਲਾ ਲਿੰਗ ਚਾਹੀਦਾ ਸੀ। ਜੀਵ ਜਗਤ ਵਿਚ ਨਾਰੀ ਦਾ ਰੁਤਬਾ ਗਿਣ-ਮਿਥ ਕੇ ਉਸ ਤਰ੍ਹਾਂ ਦਾ ਨਹੀਂ ਬਣਾਇਆ ਗਿਆ ਜਿਵੇਂ ਮਨੁੱਖੀ ਸਮਾਜ ਵਿਚ ਬਣ ਗਿਆ। ਜੰਮਣ ਸਾਰ ਉਹ ਔਰਤ ਨਹੀਂ ਹੁੰਦੀ, ਬਹੁਤ ਮਿਹਨਤ ਨਾਲ ਘੜ-ਤਰਾਸ਼ ਕੇ ਉਹਨੂੰ ਔਰਤ ਬਣਾਇਆ ਜਾਂਦਾ ਹੈ ਤੇ ਬਣਾਈ ਗਈ ਇਹ ਔਰਤ, ਇਸਤਰੀ ਅਤੇ ਹਿਜੜੇ ਦੇ ਵਿਚ ਵਿਚਾਲੇ ਜਿਹੇ ਕੋਈ ਚੀਜ਼ ਹੁੰਦੀ ਹੈ। ਔਰਤ ਦੀ ਸਹੀ ਤਸਵੀਰ ਉਹ ਮੰਨੀ ਜਾਂਦੀ ਹੋ ਜੋ ਆਦਮੀ ਨੇ ਬਣਾਈ ਹੈ। ਮਰਦ ਕੇਂਦਰ ਵਿਚ ਹੈ। ਮਰਦ ਜੱਜ ਹੈ। ਮਰਦ ਅਨੰਤ ਹੈ। ਔਰਤ ਉਸ ਦੀ ਪਰਿਕਰਮਾ ਕਰੇ। ਆਦਮੀ ਆਤਮ ਹੈ। ਔਰਤ ਇਸ ਆਤਮ ਦੁਆਲੇ ਲਿਪਟਿਆ ਫਾਲਤੂ ਹੱਡ ਮਾਸ ਹੈ। ਕਾਮ ਦੀ ਪੂਰਤੀ ਵਾਲਾ ਮਸਾਲਾ।"

ਔਰਤ ਮਰਦ ਦਾ ਇਹ ਰਿਸ਼ਤਾ/ਰੂਪ ਗੋਪੀ ਨਾਥ ਮਹੰਤੀ ਕ੍ਰਿਤ 'ਅੰਮ੍ਰਿਤਸੰਤਾਨ' ਨਾਵਲ (ਨੈਸ਼ਨਲ ਬੁੱਕ ਟਰੱਸਟ) ਵਿਚ ਖੂਬ ਦਿਸਦਾ ਹੈ। ਮਰਦ ਦਰਮੂ ਹੈ, ਔਰਤ ਦਰਤਣੀ। ਦਰਮੂ ਮਾਇਨੇ ਧਰਮ, ਦਰਮੂ ਮਾਇਨੇ ਆਕਾਸ਼। ਦਰਤਣੀ ਮਾਇਨੇ ਧਰਤੀ, ਮਿੱਟੀ। ਆਕਾਸ਼ ਬੀਜ ਹੈ, ਧਰਤੀ ਇਸ ਬੀਜ ਨੂੰ ਕਬੂਲ ਕਰ ਕੇ ਸੰਪੂਰਨ ਹੋਏਗੀ। ਕੰਧ ਨਾਮ ਦੇ ਜਾਂਗਲੀ ਕਬੀਲੇ ਦੀ ਗਰੀਬ ਔਰਤ ਸੋਚਦੀ ਫਿਰਦੀ ਹੈ, "ਆਕਾਸ਼ ਕਹੇਗਾ, ਧਰਤੀ ਸੁਣੇਗੀ, ਇਹੋ ਹੋਇਆ ਆਦਿ ਕਾਲ ਤੋਂ। ਕਦੀ ਉਲਟ ਵੀ ਹੋਏਗਾ? ਕਦੀ ਨਹੀਂ, ਕਿਉਂਕਿ ਕਦੀ ਹੋਇਆ ਨਹੀਂ।" ਇਕੱਲੀ ਘਾਸ-ਭਾਤ ਚੁਗਦੀ ਫਿਰਦੀ ਨੂੰ ਪ੍ਰਸੂਤ ਦਰਦ ਹੋਇਆ, ਪੁੱਤਰ ਜੰਮਿਆ। ਨਦੀ ਕਿਨਾਰੇ ਗਈ, ਨੁਹਾਇਆ, ਪੂੰਝਿਆ, ਬਾਹਰ ਆ ਕੇ ਬੈਠੀ। ਗੋਦ ਵਿਚ ਬੱਚਾ ਰੋ ਰਿਹਾ ਹੈ। ਨਾਇਕਾ ਆਖਦੀ ਹੈ, "ਕਰਾਮਾਤ ਹੋ ਗਈ ਅੱਜ। ਟੁੱਟ ਕੇ, ਆਕਾਸ਼ ਧਰਤੀ ਦੀ ਝੋਲੀ ਵਿਚ ਆ ਡਿੱਗਾ। ਇਹਨੂੰ ਬੋਲਣਾ ਨਹੀਂ ਆਉਂਦਾ। ਫੇਰ ਕੀ, ਓ ਨਿੱਕੇ ਆਕਾਸ਼! ਮੈਂ ਤੈਨੂੰ ਬੋਲ ਦਿਆਂਗੀ, ਮਿੱਠੇ ਬੋਲ, ਗੀਤ ਦਿਆਂਗੀ, ਗਰੀਬ ਜਾਂਗਲੀਆਂ ਦੇ ਅਮੀਰ ਗੀਤ। ਰੋਂਦਾ ਹੈਂ ਦੁੱਧ ਲਈ? ਭੁੱਖ ਲੱਗੀ ਹੈ? ਦਿਆਂਗੀ ਦੁੱਧ ਤੈਨੂੰ, ਥੋੜ੍ਹਾ ਕੁ ਹੋਰ ਰੋ। ਮੈਨੂੰ ਪਤੈ ਭੁੱਖ ਕੀ ਹੁੰਦੀ ਐ। ਤੈਨੂੰ ਵੀ ਪਤਾ ਲੱਗੇ। ਜੰਮਦਿਆਂ ਭੁੱਖ ਦੀ ਥਾਹ ਪਾ ਲਏਂਗਾ, ਉਮਰ ਭਰ ਰੱਜਿਆ ਰਹੇਂਗਾ।"

ਸਿਮੋਨ ਅਨੁਸਾਰ ਗੁਲਾਮਾਂ ਬਗੈਰ ਮਾਲਕੀ ਸੰਭਵ ਨਹੀਂ। ਸੋ ਔਰਤ ਖਤਮ ਨਹੀਂ ਹੋਣੀ ਚਾਹੀਦੀ, ਰਹਿਣੀ ਚਾਹੀਦੀ ਹੈ ਤਾਂ ਕਿ ਮਰਦ ਦੀ ਮਾਲਕੀ ਕਾਇਮ ਰਹੇ। ਸੰਸਾਰ ਵਿਚ ਜੇ ਔਰਤ ਨਾ ਹੁੰਦੀ, ਆਦਮੀ ਨੇ ਇਸ ਦੀ ਕਾਢ ਕੱਢ ਲੈਣੀ ਸੀ। ਆਦਮੀ ਨੇ ਆਪਣੀਆਂ ਨਾਲਾਇਕੀਆਂ ਵਾਸਤੇ ਔਰਤ ਨੂੰ ਜ਼ਿੰਮੇਵਾਰ ਠਹਿਰਾ ਕੇ ਮੁਕਤ ਵੀ ਤਾਂ ਹੋਣਾ ਸੀ ਆਖਰ। ਲੌਕਿਕ ਸਾਹਿਤ ਵਿਚ ਬਦਨਾਮ ਕਰ ਕੇ ਤਸੱਲੀ ਨਹੀਂ ਹੋਈ, ਧਰਮ ਗ੍ਰੰਥਾਂ ਵਿਚ ਦੁਰਕਾਰ ਕੇ ਔਰਤ ਉਪਰ ਦੁਰਾਚਾਰਨ ਹੋਣ ਦੀ ਪਵਿੱਤਰ ਮੋਹਰ ਲਾਈ।

ਔਰਤ ਨੂੰ ਸਿਧਾ ਲਿਆ ਗਿਆ, ਪਰ ਹੋਇਆ ਇਹ ਕਿ ਪੂਰੀ ਤਰ੍ਹਾਂ ਸਿਧਾਈ ਜਾਣ ਦੇ ਬਾਵਜੂਦ ਉਸ ਵਿਚ ਫੇਰ ਅਜਿਹਾ ਕੁਝ ਨਾ ਕੁਝ ਬਚ ਜਾਂਦਾ ਰਿਹਾ ਜਿਹੜਾ ਸਥਾਈ ਸੀ, ਅਮਰ ਸੀ, ਅਜਿੱਤ ਸੀ। ਆਦਮੀ ਨੇ ਪ੍ਰਤੀਤ ਕੀਤਾ ਕਿ ਜੇ ਔਰਤ ਉਹਦੇ ਸੁਫਨਿਆਂ ਵਿਚਲੀ ਪਰੀ ਹੈ ਤਾਂ ਉਲਝਣਾਂ ਦੀ ਮਾਂ ਵੀ ਤਾਂ ਉਹੀ ਹੈ, ਇਸ ਦਾ ਕੀਤਾ ਕੀ ਜਾਵੇ? ਕੋਈ ਇਲਾਜ ਨਹੀਂ। ਉਸ ਨੂੰ ਬੇਵਫਾ ਕਿਹਾ ਗਿਆ। ਆਦਮੀ ਨੇ ਜੋ ਚਾਹਿਆ, ਸੋ ਔਰਤ ਨੇ ਨਾ ਕੀਤਾ ਤਾਂ ਉਹ ਛਲਨੀ, ਕਪਟੀ, ਮਾਇਆ ਅਖਵਾਈ। ਜਵਾਨੀ ਵਕਤ ਸਿਮੋਨ ਦਾ ਖਿਆਲ ਸੀ ਕਿ ਸੰਤਾਨ ਉਤਪਤੀ ਦੀ ਖਾਹਸ਼ ਅਤੇ ਇਸ ਨਾਲ ਜੁੜਿਆ ਸਾਰਾ ਜੰਜਾਲ ਔਰਤ ਦੀ ਗੁਲਾਮੀ ਦਾ ਕਾਰਨ ਹੈ ਪਰ ਪਿਛਲੀ ਉਮਰ ਤੱਕ ਪੁੱਜਦਿਆਂ ਪਰਿਵਾਰ ਨਿਯੋਜਨ ਦੇ ਤਰੀਕੇ ਈਜਾਦ ਹੋ ਗਏ। ਸਿਮੋਨ ਨੂੰ ਹੁਣ ਹੋਰ ਕਾਰਨ ਲੱਭਣੇ ਪਏ। ਨਿਰੋਧ ਦੀ ਵਰਤੋਂ ਅਤੇ ਗਰਭਪਾਤ ਦੇ ਹੱਕ ਵਿਚ ਜਦੋਂ ਉਹਨੇ ਰੈਲੀਆਂ ਕੀਤੀਆਂ, ਤਦ ਉਨ੍ਹਾਂ ਜ਼ਿੰਮੇਵਾਰ ਬੰਦਿਆਂ ਨੂੰ ਵੀ ਸ਼ੁਦੈਣ ਲੱਗਣ ਲੱਗੀ ਜਿਹੜੇ ਉਹਦੇ ਮਦਦਗਾਰ ਸਨ। ਕੁੜੀਆਂ ਦੇ ਫੋਨ ਆਉਂਦੇ, "ਮੈਡਮ ਗਰਭਪਾਤ



*1957 ਦੀ ਸਿਮੋਨ ਦੀ ਇਕ ਤਸਵੀਰ*

ਕਿੱਥੇ ਕਰਵਾਈਏ?" ਖਿਝ ਕੇ ਜਵਾਬ ਦਿੰਦੀ, "ਮੇਰੇ ਘਰ ਦੇ ਵਿਹੜੇ ਵਿਚ।" ਉਹਨੂੰ ਇਸ ਗੱਲ 'ਤੇ ਗੁੱਸਾ ਆਉਂਦਾ ਕਿ ਵਧੀਕ ਔਰਤਾਂ ਚਾਹੁੰਦੀਆਂ ਹਨ ਕਿ ਉਨ੍ਹਾਂ ਦੇ ਮਰਦ ਕਮਾਈ ਕਰਨ ਤੇ ਆਪ ਉਹ ਬਣ-ਸੰਵਰ ਕੇ ਰਹਿਣ, ਘਰ ਸੰਭਾਲਣ। ਅਜਿਹਾ ਇਸ ਕਰਕੇ ਹੈ ਕਿਉਂਕਿ ਆਜ਼ਾਦ ਹੋਣ ਦਾ ਮਤਲਬ ਹੈ ਜ਼ਿੰਮੇਵਾਰੀ ਸੰਭਾਲਣਾ, ਕੰਮ ਕਰਨਾ। ਜੇ ਗੁਲਾਮੀ ਨਾਲ ਸੌਖ ਮਿਲਦੀ ਹੈ ਤਾਂ ਗੁਲਾਮੀ ਵਿਚ ਕੀ ਹਰਜ? ਔਰਤ ਸੌਖੇ ਰਸਤੇ ਨੂੰ ਤਰਜੀਹ ਦਿੰਦੀ ਹੈ, ਸੋ ਇਸ ਦਸ਼ਾ ਲਈ ਖੁਦ ਜ਼ਿੰਮੇਵਾਰ ਹੈ।

ਸਿਮੋਨ ਦਾ ਵਾਕ ਪੜ੍ਹਿਆ, "ਔਰਤ ਨੂੰ ਆਜ਼ਾਦ ਕਰਨ ਨਾਲ ਹੀ ਮਰਦ ਨੂੰ ਆਜ਼ਾਦੀ ਮਿਲੇਗੀ", ਤਾਂ ਮੈਨੂੰ ਟੈਗੋਰ ਦਾ ਵਾਕ ਯਾਦ ਆਇਆ, "ਤਣੇ ਹੋਏ ਧਨੁੱਖ ਨੂੰ ਤੀਰ ਨੇ ਕਿਹਾ-ਮੈਨੂੰ ਆਜ਼ਾਦ ਕਰ ਦਿਉ ਹਜ਼ੂਰ, ਮੇਰੀ ਆਜ਼ਾਦੀ ਵਿਚ ਤੁਹਾਡੀ ਆਜ਼ਾਦੀ ਵੀ ਹੈ।" ਟੈਗੋਰ ਦਾ ਇੱਕ ਹੋਰ ਵਾਕ, "ਪਹਾੜ ਨੇ ਪਾਣੀ ਨੂੰ ਆਜ਼ਾਦੀ ਦਿੱਤੀ ਤਾਂ ਨੱਚਣਾ ਗਾਉਣਾ ਝਰਨੇ ਨੂੰ ਆਪੇ ਆ ਗਿਆ।"

ਰੱਬ ਖਾਵੰਦ ਹੈ ਅਤੇ ਬਾਕੀ ਜੀਵ ਉਸ ਦੀਆਂ ਪਤਨੀਆਂ ਹਨ (ਏਕਾ ਪੁਰਖ ਸਬਾਈ ਨਾਰ), ਕਥਨ ਸਿਮੋਨ ਵਾਸਤੇ ਔਰਤ ਦੇ ਗਲ ਵਿਚ ਰਹੱਸਮਈ ਫੰਦਾ ਹੈ। ਰੱਬ ਨੂੰ ਮਰਦ ਸਮਝ ਲਿਆ ਤਾਂ ਮਰਦ ਆਪੇ ਰੱਬ ਹੋ ਗਿਆ। ਉਸ ਦੇ ਕਥਨ ਪੜ੍ਹਦਿਆਂ ਮੈਂ ਸੋਚਦਾਂ, ਜੇ ਕਿਤੇ ਪੰਜਾਬੀ ਆਉਂਦੀ ਹੁੰਦੀ ਤਾਂ 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ' ਕਾਫੀ ਸੁਣ ਕੇ ਸਿਮੋਨ ਨੇ ਗਵੱਈਆਂ ਨੂੰ ਉਨ੍ਹਾਂ ਦੇ ਛੈਣਿਆਂ ਨਾਲ ਕੁੱਟ ਧਰਨਾ ਸੀ। ਇਕ ਪਾਸੇ ਫਕੀਰ ਵਜਦ ਵਿਚ ਆ ਕੇ ਆਪਣੇ ਕੱਪੜੇ ਪਾੜਦੇ ਫਿਰਦੇ, ਦੂਜੇ ਪਾਸੇ ਸਿਮੋਨ ਉਨ੍ਹਾਂ ਨੂੰ ਝੰਬਦੀ ਫਿਰਦੀ। ਇਹ ਦ੍ਰਿਸ਼ ਅਲੌਕਿਕ ਹੁੰਦਾ। ਪੰਜਾਬੀ ਜਿਸ ਤੋਂ ਵਾਂਝੇ ਰਹਿ ਗਏ, ਮੈਂ ਉਹ ਅਖਾੜਾ ਕਲਪਨਾ ਵਿਚ ਦੇਖ ਲਿਆ ਹੈ।

ਸਿਮੋਨ ਫਲਸਫੇ ਦਾ ਮੂਲ ਮੰਤਰ ਹੈ-ਇਕ ਔਰਤ ਵੱਲੋਂ ਇਕ ਮਰਦ ਪ੍ਰਤੀ ਉਮਰ ਭਰ ਦੀ ਵਫਾ ਤੋਂ ਵੱਡਾ ਸਰਾਪ ਅਤੇ ਸਜ਼ਾ ਹੋਰ ਕੋਈ ਨਹੀਂ।

ਲਿਖਦੀ ਹੈ-ਔਰਤ ਸਭ ਤੋਂ ਵੱਧ ਬੇਫਕੂਫ ਉਦੋਂ ਹੁੰਦੀ ਹੈ ਜਦੋਂ ਉਹ ਮਰਦ ਨੂੰ ਪਿਆਰ ਕਰਨ ਲੱਗਦੀ ਹੈ। ਉਹਨੂੰ ਲੱਗਦਾ ਹੈ, ਉਹਨੇ ਅਨੰਤ ਸੰਸਾਰ ਪ੍ਰਾਪਤ ਕਰ ਲਿਆ ਹੈ। ਵਿਸ਼ਵ ਦਾ ਜੱਜ ਉਸ ਦੇ ਕਦਮਾਂ ਵਿਚ ਹੈ। ਵਿਆਹ ਤੋਂ ਬਾਅਦ ਪਤਾ ਲੱਗਦਾ ਹੈ ਕਿ ਅਨੰਤ ਦੀ ਪ੍ਰਾਪਤੀ ਤਾਂ ਦੂਰ, ਮਰਦ ਤਾਂ ਮਰਦ ਵੀ ਨਹੀਂ, ਉਹ ਤਾਂ ਜਾਨਵਰ ਨਿਕਲਿਆ। ਔਰਤਾਂ ਇਸ ਕਾਰਨ ਧਰਮ ਸਥਾਨਾਂ 'ਤੇ ਜਾਂਦੀਆਂ ਹਨ, ਸਾਰਾ ਸਾਰਾ ਦਿਨ ਪਾਠ ਕਰਦੀਆਂ ਰਹਿੰਦੀਆਂ ਹਨ ਕਿਉਂਕਿ ਉਹ ਮਰਦ ਨਾਮ ਦੇ ਦਰਿੰਦੇ ਤੋਂ ਬਚਣਾ ਚਾਹੁੰਦੀਆਂ ਹਨ। ਧਰਮ ਉਨ੍ਹਾਂ ਨੂੰ ਰਾਹਤ ਦਿੰਦਾ ਹੈ। ਮਰਦ ਉਨ੍ਹਾਂ ਦਾ ਰੱਬ ਹੋਵੇ ਜਾਂ ਵਾਸਤਵ ਵਿਚ ਧਿਆਨ ਅਸਲ ਰੱਬ ਵੱਲ ਹੋਵੇ, ਔਰਤ ਦਾ ਕੰਮ ਹੈ ਗੋਡੇ ਟੇਕਣਾ, ਸਮਰਪਣ ਕਰਨਾ। ਸ਼ਿਕਾਰ ਕਰਨਾ ਅਤੇ ਸ਼ਿਕਾਰ ਹੋਣਾ ਉਸ ਦੀ ਯੁੱਧ ਨੀਤੀ ਹੈ।

ਯੋਰਪ ਵਿਚ ਉਸ ਦੀਆਂ ਲਿਖਤਾਂ ਸਦਕਾ ਤੂਫਾਨ ਉਠਣਾ ਸੁਭਾਵਕ ਸੀ। ਸਿਮੋਨ ਦੇ ਅਖਬਾਰ ਵਾਸਤੇ ਲਿਖਣ ਵਾਲੇ ਇਕ ਕਾਲਮਨਵੀਸ ਨੂੰ ਨਾਵਲਕਾਰ ਫਰਾਂਸਿਸ ਮਾਰਿਸ ਨੇ ਲਿਖਿਆ-ਮੈਂ ਤੇਰੀ ਸੰਪਾਦਕ ਦੇ ਹਰ ਅੰਗ ਦੀ ਬਣਤਰ ਜਾਣਦਾ ਹਾਂ। ਹੋਰ ਕੀ ਸਿਖਾਏਂਗਾ? ਕਾਮੂ ਨੇ ਸਖਤ ਲਫਜ਼ਾਂ ਵਿਚ ਸਿਮੋਨ ਦੀ ਆਲੋਚਨਾ ਕੀਤੀ। ਸਾਰਤਰ ਦਾ ਨਵਾਂ ਇਸ਼ਕ ਅਮਰੀਕਨ ਅਦਾਕਾਰਾ ਆਂਦਰੇ ਬ੍ਰਟੇਨ ਨਾਲ ਚੱਲ ਪਿਆ। ਸਿਮੋਨ ਨੇ ਪੁੱਛਿਆ-ਉਸ ਵਿਚ ਕੀ ਖਾਸ ਹੈ? ਸਾਰਤਰ ਨੇ ਕਿਹਾ-ਉਹ ਮੇਰੇ ਲਈ ਕਾਫੀ ਕੁਝ ਹੈ ਪਰ ਦਿਲੋਂ ਮੈਂ ਤੇਰੇ ਨਾਲ ਹਾਂ। ਸਿਮੋਨ ਦਾ ਗੁੱਸਾ ਤੇ ਬਦਲੇ ਦੀ ਇਛਾ ਪ੍ਰਚੰਡ ਹੋ ਗਏ, ਉਹ ਅਮਰੀਕਾ ਗਈ ਤੇ ਸ਼ਿਕਾਗੋ ਨਿਵਾਸੀ ਪ੍ਰਸਿੱਧ ਅਮਰੀਕਨ ਨਾਵਲਕਾਰ ਨੈਲਸਨ ਐਲਗ੍ਰਿਨ ਨਾਲ ਇਸ਼ਕ ਕੀਤਾ।

ਸਾਰਤਰ ਅਤੇ ਸਿਮੋਨ ਨੂੰ ਅਮਰੀਕਾ ਦਾ ਪੂੰਜੀਵਾਦ ਕਦੀ ਸਹੀ ਨਹੀਂ ਲੱਗਿਆ ਪਰ ਉਥੇ ਜਾ ਕੇ ਤਾਜ਼ੀ ਹਵਾ ਮਿਲੀ। ਮਿਜਾਜ਼ ਦੋਸਤਾਨਾ, ਹਿੰਮਤੀ, ਮਿਹਨਤੀ ਲੋਕ। ਪ੍ਰਸਿੱਧ ਅਖਬਾਰ 'ਪਾਰਟੀਜ਼ਨ ਰੀਵੀਊ' ਦੇ ਸਟਾਫ ਨੇ ਸਵਾਗਤ ਕਰਦਿਆਂ ਕਿਹਾ-ਸਿਮੋਨ, ਫਰਾਂਸੀਸੀਆਂ ਉਤੇ ਤੂੰ ਉਥੇ ਰਹਿੰਦਿਆਂ ਅਨੰਤ ਸਵਾਲ ਕੀਤੇ, ਅਸੀਂ ਸਵਾਲ ਨਹੀਂ ਕਰਦੇ। ਅਸੀਂ ਸਵਾਲਾਂ ਦੇ ਜਵਾਬ ਹਾਂ। ਸਿਮੋਨ ਨੂੰ ਇਹ ਗੱਲ ਬੁਰੀ ਲੱਗੀ ਕਿ ਅਮਰੀਕਨ ਲੇਖਕ ਕਮਿਊਨਿਸਟਾਂ ਦਾ ਮਜ਼ਾਕ ਉਡਾਉਂਦੇ ਹਨ।

ਉਸ ਨੇ ਐਲਗ੍ਰਿਨ ਨੂੰ ਫੋਨ ਕੀਤਾ। ਐਲਗ੍ਰਿਨ ਨੂੰ ਸਿਮੋਨ ਦੀ ਅੰਗਰੇਜ਼ੀ ਸਮਝ ਨਾ ਲੱਗੀ, ਇੰਨਾ ਕੁ ਜਾਣ ਗਿਆ ਕਿ ਮਿਲਣ ਦੀ ਇਛੁਕ ਹੈ। ਐਲਗ੍ਰਿਨ ਲੰਮਾ ਸਮਾਂ ਕੋਠਿਆਂ ਵਾਲੀਆਂ ਨਾਲ ਰਿਹਾ। ਨਸ਼ੇੜੀਆਂ, ਡਾਕੂਆਂ ਅਤੇ ਸਮੱਗਲਰਾਂ ਵਿਚ ਵਿਚਰਿਆ ਸੀ। ਮਿਲਣ ਦਾ ਸਮਾਂ ਤੈਅ ਹੋ ਗਿਆ। ਸਿਮੋਨ ਦੇ ਸ਼ਬਦਾਂ ਵਿਚ-ਮੈਂ ਦਰਵਾਜ਼ਾ ਖੜਕਾਇਆ, ਇਕ ਜੁਆਨ ਨੇ ਚਿਟਕਣੀ ਖੋਲ੍ਹੀ। ਕੁਝ ਜ਼ਿਆਦਾ ਹੀ ਲੰਮੇ ਕੱਦ, ਚੌੜੀ ਛਾਤੀ, ਸੁਡੌਲ, ਜੈਕਟ ਪਹਿਨੀ ਉਹ ਸਾਹਮਣੇ ਖੜ੍ਹਾ ਸੀ। ਹੈਰਾਨੀ ਨਾਲ ਉਹਨੇ ਮੇਰੇ ਵੱਲ ਦੇਖਿਆ।

-ਘਰ ਸੌਖਾ ਲੱਭ ਗਿਆ?

-ਹਾਂ, ਆਰਾਮ ਨਾਲ।

ਕਾਗਜ਼, ਅਖਬਾਰ, ਕਚਰਾ ਇਧਰ ਉਧਰ ਖਿਲਰਿਆ ਪਿਆ ਦੇਖ ਕੇ ਐਲ ਨੇ ਕਿਹਾ-ਮੈਂ ਸਫਾਈ ਕਰਨ ਵਾਲਾ ਈ ਸਾਂ ਕਿ ਤੂੰ ਆ ਗਈ। ਹੱਸ ਪਏ। ਇਸ਼ਕ ਸ਼ੁਰੂ ਹੋ ਗਿਆ। ਐਲ ਨੇ ਸਿਮੋਨ ਅੱਗੇ ਵਿਆਹ ਦੀ ਪੇਸ਼ਕਸ਼ ਕੀਤੀ, ਕਿਹਾ-ਮੈਨੂੰ ਸੰਤਾਨ ਦੀ ਜ਼ਰੂਰਤ ਹੈ। ਸਿਮੋਨ ਨੇ ਕਿਹਾ-ਵਿਆਹ ਅਤੇ ਸੰਤਾਨ ਮੇਰੇ ਅਸੂਲਾਂ ਖਿਲਾਫ ਹੈ, ਸੋ ਸੰਭਾਵਨਾ ਨਹੀਂ। ਪਹਿਲੀ ਵਾਰ 1947 ਵਿਚ, ਫਿਰ 1948 ਵਿਚ, ਫਿਰ 1950 ਵਿਚ ਐਲ ਨੂੰ ਮਿਲਣ ਗਈ। ਉਸ ਨੇ ਐਲ ਨੂੰ ਲੰਮੇ ਖਤ ਲਿਖੇ...1800 ਪੰਨਿਆਂ ਵਿਚ ਫੈਲੇ ਹੋਏ ਅਹਿਸਾਸ। ਇਨ੍ਹਾਂ ਖਤਾਂ ਵਿਚ ਉਹ ਗੰਭੀਰ ਦਾਰਸ਼ਨਿਕ ਨਹੀਂ, ਜੁਆਨ ਜਜ਼ਬਾਤੀ ਕੁੜੀ ਲਗਦੀ ਹੈ।

ਐਲਗ੍ਰਿਨ ਆਪਣੀ ਪਤਨੀ ਨੂੰ ਦੇਰ ਪਹਿਲਾਂ ਤਲਾਕ ਦੇ ਚੁੱਕਾ ਸੀ। ਸਿਮੋਨ ਦਾ ਵਿਹਾਰ ਦੇਖ ਕੇ ਉਹਨੂੰ ਆਪਣੀ ਪਤਨੀ ਚੰਗੀ ਲੱਗਣ ਲੱਗੀ ਤੇ ਦੁਬਾਰਾ ਘਰ ਵਸ ਗਿਆ। ਸਿਮੋਨ ਬਾਰੇ ਲਿਖਦਾ ਹੈ, "ਮਨੁੱਖੀ ਨਿਆਂ ਬਾਰੇ ਉਹ ਇੰਨਾ ਬੋਰ ਲਿਖਦੀ ਹੈ ਕਿ ਦਮ ਘੁਟਦਾ ਹੈ। ਪਾਠਕ ਨੂੰ ਧੌਣੋਂ ਫੜ ਕੇ ਉਹਦਾ ਮੱਥਾ ਬਲੈਕਬੋਰਡ ਨਾਲ ਪਟਕਦੀ ਹੈ, ਉਨੀ ਦੇਰ ਤੱਕ ਨਹੀਂ ਛੱਡਦੀ ਜਦੋਂ ਤੱਕ ਕਾਬੂ ਆਇਆ ਪਾਠਕ ਐਲਾਨ ਨਹੀਂ ਕਰਦਾ ਕਿ ਮੈਡਮ ਮੈਂ ਗੱਲ ਸਮਝ ਗਿਆਂ। ਆਪਣੇ ਆਪ ਨੂੰ ਮਾਨਵਵਾਦੀ ਦੱਸਦੀ ਹੈ ਪਰ ਮਰਦ ਜ਼ਾਤ ਦੀ ਦੁਸ਼ਮਣ ਹੈ। ਉਸ ਦੀ ਲਿਖਤ ਕੁਝ ਅਜਿਹਾ ਪਾਖੰਡ ਹੈ ਜਿਵੇਂ ਕਹਿੰਦੀ ਹੋਵੇ-ਮੈਂ ਮਰਦ ਜ਼ਾਤ ਦੇ ਖਿਲਾਫ ਨਹੀਂ ਪਰ ਚਿਲਾ-ਚਿਲਾ ਕੇ, ਡੰਡਾ ਹਵਾ ਵਿਚ ਲਹਿਰਾ ਕੇ ਕੁੜੀਆਂ ਨੂੰ ਕਹੇ-ਜੁਰਾਬਾਂ ਪਹਿਨੋ ਜੁਰਾਬਾਂ, ਸਦਾਚਾਰ ਦੀਆਂ ਜੁਰਾਬਾਂ ਪਹਿਨੋ, ਨਹੀਂ ਮਾਰ ਪਏਗੀ। ਬਾਕੀ ਲਿਬਾਸ ਪਹਿਨ ਲਿਆ ਜਾਂ ਨਹੀਂ, ਕੋਈ ਗੱਲ ਨਹੀਂ, ਜੁਰਾਬਾਂ ਪਾਓ। ਇਹ ਜਿਹੜੇ ਤੂਫਾਨੀ ਇਸ਼ਕ ਦੀ ਕਾਢ ਸਾਰਤਰ ਨਾਲ ਰਲ ਕੇ ਉਹਨੇ ਕੱਢੀ ਹੈ, ਇਹ ਹੈ ਕੀ? ਅਨੇਕ ਮਰਦਾਂ ਨਾਲ ਸੌਣ ਪਿਛੋਂ ਕਹੇਗੀ-ਪਰ ਹਾਂ ਮੈਂ ਸਾਰਤਰ ਦੀ। ਯਾਨਿ ਥੋੜ੍ਹੀ ਬਹੁਤ ਵਫਾ ਵੀ ਚਿਪਕਾ ਲੈਣੀ ਚਾਹੀਦੀ ਹੈ। ਇਹੋ ਜਿਹੇ ਫਿਲਾਸਫਰਾਂ ਨਾਲੋਂ ਤਾਂ ਦੱਲੇ ਚੰਗੇ ਜੋ ਪਾਖੰਡ ਤਾਂ ਨਹੀਂ ਕਰਦੇ। ਗ੍ਰਹਿਸਥੀ ਹੋਣ ਜਾਂ ਕੋਠੇ ਵਾਲੀਆਂ, ਦੋਹਾਂ ਸ਼੍ਰੇਣੀਆਂ



*ਸਿਮੋਨ ਤੇ ਸਰਾਤਰ ਹਵਾਨਾ (ਕਿਊਬਾ) ਵਿਚ ਚੀ ਗੁਏਰਾ ਨਾਲ।*

ਦੀਆਂ ਔਰਤਾਂ ਵਾਸਤੇ ਤੂਫਾਨੀ ਇਸ਼ਕ ਨੁਕਸਾਨਦਾਇਕ ਹੁੰਦੇ ਹਨ।" ਸਿਮੋਨ ਨੇ ਲਿਖਿਆ-ਮੈਂ ਤੈਨੂੰ ਮਿਲਣ ਆ ਰਹੀ ਹਾਂ ਐਲਗ੍ਰਿਨ। ਐਲ ਨੇ ਜਵਾਬ ਦਿੱਤਾ-ਮਿਲਣ ਦੀ ਇੱਛਾ ਨਹੀਂ।

ਬਿਮਾਰ ਹੋ ਗਈ। ਡਾਕਟਰਾਂ ਦਾ ਖਿਆਲ ਸੀ ਕਿ ਛਾਤੀ ਕੱਟਣੀ ਪਵੇਗੀ ਪਰ ਬਚਾਉ ਹੋ ਗਿਆ। ਇਸ ਬਿਮਾਰੀ ਦੀ ਵਜ੍ਹਾ ਐਲਗ੍ਰਿਨ ਵੱਲੋਂ ਉਸ ਨੂੰ ਰੱਦ ਕਰਨਾ ਸੀ। ਮਾਨਸਿਕ ਸੱਟ-ਕੀ ਮੈਂ ਬੁੱਢੀ ਹੋ ਗਈ ਹਾਂ? ਕੀ ਹੁਣ ਕਦੀ ਅਜਿਹਾ ਮਰਦ ਨਹੀਂ ਮਿਲੇਗਾ ਜਿਸ ਦੇ ਜਿਸਮ ਦਾ ਨਿੱਘ ਮਿਲ ਸਕੇ? ਲਿਖਿਆ-ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਖਾਈ ਦੇਖੀ, ਖਾਈ ਜਿਸ ਦੇ ਪਰਲੇ ਪਾਰ ਬੁਢਾਪਾ ਅਤੇ ਮੌਤ ਸੀ। ਮੈਂ ਇਹ ਖਾਈ ਪਾਰ ਨਹੀਂ ਕੀਤੀ ਪਰ ਦਿੱਸਣ ਲੱਗੀ ਹੀ ਦੁਖਦਾਈ ਸੀ। ਮਾਨਸਿਕ ਅਤੇ ਸਰੀਰਕ ਕਸ਼ਟ ਜਿਉਂ ਹੀ ਘਟੇ, ਉਹਨੇ ਆਪਣੇ ਤੋਂ ਸਤਾਰਾਂ ਸਾਲ ਛੋਟੇ ਲਾਂਜ਼ਮੈਨ ਜੁਆਨ ਨਾਲ ਤੂਫਾਨੀ ਇਸ਼ਕ ਸ਼ੁਰੂ ਕਰ ਦਿੱਤਾ। ਜਦੋਂ ਸਿਮੋਨ ਨੇ ਪੁੱਛਿਆ ਕਿ ਮੇਰੇ ਬਾਰੇ ਪਹਿਲਾ ਪ੍ਰਤੀਕਰਮ ਕੀ ਸੀ, ਦੋਵਾਂ ਦਾ ਵਾਰਤਾਲਾਪ ਦੇਖੋ:

ਲਾਂਜ਼ਮੈਨ-ਤੂੰ ਸੁਹਣੀ ਲੱਗੀ। ਤੇਰਾ ਚਿਹਰਾ ਬੇਰੰਗ ਸੀ। ਮੈਂ ਦੇਖਣਾ ਚਾਹਿਆ ਇਸ ਚਿਹਰੇ ਪਿੱਛੇ ਕੀ ਛੁਪਿਆ ਹੈ।

ਸਿਮੋਨ-ਕੀ ਲੱਗਾ? ਮੇਰੇ ਬੇਨੂਰ ਚਿਹਰੇ ਪਿੱਛੇ ਲੱਭਾ ਕੁਝ?

ਲਾਂਜ਼ਮੈਨ-ਹਾਂ ਮੈਂ ਵਾਧੂ ਕੁਝ ਕਹਿਣਾ ਨਹੀਂ ਚਾਹੁੰਦਾ-ਜੀਵਨ ਪ੍ਰਤੀ ਨਿਰੰਤਰ ਉਤਸ਼ਾਹ, ਜਾਣਨ, ਕੁਝ ਕਰਨ ਦੀ ਤੀਬਰਤਾ, ਸੈਰ ਸਪਾਟੇ। ਤੇਰੇ ਨਾਲ ਸੰਸਾਰ ਦੇਖਣਾ ਵੱਖਰੀ ਕਿਸਮ ਦਾ ਆਨੰਦ ਸੀ। ਇਹ ਲੁਤਫ ਮੈਂ ਲਿਆ।

ਲਿਖਦੀ ਹੈ, "ਮੇਰੇ ਅੰਦਰ ਘਟੀਆਪਣ ਦੇ ਅਹਿਸਾਸ ਜਾਗ ਪਏ ਸਨ। ਲਾਂਜ਼ਮੈਨ ਦੇ ਆਉਣ ਨਾਲ ਸਿਹਤ ਠੀਕ ਹੋਈ। ਐਲਗ੍ਰਿਨ ਨੇ ਮੈਨੂੰ ਰੱਦ ਕੀਤਾ, ਮੈਂ ਟੁੱਟ ਗਈ।" ਉਧਰ ਐਲਗ੍ਰਿਨ ਨੇ ਕਿਹਾ, "ਸਿਮੋਨ ਦੀ ਸ਼ਖਸੀਅਤ ਦੇਖ-ਪਰਖ ਕੇ ਘ੍ਰਿਣਾ ਹੋਈ। ਤਲਾਕਸ਼ੁਦਾ ਬੀਵੀ ਇੰਨੀ ਚੰਗੀ ਲੱਗਣ ਲੱਗੀ ਕਿ ਖਿਮਾ ਮੰਗੀ ਤੇ ਵਾਪਸ ਮੋੜ ਲਿਆਂਦੀ। ਮੇਰਾ ਉਜੜਿਆ ਘਰ ਵਸ ਗਿਆ।"

ਲਗਦਾ ਸੀ, ਲਾਂਜ਼ਮੈਨ ਦੇ ਆਉਣ ਨਾਲ ਸ਼ਾਇਦ ਸਾਰਤਰ ਨਾਲ ਵਕਫਾ ਵਧ ਜਾਵੇ। ਅਜਿਹਾ ਨਹੀਂ ਹੋਇਆ। ਸਾਰਤਰ ਆਪਣੇ ਨੇੜੇ ਸਿਮੋਨ ਨੂੰ ਹੀ ਚਾਹੁੰਦਾ ਸੀ ਕਿਉਂਕਿ ਉਸ ਦੀ ਗੈਰ-ਹਾਜ਼ਰੀ ਵਿਚ ਵਧੀਕ ਔਰਤਾਂ ਆਉਣ ਲੱਗ ਜਾਂਦੀਆਂ, ਥਕਾ ਦਿੰਦੀਆਂ। ਸਿਮੋਨ ਵਿਚ ਕੋਈ ਆਕਰਸ਼ਣ ਨਹੀਂ ਸੀ ਰਿਹਾ, ਸੋ ਵਧੀਆ ਪਹਿਰੇਦਾਰ ਬਣਦੀ। ਪਹਿਲਾਂ ਡੋਲੋਰ, ਫਿਰ ਮਿਸ਼ੇਲ ਤੇ ਫਿਰ ਲਾਂਜ਼ਮੈਨ ਦੀ ਅਭਿਨੇਤਰੀ ਭੈਣ ਐਵੇਲਿਨ। ਇਕ ਤੋਂ ਬਾਅਦ ਇਕ ਨੇ ਉਸ ਨਾਲ ਸਬੰਧ ਬਣਾਏ। ਵਧੀਕ ਸ਼ਰਾਬ, ਵਧੀਕ ਨਸ਼ੇ, ਮਨ ਅਤੇ ਜਿਸਮ ਦੋਹਾਂ ਤੋਂ ਵਧੀਕ ਕੰਮ ਲੈਣ ਸਦਕਾ ਬਿਮਾਰ ਹੋ ਗਿਆ। ਲਹੂ ਦਾ ਵਧੀਕ ਦਬਾਉ, ਦਿਲ ਦੀਆਂ, ਦਿਮਾਗ ਦੀਆਂ ਤਕਲੀਫਾਂ ਘੇਰਦੀਆਂ ਗਈਆਂ। ਉਧਰ ਸਿਮੋਨ ਮਾਰੂ ਸੁਫਨਿਆਂ ਨੇ ਬੇਹਾਲ ਕਰ ਦਿੱਤੀ। ਉਸ ਨੂੰ ਤੇਜ਼ ਲਿਸ਼ਕਦੀ ਵੱਡੀ ਪੀਲੀ ਅੱਖ ਦਿਸਦੀ। ਉਸ ਅੱਖ ਵਿਚ ਸਵੈਟਰ ਬੁਣਨ ਵਾਲੀ ਸਲਾਈ ਧਸ ਜਾਂਦੀ, ਚੀਕਾਂ ਮਾਰਦੀ ਜਾਗ ਪੈਂਦੀ। ਸਾਰਤਰ ਨਾਲ ਸਿਮੋਨ ਰੋਮ ਚਲੀ ਜਾਂਦੀ ਜਿਥੇ ਦੋਵਾਂ ਦੇ ਖੱਬੇ-ਪੱਖੀ ਦੋਸਤ ਰਹਿੰਦੇ ਸਨ। ਬਿਮਾਰ ਸਿਮੋਨ ਬਿਮਾਰ ਸਾਰਤਰ ਲਈ ਚੰਗੀ ਨਰਸ ਹੁੰਦੀ। ਦੋਵੇਂ ਇਕੱਠੇ ਹੁੰਦੇ ਤਾਂ ਤੂਫਾਨੀ ਇਸ਼ਕਾਂ ਦੇ ਦੌਰੇ ਨਾ ਪੈਂਦੇ। ਸਾਰਤਰ ਦੀ ਮੌਤ ਤੱਕ ਇਹ ਇੰਤਜ਼ਾਮ ਠੀਕ ਚਲਦਾ ਰਿਹਾ।

ਅਲਜੀਰੀਆ ਫਰਾਂਸ ਦੇ ਕਬਜ਼ੇ ਤੋਂ ਮੁਕਤ ਹੋਣਾ ਚਾਹੁੰਦਾ ਸੀ। ਫਰਾਂਸ ਵਿਰੁਧ ਵਿਦਰੋਹ ਸ਼ੁਰੂ ਹੋ ਗਿਆ। ਸਿਮੋਨ ਨੇ ਅਲਜੀਰੀਆ ਦੇ ਹੱਕ ਵਿਚ ਝੰਡਾ ਚੁੱਕਿਆ। ਫਰਾਂਸ ਨੇ ਐਲਾਨ ਕਰ ਕੇ, ਕਿ ਅਲਜੀਰੀਆ ਤੋਂ ਕਬਜ਼ਾ ਨਹੀਂ ਹਟੇਗਾ, ਐਮਰਜੈਂਸੀ ਲਾ ਦਿੱਤੀ। ਸਾਰਤਰ ਅਤੇ ਸਿਮੋਨ ਵੱਡੀਆਂ ਰੈਲੀਆਂ ਵਿਚ ਭਾਸ਼ਣ ਦਿੰਦੇ, ਅਖਬਾਰਾਂ ਵਿਚ ਤਾਕਤਵਰ ਲੇਖ ਲਿਖਦੇ। ਫਰਾਂਸ ਸਰਕਾਰ ਨੇ ਉਨ੍ਹਾਂ ਦੀਆਂ ਸਰਗਰਮੀਆਂ ਕਾਰਨ ਦੇਸ਼ ਧ੍ਰੋਹ, ਧੋਖਾਧੜੀ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਲਾਏ। ਫਰਾਂਸ ਦੀ ਕਮਿਊਨਿਸਟ ਪਾਰਟੀ ਅਲਜੀਰੀਆ ਦੀ ਆਜ਼ਾਦੀ ਦੇ ਵਿਰੁਧ ਸੀ ਕਿਉਂਕਿ ਅਲਜੀਰੀਆ ਵਿਚੋਂ ਚੰਗੀ ਕਮਾਈ ਹੋ ਰਹੀ ਸੀ। ਫੌਜ ਵੱਲੋਂ ਦਿੱਤੇ ਜਾਂਦੇ ਤਸੀਹੇ ਅਤੇ ਬਲਾਤਕਾਰ

ਦੇ ਕੇਸ ਸਿਮੋਨ ਦੀ ਕਲਮ ਰਾਹੀਂ ਅਖਬਾਰਾਂ ਵਿਚ ਆਉਣ ਲੱਗੇ। ਦੂਜੇ ਪਾਸੇ ਰੂਸ ਨੇ ਹੰਗਰੀ ਉਪਰ ਕਬਜ਼ਾ ਕਰ ਲਿਆ, ਸਾਰਤਰ ਅਤੇ ਸਿਮੋਨ ਨੇ ਇਸ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਰੂਸੀ ਦੋਸਤਾਂ ਨਾਲੋਂ ਸਬੰਧ ਤੋੜ ਲਏ। ਦੋਵਾਂ ਨੇ ਫਰਾਂਸੀਸੀ ਕਾਮਰੇਡਾਂ ਨੂੰ ਝੂਠੇ ਅਤੇ ਪਖੰਡੀ ਕਿਹਾ ਜਿਹੜੇ ਹੰਗਰੀ ਅਤੇ ਅਲਜੀਰੀਆ ਨੂੰ ਗੁਲਾਮ ਰੱਖਣ ਦੇ ਹੱਕ ਵਿਚ ਸਨ। ਫਰਾਂਸ ਵਿਚ ਵਸਦੇ ਅਲਜੀਰੀਅਨ ਲੋਕ ਫੁੰਡੇ ਜਾਣ ਲੱਗੇ।

ਰੋਜ਼ੀਅਰ ਮਿਊਲਰ ਅਖਬਾਰ ਵਿਚ ਫਰਾਂਸੀਸੀ ਸਿਪਾਹੀ ਵੱਲੋਂ ਦੱਸੇ ਭੇਤ ਛਪੇ। ਕਿਵੇਂ ਪੂਰੀ ਦੀ ਪੂਰੀ ਬਟਾਲੀਅਨ ਨਿਹੱਥੇ ਸਿਵਲ ਅਲਜੀਰੀਅਨ ਲੋਕਾਂ ਉਪਰ "ਸ਼ੈਤਾਨ ਮੁੱਲੇ" ਆਖ ਕੇ ਗੋਲੀਆਂ ਦਾਗਦੀ, ਲੁੱਟਮਾਰ, ਅਗਜ਼ਨੀ, ਬਲਾਤਕਾਰ, ਅੱਤਿਆਚਾਰ ਕਰਦੀ। ਇਹ ਹਰ ਰੋਜ਼ ਦਾ ਵਰਤਾਰਾ ਸੀ। ਫਰਾਂਸ ਦੀ ਪਾਰਲੀਮੈਂਟ ਨੇ ਚਾਰਲਸ ਡੀ ਗਾਲ ਨੂੰ ਮਨਮਰਜ਼ੀ ਕਰਨ ਦੀਆਂ ਸ਼ਕਤੀਆਂ ਦੇ ਦਿੱਤੀਆਂ ਤਾਂ ਸਾਰਤਰ ਭੜਕ ਉੱਠਿਆ। ਉਸ ਨੇ ਮਾਰਸ਼ਲ ਕੋਰਟ ਦੇ ਨਾਮ ਪੱਤਰ ਲਿਖਿਆ, "ਅਲਜੀਰੀਆ ਦੀ ਆਜ਼ਾਦੀ ਯਕੀਨੀ ਹੈ, ਜੇ ਕੋਈ ਚੀਜ਼ ਯਕੀਨੀ ਨਹੀਂ, ਉਹ ਫਰਾਂਸ ਦੀ ਆਪਣੀ ਆਜ਼ਾਦੀ ਹੈ। ਅਲਜੀਰੀਆ ਵਿਰੁਧ ਯੁੱਧ ਨੇ ਫਰਾਂਸ ਤਬਾਹ ਕਰ ਦੇਣਾ ਹੈ। ਸ਼ਖਸੀ ਆਜ਼ਾਦੀ ਉਪਰ ਰੋਕਾਂ, ਸਿਆਸੀ ਗਤੀਵਿਧੀਆਂ ਉਪਰ ਪਾਬੰਦੀਆਂ, ਤਸੀਹਿਆਂ ਦੇ ਕਾਰੋਬਾਰ, ਫੌਜੀ ਰਾਜ ਤੇ ਡੀ ਗਾਲ ਦੀ ਤਾਨਾਸ਼ਾਹੀ ਭਿਆਨਕ ਫਾਸ਼ੀਵਾਦ ਹੈ। ਫਰਾਂਸ ਖੁਦਕੁਸ਼ੀ ਦੇ ਰਸਤੇ ਉਪਰ ਹੈ।"

ਇਹ ਬਿਆਨ ਪਾਰਲੀਮੈਂਟ ਵਿਚ ਵਿਚਾਰ ਕੇ ਫੈਸਲਾ ਹੋਇਆ ਕਿ ਸਾਰਤਰ ਉਪਰ ਮੁਕੱਦਮਾ ਚਲਾਇਆ ਜਾਵੇ। 1960 ਵਿਚ ਅਲਜੀਰੀਅਨ ਕੁੜੀ ਜਮੀਲਾ ਬੋਪਾਸ਼ਾ ਨੇ ਸਿਮੋਨ ਨੂੰ ਕਿਹਾ-ਫੌਜ ਨੇ ਮੈਨੂੰ ਤਸੀਹੇ ਦਿੱਤੇ। ਮੈਂ ਫਰਾਂਸੀਸੀ ਫੌਜ ਉਪਰ ਮੁਕੱਦਮਾ ਦਾਇਰ ਕਰਨਾ ਚਾਹੁੰਦੀ ਹਾਂ। ਜਦੋਂ ਵਕੀਲ ਫਰਾਂਸ ਵਿਚ ਇਹ ਮੁਕੱਦਮਾ ਦਾਇਰ ਕਰਨ ਦੀ ਤਿਆਰੀ ਕਰ ਰਹੇ ਸਨ ਤਾਂ ਸਿਮੋਨ ਨੇ ਕੁੜੀ ਦੇ ਹੱਕ ਵਿਚ ਲੇਖ ਲਿਖਿਆ ਜਿਸ ਨਾਲ ਇਹ ਕੇਸ ਕੌਮਾਂਤਰੀ ਲਹਿਰ ਬਣ ਗਿਆ। ਜਮੀਲਾ ਉਪਰ ਲਿਖੀ ਗਈ ਕਿਤਾਬ ਦਾ ਮੁਖਬੰਧ ਸਿਮੋਨ ਨੇ ਲਿਖਿਆ। ਫਰਾਂਸ ਦੇ ਮੂੰਹ 'ਤੇ ਕਾਲਖ ਪੋਚੀ ਗਈ। ਸਿਮੋਨ ਜਮੀਲਾ ਦੇ ਹੱਕ ਵਿਚ ਬਣੀ ਡਿਫੈਂਸ ਕਮੇਟੀ ਦੀ ਮੈਂਬਰ ਬਣੀ।

ਸਾਰਤਰ ਅਤੇ ਸਿਮੋਨ ਨੇ ਬ੍ਰਾਜ਼ੀਲ ਵਿਚੋਂ ਬਿਆਨ ਦਿੱਤਾ, "ਫਰਾਂਸੀਸੀਓ, ਫਾਸ਼ੀ ਸਰਕਾਰ ਵਿਰੁਧ ਬਗਾਵਤ ਕਰੋ।" ਖਬਰ ਮਿਲੀ ਕਿ ਸਾਰਤਰ ਪੈਰਿਸ ਆ ਰਿਹਾ ਹੈ। ਪੰਜਾਹ ਹਜ਼ਾਰ ਫਰਾਂਸੀਸੀਆਂ ਨੇ ਸਾਰਤਰ ਵਿਰੁਧ ਰੋਸ ਮਾਰਚ ਕੱਢਦਿਆਂ ਮੰਗ ਕੀਤੀ, "ਗੱਦਾਰ ਸਾਰਤਰ ਦੀ ਹਿੱਕ ਵਿਚ ਗੋਲੀ ਦਾਗੋ।" ਗੱਦਾਰੀ ਦਾ ਮੁਕੱਦਮਾ ਦਰਜ ਹੋਇਆ, ਦੋਸ਼ ਫਰੇਮ ਹੋਏ। ਖਬਰ ਸੀ ਹਵਾਈ ਅੱਡੇ ਉਪਰ ਉਤਰਦੇ ਹੀ ਸਾਰਤਰ ਨੂੰ ਫੜ ਲਿਆ ਜਾਏਗਾ। ਸਾਰਤਰ ਜਹਾਜੋਂ ਉਤਰ ਕੇ ਟਿਕਾਣੇ 'ਤੇ ਚਲਾ ਗਿਆ। ਡੀ ਗਾਲ ਨੂੰ ਅਖਬਾਰ ਨਵੀਸਾਂ ਨੇ ਪੁੱਛਿਆ, "ਉਹਨੂੰ ਗ੍ਰਿਫਤਾਰ ਕਿਉਂ ਨਹੀਂ ਕੀਤਾ?" ਡੀ ਗਾਲ ਨੇ ਕਿਹਾ, "ਵਾਲਟੇਅਰ ਨੂੰ ਗ੍ਰਿਫਤਾਰ ਨਹੀਂ ਕਰੀਦਾ।" ਲੋਕਾਂ ਵਿਚ ਨਾਅਰਾ ਪ੍ਰਚਲਿਤ ਹੋਇਆ-ਸਾਰਤਰ ਇਜ਼ ਫਰਾਂਸ। ਫਰੈਂਚ ਖਾੜਕੂਆ ਨੇ ਉਹਨੂੰ ਕਤਲ ਕਰਨ ਲਈ ਕਈ ਵਾਰ ਬੰਬ ਧਮਾਕੇ ਕੀਤੇ, ਬਚਦਾ ਰਿਹਾ।

48 ਸਾਲ ਦੀ ਉਮਰ ਵਿਚ ਸਿਮੋਨ ਨੇ ਚਾਰ ਜਿਲਦਾਂ ਵਿਚ ਆਪਣੀ ਸਵੈਜੀਵਨੀ 'ਮੈਮਾਇਰਜ਼ ਆਫ ਏ ਡਿਊਟੀਫੁਲ ਡਾਟਰ' ਛਪਵਾਈ ਜਿਸ ਵਿਚ ਕੈਥੋਲਿਕ ਬਚਪਨ, ਜਵਾਨੀ, ਬਗਾਵਤ ਤੇ ਸਾਰਤਰ ਨਾਲ ਮੁਲਾਕਾਤ ਤੱਕ ਦਾ ਬਿਉਰਾ ਹੈ। 1960 ਵਿਚ 'ਦ ਪ੍ਰਾਈਮ ਆਫ ਲਾਈਫ' ਛਾਪੀ। ਇਸ ਵਿਚ ਸਾਰਤਰ ਨਾਲ ਬਿਤਾਈ ਜ਼ਿੰਦਗੀ ਦਰਜ ਹੈ। ਸਾਲ 1963 ਵਿਚ 'ਫੋਰਸ ਆਫ ਸਰਕਮਸਟਾਂਸ' ਛਪੀ ਜਿਸ ਵਿਚ ਠੰਢੀ ਜੰਗ ਰਣਨੀਤੀ, ਅਲਜੀਰੀਆ ਦਾ ਸੰਗਰਾਮ ਤੇ ਸਿਆਸੀ ਸਰਗਰਮੀਆਂ ਦਾ ਜ਼ਿਕਰ ਹੈ। 1972 ਵਿਚ 'ਆਲ ਸੈਡ ਐਂਡ ਡਨ' ਛਪੀ ਜਿਸ ਵਿਚ ਆਪਣੇ ਜੀਵਨ ਉਪਰ ਅਕਾਦਮਿਕ ਝਾਤ ਪੁਆਈ ਹੈ। ਯਾਦਾਂ ਕਲਾਮਈ ਸਿਰਜਣਾ ਹੋ ਗਈਆਂ ਹਨ। ਔਰਤ ਅੰਦਰਲੀ ਬੇਗਾਨਗੀ ਨੂੰ ਉਹਨੇ ਮਾਲਕੀ ਦੇ ਅਖਤਿਆਰ ਦੇਣੇ ਚਾਹੇ ਹਨ, ਹਾਸ਼ੀਏ ਤੋਂ ਕੇਂਦਰ ਵਿਚ ਲੈ ਆਈ ਹੈ। ਉਤਸੁਕਤਾ, ਉਕਸਾਹਟ, ਕਾਮਕਤਾ, ਸੰਜੋਗ ਅਤੇ ਉਦਾਸੀ ਦਾ ਜ਼ਿਕਰ ਕਰਦਿਆਂ ਜਦੋਂ ਬਚ-ਬਚ ਕੇ ਕਦਮ ਰੱਖਦੀ ਹੈ, ਉਦੋਂ ਅਹਿਸਾਸ ਹੁੰਦਾ ਹੈ ਔਰਤ ਦਾ ਅੰਦਾਜ਼ਿ-ਬਯਾਂ ਮਰਦ ਨਾਲੋਂ ਕਿਵੇਂ ਵੱਖਰਾ ਹੈ। ਆਪਣੇ ਅੰਦਰਲੀ ਈਰਖਾ, ਸਵਾਰਥ, ਗੁੱਸਾ, ਹਵਸ ਦਿਖਾ ਵੀ ਜਾਂਦੀ ਹੈ, ਛੁਪਾ ਵੀ ਲੈਂਦੀ ਹੈ। "ਮੈਂ ਇਨਸਾਨ ਹਾਂ, ਇਹ ਦਾਅਵਾ ਕਰਦਿਆਂ ਵੀ ਮੁੱਕਰੀ ਨਹੀਂ ਕਿ ਮੈਂ ਔਰਤ ਹਾਂ। ਔਰਤ ਹੋਣ ਦੇ ਹਾਣ ਲਾਭ ਦੇਖੇ, ਅਨੁਭਵ ਵਿਚ ਲਿਆਂਦੇ, ਲਿਖੇ।"

ਪਾਠਕ ਦੇਖਣਗੇ, ਮੁਢਲੇ ਦੌਰ ਦੀ ਰੋਮਾਂਟਿਕ ਹਨ੍ਹੇਰੀ ਸ਼ਾਂਤ ਹੋ ਗਈ ਹੈ, ਜਵਾਨੀ ਦਾ ਜ਼ਿਕਰ ਕਰਦਿਆਂ ਇਉਂ ਝਿਜਕਦੀ ਹੈ ਜਿਵੇਂ ਫਜ਼ੂਲ ਗੱਲ ਕੀ ਕਰਨੀ ਹੋਈ? ਪਕੇਰੀ ਉਮਰ ਦੇ ਬੰਦਿਆਂ ਨੂੰ ਉਸ ਵਲੋਂ ਚੜ੍ਹਦੀ ਜਵਾਨੀ ਵਿਚ ਲਿਖੇ ਕਾਮਕ ਬਿਰਤਾਂਤ ਜਿਵੇਂ ਫੂਹੜ ਲਗਦੇ ਹਨ ਪਰ ਜੁਆਨਾਂ ਨੂੰ ਦਿਲਕਸ਼, ਉਵੇਂ ਉਹਦੀ ਜੀਵਨੀ ਦਾ ਆਖਰੀ ਹਿੱਸਾ ਸਿਆਣਿਆਂ ਨੂੰ ਗੰਭੀਰ ਤੇ ਨਿਆਣਿਆਂ ਨੂੰ ਬੋਰ ਕਰਦਾ ਹੈ। ਜਿਨ੍ਹਾਂ ਨੇ 'ਦ ਸੈਕੰਡ ਸੈਕਸ' ਪੜ੍ਹੀ ਸੀ, ਉਨ੍ਹਾਂ ਨੂੰ ਨਿਰਾਸਤਾ ਹੋਈ ਕਿਉਂਕਿ ਬਾਅਦ ਦੀ ਲਿਖਤ ਚੱਕਵੀਂ ਨਹੀਂ ਰਹੀ।

ਸਾਲ 1969, ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਨੂੰ ਸਮਰਪਿਤ ਕਵੀ ਦਰਬਾਰ ਪਟਿਆਲਾ ਦੇ ਮਹਿੰਦਰਾ ਕਾਲਜ ਵਿਚ ਕਰਵਾਇਆ ਗਿਆ। ਮੋਹਨ ਸਿੰਘ, ਸ਼ਿਵ ਬਟਾਲਵੀ, ਅੰਮ੍ਰਿਤਾ ਪ੍ਰੀਤਮ ਤੇ ਹੋਰ ਸ਼ਾਇਰ ਆਏ ਸਨ। ਮੈਂ 11ਵੀਂ ਦਾ ਵਿਦਿਆਰਥੀ ਸਾਂ। ਉਸ ਵਕਤ ਦਾ ਸੁਣਿਆ ਸ਼ਿਅਰ ਯਾਦ ਆ ਗਿਆ ਹੈ,

ਪਰੀਏ ਨੀ ਪਰੀਏ ਉਮਰਾਂ ਦੇ ਪੁਲਾਂ ਹੇਠ
ਲੰਘ ਗਿਆ ਪਾਣੀ ਰੇਤੜ ਵਿਚ ਕਿੰਜ ਤਰੀਏ।

ਗੁਸੈਲੀ ਤੇ ਬਦਲਾਖੋਰ ਸਿਮੋਨ ਸੋਚਣ ਲੱਗੀ ਹੈ, ਜਿਸ ਕਿਸਮ ਦੀ ਆਜ਼ਾਦੀ ਦੀ ਉਦੋਂ ਗੱਲ ਕਰਦੀ ਸਾਂ, ਉਹ ਛਲਾਵਾ ਵਧੀਕ ਮਹੱਤਵਪੂਰਨ ਨਹੀਂ ਸੀ, ਹੋਰ ਵਡੇਰੀਆਂ ਦੁਰੇਡੀਆਂ ਹੱਦਾਂ ਤੱਕ ਪੁੱਜਣਾ ਹੈ। ਕੁੱਟ ਖਾ ਕੇ ਆਇਆ ਹੋਏ ਜਾਂ ਕਿਸੇ ਨੂੰ ਕੁੱਟ ਕੇ ਆਏ, ਘਰ ਆਏ ਬੱਚੇ ਨੂੰ ਫੜ ਕੇ ਮਾਂ ਜਦੋਂ ਉਹਦੇ ਹੱਥ ਮੂੰਹ ਧੋਂਦੀ ਹੈ, ਤਦ ਬੱਚੇ ਦਾ ਅਸਲੀ ਅਕਸ ਦਮਕਦਾ ਹੈ। ਇਸ ਵਕਤ ਪਤਾ ਲਗਦਾ ਹੈ ਕਿ ਮਰਦਾਂ ਨੇ ਜ਼ਿਆਦਤੀ ਤਾਂ ਕੀ ਕਰਨੀ ਸੀ, ਜਿੰਨਾ ਬਣਦਾ ਹੈ, ਉਸ ਤੋਂ ਵਧੀਕ ਹਿੱਸਾ ਦਿੱਤਾ, ਹੌਸਲਾ ਤੇ ਹਮਦਰਦੀ, ਹਰ ਥਾਂ ਮਿਲੇ। ਲਿਖਦੀ ਹੈ, "ਮੇਰੇ ਸੱਚ ਮੇਰੇ ਕਲਪੇ ਆਪਣੇ ਜਹਾਨ ਦੇ ਸੱਚ ਹਨ, ਅਨੰਤ ਸੱਚ ਨਹੀਂ ਹਨ। ਆਪਣੀ ਮੂਰਤ ਨਾਲੋਂ ਆਪਣਾ ਸੱਚ ਮੈਨੂੰ ਵਧੀਕ ਜਚਿਆ। ਮੇਰਾ ਭੂਤਕਾਲ ਮੇਰੀ ਤਸਵੀਰ ਹੈ, ਇਸ ਤਸਵੀਰ ਦੀ ਫਾਲਤੂ ਕੀਮਤ ਨਹੀਂ ਮੰਗਦੀ, ਮੈਨੂੰ ਦੂਸਰਿਆਂ ਦੀ ਜੱਜਮੈਂਟ ਪ੍ਰਤੀ ਫਿਕਰ ਨਹੀਂ। ਮਨੋਵਿਗਿਆਨੀ ਜਿਹੜੀ ਮੇਰੀ ਤਸਵੀਰ ਬਣਾਉਣਗੇ, ਉਹ ਪ੍ਰੇਸ਼ਾਨੀਕੁਨ ਹੋਵੇਗੀ। ਆਪਣੇ ਖਿਲਾਫ ਜੋ ਮੈਂ ਖੁਦ ਲਿਖਿਆ, ਉਸ ਤੋਂ ਮੈਨੂੰ ਡਰ ਨਹੀਂ ਲਗਦਾ। ਫਰਾਂਸੀਸੀ ਲੇਖਕ ਲੀਜ਼ਾ ਦੀ ਉਸ ਉਪਰ ਟਿੱਪਣੀ ਹੈ, "ਬਾਲਜ਼ਕ ਦੇ ਨਾਇਕਾਂ ਵਾਂਗ ਸਿਮੋਨ ਹਰ ਵਰਗ ਦੇ ਬੰਧਨਾਂ ਤੋਂ ਮੁਕਤ ਹੈ, ਸੰਸਾਰ ਵਿਚ ਆਪਣਾ ਥਾਂ ਭਾਲਦੀ ਹੋਈ ਕਦੀ ਮਿਹਨਤੀ ਵਿਦਿਆਰਥਣ, ਹਰਮਨ ਪਿਆਰੀ ਅਧਿਆਪਕਾ, ਆਜ਼ਾਦ ਕਮਾਊ ਔਰਤ, ਵਿਸ਼ਵ ਪ੍ਰਸਿਧ ਫਿਲਾਸਫ਼ਰ ਸਾਰਤਰ ਦੀ ਦੋਸਤ, ਪ੍ਰਸਿਧ ਲੇਖਕ, ਖੱਬੇ ਪੱਖੀ ਸਿਆਸੀ ਵਿੰਗ ਦੀ ਨੇਤਾ ਤੇ ਫੈਮੀਨਿਸਟ ਲਹਿਰ ਦੀ ਜਣਨੀ। ਉਹ ਬਾਕੀਆਂ ਤੋਂ ਵੱਖਰੀ ਹੈ। ਏਂਜਲਾ ਕਾਰਟਰ ਅਨੁਸਾਰ, "ਉਹਦੀ ਸਭ ਤੋਂ ਵੱਡੀ ਪ੍ਰਾਪਤੀ ਸਾਰਤਰ ਨੂੰ ਮਿੱਥ ਬਣਾਉਣ ਵਿਚ ਹੈ। ਇਸ ਕੰਮ ਵਾਸਤੇ ਉਸ ਨੇ ਹਜ਼ਾਰਾਂ ਸਫੇ ਕਾਲੇ ਕਰ ਦਿਤੇ। ਉਸ ਦਾ ਸਾਰਤਰ ਦੂਰ-ਦੁਰਾਡੇ ਖਲੋਤਾ ਹੈ", ਪਕੜ ਪਹੁੰਚ ਤੋਂ ਪਾਰ, ਸੁਫਨਿਆਂ ਵਿਚਲਾ ਹੀਰੋ, ਪੱਥਰ ਦਿਲ, ਮੇਰੇ ਹੰਝੂਆਂ, ਹਉਕਿਆਂ, ਪ੍ਰਾਰਥਨਾਵਾਂ ਤੇ ਬੇਹੋਸ਼ੀਆਂ ਤੋਂ ਬੇਪ੍ਰਵਾਹ ਸਾਰਤਰ ਹੁਣੇ ਮਾਲਕ, ਹੁਣੇ ਗੁਲਾਮ। ਖਤਾਂ ਵਿਚ ਲਿਖਦਾ, "ਤੇਰੇ ਵਰਗੀ ਪਿਆਰੀ ਕੁੜੀ ਕੋਈ ਨਹੀਂ...ਪਰ ਮੇਰੀਆਂ ਦੂਜੀਆਂ ਸਹੇਲੀਆਂ ਨੂੰ ਇਹ ਗੱਲ ਪਤਾ ਨਹੀਂ ਲੱਗਣੀ ਚਾਹੀਦੀ।"

ਮਾਂ ਦੀ ਮੌਤ ਦੇਖੀ, ਮੌਤ ਬਾਰੇ ਸੋਚਣ ਲੱਗੀ। ਐਲਗ੍ਰਿਨ ਦੇ ਵਰਤਾਰੇ ਨੇ ਦੂਜੀ ਵਾਰ ਮੌਤ ਯਾਦ



*ਮਿਲਰ ਬੀਚ (ਇੰਡੀਆਨਾ) 'ਤੇ ਨੈਲਸਨ ਐਲਗ੍ਰਿਨ ਦਾ ਘਰ ਜਿਥੇ ਸਿਮੋਨ ਤੇ ਐਲਗ੍ਰਿਨ ਇਕੱਠੇ ਰਹੇ।*

ਕਰਵਾਈ। ਬੁਢਾਪਾ ਮੌਤ ਵੱਲ ਜਾਂਦਾ ਰਸਤਾ ਦਿਸਿਆ। ਸਾਰਤਰ ਨੂੰ ਬੇਹੋਸ਼ੀ ਦੇ ਦੌਰੇ ਪੈਣ ਲੱਗੇ। ਦਿਸਣੋਂ ਜਾਂਦਾ ਰਿਹਾ ਤੇ ਮੌਤ ਨੇ ਬੁਲਾ ਲਿਆ। ਲਿਖਦੀ ਹੈ, "ਮੌਤ ਸਾਡੇ ਅੰਦਰ ਮੌਜੂਦ ਹੈ। ਇਸ ਤਰ੍ਹਾਂ ਨਹੀਂ ਜਿਵੇਂ ਫਲ ਅੰਦਰ ਗੁਠਲੀ ਹੁੰਦੀ ਹੈ, ਸ਼ਬਦ ਅੰਦਰ ਅਰਥ ਵਾਂਗ, ਸਾਡੇ ਅੰਦਰ ਹੈ ਪਰ ਅਜਨਬੀ। ਦੁਸ਼ਮਣ ਵਾਂਗ ਖੌਫਨਾਕ। ਮੇਰੇ ਦੁਆਲੇ ਦਾ ਸੰਸਾਰ ਬਦਲ ਗਿਆ, ਤੰਗ ਹੋ ਗਿਆ। ਹੁਣ ਪਾਗਲਪਣ ਪਵਿੱਤਰ ਨਹੀਂ ਰਿਹਾ। ਭੀੜਾਂ ਉਤੇਜਤ ਨਹੀਂ ਕਰਦੀਆਂ। ਜਿਹੜੀ ਜਵਾਨੀ ਚਕਾਚੌਂਧ ਕਰ ਦਿੰਦੀ ਸੀ, ਉਹ ਬੁਢਾਪੇ ਦਾ ਮੰਗਲਾਚਰਨ ਨਿਕਲੀ। ਸੱਚ ਹੁਣ ਵੀ ਦਿੱਸ ਰਿਹੈ ਪਰ ਪਹਿਲਾਂ ਵਰਗੀ ਵਿਸਮਾਦੀ ਬਿਜਲੀ ਇਸ ਵਿਚ ਨਹੀਂ ਰਹੀ। ਪੀਂਘ ਦੇ ਹੁਲਾਰੇ ਤੋਂ ਭਵਿੱਖ ਦਿਸਦਾ ਸੀ। ਵਰਤਮਾਨ ਕਿਧਰੇ ਨਹੀਂ ਦਿਸਦਾ। ਮੌਤ ਡਰਾਉਣੀ ਹੈ, ਤਾਂ ਵੀ ਮੌਤ ਤੋਂ ਇੰਨਾ ਡਰ ਨਹੀਂ ਲਗਦਾ ਜਿੰਨਾ ਇਸ ਗੱਲ ਤੋਂ ਕਿ ਕੋਈ ਨਵੀਂ ਇੱਛਾ ਹੀ ਨਹੀਂ ਰਹੀ। ਕਹਾਣੀਆਂ ਵਿਚਲੀਆਂ ਉਨ੍ਹਾਂ ਔਰਤਾਂ ਦੇ ਦਿਲ ਦੀ ਗੱਲ ਹੁਣ ਸਮਝ ਆਉਣ ਲੱਗੀ ਹੈ ਜਿਹੜੀਆਂ ਸ਼ੀਸ਼ੇ ਤੋੜਦੀਆਂ ਫਿਰਦੀਆਂ ਸਨ। ਪਾਪਾ ਦੀ ਮੌਤ ਨੇ ਮੇਰੇ ਉਪਰ ਅਸਰ ਨਹੀਂ ਕੀਤਾ। ਮਾਂ ਦੀ ਮੌਤ ਹੋਈ, ਅੱਖੀਂ ਦੇਖੀ, ਪਤਾ ਲੱਗਾ ਮਨੁੱਖ ਕਿੰਨਾ ਲਾਚਾਰ ਹੈ। ਮੈਂ ਚੁੱਪ ਰਹੀ, ਮੇਰੇ ਅੰਦਰ ਕੋਈ ਹੋਰ ਕੁੜੀ ਦੇਰ ਤੱਕ ਰੋਈ। ਮੈਂ ਸਾਰਤਰ ਕੋਲ ਗਈ। ਉਹਨੂੰ ਆਪਣੀ ਮਾਂ ਦੇ ਆਖਰੀ ਪਲਾਂ ਬਾਰੇ ਦੱਸਣ ਲੱਗੀ, ਉਸ ਨੇ ਕਿਹਾ-ਚੁਪ ਕਰ। ਬੋਲਾਂ ਵਿਚ ਕੀ ਪਿਐ? ਤੇਰੇ ਚਿਹਰੇ ਉਪਰ ਖੁਣੀ ਹੋਈ ਮੌਤ ਦਿਸ ਤਾਂ ਰਹੀ ਐ ਸਾਫ। ਮਾਂ ਦੀ ਮੌਤ ਪਿਛੋਂ ਮੈਂ ਆਪਣੀ ਵਿਦਿਆਰਥਣ ਸਿਲਵੀ ਨੂੰ ਆਪਣੇ ਘਰ ਵਿਚ ਰੱਖ ਲਿਆ। ਉਮਰੋਂ ਮੈਥੋਂ ਤੇਤੀ ਸਾਲ ਛੋਟੀ ਸਿਲਵੀ ਵਿਚ ਮੇਰੇ ਸਾਰੇ ਗੁਣ, ਸਾਰੇ ਔਗੁਣ। ਮੈਨੂੰ ਮੇਰੀ ਧੀ ਲੱਭ ਗਈ।"

ਇਨ੍ਹਾਂ ਸਤਰਾਂ ਤੋਂ ਬਾਅਦ ਸਿਮੋਨ ਵਲੋਂ ਲਿਖਿਆ ਗਿਆ ਆਤਮ ਪ੍ਰਸੰਗ ਪੜ੍ਹੋ ਨਾ ਪੜ੍ਹੋ, ਇਕੋ ਗੱਲ ਹੈ। ਇਹੀ ਹਾਲ ਫਿਕਸ਼ਨ ਦਾ ਹੈ। ਫਲੈਟ ਫਲਸਫੇ ਦਾ ਕੀ ਕਰੀਏ? ਇਹ ਉਲਝੀਆਂ, ਬੇਰਸ ਕ੍ਰਿਤਾਂ ਪਹਿਲਾਂ ਵਰਗਾ ਅਸਰ ਨਹੀਂ ਕਰਦੀਆਂ। ਫੈਮਿਨਿਸਟ (ਨਾਰੀਵਾਦੀ) ਜਥੇਬੰਦੀਆਂ ਸਿਮੋਨ ਨਾਲ ਨਾਰਾਜ਼ ਹੋਈਆਂ ਕਿ ਉਹਨੇ ਇਹ ਕਿਹੋ ਜਿਹੀਆਂ ਅਜੀਬ ਔਰਤਾਂ ਘੜ ਦਿੱਤੀਆਂ ਹਨ? ਉਦਾਸ ਔਰਤਾਂ, ਲਾਚਾਰ ਨਸਲਾਂ। ਜਿਵੇਂ ਭੁੱਖ ਲੱਗੀ ਤਾਂ ਰੋਟੀ ਖਾਧੀ, ਉਵੇਂ ਲੋੜ ਪੈਣ 'ਤੇ ਮਰਦ ਨਾਲ ਜਾ ਲੇਟੀ। ਆਧੁਨਿਕ ਔਰਤ ਵਿਚ ਕਲਪਨਾ ਅਤੇ ਥਰਿੱਲ ਨਹੀਂ। ਆਦਮੀ ਆਰਾਮ ਨਾਲ ਸਦਾ ਲਈ ਅੱਖਾਂ ਬੰਦ ਕਰ ਲੈਂਦੇ ਹਨ ਕਿਉਂਕਿ ਜਾਣਦੇ ਹਨ, ਆਪਣੀ ਸੰਤਾਨ ਵਿਚ ਉਹ ਜਿਉਂਦੇ ਰਹਿਣਗੇ। ਜੀਨ ਜੈਕ ਰੂਸੋ ਕਿਸੇ ਅਦ੍ਰਿਸ਼ਟ ਯੂਟੋਪੀਆ ਦੇ ਸੁਫਨੇ ਸਦਕਾ ਆਪਣੇ ਬੱਚੇ ਯਤੀਮਖਾਨੇ ਵਿਚ ਦੇ ਆਇਆ ਸੀ। ਉਮਰ ਦੇ ਅਖੀਰ ਵਿਚ ਪਾਗਲ ਹੋ ਕੇ ਲੱਭਦਾ ਫਿਰਿਆ। ਸਿਮੋਨ ਨੇ ਸਿਲਵੀ ਲੱਭ ਲਈ। ਆਦਮੀ ਜੀਵਨ ਸੰਗਲੀ ਦੀ ਕੋਈ ਕੜੀ ਟੁੱਟਣ ਨਹੀਂ ਦਿੰਦਾ।

ਆਖਰੀ ਦੌਰ ਦੀਆਂ ਲਿਖਤਾਂ ਵਿਚ ਬੁਢਾਪੇ ਦਾ ਸੰਤਾਪ ਹੈ। ਬੁੱਢੇ ਬੰਦੇ ਅੰਦਰ ਕਾਮਕ ਰੁਚੀਆਂ ਮਰਦੀਆਂ ਨਹੀਂ ਪਰ ਬੁੱਢੇ ਅਜਿਹੀਆਂ ਗੱਲਾਂ ਕਰਨ ਤਾਂ ਠਰਕੇ ਹੋਏ ਹੋਣ ਦੀ ਗਾਲ ਖਾਂਦੇ ਹਨ, ਜੇ ਕਾਮਕ੍ਰੀੜਾ ਦੇ ਇਛੁਕ ਹੋਣ ਤਾਂ ਮਜ਼ਾਕ ਦੇ ਪਾਤਰ। ਔਰਤਾਂ, ਯਾਨਿ ਬੁੱਢੀਆਂ ਬਾਰੇ ਤਾਂ ਸੋਚਿਆ ਵੀ ਨਹੀਂ ਜਾਂਦਾ ਕਿ ਇਨ੍ਹਾਂ ਵਿਚ ਕੋਈ ਰੁਮਾਂਟਕ ਕਣੀ ਮੌਜੂਦ ਹੈ। ਬੁਢਾਪਾ ਅਤੇ ਕਬਾੜਖਾਨਾ ਇਕੋ ਗੱਲ ਹੈ। ਬਿਰਧ ਆਸ਼ਰਮਾਂ ਵਿਚ ਝਾਤ ਮਾਰੋ। ਜੇਲ੍ਹ ਅਤੇ ਪਾਗਲਖਾਨਾ ਇਕੋ ਇਮਾਰਤ ਵਿਚ ਦਿਸ ਜਾਣਗੇ। ਵਾਰ-ਵਾਰ ਦੇਖਣ ਨੂੰ ਮਿਲੇਗਾ ਕਿ ਜ਼ਮਾਨੇ ਨੂੰ ਬੁੱਢਿਆਂ ਦੀ ਲੋੜ ਨਹੀਂ।

1960 ਵਿਚ ਉਨ੍ਹਾਂ ਦੋਵਾਂ ਨੇ ਬ੍ਰਾਜ਼ੀਲ ਦਾ ਦੌਰਾ ਕੀਤਾ ਤੇ ਫਿਰ ਕਿਊਬਾ ਗਏ ਜਿਥੇ ਕਾਸਤਰੋ ਦੇ ਮਹਿਮਾਨ ਰਹੇ। ਸਾਲ 1963 ਵਿਚ ਚੈਕੋਸਲਵਾਕੀਆ, 1966 ਵਿਚ ਜਾਪਾਨ ਤੇ ਸੋਵੀਅਤ ਦੇਸ ਗਏ। ਜਦੋਂ 1968 ਵਿਚ ਰੂਸ ਨੇ ਫਿਰ ਸੱਦਾ ਭੇਜਿਆ ਤਾਂ ਉਨ੍ਹਾਂ ਨੇ ਸਦਾ ਲਈ ਰੂਸ ਨਾਲੋਂ ਇਸ ਕਰ ਕੇ ਨਾਤਾ ਤੋੜ ਲਿਆ। ਇਕ ਤਾਂ ਰੂਸ ਨੇ ਦੋ ਲੇਖਕਾਂ ਸਿਨੇਵਸਕੀ ਅਤੇ ਦੇਨੀਅਲ ਨੂੰ ਸਜ਼ਾ ਦਿੱਤੀ ਸੀ ਤੇ ਦੂਜੇ, ਚੈਕੋਸਲਵਾਕੀਆ ਉਪਰ ਕਬਜ਼ਾ ਕਰ ਲਿਆ ਸੀ।

ਕਾਹਿਰਾ ਵਿਚ ਭਾਸ਼ਣ ਦਿੰਦਿਆਂ ਸਿਮੋਨ ਨੇ ਦੋਸ਼ ਲਾਇਆ ਕਿ ਮਿਸਰ ਦੇ ਮਰਦ ਔਰਤਾਂ ਨਾਲ ਦੁਰਵਿਹਾਰ ਕਰਦੇ ਹਨ ਜੋ ਜਗੀਰੂ ਰੁਚੀ ਹੈ। ਉਸ ਨੂੰ ਥਾਂ-ਥਾਂ ਸੁਣਨਾ ਪਿਆ ਕਿ ਇਸਲਾਮਿਕ ਕਲਚਰ ਵਿਚ ਇਹੋ ਕੁਝ ਹੈ, ਸੋ ਸਹੀ ਹੈ। ਰਾਸ਼ਟਰਪਤੀ ਨਾਸਰ ਉਹਨੂੰ ਲੈਣ ਆਇਆ ਤਾਂ ਮੀਟਿੰਗ ਵਿਚ ਸਿਮੋਨ ਨੇ ਇਹੋ ਮੁੱਦਾ ਦੁਹਰਾਇਆ। ਉਹਨੂੰ ਕਦੀ ਇਹ ਨੀਤੀ ਚੰਗੀ ਨਹੀਂ ਲੱਗੀ ਕਿ ਖੱਬੇ ਪੱਖੀ ਹੋਣ ਦਾ ਮਤਲਬ ਹੈ, ਚੀਨ ਅਤੇ ਰੂਸ ਦੀ ਹਰ ਗੱਲੋਂ ਸਿਫਤ ਕਰੋ; ਇਜ਼ਰਾਈਲ ਦਾ ਵਿਰੋਧ ਅਤੇ ਫਲਸਤੀਨ ਦੀ ਹਮਾਇਤ ਕਰੋ। ਸਿਮੋਨ ਨੇ ਬੰਦਸ਼ਾਂ, ਸ਼ਰਤਾਂ ਮੰਨਣੋਂ ਇਨਕਾਰ ਕੀਤਾ।

ਅਮਰੀਕਾ ਦੀਆਂ ਵੀਅਤਨਾਮ ਵਿਰੁਧ ਜ਼ਿਆਦਤੀਆਂ ਦੀ ਪੜਤਾਲ ਲਈ 1967 ਵਿਚ ਬਰਟ੍ਰੰਡ ਰਸਲ ਦੀ ਚੇਅਰ ਅਧੀਨ ਕੌਮਾਂਤਰੀ ਅਦਾਲਤ ਬਣਾਈ ਗਈ ਜਿਸ ਵਿਚ ਸਾਰਤਰ ਅਤੇ ਸਿਮੋਨ ਨੇ ਅਹਿਮ ਭੂਮਿਕਾ ਨਿਭਾਈ। ਦੋਵਾਂ ਨੇ ਐਲਾਨ ਕੀਤਾ ਕਿ ਅਮਰੀਕਾ ਵੀਅਤਨਾਮੀਆਂ ਦਾ ਬੀਜ ਨਾਸ ਕਰਨ ਲਈ ਬਜ਼ਿਦ ਹੈ, ਰੋਕਿਆ ਜਾਵੇ। ਵਾਕ ਹੈ, "ਅਮਰੀਕਾ ਮਨਮਰਜ਼ੀ ਨਾਲ ਕਿਸੇ ਦੇਸ਼ ਨੂੰ ਇਸ ਲਈ ਤਬਾਹ ਕਰ ਦਿੰਦਾ ਹੈ ਕਿਉਂਕਿ ਉਹ ਕਰ ਸਕਦਾ ਹੈ।"

1970 ਵਿਚ ਉਹਨੇ ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਹਿਤ ਸੰਘਰਸ਼ ਵਿੱਢ ਦਿੱਤਾ ਤੇ ਆਪਣੇ ਮੈਨੀਫੈਸਟੋ ਵਿਚ ਪਹਿਲੀ ਸਤਰ ਦਰਜ ਕੀਤੀ, "ਮੈਂ ਗਰਭਪਾਤ ਕਰਵਾਇਆ ਸੀ, ਇਹ ਹੱਕ ਮੈਂ ਹਰ ਔਰਤ ਨੂੰ ਦਿਵਾ ਕੇ ਰਹਾਂਗੀ।"

1972 ਵਿਚ ਬੇਨੀ ਲੇਵੀ ਨਾਮ ਦਾ ਰੌਸ਼ਨ ਦਿਮਾਗ ਜੁਆਨ ਸਾਰਤਰ ਦੇ ਜੀਵਨ ਵਿਚ ਆਇਆ। ਸਾਰਤਰ ਦਿਨ-ਬ-ਦਿਨ ਕਮਜ਼ੋਰ ਹੋ ਰਿਹਾ ਸੀ। ਲੇਵੀ ਨਾਲ ਸਾਰਤਰ ਦੀ ਲੰਮੀ ਗੁਫਤਗੂ ਹੁੰਦੀ। ਸਾਰਤਰ ਨੂੰ ਲੱਗਾ ਜਿਵੇਂ ਫਲਸਫੇ ਵਿਚ ਉਸ ਵੱਲੋਂ ਰਹਿ ਗਏ ਖੱਪੇ ਪੂਰਨ ਵਾਸਤੇ ਲੇਵੀ ਉਸ ਦਾ ਯੋਗ ਉਤਰਾਧਿਕਾਰੀ ਹੈ। ਉਸ ਨੇ ਸਾਰਤਰ ਨਾਲ ਜਿਹੜੇ ਸੰਵਾਦ ਰਚਾਏ, ਉਨ੍ਹਾਂ ਦੀ ਆਵਾਜ਼ ਰਿਕਾਰਡ ਕੀਤੀ। ਉਹ ਮਾਓਵਾਦੀ ਸੀ ਪਰ ਸਿਮੋਨ ਉਸ ਨੂੰ ਵਿਗੜਿਆ ਹੋਇਆ ਯਹੂਦੀ ਰਹੱਸਵਾਦੀ ਦੱਸਦੀ ਹੈ। ਲੇਵੀ, ਸਾਰਤਰ ਨਾਲ ਸੰਵਾਦ ਰਚਾ ਕੇ ਕਿਤਾਬ 'ਤਾਕਤ ਅਤੇ ਆਜ਼ਾਦੀ' ਦੀ ਰਚਨਾ ਕਰ ਰਿਹਾ ਸੀ। ਉਹਨੇ ਆਪਣੇ ਰਿਕਾਰਡ ਕੀਤੇ ਸੰਵਾਦ ਕਾਗਜ਼ ਉਪਰ ਉਤਾਰ ਕੇ ਸਿਮੋਨ ਨੂੰ ਪੜ੍ਹਨ ਲਈ ਦਿੱਤੇ ਤਾਂ ਉਹ ਅੱਗ ਬਗੂਲਾ ਹੋ ਗਈ। ਜੋ ਕੁਝ ਸਾਰਤਰ ਨੇ ਸਾਰੀ ਉਮਰ ਕੀਤਾ ਅਤੇ ਲਿਖਿਆ, ਇਹ ਸੰਵਾਦ ਉਸ ਤੋਂ ਬਿਲਕੁਲ ਭਿੰਨ ਦਿਸ਼ਾ ਵੱਲ ਜਾ ਰਹੇ ਸਨ। ਲੇਵੀ ਨੇ ਜੋ ਕਰਨਾ ਸੀ, ਕਿਸੇ ਗੁਪਤ ਸਾਜ਼ਿਸ਼ ਤਹਿਤ ਨਹੀਂ ਕੀਤਾ। ਸਾਰਤਰ ਦੇ ਸਾਰੇ ਦੋਸਤਾਂ ਵਿਚ ਇਹ ਲਿਖਤਾਂ ਵਿਚਾਰਨ ਲਈ ਭੇਜੀਆਂ। ਸਿਮੋਨ ਲਿਖਦੀ ਹੈ, "ਮੈਂ ਪੜ੍ਹ ਕੇ ਭੈਭੀਤ ਹੋ ਗਈ। ਸਾਰਤਰ ਦੇ ਮੂੰਹ ਵਿਚ ਜੋ ਕਥਨ ਪਾਏ ਗਏ, ਉਹ ਇਕ ਵਚਨ 'ਮੈਂ' ਕਰ ਕੇ ਕਹੇ ਗਏ ਹਨ, ਇਹ 'ਅਸੀਂ' (ਭਾਵ ਸਾਰਤਰ ਜਮ੍ਹਾਂ ਸਿਮੋਨ) ਤੋਂ ਵੱਖ ਹਨ। ਲੇਵੀ ਨੇ ਸਿੱਧੀ ਤਰ੍ਹਾਂ ਆਪਣਾ ਫਲਸਫਾ ਬਿਆਨ ਕਰਨ ਦੀ ਥਾਂ ਆਪਣੇ ਕਥਨ ਸਾਰਤਰ ਦੇ ਮੂੰਹੋਂ ਅਖਵਾ ਦਿੱਤੇ। ਲੇਵੀ ਦਾ ਹੰਕਾਰ ਸਾਰਤਰ ਦੇ ਕਿਸੇ ਦੋਸਤ ਨੂੰ ਵੀ ਚੰਗਾ ਨਹੀਂ ਲੱਗਾ। ਜਿਸ ਜਿਸ ਨੇ ਇਹ ਹੱਥ ਲਿਖਤਾਂ ਪੜ੍ਹੀਆਂ, ਮੇਰੇ ਵਾਂਗ ਭੈਭੀਤ ਹੋਇਆ।"

ਉਹਨੇ ਸਾਰਤਰ ਨੂੰ ਕਿਹਾ, "ਇਹ ਖੁਦਕੁਸ਼ੀ ਵਾਲਾ ਦਸਤਾਵੇਜ਼ ਕਿਸੇ ਕੰਮ ਦਾ ਨਹੀਂ। ਲੇਵੀ ਨੂੰ ਆਖ ਇਹ ਤੇਰੇ ਕਥਨ ਨਹੀਂ, ਤੇਰੇ ਖਿਆਲ ਨਹੀਂ, ਛਪਣੋਂ ਰੋਕ।" ਸਾਰਤਰ ਨੇ ਕਿਹਾ, "ਪਰ ਇਹ ਮੇਰੇ ਕਥਨ ਹਨ, ਮੇਰੀ ਗੱਲ ਰਿਕਾਰਡ ਹੋਈ ਹੈ, ਲੇਵੀ ਮੇਰੇ ਚਿੰਤਨ ਦਾ ਉਤਰਾਧਿਕਾਰੀ ਹੈ। ਉਹ ਮੇਰੀ ਸ਼ਾਮ ਦਾ ਸਵੇਰਾ ਹੈ। ਜੋ ਉਹਨੇ ਲਿਖਿਆ, ਸਹੀ ਹੈ, ਛਾਪੇਗਾ।" ਸਿਮੋਨ ਉਦਾਸ ਹੋਈ। ਸਾਰਤਰ ਦੀਆਂ ਨਵੀਆਂ ਨਕੋਰ ਸਹੇਲੀਆਂ ਤੋਂ ਉਹਨੂੰ ਈਰਖਾ ਹੁੰਦੀ, ਤਾਂ ਵੀ ਬਰਦਾਸ਼ਤ ਕਰ ਲੈਂਦੀ। ਉਹ ਉਹਦੇ ਜਿਸਮ ਦਾ ਇਕ ਹਿੱਸਾ, ਉਹਦੇ ਵਕਤ ਦਾ ਇਕ ਹਿੱਸਾ ਵੰਡਾਉਂਦੀਆਂ ਸਨ। ਲੇਵੀ ਨੇ ਉਸ ਦੇ ਖਿਆਲਾਂ ਵਿਚੋਂ ਹਿੱਸਾ ਮੰਗਿਆ ਅਤੇ ਹਾਸਲ ਕੀਤਾ। ਸਿਮੋਨ ਦੀ ਥਾਂ ਸਾਰਤਰ-ਦਰਸ਼ਨ ਦਾ ਉਤਰਾਧਿਕਾਰੀ ਲੇਵੀ ਹੋ ਗਿਆ ਤਾਂ ਸਿਮੋਨ ਵਾਸਤੇ ਵੱਡੀ ਸੱਟ ਸਾਬਤ ਹੋਇਆ।

ਸਾਰਤਰ ਦੀ ਮੌਤ ਬਾਅਦ ਸਿਮੋਨ ਦੀਆਂ ਦੋ ਕਿਤਾਬਾਂ ਆਈਆਂ, 'ਏ ਫੇਅਰਵੈਲ ਟੂ ਸਾਰਤਰ' ਅਤੇ 'ਏ ਵੈਰੀ ਈਜ਼ੀ ਡੈਥ'। ਇਨ੍ਹਾਂ ਕਿਤਾਬਾਂ ਵਿਚ ਸਿਮੋਨ ਦੀ ਜੀਵਨੀ ਦੇ ਅੰਤਮ ਸਮੇਂ ਦਾ ਦਿਲਕੰਬਾਊ ਵਰਣਨ ਹੈ। ਜੀਵਨ ਦੀ ਹੱਤਕਪੂਰਨ ਹਾਰ। ਸਾਰਤਰ ਨੂੰ ਯਾਦ ਕਰਦਿਆਂ ਲਿਖਦੀ ਹੈ, "ਇਹ ਉਹ ਲਿਖਤਾਂ ਹਨ ਜੋ ਤੂੰ ਕਦੀ ਪੜ੍ਹੇਂਗਾ ਨਹੀਂ। ਛਪਣ ਤੋਂ ਪਹਿਲਾਂ ਤੂੰ ਮੇਰੀ ਅਤੇ ਮੈਂ ਤੇਰੀ ਹਰ ਹੱਥ ਲਿਖਤ ਪੜ੍ਹੀ। ਮੇਰੀਆਂ ਇਹ ਆਖਰੀ ਲਿਖਤਾਂ ਤੇਰੇ ਬਾਰੇ ਹਨ, ਤੈਨੂੰ ਸਮਰਪਿਤ ਹਨ ਪਰ ਹੁਣ ਇਹ ਤੇਰੇ ਉਪਰ ਅਸਰ ਨਹੀਂ ਕਰਨਗੀਆਂ। ਬੇਸ਼ੱਕ ਮੈਨੂੰ ਤੇਰੀ ਕਬਰ ਦੇ ਐਨ ਨਜ਼ਦੀਕ ਦਫਨ ਕਰ ਦਿੱਤਾ ਜਾਵੇ ਤਾਂ ਵੀ ਤੇਰੀ ਅਤੇ ਮੇਰੀ ਮਿੱਟੀ ਵਿਚਕਾਰ ਕਦੀ ਗੁਫਤਗੂ ਨਹੀਂ ਹੋਵੇਗੀ।"

14 ਅਪ੍ਰੈਲ 1986 ਨੂੰ ਪੈਰਿਸ ਵਿਚ ਸਿਮੋਨ ਦੀ ਮੌਤ ਹੋਈ।

***(ਸਮਾਪਤ)***

# ਖੁਸ਼ਵੰਤ ਸਾਹਿਤ ਉਤਸਵ 'ਚ ਭਾਰਤ-ਪਾਕਿ ਮਿੱਤਰਤਾ

*(ਸਫਾ 17 ਦੀ ਬਾਕੀ)*

ਸਨ ਤਾਂ ਤਾਏ ਸ਼ਿਵ ਸਿੰਘ ਨੇ ਉਨ੍ਹਾਂ ਨੂੰ ਮਾਰਨ ਲਈ ਬੰਦੂਕ ਚੁੱਕਣ ਤੋਂ ਪਹਿਲਾਂ ਇਥੇ ਮੱਥਾ ਟੇਕਿਆ ਸੀ। ਸਮਾਂ ਪਾ ਕੇ ਮੁਸਲਮਾਨਾਂ ਦੇ ਪਾਕਿਸਤਾਨ ਚਲੇ ਜਾਣ ਕਾਰਨ ਮਸੀਤ ਉਜੜ ਗਈ ਤੇ ਗੁਰਦਵਾਰੇ ਦੀਆਂ ਕੰਧਾਂ ਤੇ ਛੱਤ ਜਰਜਰੇ ਹੋ ਗਏ। ਹੁਣ ਸ਼ਿਵ ਸਿੰਘ ਦੇ ਇੰਗਲੈਂਡ ਰਹਿੰਦੇ ਪੋਤਰੇ ਬਰੁਮਦੀਪ ਸੰਧੂ ਨੇ ਉਸ ਗੁਰਦਵਾਰੇ ਨੂੰ ਨਵੇਂ ਸਿਰਿਓਂ ਉਸਾਰਨ ਲਈ ਮਾਇਆ ਜੁਟਾਈ ਤਾਂ ਸਾਡੇ ਚਚੇਰੇ ਭਰਾ ਮਹਿੰਦਰ ਸਿੰਘ ਨੇ ਦਿਨ ਰਾਤ ਇੱਕ ਕਰਕੇ ਇਸ ਦੀ ਸੇਵਾ ਨਿਭਾਈ। ਉਸਾਰੀ ਦੇ ਸੰਪਨ ਹੋਣ ਦੀ ਖ਼ਬਰ ਦੇ ਨਾਲ ਹੀ ਪਤਾ ਲਗਿਆ ਹੈ ਕਿ ਅੰਤਲੇ ਦਿਨ ਰੱਬ ਦਾ ਸ਼ੁਕਰ ਮਨਾਉਂਦੇ ਸਮੇਂ ਮਹਿੰਦਰ ਸਿੰਘ ਨੂੰ ਦਿਲ ਦਾ ਦੌਰਾ ਪਿਆ ਤੇ ਚਲਾਣਾ ਕਰ ਗਿਆ। ਉਪਰ ਵਾਲਾ ਇੰਜ ਕਿਉਂ ਕਰਦਾ ਹੈ ਉਹ ਜਾਣੇ ਪਰ ਅਸੀਂ ਉਹਦੇ ਕੋਲੋਂ ਅਪਣੇ ਪਿੰਡ ਦੇ ਧਾਰਮਕ ਜੀਊੜੇ ਦੀ ਆਤਮਾ ਦੀ ਸ਼ਾਂਤੀ ਲਈ ਮੰਗ ਤਾਂ ਪਾ ਹੀ ਸਕਦੇ ਹਾਂ।

**ਅੰਤਿਕਾ:** ਫੈਜ਼ ਅਹਿਮਦ ਫੈਜ਼

ਮਤਾਅ ਏ ਲੌਹ ਓ ਕਲਮ ਛਿਨ ਗਈ
ਤੋ ਕਿਆ ਗਮ ਹੈ,
ਕਿ ਖੂਨ ਏ ਦਿਲ ਮੇਂ
ਡੁਬੋ ਲੀਂ ਹੈ ਉਂਗਲੀਆਂ ਮੈਨੇ।
ਜ਼ੁਬਾਂ ਪੇ ਮੁਹਰ ਲਗੀ ਹੈ
ਤੋ ਕਿਆ ਕਿ ਰਖ ਦੀ ਹੈ
ਹਰ ਏਕ ਹਲਕਾ ਏ ਜ਼ੰਜੀਰ ਮੇਂ ਜ਼ੁਬਾਂ ਮੈਨੇ।

## ਨਵੀਨ ਬੋਲੀਆਂ

ਹਵਾਈ ਜਹਾਜ਼ 'ਤੇ ਚੜ੍ਹ ਕੇ ਆ ਜਾ,
ਵੇ ਕਿਹੜੀ ਤੂੰ ਝਨਾਂ ਤਰਨੀ।

ਕਿਹੜੀ ਹੋ ਗਈ 'ਤਰੀਕ' ਉਤੇ ਗਲਤੀ,
'ਹਾਏ' ਦਾ ਜੁਆਬ ਨਾ ਦਵੇਂ।

ਆਪਾਂ ਨਿੱਤ ਨਾ 'ਹਵਾਈ' ਔਣਾ,
'ਮਾਈ ਟਾਈ' ਪੀ ਕੁੜੀਏ।

ਜੱਟ ਚਿੱਠੀਆਂ ਵੰਡਣ 'ਤੇ ਲਾਇਆ,
ਡਾਲਰਾ ਤੂੰ ਬੜਾ ਜੁਗਤੀ।

ਮੈਨੂੰ ਮਧਰਾ ਮੇਲ ਮਿਲਾਇਆ,
ਚੰਦਰੇ ਕੰਪੂਟਰ ਨੇ।

ਯਾਰੀ ਤੋੜ ਗਏ ਟਰੱਕ ਵਾਲੇ ਬੇਲੀ,
ਜਦੋਂ ਪਿਆ 'ਮੂਵ' ਕਰਨਾ।

ਸ਼ਾਹ ਚੰਦਰੇ ਨੇ ਕਰ'ਤੀ ਕੁਰਕੀ,
ਕਿਸ਼ਤਾਂ ਦੋ ਟੁੱਟੀਆਂ।

'ਫਿਫਟੀ ਫਿਫਟੀ' ਦਾ ਆ ਗਿਆ ਜ਼ਮਾਨਾ,
ਵੇ ਗੱਲ ਮੂੰਹ ਸੰਭਾਲ ਕੇ ਕਰੀਂ।

ਮੇਰੇ ਸ਼ਹਿਦ 'ਤੇ ਆ ਕੇ ਭਿਣਕਣ,
ਮੱਖੀਆਂ ਸੁਨਹਿਰੀ ਰੰਗੀਆਂ।

ਸਾਡੀ ਧੁੰਨੀਓਂ ਉਪਰ ਨਾ ਜਾਊ,
ਉਮਰਾਂ 'ਤੇ ਵੱਸ ਕੋਈ ਨਾ।

ਕਰੇ 'ਲਾਂਡਰੀ' ਲੰਮੇ 'ਰੋਅਬ' ਵਾਲੀ,
ਤੇ 'ਜੀਨ' ਵਾਲਾ ਘਾਹ ਕੱਟਦਾ।

***-ਫਕੀਰ ਹਿਊਸਟੋਨਵੀ***

# ਰੰਡੀ ਰੋਣੇ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-454-4958

ਦੁਨੀਆਂ ਭਰ ਵਿਚ ਭਾਵੇਂ ਇਸਤਰੀ ਦਾ ਆਰਥਕ ਰੋਲ ਮਰਦ ਨਾਲੋਂ ਘਟ ਨਹੀਂ ਤਾਂ ਬਰਾਬਰ ਜ਼ਰੂਰ ਹੈ ਫਿਰ ਵੀ ਉਸ ਦੀ ਸਮਾਜਕ ਸਥਿਤੀ ਮਰਦ 'ਤੇ ਨਿਰਭਰ ਰਹੀ ਹੈ। ਇਤਿਹਾਸ ਗਵਾਹ ਹੈ ਕਿ ਮਰਦ ਨੇ ਇਸ ਨੂੰ ਜੁੱਤੀ ਸਮਾਨ ਰਖਿਆ ਹੈ। ਇਸਤਰੀ ਬਰਾਬਰੀ ਦੇ ਆਪਣੇ ਹੱਕ ਲਈ ਅੱਜ ਤੱਕ ਲੜ ਰਹੀ ਹੈ। ਬੇਹੱਦ ਪ੍ਰਾਪਤੀ ਵੀ ਕਰ ਲਈ ਹੈ ਪਰ ਸੱਚ ਇਹੋ ਹੈ ਕਿ ਸਮਾਜ ਵਿਚ ਅਜੇ ਵੀ ਤੀਵੀਂ ਨੀਵੀਂ ਹੀ ਹੈ। ਸਾਡੀਆਂ ਕਹਾਵਤਾਂ ਤੇ ਮਧਕਾਲੀ ਲੋਕ ਤੇ ਧਾਰਮਿਕ ਸਾਹਿਤ ਵਿਚ ਤੀਵੀਆਂ ਨੂੰ ਥੱਲੇ ਲਾਉਣਾ ਇਕ ਵਧੀਆ ਸ਼ੁਗਲ ਰਿਹਾ ਹੈ। ਮਰਦ ਤੀਵੀਂ ਦੀ ਅਜਿਹੀ ਹੇਠੀ ਕਰਕੇ ਇਕ ਅਜੀਬ ਸੁਖ ਮਹਿਸੂਸ ਕਰਦਾ ਹੈ, ਨਾਲ ਦੀ ਨਾਲ ਆਪਣੀ ਹਉਮੈ ਨੂੰ ਵੀ ਪੱਠੇ ਪਾਉਂਦਾ ਹੈ। ਇਸਤਰੀ ਦੀ ਮੱਤ ਨੂੰ ਗੁੱਤ ਪਿਛੇ ਲੁਕੀ ਹੋਈ ਸਮਝਿਆ ਜਾਂਦਾ ਹੈ। ਤੀਵੀਂ ਨੂੰ ਤੀਵੀਂ ਮਾਨੀ, ਅਬਲਾ, ਨਿਰਬਲਾ, ਜਨਮ ਜਲੀ ਕਿਹਾ ਜਾਂਦਾ ਹੈ। ਇਸ ਦੇ ਵਿਹਾਰ ਨੂੰ ਤ੍ਰਿਆ ਚਰਿੱਤਰ ਕਹਿ ਕੇ ਛੁਟਿਆਇਆ ਜਾਂਦਾ ਰਿਹਾ ਹੈ। ਪੁਰਾਣੇ ਸਮਿਆਂ ਵਿਚ ਇਸ ਦੀ ਗਵਾਹੀ ਨਹੀਂ ਸੀ ਮੰਨੀ ਜਾਂਦੀ, ਇਸ ਨੂੰ ਸਿਖਿਆ ਤੋਂ ਵਾਂਝਿਆ ਰੱਖਿਆ ਜਾਂਦਾ ਸੀ। ਬਹੁਤ ਸਾਰੇ ਧਾਰਮਕ ਤੇ ਸਮਾਜਕ ਸੰਸਕਾਰਾਂ ਵਿਚ ਇਸਤਰੀ ਦੀ ਸ਼ਮੂਲੀਅਤ ਦੀ ਮਨਾਹੀ ਰਹੀ ਹੈ।

ਮਨੂੰ ਅਨੁਸਾਰ ਜੇ ਇਸਤਰੀ ਦੇਵ ਨੇਤ ਵੀ ਵੇਦ ਸੁਣ ਲਵੇ ਤਾਂ ਉਸ ਦੇ ਕੰਨਾਂ ਵਿਚ ਪਿਘਲਦਾ ਸ਼ੀਸ਼ਾ ਪਾਇਆ ਜਾਣਾ ਚਾਹੀਦਾ ਹੈ। ਔਰਤ, ਸੂਦਰ, ਕੁੱਤਾ ਅਤੇ ਕਾਂ-ਪਾਪ ਅਤੇ ਕਾਲਖ ਦੇ ਬਰਾਬਰ ਹਨ। ਮਰਦ ਦੀਆਂ ਸਾਰੀਆਂ ਗਾਲਾਂ ਇਸਤਰੀ ਵੱਲ ਸੇਧਿਤ ਹਨ। ਇਸਤਰੀ ਨੂੰ ਕਾਮ ਦਾ ਸ੍ਰੋਤ ਸਮਝਿਆ ਜਾਂਦਾ ਹੈ। ਮਰਦ ਦੁਧ ਧੋਤਾ ਬਣਿਆ ਰਹਿੰਦਾ ਹੈ! ਭਾਰਤ ਵਿਚ ਤਾਂ ਸਤੀ ਜਿਹੀ ਸ਼ਰਮਨਾਕ ਰਸਮ ਵੀ ਰਹੀ ਹੈ। ਇਸਤਰੀ ਨੂੰ ਧਾਰਮਿਕ ਉਚਤਾ ਗ੍ਰਹਿਣ ਕਰਨ ਦੀ ਖੁਲ੍ਹ ਤਾਂ ਕੀ ਹੋਣੀ ਹੈ ਉਸ ਨੂੰ ਇਸ ਪਾਸੇ ਤੁਰੇ ਮਰਦ ਨੂੰ ਵੀ ਥਿੜਕਾਉਣ ਵਾਲੀ ਸਮਝਿਆ ਜਾਂਦਾ ਹੈ। ਭਰਥਰੀ ਹਰੀ, ਪੂਰਨ ਭਗਤ, ਸੀਤਾ, ਦਰੋਪਦੀ ਦੀਆਂ ਕਹਾਣੀਆਂ ਇਸਤਰੀ ਨੂੰ ਨੀਵਾਂ ਦਿਖਾਉਣ ਅਤੇ ਥਾਂ ਸਿਰ ਰੱਖਣ ਲਈ ਹਨ।

ਘਰ ਵਿਚ ਸਾੜ੍ਹਸਤੀ ਆ ਜਾਵੇ ਤਾਂ ਇਹ ਨਾਰੀ ਕੁਲੱਛਣੀ ਦੇ ਸਿਰ ਲਾਈ ਜਾਂਦੀ ਹੈ। ਬੱਚਾ ਨਾ ਹੋਵੇ ਤਾਂ ਕੇਵਲ ਔਰਤ ਨੂੰ ਹੀ ਜ਼ਿਮੇਵਾਰ ਸਮਝਿਆ ਜਾਂਦਾ ਹੈ। ਉਸ ਨੂੰ ਔਤ, ਨਿਪੁੱਤੀ, ਬਾਂਝ, ਆਦਿ ਕਹਿ ਕੇ ਤ੍ਰਿਸਕਾਰਿਆ ਜਾਂਦਾ ਹੈ। ਵਿਆਹ ਸਮੇਂ ਸਾਰੀਆਂ ਸਿਖਿਆਵਾਂ ਦੁਲਹਨ ਲਈ ਹਨ। ਮਰਦ ਪਤੀ-ਪਰਮੇਸ਼ਵਰ ਦੀ ਪਦਵੀ ਲਈ ਬੈਠਾ ਹੈ। ਆਪਣੀ ਪਤਨੀ ਨੂੰ ਪਿਆਰ ਕਰਨਾ ਹੈ, ਰੱਖਣਾ ਹੈ ਜਾਂ ਛੱਡਣਾ ਹੈ, ਇਹ ਵੀ ਮਰਦ ਦੀ ਮਰਜ਼ੀ ਹੈ। ਇਸ ਹਾਲਤ ਵਿਚ ਇਹ ਛੁੱਟੜ, ਡੁਹਾਗਣ ਬਣ ਜਾਂਦੀ ਹੈ,

ਕੁੱਜਾ ਭੱਜੇ ਤਾਂ ਸੁਟਦੇ ਖੋਲਿਆਂ ਬੀਂ,
ਨਾਰ ਭੱਜੇ ਤਾਂ ਤੁਰ ਜਾਏ ਮਾਪਿਆਂ ਦੇ।
-ਸ਼ਿਵ ਕੁਮਾਰ।

ਰਵਾਇਤੀ ਤੌਰ 'ਤੇ ਸਾਡੇ ਸਮਾਜ ਵਿਚ ਔਰਤ ਹਰ ਸਥਿਤੀ ਵਿਚ ਘਟੀਆ ਹੈ। ਪਤੀ ਮਰ ਜਾਵੇ ਫਿਰ ਤਾਂ ਉਸ ਦੀ ਜ਼ਿੰਦਗੀ ਵਿਚ ਆਫਤਾਂ ਹੀ ਆਫਤਾਂ ਹਨ। ਉਹ ਨਾ ਘਰ ਦੀ, ਨਾ ਘਾਟ ਦੀ ਰਹਿੰਦੀ ਹੈ। ਉਹ ਨਿਖਸਮੀ, ਰੰਡੀ, ਵਿਧਵਾ, ਸਿਰਮੁੰਨੀ ਬਣ ਜਾਂਦੀ ਹੈ। ਖਸਮ ਤੋਂ ਬਿਨਾ ਇਸਤਰੀ ਦੀ ਹੋਂਦ ਦਾ ਵੀ ਕੋਈ ਮਤਲਬ ਨਹੀਂ।



ਇਸਤਰੀ ਦੇ ਮੁਕਾਬਲੇ ਮਰਦ ਜਦੋਂ ਇਨ੍ਹਾਂ ਹੀ ਸਥਿਤੀਆਂ ਨੂੰ ਦਰਪੇਸ਼ ਹੁੰਦਾ ਹੈ ਤਾਂ ਸਮਾਜਕ ਤ੍ਰਿਸਕਾਰ ਦਾ ਪਾਤਰ ਨਹੀਂ ਬਣਦਾ। ਬੱਚਾ ਨਾ ਹੋਣ ਵਿਚ ਮਰਦ ਦਾ ਕਸੂਰ ਹੋ ਸਕਦਾ ਹੈ ਪਰ ਉਸ ਲਈ ਬਾਂਝ, ਔਤ ਆਦਿ ਸ਼ਬਦ ਨਹੀਂ ਹਨ। ਉਹ ਛੁੱਟੜ ਨਹੀਂ ਹੈ। ਉਸ ਨੂੰ ਤਾਂ ਰੰਡਾ ਵੀ ਘਟ ਹੀ ਕਿਹਾ ਜਾਂਦਾ ਹੈ। ਹਾਂ, ਉਹ ਛੜਾ ਜ਼ਰੂਰ ਬਣ ਜਾਂਦਾ ਹੈ ਪਰ ਇਸ ਵਿਚ ਮਰਦ ਦਾ ਆਪਣਾ ਹੀ ਕਸੂਰ ਹੈ। ਜਦ ਸਮਾਜ ਵਿਚ ਕੁੜੀ-ਮਾਰੀ ਕਾਰਨ ਲੜਕੀਆਂ ਦੀ ਗਿਣਤੀ ਘਟ ਜਾਂਦੀ ਹੈ ਤਾਂ ਮਰਦ ਨੇ ਇਸ ਦਾ ਖਮਿਆਜ਼ਾ ਭੁਗਤਣਾ ਹੀ ਹੈ।

ਸਾਡੇ ਸਮਾਜ ਵਿਚ ਮਰੇ ਖਸਮ ਵਾਲੀ ਔਰਤ ਲਈ ਸਾਡੇ ਕੋਲ ਮੁਖ ਤੌਰ 'ਤੇ ਦੋ ਸ਼ਬਦ ਹਨ-ਰੰਡੀ ਤੇ ਵਿਧਵਾ। ਅੱਜ ਅਸੀਂ ਰੰਡੀ ਤੇ ਇਸ ਦੇ ਰਿਸ਼ਤੇਦਾਰ ਸ਼ਬਦਾਂ ਦੀ ਚਰਚਾ ਕਰਨੀ ਹੈ। ਸਾਥੀ ਤਾਂ ਮਰਦ ਦਾ ਵੀ ਮਰਦਾ ਹੈ ਪਰ ਜੋ ਭੈੜੀ ਹਾਲਤ ਰੰਡੀ ਔਰਤ ਦੀ ਹੁੰਦੀ ਹੈ ਉਸ ਦਾ ਕੋਈ ਲੇਖਾ ਨਹੀਂ। ਮਰਦ ਤਾਂ ਦੂਜਾ ਵਿਆਹ ਵੀ ਕਰਵਾ ਸਕਦਾ ਹੈ ਪਰ ਰੰਡੀ ਔਰਤ ਨਹੀਂ। ਮਰਦ ਲਈ ਰੰਡਾ ਸ਼ਬਦ ਵੀ ਆਮ ਨਹੀਂ ਵਰਤਿਆ ਜਾਂਦਾ। ਰੰਡੀ ਨਾਲ ਸਬੰਧਤ ਕਹਾਵਤਾਂ ਤੋਂ ਹੀ ਇਸ ਦੀ ਦੁਰਦਸ਼ਾ ਦਾ ਗਿਆਨ ਹੋ ਜਾਂਦਾ ਹੈ। ਆਪਣੇ ਹੀ ਦੁਖੜੇ ਦੱਸੀ ਜਾਣ ਦੇ ਭਾਵ ਲਈ 'ਰੰਡੀ ਰੋਣੇ' ਮੁਹਾਵਰਾ ਰੰਡੀ ਦੀ ਤਰਸਯੋਗ ਸਥਿਤੀ ਦਾ ਸੂਚਕ ਹੈ। ਦੱਬੀਆਂ ਖਾਹਿਸ਼ਾਂ ਜਾਹਰ ਕਰਨ ਲਈ ਜੇ ਉਹ ਕੁਝ ਬੋਲਦੀ ਹੈ ਤਾਂ ਕਹਿ ਦਿਤਾ ਜਾਂਦਾ ਹੈ 'ਰੰਡੀ ਪਾਵੇ ਭੰਡੀ'। 'ਰੰਡੀ ਤਾਂ ਰੰਡੇਪਾ ਕਟ ਲੈਂਦੀ ਹੈ ਪਰ ਮੁਸ਼ਟੰਡੇ ਨਹੀਂ ਕੱਟਣ ਦਿੰਦੇ' ਵਿਚ ਰੰਡੀ ਦੀ ਹੋਰ ਵੀ ਮਜਬੂਰ ਸਥਿਤੀ ਦਰਸਾਈ ਗਈ ਹੈ। ਵਾਰਿਸ ਸ਼ਾਹ ਅਨੁਸਾਰ ਤਾਂ ਰੰਡੀ ਨੂੰ ਗਹਿਣੇ ਵੀ ਨਹੀਂ ਜਚਦੇ, 'ਰੰਡੀ ਰੰਨ ਦੇ ਸੋਂਹਦੀ ਨੱਥ ਨਹੀਂ'। ਕਿਸੇ ਲੜਕੀ ਨੂੰ ਰੰਡੀ ਕਹਿਣਾ ਇਕ ਗਾਲ ਵੀ ਹੈ। ਸ਼ਾਇਦ ਸਿਰਮੁੰਨੀ ਵੀ ਰੰਡੀ ਹੁੰਦੀ ਹੈ, ਇਸ ਲਈ ਕੁੜੀਆਂ ਨੂੰ 'ਸਿਰਮੁੰਨੀਏ' ਗਾਲ ਕਢੀ ਜਾਂਦੀ ਹੈ। ਮਰਦ ਤੇ ਔਰਤ ਵਿਚ ਕਾਮ ਦੀ ਚੇਸ਼ਟਾ ਕੁਦਰਤੀ ਹੈ ਪਰ ਜੇ ਰੰਡਾ ਮਰਦ ਇਸ ਦੀ ਪੂਰਤੀ ਲਈ ਕੋਈ ਸਾਧਨ ਕਰਦਾ ਹੈ ਤਾਂ ਸਮਾਜ ਵਲੋਂ ਉਸ ਦੀ ਕੋਈ ਨਿਖੇਧੀ ਨਹੀਂ। ਰੰਡਾ ਨਵੀ ਰੰਨ ਲਿਆ ਸਕਦਾ ਹੈ ਭਾਵੇਂ ਉਸ ਦੀ ਖੁਸ਼ਾਮਦ ਹੀ ਕਰਨੀ ਪਵੇ, 'ਰੰਡੇ ਰੰਨ ਪਿਆਰੀ, ਜਿਉਂ ਫੁੱਲਾਂ ਦੀ ਖਾਰੀ।' ਪਰ ਰੰਡੀ ਔਰਤ ਨੂੰ ਆਪਣੀ ਰੋਜ਼ੀ ਖਾਤਿਰ ਜਾਂ ਮਰਦ ਨਾ ਹੋਣ ਕਾਰਨ ਕਾਮ-ਪੂਰਤੀ ਲਈ ਇਹ ਧੰਦਾ ਅਪਨਾਉਣਾ ਪੈਂਦਾ ਸੀ। ਇਥੋਂ ਤਕ ਕਿ ਰੰਡੀ ਸ਼ਬਦ ਬਦਨਾਮ ਹੋ ਕੇ ਇਹ ਵੇਸਵਾ ਜਾਂ ਵਿਭਚਾਰਨ ਦੇ ਅਰਥ ਵੀ ਦੇਣ ਲੱਗ ਪਿਆ ਹੈ। ਰੰਡੀਬਾਜ਼ੀ ਵੇਸਵਾਗਮਨੀ ਹੈ ਤੇ ਰੰਡੀਬਾਜ਼ ਅਜਿਹਾ ਧੰਦਾ ਕਰਾਉਣ ਵਾਲਾ ਹੈ। ਗੈਰ-ਵਿਧਵਾ ਵੇਸਵਾਵਾਂ ਦੇ ਕੋਠਿਆਂ ਨੂੰ ਵੀ ਰੰਡੀ ਦੇ ਕੋਠੇ ਕਿਹਾ ਜਾਂਦਾ ਹੈ।

ਰੰਡੀ ਲਈ ਰੰਡ ਸ਼ਬਦ ਵੀ ਚਲਦਾ ਰਿਹਾ ਹੈ। ਭਗਤ ਕਬੀਰ ਤੇ ਗੁਰੂ ਨਾਨਕ ਨੇ ਇਹ ਸ਼ਬਦ ਵਰਤੇ ਹਨ, 'ਨਾ ਸੋਹਾਗਨਿ ਨਾ ਉਹਿ ਰੰਡ' - ਭਗਤ ਕਬੀਰ। 'ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ' -ਗੁਰੂ ਨਾਨਕ ਦੇਵ, ਅਰਥਾਤ ਚੋਰਾਂ, ਲੁੱਚਿਆਂ, ਵਿਭਚਾਰੀਆਂ ਤੇ ਦੱਲਿਆਂ ਦਾ ਆਪੋ ਵਿਚ ਬਹਿਣ ਉਠਣ ਹੁੰਦਾ ਹੈ। ਪਰ ਰੰਡ ਸ਼ਬਦ ਤੋਂ ਹੀ ਵਿਗੜ ਕੇ ਪਤਨੀ ਜਾਂ ਵਿਆਹੁਤਾ ਨਾਰ ਦੇ ਅਰਥਾਂ ਵਾਲਾ 'ਰੰਨ' ਸ਼ਬਦ ਬਣਿਆ। ਇਸ ਨਵੇਂ ਅਵਤਾਰ ਵਿਚ ਇਸ ਸ਼ਬਦ ਨੇ ਅਰਥਾਂ ਦੇ ਪਖ ਤੋਂ ਕੁਝ ਉਨਤੀ ਕਰ ਲਈ ਹੈ। ਭਾਵੇਂ ਰੰਨ ਸ਼ਬਦ ਵੀ ਬਹੁਤਾ ਸ਼ੋਭਨੀਕ ਨਹੀਂ ਹੈ ਪਰ ਰੰਡ ਦੇ ਮੁਕਾਬਲੇ ਫਿਰ ਵੀ ਸਹਿਣਯੋਗ ਹੈ। 'ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ ਕਿ ਛੜਿਆਂ ਦੀ ਅੱਗ ਨਾ ਬਲੇ।' ਹੇਠ ਲਿਖੀ ਤੁਕ ਵਿਚ ਵਾਰਿਸ ਸ਼ਾਹ ਨੇ ਰੰਨ ਸ਼ਬਦ ਇਸਤਰੀ ਲਈ ਨਿਰਪੱਖ ਭਾਵ ਨਾਲ ਵਰਤਿਆ ਹੈ,

ਹਥ ਵੰਝਲੀ ਪਕੜ ਕੇ ਰਾਤ ਅੱਧੀ,
ਰਾਂਝੇ ਮਜ਼ਾ ਭੀ ਖੂਬ ਬਣਾਇਆ ਏ।
ਰੰਨ ਮਰਦ ਨਾ ਪਿੰਡ ਵਿਚ ਰਿਹਾ ਕੋਈ,
ਸਭਾ ਗਿਰਦ ਮਸੀਤ ਬਣਾਇਆ ਏ।

ਪਰ ਆਮ ਤੌਰ 'ਤੇ ਰੰਨ ਸ਼ਬਦ ਵਿਚ ਵੀ ਅਪਮਾਨ ਦੇ ਭਾਵ ਨਿਹਿਤ ਹਨ। ਇਸਤਰੀ ਦੇ ਪਿਛੇ ਲੱਗਣ ਵਾਲੇ ਮਰਦ ਨੂੰ ਰੰਨ-ਮੁਰੀਦ ਕਹਿ ਕੇ ਨਿੰਦਿਆ ਜਾਂਦਾ ਹੈ। ਅਜਿਹਾ ਹੀ ਭਾਵ ਇਸ ਕਹਾਵਤ ਵਿਚ ਹੈ,

ਰੰਨਾਂ ਘਰ ਦੀਆਂ ਰਾਣੀਆਂ
ਮਰਦ ਢਵੇਂਦੇ ਭਾਰ।
ਜਿਹੜਾ ਰੰਨ ਪਤਿਆਉਂਦਾ
ਸੋਈ ਉਤਰੇ ਪਾਰ।

ਰੰਨ ਨੂੰ ਬੇਲੋੜੀ ਹੁਸ਼ਿਆਰ, ਚੁਸਤ ਚਲਾਕ ਦੱਸਿਆ ਜਾਂਦਾ ਹੈ, 'ਰੰਨ ਨੂੰ ਰੰਨ ਛਲੇ, ਉਹਦੇ ਕੋਲੋਂ ਖੁਦਾ ਡਰੇ।' 'ਰੰਨ ਨਾ ਕੰਨ' ਮੁਹਾਵਰੇ ਵਿਚ ਵੀ ਛੜੇ ਮਰਦ ਦੀ ਕਿਸੇ ਵੀ ਜ਼ਿੰਮੇਵਾਰੀ ਨਾ ਹੋਣ ਦੇ ਭਾਵ ਨੂੰ ਦੱਸਿਆ ਗਿਆ ਹੈ। 'ਰੰਨ ਗਈ ਸਿਆਪੇ, ਘਰ ਆਵੇ ਤਾਂ ਜਾਪੇ' ਵਿਚ ਸਿਆਪਾ ਕਰਨਾ ਹੀ ਇਸਤਰੀ ਦਾ ਸ਼ੁਗਲ ਦਸਿਆ ਗਿਆ ਹੈ। ਲੋਕ ਸਿਆਣਪ ਅਨੁਸਾਰ ਬਹੁਤਾ ਖਾਣ ਵਾਲੀ ਔਰਤ ਉਜੜ ਜਾਣ ਵਾਲੀ ਹੁੰਦੀ ਹੈ, "ਤਿਤਰਖੰਭੀ ਬਦਲੀ, ਰੰਨ ਮਲਾਈ ਖਾਹ, ਉਹ ਵਸੇ ਉਹ ਉਜੜੇ ਕਦੇ ਨਾ ਖਾਲੀ ਜਾਹ।" ਵਾਰਿਸ ਸ਼ਾਹ ਨੇ ਰੰਨਾਂ ਅਤੇ ਜੱਟਾਂ ਨੂੰ ਥਾਂ ਥਾਂ 'ਤੇ ਭੰਡਿਆ ਹੈ,

ਰੰਨਾਂ ਦਹਿਸਰੇ ਨਾਲ ਕੀ ਗਾਹ ਕੀਤਾ,
ਰਾਜੇ ਭੋਗ ਦੇ ਲਗਾਮੀਆਂ ਨੀ।
ਸਿਰਕੱਪ ਤੇ ਨਾਲ ਸਲਵਾਹਣੇ ਦੇ,
ਦੇਖ ਰੰਨਾਂ ਨੇ ਕੀਤੀਆਂ ਖਾਮੀਆਂ ਨੇ।

ਪਰ ਹੇਠ ਲਿਖੇ ਬੰਦ ਵਿਚ ਬੜੇ ਪੰਡਤਾਊ ਢੰਗ ਨਾਲ ਇਸਤਰੀ ਜਾਤੀ ਦੀ ਸਿਰੇ ਦੀ ਨਿੰਦਾ ਕੀਤੀ ਗਈ ਹੈ,

ਮਰਦ ਸਾਧ ਹਨ ਚਿਹਰੇ ਨੇਕੀਆਂ ਦੇ,
ਸੂਰਤ ਔਰਤ ਦੀ ਮੀਮ ਮੌਕੂਫ਼ ਹੈ ਨੀ।
ਮਰਦ ਆਲਮ ਫਾਜ਼ਿਲ ਅਜਲ ਕਾਬਲ,
ਕਿਸੇ ਰੰਨ ਨੂੰ ਕੌਣ ਵਕੂਫ਼ ਹੈ ਨੀ।

ਸ਼ਾਹ ਮੁਹੰਮਦ ਨੇ ਤਾਂ ਸਿੱਖ ਰਾਜ ਦੀ ਹਾਰ ਦਾ ਸਾਰਾ ਕਸੂਰ ਹੀ ਰੰਨ ਸਿਰ ਭੰਨਿਆ ਹੈ,

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਰਾਵਣ ਲੰਕਾ ਦੇ ਵਿਚ ਮਰਵਾਇ ਦਿਤਾ।
ਕੈਰੋਂ ਪਾਂਡਵਾਂ ਨਾਲ ਕੀ ਭਲਾ ਕੀਤਾ,
ਠਾਰਾਂ ਖੂਹਣੀਆਂ ਕਟਕ ਮੁਕਾਇ ਦਿਤਾ।
ਰਾਜੇ ਭੋਜ ਦੇ ਉਤੇ ਅਸਵਾਰ ਹੋਈਆਂ,
ਮਾਰ ਅੱਡੀਆਂ ਹੋਸ਼ ਭੁਲਾਇ ਦਿਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿਤਾ।

ਗੱਲ ਕੀ, ਸਾਡੇ ਪੁਰਾਤਨ ਸਾਹਿਤ, ਲੋਕ ਧਾਰਾ ਤੇ ਸਿਆਣਪ ਵਿਚ ਇਸਤਰੀ ਨੂੰ ਪੁਆੜੇ-ਹੱਥੀ ਹੀ ਚਿਤਵਿਆ ਗਿਆ ਹੈ। ਇਹ ਸੋਚ ਮਨੁਖ ਦੇ ਧੁਰ ਅੰਦਰ ਬੈਠ ਚੁਕੀ ਹੈ। ਰੰਡੀ ਸ਼ਬਦ ਦੀ ਵਿਉਤਪਤੀ ਬਾਰੇ ਬਹੁਤੀ ਸਪਸ਼ਟਤਾ ਨਹੀਂ ਹੈ। ਦਿਲਚਸਪ ਗੱਲ ਹੈ ਕਿ ਪੰਜਾਬੀ ਦੇ ਉਲਟ ਸੰਸਕ੍ਰਿਤ ਵਿਚ ਰੰਡੀ ਲਈ 'ਰੰਡਾ' ਸ਼ਬਦ ਹੈ। ਪੰਜਾਬੀ ਤੇ ਸੰਸਕ੍ਰਿਤ ਵਿਚ ਅਜਿਹਾ ਫਰਕ ਦੇਖਣ ਨੂੰ ਮਿਲਦਾ ਹੈ। ਮਿਸਾਲ ਵਜੋਂ ਸੰਸਕ੍ਰਿਤ ਵਿਚ ਅਗਨੀ ਪੁਲਿੰਗ ਹੈ ਪਰ ਪੰਜਾਬੀ ਵਿਚ ਇਸਤਰੀ ਲਿੰਗ। ਸੰਸਕ੍ਰਿਤ ਵਿਚ ਰੰਡੇ ਮਰਦ ਲਈ ਰੰਡ ਤੋਂ ਬਣਦਾ ਕੋਈ ਸ਼ਬਦ ਨਹੀਂ, ਹਾਂ ਜੋ ਮਰਦ ਨਿਪੁੱਤਾ ਮਰ ਜਾਵੇ ਉਸ ਨੂੰ ਵੀ ਰੰਡ ਹੀ ਆਖਦੇ ਹਨ। ਉਂਜ ਪੰਜਾਬੀ ਵਿਚ ਵੀ ਨਾ ਹੋਇਆ ਨਾਲ ਦਾ ਹੀ ਹੈ। ਆਪਟੇ ਦੇ ਸੰਸਕ੍ਰਿਤ ਕੋਸ਼ ਵਿਚ ਰੰਡ ਦੀ ਨਿਰੁਕਤੀ ਇਸ ਤਰ੍ਹਾਂ ਕੀਤੀ ਗਈ ਹੈ, 'ਰਮ+ਡ'। 'ਰਮ' ਦੇ ਵਿਚ ਅਨੰਦ, ਪਰਸੰਨਤਾ, ਮਨੋਹਰਤਾ ਦੇ ਭਾਵ ਸਮਾਏ ਹੋਏ ਹਨ। ਇਸ ਤਰ੍ਹਾਂ ਰੰਡ ਮਰਦ ਨੂੰ ਅਨੰਦ ਦੇਣ ਵਾਲੀ ਹੋਈ।

ਮਹਾਨ ਕੋਸ਼ ਨੇ ਵੀ 'ਰੰਨ' ਸ਼ਬਦ ਨੂੰ 'ਰਮਣੀ' ਤੋਂ ਬਣਿਆ ਦੱਸਿਆ ਹੈ ਜੋ ਅੱਗੋਂ 'ਰਮ' ਧਾਤੂ ਨਾਲ ਹੀ ਜੁੜ ਜਾਂਦਾ ਹੈ। ਰਮਣੀ ਦਾ ਅਰਥ ਵੀ ਸੁੰਦਰ ਔਰਤ ਅਤੇ ਪਤਨੀ ਹੁੰਦਾ ਹੈ। ਰਮਣੀਕ ਸ਼ਬਦ ਇਸੇ ਤੋਂ ਬਣਿਆ। ਰੁੰਡ ਵੀ ਇਸੇ ਨਾਲ ਜਾ ਜੁੜਦਾ ਹੈ; ਰੁੰਡ ਦਰਖਤ ਪੱਤਿਆਂ ਤੋਂ ਵਿਰਵਾ ਹੁੰਦਾ ਹੈ; ਰੰਡੀ ਔਰਤ ਪਤੀ ਤੋਂ ਵਿਰਵਾ ਹੁੰਦੀ ਹੈ। ਭਾਵਾਂ ਦੀ ਸਮਾਨਤਾ ਸਪਸ਼ਟ ਦਿਸਦੀ ਹੈ। 'ਰੁੰਡਾ ਕਰਨਾ' ਵੀ ਕਿਸੇ ਨੂੰ ਪੈਸਿਆਂ ਆਦਿ ਤੋਂ ਵਿਰਵਾ ਕਰਨਾ ਹੀ ਹੈ।

# ਗਦਰ ਲਹਿਰ ਦਾ ਸਿਰੜੀ ਯੋਧਾ ਬਾਬਾ ਗੁਰਮੁਖ ਸਿੰਘ ਲਲਤੋਂ

**ਦੇਸ਼ ਭਗਤ ਬਾਬੇ**

ਚਿਰਾਗ ਬਨ ਕਰ ਜੋ ਜਲ ਗਏ।
ਸਲਾਮ ਸੌ ਸੌ ਉਨ੍ਹੇ ਹਮਾਰਾ।



ਕਿਰਪਾਲ ਸਿੰਘ ਸੰਧੂ
ਫੋਨ:559-259-4844

ਗਦਰੀ ਬਾਬਾ ਗੁਰਮੁਖ ਸਿੰਘ ਲਲਤੋਂ ਵੀਹਵੀਂ ਸਦੀ ਦੇ ਮਹਾਨ ਦੇਸ਼ ਭਗਤ ਹੋਏ ਹਨ। ਉਨ੍ਹਾਂ ਨੇ ਚੜ੍ਹਦੀ ਜਵਾਨੀ ਵਿਚ ਹੀ ਗਦਰ ਪਾਰਟੀ ਨਾਲ ਰਿਸ਼ਤਾ ਜੋੜ ਲਿਆ। ਰਾਜਨੀਤੀ ਵਿਚ ਪਾਕ ਸਾਫ਼ ਕੁਰਬਾਨੀ ਦੇ ਪੁੰਜ ਹੋਣ ਦੇ ਨਾਲ-ਨਾਲ ਗਦਰ ਪਾਰਟੀ ਵਿਚ ਨਿਡਰਤਾ ਅਤੇ ਸੂਰਬੀਰਤਾ ਪੱਖੋਂ ਜਾਣੇ ਜਾਂਦੇ ਸਨ।

ਉਨ੍ਹਾਂ ਦੇ ਪਿਤਾ ਦਾ ਨਾਂ ਸ੍ਰੀ ਹੁਸ਼ਨਾਕ ਸਿੰਘ ਸੀ। ਮੈਟਰਿਕ ਮਿਸ਼ਨ ਹਾਈ ਸਕੂਲ ਲੁਧਿਆਣਾ ਤੋਂ ਕੀਤੀ। ਘਰੇਲੂ ਹਾਲਾਤ ਸਧਾਰਨ ਦੇ ਮੰਤਵ ਨਾਲ ਅਮਰੀਕਾ-ਕੈਨੇਡਾ ਵਰਗੇ ਦੇਸ਼ਾਂ ਵੱਲ ਜਾਣ ਦਾ ਮਨ ਬਣਾ ਲਿਆ। ਕੁਝ ਰਕਮ ਰਿਸ਼ਤੇਦਾਰਾਂ ਪਾਸੋਂ ਤੇ ਬਾਕੀ ਸ਼ਾਹੂਕਾਰ ਪਾਸੋਂ ਲੈ ਕੇ ਕਿਰਾਇਆ ਬਣਾਇਆ। ਪਾਣੀ ਵਾਲੇ ਜਹਾਜ਼ ਵਿਚ ਸਫ਼ਰ ਕਰਨ ਲਈ ਕਲਕੱਤੇ ਅੱਪੜ ਗਏ। ਜਹਾਜ਼ ਦੀ ਉਡੀਕ ਵਿਚ ਹੈਰੀਸਨ ਰੋਡ ਵਾਲੇ ਗੁਰੂਘਰ ਵਿਚ ਰਹਿਣਾ ਪਿਆ। ਗੁਰੂਘਰ ਦੇ ਲੰਗਰ 'ਚ ਹਿੰਦੂ, ਮੁਸਲਮਾਨ ਅਤੇ ਸਿੱਖ ਜੋ ਜਹਾਜ਼ ਦੀ ਉਡੀਕ ਵਿਚ ਸਨ, ਇਕੱਠੇ ਪ੍ਰਸ਼ਾਦਾ ਛਕਦੇ ਦੇਖ ਕੇ ਗੁਰਮੁਖ ਸਿੰਘ ਲਈ ਇਹ ਬਿਲਕੁਲ ਨਵਾਂ ਤਜਰਬਾ ਸੀ।

ਕਾਮਾ ਗਾਟਾ ਮਾਰੂ ਜਹਾਜ਼ ਕਲਕੱਤੇ ਤੋਂ ਚੱਲਿਆ ਅਤੇ 23 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ 'ਤੇ ਪਹੁੰਚਾ। ਜਹਾਜ਼ ਨੂੰ ਕੈਦੀ ਬਣਾ ਲਿਆ ਗਿਆ। ਇਸ ਵਿਚ 376 ਮੁਸਾਫਿਰ ਸਵਾਰ ਸਨ। ਸਰਕਾਰ ਨੇ ਜਹਾਜ਼ ਨੂੰ ਕੈਨੇਡਾ ਦੇ ਪਾਣੀਆਂ ਤੋਂ ਬਾਹਰ ਚਲੇ ਜਾਣ ਦਾ ਹੁਕਮ ਦਿੱਤਾ। ਗੁਰਮੁਖ ਸਿੰਘ ਦੀ ਕਮਾਨ ਥੱਲੇ ਮੁਸਾਫਿਰਾਂ ਨੇ ਇਸ ਹੁਕਮ ਦਾ ਡੱਟ ਕੇ ਵਿਰੋਧ ਕੀਤਾ ਤਾਂ ਸਰਕਾਰ ਨੇ ਆਪਣੇ ਜੰਗੀ ਜਹਾਜ਼ ਦੀਆਂ ਤੋਪਾਂ ਦਾ ਮੂੰਹ ਇਸ ਜਹਾਜ਼ ਵੱਲ ਕਰ ਲਿਆ। ਫੈਸਲੇ ਅਨੁਸਾਰ ਸਣੇ ਮੁਸਾਫਿਰਾਂ, ਜਹਾਜ਼ ਭਾਰਤ ਵਾਪਸ ਮੋੜਨਾ ਪਿਆ। ਗੁਰਮੁਖ ਸਿੰਘ ਅਤੇ ਦੂਜੇ ਮੁਸਾਫਿਰਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਗੁਲਾਮ ਦੇਸ਼ ਦੇ ਲੋਕਾਂ ਦਾ ਕੀ ਹਾਲ ਹੁੰਦਾ ਹੈ! ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੈਲੀਫੋਰਨੀਆ ਦੀ ਧਰਤੀ 'ਤੇ ਇਕ ਜਥੇਬੰਦੀ ਗਦਰ ਪਾਰਟੀ ਵਜੂਦ ਵਿਚ ਆ ਚੁੱਕੀ ਸੀ। ਇਹ ਸਾਰੇ ਮੁਸਾਫਿਰ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ।

14 ਸਤੰਬਰ 1914 ਨੂੰ ਕਾਮਾ ਗਾਟਾ ਮਾਰੂ ਜਹਾਜ਼ ਕਲਕੱਤੇ ਦੀ ਬੰਦਰਗਾਹ 'ਤੇ ਆ ਲੱਗਾ। ਜਹਾਜ਼ ਨੂੰ ਪੁਲਿਸ ਨੇ ਘੇਰਾ ਪਾ ਲਿਆ। ਇਸ ਕਸ਼ਮਕਸ਼ ਵਿਚ 19 ਮੁਸਾਫਿਰ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਗਏ। ਬਾਕੀ ਕੈਦੀ ਬਣਾ ਕੇ ਜੇਲ੍ਹਾਂ ਅੰਦਰ ਬੰਦ ਕਰ ਦਿੱਤੇ ਗਏ। ਗਦਰ ਪਾਰਟੀ ਵਿਚ ਸ਼ਾਮਲ ਬਹਾਦਰ ਦੇਸ਼ ਭਗਤ ਦੂਜੇ ਮੁਲਕਾਂ ਤੋਂ ਵੀ ਦੇਸ਼ ਆਜ਼ਾਦ ਕਰਾਉਣ ਲਈ ਵਾਪਸ ਮੁੜਨੇ ਸ਼ੁਰੂ ਹੋ ਗਏ। 29 ਅਕਤੂਬਰ 1914 ਨੂੰ ਇਕ ਹੋਰ ਜਹਾਜ਼ ਜਿਸ ਦਾ ਨਾਂ ਤੋਸ਼ਾਮਾਰੂ ਸੀ, ਕਲਕੱਤੇ ਅੱਪੜ ਗਿਆ। ਉਸ ਵਿਚ ਸਵਾਰ ਸਾਰੇ ਦੇਸ਼ ਭਗਤਾਂ ਨੂੰ ਵੀ ਜੇਲ੍ਹੀਂ ਡੱਕ ਦਿੱਤਾ ਗਿਆ। ਤਿੰਨ ਮਹੀਨੇ



ਬਾਬਾ ਗੁਰਮੁਖ ਸਿੰਘ ਲਲਤੋਂ

ਜੇਲ੍ਹਾਂ ਅੰਦਰ ਰੱਖ ਕੇ ਗੁਰਮੁਖ ਸਿੰਘ ਨੂੰ ਉਸ ਦੇ ਪਿੰਡ ਲਲਤੋਂ ਵਿਚ ਜੂਹ ਬੰਦ ਕਰ ਦਿੱਤਾ ਗਿਆ।

ਸਰਕਾਰ ਨੇ ਮਾਰਸ਼ਲ ਲਾਅ ਨਾਫਜ਼ ਕਰ ਕੇ ਦੇਸ਼ ਭਗਤਾਂ ਦੀ ਫੜੋ-ਫੜੀ ਸ਼ੁਰੂ ਕਰ ਦਿੱਤੀ। ਮਾਰਸ਼ਲ ਲਾਅ ਦੇ ਕੈਦੀਆਂ ਦੀ ਰਿਹਾਈ ਲਈ ਸਾਰੇ ਹਿੰਦੋਸਤਾਨ ਵਿਚ ਥਾਂ ਪਰ ਥਾਂ ਕੀਤੇ ਜਲਸੇ-ਜਲੂਸਾਂ ਦੇ ਫਲਸਰੂਪ 1920 ਵਿਚ ਸਰਕਾਰ ਨੂੰ ਇਨ੍ਹਾਂ ਕੈਦੀਆਂ, ਜਿਨ੍ਹਾਂ ਵਿਚ ਜ਼ਿਆਦਾਤਰ ਗਦਰੀ ਸਨ, ਕਾਲੇ ਪਾਣੀ ਦੀ ਜੇਲ੍ਹ ਤੋਂ ਪੰਜਾਬ ਦੀਆਂ ਜੇਲ੍ਹ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ। ਨਾਲ ਕੁਝ ਗਦਰੀ ਰਿਹਾ ਵੀ ਕਰ ਦਿੱਤੇ ਜਿਨ੍ਹਾਂ ਵਿਚ ਭਾਈ ਪਿਆਰਾ ਸਿੰਘ ਲੰਗੇਰੀ, ਬਾਬਾ ਵਿਸਾਖਾ ਸਿੰਘ ਤੇ ਭਾਈ ਪਰਮਾਨੰਦ ਸ਼ਾਮਲ ਸਨ। ਅਗਸਤ 1921 ਨੂੰ 24 ਗਦਰੀਆਂ ਨੂੰ ਮਦਰਾਸ ਦੀਆਂ ਜੇਲ੍ਹਾਂ ਵਿਚ 2-2 ਕਰ ਕੇ ਰੱਖਣ ਦਾ ਹੁਕਮ ਹੋਇਆ। ਗੁਰਮੁਖ ਸਿੰਘ ਲਲਤੋਂ ਅਤੇ ਸੱਜਣ ਸਿੰਘ ਨੂੰ ਤ੍ਰਿਚਨਾਪਲੀ ਦੀ ਜੇਲ੍ਹ ਵਿਚ ਰੱਖਿਆ ਗਿਆ। 1922 ਵਿਚ ਇਨ੍ਹਾਂ ਦੋਹਾਂ ਨੂੰ ਤ੍ਰਿਚਨਾਪਲੀ ਦੀ ਜੇਲ੍ਹ ਤੋਂ ਆਕੋਲਾ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ। ਹੱਥਕੜੀਆਂ ਅਤੇ ਬੇੜੀਆਂ ਲਾ ਕੇ ਦੋ ਸਿਪਾਹੀ ਤੇ ਇਕ ਹੌਲਦਾਰ ਦੀ ਨਿਗਰਾਨੀ ਥੱਲੇ ਇਨ੍ਹਾਂ ਨੂੰ ਰੇਲ ਦੇ ਛੋਟੇ ਡੱਬੇ ਵਿਚ ਬਿਠਾ ਦਿੱਤਾ ਗਿਆ। ਇਹ ਸਿਪਾਹੀ ਤੇ ਹੌਲਦਾਰ ਉਪਰ ਫੱਟਿਆਂ 'ਤੇ ਚੜ੍ਹ ਕੇ ਲੇਟ ਗਏ। ਜਦੋਂ ਸਾਰੇ ਗੂੜ੍ਹੀ ਨੀਂਦ ਸੌਂ ਗਏ ਤਾਂ ਗੁਰਮੁਖ ਸਿੰਘ ਨੇ ਸੱਜਣ ਸਿੰਘ ਨੂੰ ਕਿਹਾ ਕਿ 'ਮੈਂ ਫਰਾਰ ਹੋ ਜਾਣਾ ਹੈ'। ਉਸ ਨੇ ਦੋਵੇਂ ਹੱਥ ਹੱਥਕੜੀਆਂ 'ਚੋਂ ਜ਼ੋਰ ਨਾਲ ਖਿੱਚ ਕੇ ਬਾਹਰ ਕੱਢ ਲਏ ਤੇ ਤੇਜ਼ ਰਫ਼ਤਾਰ ਗੱਡੀ 'ਚੋਂ ਸਣੇ ਬੇੜੀਆਂ ਛਾਲ ਮਾਰ ਦਿੱਤੀ। ਇਕ ਕਿਸਾਨ ਦੀ ਮਦਦ ਨਾਲ ਬੇੜੀਆਂ ਕੱਟਵਾ ਕੇ ਤੇ ਕੱਪੜੇ ਬਦਲ ਪੰਜਾਬ ਵੱਲ ਆਉਣ ਦੀ ਬਜਾਏ ਮੁੜ ਮਦਰਾਸ ਅੱਪੜ ਗਏ। ਗੁਰਮੁਖ ਸਿੰਘ ਨੇ ਮਦਰਾਸ ਵਿਚ ਕਾਂਗਰਸੀ ਲੀਡਰ ਰਾਜ ਗੋਪਾਲ ਅਚਾਰੀਆ ਦਾ ਨਾਂ ਸੁਣਿਆ ਹੋਇਆ ਸੀ। ਉਸ ਦੇ ਘਰ ਗਏ। ਯਾਦ ਰਹੇ ਕਿ ਇਹ ਉਹੀ ਕਾਂਗਰਸੀ ਲੀਡਰ ਰਾਜ ਗੋਪਾਲ ਅਚਾਰੀਆ ਸੀ ਜੋ ਆਜ਼ਾਦ ਹਿੰਦੋਸਤਾਨ ਦਾ ਪਹਿਲਾ ਗਵਰਨਰ ਜਨਰਲ ਬਣਿਆ ਸੀ। ਗੁਰਮੁਖ ਸਿੰਘ ਨੇ ਉਸ ਨੂੰ ਆਪਣੀ ਫਰਾਰੀ ਦੀ ਸਾਰੀ ਕਹਾਣੀ ਸੁਣਾਈ। ਉਸ ਨੇ ਮਦਦ ਤਾਂ ਕੀ ਕਰਨੀ ਸੀ, ਸਗੋਂ ਜਲਦੀ-ਜਲਦੀ ਘਰੋਂ ਚਲੇ ਜਾਣ ਲਈ ਕਿਹਾ। ਫਿਰ ਉਹ ਦੇਸ਼ ਭਗਤ ਵਿਚਾਰ ਰੱਖਣ ਵਾਲੇ ਇਕ ਵਕੀਲ ਦੇ ਘਰ ਠਹਿਰੇ ਜਿਸ ਨੇ ਉਨ੍ਹਾਂ ਦੀ ਪੂਰੀ ਸਹਾਇਤਾ ਕੀਤੀ। ਜਦੋਂ ਪੁਲਿਸ ਦੀ ਭੱਜ-ਦੌੜ ਖ਼ਤਮ ਹੋ ਗਈ ਤਾਂ ਉਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਦੇ ਨਜ਼ਦੀਕ ਪਿੰਡ ਲੰਗੇਰੀ ਭਾਈ ਪਿਆਰਾ ਸਿੰਘ ਕੋਲ ਪਹੁੰਚ ਗਏ। ਉਥੋਂ ਫਿਰ ਅਫਗਾਨਿਸਤਾਨ ਚਲੇ ਗਏ ਅਤੇ ਭਾਰਤ ਦੀ ਆਰਜ਼ੀ ਹਕੂਮਤ ਕਾਇਮ ਕੀਤੀ।

ਗੁਰਮੁਖ ਸਿੰਘ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪਹਿਲੀ ਮੀਟਿੰਗ ਦਰਿਆ ਸਤਲੁਜ ਦੇ ਕੰਢੇ ਲੌਢੂਵਾਲ ਰੇਲਵੇ ਸਟੇਸ਼ਨ ਨੇੜੇ ਕੀਤੀ। ਇਸ ਤੋਂ ਬਾਅਦ ਉਨ੍ਹਾਂ ਦੀ ਇਨਕਲਾਬੀ ਜ਼ਿੰਦਗੀ ਸ਼ੁਰੂ ਹੁੰਦੀ ਹੈ।

ਪਹਿਲੀ ਸੰਸਾਰ ਜੰਗ ਸ਼ੁਰੂ ਹੋ ਚੁੱਕੀ ਸੀ। ਮੁਲਕ ਵਿਚ ਕਾਂਗਰਸ ਪਾਰਟੀ, ਚੀਫ ਖਾਲਸਾ ਦੀਵਾਨ, ਜਮਾਤ-ਏ-ਇਸਲਾਮੀ, ਹਿੰਦੂ ਮਹਾਂ ਸਭਾ

(ਬਾਕੀ ਅਗਲੇ ਸਫੇ 'ਤੇ)

ਕਹਾਣੀ

# ਕੋਟ ਮੂਲੂ ਸਕੂਲ

*ਲਹਿੰਦੇ ਪੰਜਾਬ ਦੇ ਲੇਖਕ ਸਲੀਮ ਖਾਂ ਗਿੰਮੀ ਦੀਆਂ ਕਹਾਣੀ ਵਿਚ ਜਗੀਰਦਾਰ ਯੁੱਗ ਦੀਆਂ ਬਾਤਾਂ ਬਹੁਤ ਅਹਿਮੀਅਤ ਨਾਲ ਪੇਸ਼ ਕੀਤੀਆਂ ਮਿਲਦੀਆਂ ਹਨ। ਇਨ੍ਹਾਂ ਕਦਰਾਂ-ਕੀਮਤਾਂ ਨਾਲ ਗੜੁੱਚ ਉਸ ਦੀਆਂ ਕਹਾਣੀਆਂ ਪੜ੍ਹਦਿਆਂ ਇਕ ਵਾਰ ਤਾਂ ਪੁਰਾਣਾ ਪੰਜਾਬ ਚੇਤਿਆਂ ਵਿਚ ਉਭਰ ਆਉਂਦਾ ਹੈ। 'ਕੋਟ ਮੂਲੂ ਸਕੂਲ' ਨਾਂ ਦੀ ਇਸ ਕਹਾਣੀ ਦਾ ਰੰਗ ਵੀ ਇਸੇ ਤਰ੍ਹਾਂ ਦਾ ਹੈ। ਇਸ ਵਿਚ ਆਧੁਨਿਕ ਯੁੱਗ ਰਾਹੀਂ ਹੋ ਰਹੀ ਤਬਦੀਲੀ ਦੇ ਝਉਲੇ ਜਿਹੇ ਵੀ ਪੈਂਦੇ ਹਨ, ਪਰ ਆਖਰਕਾਰ ਜਗੀਰੂ ਯੁੱਗ ਦੀ ਜਕੜ ਜਿਹੜੀ ਬਹੁਤ ਪੀਡੀ ਹੈ, ਪ੍ਰਛਾਵੇਂ ਬਣ-ਬਣ ਜ਼ਿੰਦਗੀ ਉਤੇ ਤਣਦੀ ਜਾਂਦੀ ਹੈ ਅਤੇ ਫਿਰ ਆਧੁਨਿਕ ਯੁੱਗ ਦਾ ਦਮ ਭਰਨ ਵਾਲਾ ਵੀ ਨਿੱਸਲ ਜਾਪਣ ਲਗਦਾ ਹੈ। ਅਸਲ ਵਿਚ ਹੱਡੀਂ ਰਚੀਆਂ ਜਗੀਰੂ ਕਦਰਾਂ-ਕੀਮਤਾਂ ਸਾਡੇ ਪਿੱਛੇ ਲਗਾਤਾਰ ਸਾਡੇ ਪੈਰ ਟੁੱਕਦੀਆਂ ਆ ਰਹੀਆਂ ਹਨ। ਇਸ ਦੀ ਸਭ ਤੋਂ ਤਿੱਖੀ ਮਾਰ ਔਰਤ ਨੂੰ ਪੈਂਦੀ ਹੈ। ਸਿਤਮਜ਼ਰੀਫੀ ਇਹ ਕਿ ਉਸ ਨੂੰ ਬਹੁਤੀ ਵਾਰ ਇਸ ਮਾਰ ਬਾਰੇ ਇਲਮ ਵੀ ਨਹੀਂ ਹੁੰਦਾ। -ਸੰਪਾਦਕ*

**ਸਲੀਮ ਖਾਂ ਗਿੰਮੀ**

ਜਲਦ ਸਾਡੀ ਚੈਕਿੰਗ ਟੀਮ ਕੋਟ ਮੂਲੂ ਅੱਪੜੀ। ਮਿਸ ਫਰੀਦਾ ਸਕੂਲ ਵਿਚ ਸਾਨੂੰ ਉਡੀਕ ਰਹੀ ਸੀ। ਸਾਥੋਂ ਪਹਿਲਾਂ ਜਿਹੜਾ ਟਾਂਗਾ ਮੂਲੂ ਸਵਾਰੀਆਂ ਲੈ ਕੇ ਆਇਆ ਸੀ, ਉਸੇ ਦੇ ਕੋਚਵਾਨ ਨੇ ਮਿਸ ਫਰੀਦਾ ਨੂੰ ਦੱਸ ਦਿੱਤਾ ਸੀ, ਪਈ ਉਸ ਨੂੰ ਫੜਨ ਵਾਸਤੇ ਅਤੇ ਸਕੂਲ ਉਤੇ ਛਾਪਾ ਮਾਰਨ ਵਾਸਤੇ ਚੈਕਿੰਗ ਟੀਮ ਬਸ ਕੋਟ ਮੂਲੂ ਅੱਪੜੀ ਕਿ ਅੱਪੜੀ। ਉਸ ਕੋਚਵਾਨ ਦੇ ਵੱਡੇ ਕੰਨ ਸਨ, ਜਿਵੇਂ ਹਾਥੀ ਦੇ ਹੁੰਦੇ ਨੇ। ਉਸ ਜ਼ਰੂਰ ਕੰਨ ਖੜ੍ਹੇ ਕਰ ਕੇ ਸਾਡੀਆਂ ਗੱਲਾਂ ਸੁਣ ਲਈਆਂ ਸਨ। ਅਸਾਂ ਕੋਟ ਮੂਲੂ ਸਕੂਲ ਦੇ ਮੁਆਇਨੇ ਦਾ ਜ਼ਿਕਰ ਆਪੋ ਵਿਚ ਕੀਤਾ ਸੀ। ਛਾਪਾ ਮਾਰਨ ਤੇ ਮਿਸ ਫਰੀਦਾ ਨੂੰ ਫੜਨ ਵਾਲਾ ਤਰਜਮਾ ਕੋਚਵਾਨ ਨੇ ਆਪ ਕਰ ਲਿਆ ਸੀ।

ਸਕੂਲ ਚੌਧਰੀ ਮੂਲੂ ਦੀ ਹਵੇਲੀ ਦੇ ਇਕ ਕਮਰੇ ਵਿਚ ਸੀ। ਚੂੰਕਿ ਸਰਦੀਆਂ ਦੇ ਦਿਨ ਸਨ, ਇਸ ਵਾਸਤੇ ਮਿਸ ਫਰੀਦਾ ਸਾਡਾ ਇੰਤਜ਼ਾਰ ਕਮਰੇ ਦੇ ਬਾਹਰ ਖਲੋਤੀ ਕਰ ਰਹੀ ਸੀ। ਸਾਨੂੰ ਉਸ ਨੇ ਸਲਾਮ ਕੀਤਾ ਤੇ ਫਿਰ ਇਕ ਮੰਜੀ ਉਤੇ ਬੈਠਣ ਦਾ ਇਸ਼ਾਰਾ ਕਰ ਕੇ ਆਖਿਆ, "ਤਸ਼ਰੀਫ ਰੱਖੋ।" ਸਾਨੂੰ ਵੇਖ ਕੇ ਜ਼ਰਾ ਨਹੀਂ ਘਬਰਾਈ। ਮੈਨੂੰ ਤਾਂ ਇੰਜ ਜਾਪਿਆ ਜਿਵੇਂ ਉਹ ਵਿਚੋਂ ਖੁਸ਼ ਹੋਵੇ। ਉਹ ਆਪ ਇਕ ਹੋਰ ਮੰਜੀ ਉਤੇ ਬਹਿ ਗਈ। ਦੋਨੋਂ ਮੰਜੀਆਂ ਵਿਚਕਾਰ ਕੋਈ ਫਰਕ ਨਹੀਂ ਸੀ। ਜੇ ਕੋਈ ਫਰਕ ਸੀ, ਉਹ ਸਿਰਫ ਚਾਰਖਾਨੇ ਦੇ ਖੇਸ ਤੇ ਸਿਰਹਾਣੇ ਦਾ ਸੀ ਜਿਹੜੇ ਸਾਡੀ ਮੰਜੀ ਉਤੇ ਤਾਂ ਹੈ ਸਨ ਪਰ ਫਰੀਦਾ ਦੀ ਮੰਜੀ ਉਤੇ ਨਹੀਂ ਸਨ।

ਫਰੀਦਾ ਦਾ ਕੱਦ ਲੰਮ-ਸਲੰਮਾ ਸੀ। ਉਹਨੇ ਕਰੇਪ ਦਾ ਸੂਟ ਪਾਇਆ ਹੋਇਆ ਸੀ ਤੇ ਸਿਰ ਉਤੇ ਚਾਰਮੋਮ ਦਾ ਦੁਪੱਟਾ ਸੀ। ਉਹਦੇ ਗਲੇ ਵਿਚ ਸੁੱਚੇ ਸੋਨੇ ਦਾ ਲਾਕਟ ਸੀ ਤੇ ਮੇਰਾ ਖਿਆਲ ਏ, ਉਹਨੇ ਲੰਦਨ-ਸਾਖ਼ਤਾ ਕਰੀਮ ਮਲੀ ਹੋਈ ਸੀ। ਇਤਰ ਉਸ ਨੇ ਲਾਇਆ ਹੋਇਆ ਸੀ। ਸੱਚੀ ਗੱਲ ਏ, ਉਹਨੂੰ ਮਿਲ ਕੇ ਮੈਨੂੰ ਥੋੜ੍ਹੀ ਦੇਰ ਲਈ ਅਹਿਸਾਸੇ-ਕਮਤਰੀ ਹੋ ਗਿਆ, ਪਰ ਮੈਂ ਅਹਿਸਾਸੇ-ਕਮਤਰੀ ਨੂੰ ਝਟਕ ਕੇ ਉਹਨੂੰ ਪੁੱਛਿਆ, "ਮਿਸ ਫਰੀਦਾ, ਸਕੂਲ ਦੀ ਆਪਣੀ ਅਲਹਿਦਾ ਇਮਾਰਤ ਨਹੀਂ?"

"ਜਗ੍ਹਾ ਤਾਂ ਮਿਲ ਚੁੱਕੀ ਏ। ਚੌਧਰੀ ਮੂਲੂ ਨੇ ਦੋ ਕਨਾਲ ਸਕੂਲ ਦੇ ਨਾਂ ਰਜਿਸਟਰੀ ਕਰਵਾ ਦਿੱਤੀ ਏ ਪਰ ਮਹਿਕਮੇ ਵੱਲੋਂ ਇਮਾਰਤ ਲਈ ਹਾਲੀਂ ਪੈਸੇ ਨਹੀਂ ਮਿਲੇ। ਇਸ ਵਾਸਤੇ ਸਕੂਲ ਚੌਧਰੀ ਮੂਲੂ ਦੀ ਹਵੇਲੀ ਦੇ ਇਸ ਕਮਰੇ ਵਿਚ ਈ ਲਗਦਾ ਏ", ਉਹ ਆਰਾਮ ਨਾਲ ਬੋਲੀ।

"ਚੌਧਰੀ ਮੂਲੂ ਕੌਣ ਏ?" ਮੇਰੀ ਸਾਥਣ ਨੇ ਪੁੱਛਿਆ।

"ਜੀ, ਚੌਧਰੀ ਮੂਲੂ ਈ ਕੋਟ ਮੂਲੂ ਦਾ ਮਾਲਕ ਏ। ਕੌਮ ਦਾ ਜੱਟ ਏ। ਜਾਤ ਵਿਰਕ ਏ। ਉਹ ਇਸ ਸਮੂਲਚੇ ਪਿੰਡ ਦਾ ਮਾਲਕ ਏ। ਪਿੰਡ ਦੇ ਬਾਕੀ ਲੋਕ ਗੈਰ-ਜਰਾਇਤਪੇਸ਼ਾ ਨੇ", ਉਹ ਫਿਰ ਤਸੱਲੀ ਨਾਲ ਬੋਲੀ।

"ਸਕੂਲ, ਮਹਿਕਮਾ ਤਾਲੀਮ ਨੇ ਖੋਲ੍ਹਿਆ ਜਾਂ ਚੌਧਰੀ ਮੂਲੂ ਨੇ ਖੁਲ੍ਹਵਾਇਆ?" ਮੈਂ ਮਿਸ ਫਰੀਦਾ ਨੂੰ ਪੁੱਛਿਆ।

"ਜੀ, ਦਰਅਸਲ ਚੌਧਰੀ ਮੂਲੂ ਦੇ ਦੋ ਪੁੱਤਰ ਨੇ। ਦੋਵੇਂ ਵਿਆਹੇ ਹੋਏ ਨੇ। ਚੌਧਰੀ ਮੂਲੂ ਦੀ ਇਕ ਨੂੰਹ ਭਾਈ ਫੇਰੂ ਦੀ ਏ। ਉਹ ਦਸਵੀਂ ਫੇਲ੍ਹ ਏ। ਉਹਦੀ ਇਕ ਧੀ ਏ। ਉਮਰ ਛੇ ਸਾਲ। ਚੌਧਰੀ ਆਪਣੀ ਪੋਤਰੀ ਨੂੰ ਨੂੰਹ ਦੇ ਕਹਿਣ ਉਤੇ ਤਾਲੀਮ ਦਿਵਾਉਣਾ ਚਾਹੁੰਦਾ ਏ। ਇਸ ਵਾਸਤੇ ਉਸ ਮਹਿਕਮੇ ਨੂੰ ਕਹਿ ਕੇ ਸਕੂਲ ਖੁਲ੍ਹਵਾਇਆ। ਦੋ ਕਨਾਲ ਪੱਲਿਓਂ ਦਿੱਤੀ। ਮਹਿਕਮੇ ਨੇ ਸਕੂਲ ਦੀ ਇਮਾਰਤ ਨਾ ਬਣਵਾਈ ਤਾਂ ਉਹ ਆਪ ਬਣਵਾ ਦੇਵੇਗਾ", ਮਿਸ ਫਰੀਦਾ ਨੇ ਵਜ਼ਾਹਤ ਕੀਤੀ।

ਅਸਾਂ ਦੋਵਾਂ ਨੇ ਇਕ ਦੂਜੇ ਵੱਲ ਤੱਕਿਆ। ਚੌਧਰੀ ਮੂਲੂ ਆਪਣੀ ਪੋਤਰੀ ਨੂੰ ਪੜ੍ਹਾਉਣ ਲਈ ਕਿੰਨਾ ਜਤਨ ਕਰ ਰਿਹਾ ਸੀ।

"ਚੌਧਰੀ ਮੂਲੂ ਦੀ ਇਕੋ-ਇਕ ਪੋਤਰੀ ਏ?" ਮੇਰੀ ਸਾਥਣ ਨੇ ਸਵਾਲ ਕੀਤਾ।

"ਉਹਦੀਆਂ ਦੋ ਹੋਰ ਪੋਤਰੀਆਂ ਨੇ, ਪਰ ਉਹ ਬਕੌਲ ਚੌਧਰੀ ਮੂਲੂ ਨਾਲਾਇਕ ਨੇ। ਉਹ ਜ਼ਿਆਦਾ ਦਿਲਚਸਪੀ ਉਸ ਪੋਤਰੀ ਵਿਚ ਰੱਖਦਾ ਏ ਜਿਹੜੀ ਉਹਦੀ ਦਸਵੀਂ ਫੇਲ੍ਹ ਨੂੰਹ ਦੀ ਕੁੱਖ ਵਿਚੋਂ ਏ।"

ਇੰਨੇ ਚਿਰ ਵਿਚ ਇਕ ਧੱਕੜ ਜਵਾਨ ਔਰਤ ਤੇ ਦੋ ਕੁੜੀਆਂ ਸਿਰਾਂ ਉਤੇ ਬਰਤਨ ਚੁੱਕ ਕੇ ਸਾਡੇ ਕੋਲ ਆਈਆਂ। ਉਨ੍ਹਾਂ ਦੇ ਪਿੱਛੇ ਮੁੱਛਾਂ ਵਾਲਾ ਬੰਦਾ ਸੀ ਜਿਸ ਨੇ ਇਕ ਹੱਥ ਨਾਲ ਮੇਜ਼ ਚੁੱਕਿਆ ਹੋਇਆ ਸੀ। ਸਾਡੇ ਦੇਖਦਿਆਂ-ਦੇਖਦਿਆਂ ਮੇਜ਼ ਦੋਵਾਂ ਮੰਜੀਆਂ ਦੇ ਦਰਮਿਆਨ ਰੱਖ ਦਿੱਤਾ ਗਿਆ ਤੇ ਉਹਦੇ ਉਤੇ ਪਰਾਂਠੇ, ਆਂਡੇ, ਅਚਾਰ, ਭੁੱਜਿਆ ਹੋਇਆ ਮੁਰਗਾ, ਮੱਖਣ, ਲੱਸੀ ਦਾ ਜੱਗ, ਚਾਹਦਾਨੀ ਤੇ ਸ਼ੱਕਰਦਾਨੀ ਡਲ੍ਹਕਾਂ ਮਾਰਨ ਲੱਗ ਪਏ।

ਮੁੱਛਾਂ ਵਾਲਾ ਬੰਦਾ ਤੇ ਦੋਵੇਂ ਕੁੜੀਆਂ ਚਲੀਆਂ ਗਈਆਂ। ਧੱਕੜ ਜਵਾਨ ਔਰਤ ਭਾਂਡਿਆਂ ਵੱਲ ਆਉਂਦੀਆਂ ਮੱਖੀਆਂ ਪੱਖੇ ਨਾਲ ਮੋੜਨ ਲੱਗ ਪਈ।

"ਖਾਓ, ਚੌਧਰੀ ਦੀ ਦਸਵੀਂ ਫੇਲ੍ਹ ਨੂੰਹ ਨੇ ਤੁਹਾਨੂੰ ਨਾਸ਼ਤਾ ਭੇਜਿਆ ਏ", ਮਿਸ ਫਰੀਦਾ ਬੋਲੀ।

"ਬੇਗਮ ਸਾਹਿਬ ਦਾ ਹੁਕਮ ਆਹਾ ਕਿ ਅਫਸਰਾਨੀਆਂ ਨੂੰ ਵੱਤ ਜਾਣ ਨਹੀਂ ਦੇਣਾ ਅੱਜ", ਮੱਖੀਆਂ ਮੋੜਨ ਵਾਲੀ ਜਵਾਨ ਔਰਤ ਬੋਲੀ।

ਅਸੀਂ ਖਾਣਾ ਕੀ ਸੀ! ਅਸੀਂ ਤਾਂ ਨਾਸ਼ਤਾ ਕੀਤਾ ਹੋਇਆ ਸੀ। ਚਾਹ ਦੀ ਇਕ-ਇਕ ਪਿਆਲੀ ਬਣਾਈ ਤੇ ਪੀਣ ਲੱਗ ਪਈਆਂ।

ਚਾਹ ਦੇ ਸਾਰੇ ਬਰਤਨ ਚਾਂਦੀ ਦੇ ਸਨ; ਹੱਤਾ ਕਿ ਪਿਆਲੇ ਵੀ। ਮੇਰਾ ਅਹਿਸਾਸੇ-ਕਮਤਰੀ ਜਾਗਣ ਲੱਗ ਪਿਆ, ਪਰ ਮੈਂ ਉਹਨੂੰ ਅਫਸਰੀ ਦੀ ਗੋਲੀ ਖੁਆ ਕੇ ਸੰਵਾ ਦਿੱਤਾ।

"ਸਕੂਲ ਵਿਚ ਕਿੰਨੀਆਂ ਲੜਕੀਆਂ ਪੜ੍ਹਦੀਆਂ ਨੇ", ਮੈਂ ਚਾਹ ਦੀਆਂ ਚੁਸਕੀਆਂ ਲੈਂਦਿਆਂ ਪੁੱਛਿਆ।

"ਰਜਿਸਟਰ ਵਿਚ ਵੀਹ ਕੁੜੀਆਂ ਦਾ ਨਾਂ ਏ। ਇਹ ਕੁੜੀਆਂ ਪਹਿਲੀ ਤੇ ਦੂਜੀ ਜਮਾਤ ਵਿਚ ਨੇ, ਕਿਉਂ ਜੋ ਸਕੂਲ ਖੁੱਲ੍ਹੇ ਨੂੰ ਮਸਾਂ ਦੋ ਸਾਲ ਹੋਏ ਨੇ", ਮਿਸ ਫਰੀਦਾ ਬੋਲੀ।

"ਹਾਜ਼ਰੀ ਬਹੁਤ ਘੱਟ ਏ!" ਮੇਰੀ ਸਾਥਣ ਨੇ ਹੈਰਾਨੀ ਨਾਲ ਆਖਿਆ।

"ਅੱਜਕੱਲ੍ਹ ਸਿਰਫ ਦਸ ਕੁੜੀਆਂ ਆਉਂਦੀਆਂ ਨੇ", ਫਰੀਦਾ ਬੋਲੀ।

"ਇਹਦਾ ਮਤਲਬ ਇਹ ਹੋਇਆ ਕਿ ਹਾਜ਼ਰੀ ਪੰਜਾਹ ਫੀਸਦ ਏ", ਮੈਂ ਆਖਿਆ।

"ਜੀ ਇਹੋ ਗੱਲ ਏ। ਅੱਜਕੱਲ੍ਹ ਪਿਛੇਤੀ ਕਣਕ ਦੀ ਬਿਜਾਈ ਹੋ ਰਹੀ ਏ, ਤੇ ਕੁੜੀਆਂ ਆਪਣੇ ਪਿਉਆਂ ਨਾਲ ਖੇਤਾਂ ਵਿਚ ਕੰਮ ਕਰਦੀਆਂ ਨੇ। ਵਾਹੀ-ਬੀਜੀ ਦੇ ਮੌਸਮ ਦੇ ਬਾਅਦ ਉਹ ਸਕੂਲ ਆ ਜਾਣਗੀਆਂ।"

"ਤੁਸੀਂ ਉਨ੍ਹਾਂ ਦਾ ਨਾਂ ਖਾਰਜ ਕਿਉਂ ਨਹੀਂ



ਕਰਦੇ, ਜਿਹੜੀਆਂ ਦਸ-ਦਸ, ਪੰਦਰਾਂ-ਪੰਦਰਾਂ ਦਿਨ ਗ਼ੈਰ-ਹਾਜ਼ਰ ਰਹਿੰਦੀਆਂ ਨੇ?" ਮੈਂ ਚਾਹ ਦਾ ਪਿਆਲਾ ਮੇਜ਼ ਉਤੇ ਰੱਖਦਿਆਂ ਪੁੱਛਿਆ।

"ਕੁੜੀਆਂ ਤੇ ਉਨ੍ਹਾਂ ਦੇ ਮਾਂ-ਪਿਉ ਕਹਿੰਦੇ ਨੇ ਕਿ ਅਸੀਂ ਗਰੀਬ ਲੋਕ ਆ। ਮਿਹਨਤ ਵੇਲੇ ਮਿਹਨਤ ਨਾ ਕਰੀਏ ਤੇ ਖਾਈਏ ਕਿਥੋਂ? ਇਨ੍ਹਾਂ ਦੀ ਇਹ ਗੱਲ ਠੀਕ ਏ। ਪਿਛਲੇ ਮਹੀਨੇ ਇਕ ਕੁੜੀ ਦੇ ਪਿਉ ਨੇ ਮੋੜ-ਖੁੰਡੇ ਟੀਂਡਿਆਂ ਦਾ ਖੇਤ ਖਰੀਦ ਲਿਆ ਸੀ ਤੇ ਉਹਦੀ ਧੀ ਬਸ਼ੀਰਾ ਨੂੰ ਰਾਖੀ ਲਈ ਜਾਣਾ ਪਿਆ। ਉਹ ਇਕ ਮਹੀਨਾ ਰਾਖੀ ਕਰ ਕੇ ਵਾਪਸ ਸਕੂਲ ਆ ਗਈ ਸੀ", ਫਰੀਦਾ ਨੇ ਦੱਸਿਆ।

"ਤੇ ਤੁਸਾਂ ਉਸ ਨੂੰ ਦਾਖਲ ਕਰ ਲਿਆ?" ਮੇਰੀ ਸਾਥਣ ਥੋੜ੍ਹੀ ਜਿਹੀ ਹੈਰਾਨੀ ਤੇ ਥੋੜ੍ਹੀ ਜਿਹੀ ਗਰਮੀ ਨਾਲ ਬੋਲੀ।

"ਉਹ ਤੇ ਪਹਿਲੇ ਈ ਦਾਖ਼ਲ ਸੀ ਸਕੂਲ ਵਿਚ। ਮੈਂ ਉਹਦਾ ਨਾਮ ਨਹੀਂ ਸੀ ਖਾਰਜ ਕੀਤਾ। ਖਾਰਜ ਕਰ ਦਿੰਦੀ ਤਾਂ ਬਸ਼ੀਰਾ ਦੇ ਪਿਉ ਨੇ ਮੇਰੇ ਪੈਰਾਂ ਵਿਚ ਆਪਣੀ ਪੱਗ ਰੱਖ ਦੇਣੀ ਸੀ", ਫਰੀਦਾ ਨੇ ਪੱਕਾ ਮੂੰਹ ਬਣਾ ਕੇ ਗੱਲ ਕੀਤੀ।

"ਤੁਸੀਂ ਪੱਗ ਦੀ ਪ੍ਰਵਾਹ ਕਿਉਂ ਕਰਦੇ ਓ, ਮਿਸ ਫਰੀਦਾ", ਮੈਂ ਗੁੱਸੇ ਵਿਚ ਆ ਕੇ ਆਖਿਆ।

"ਪੱਗ ਦੀ ਪ੍ਰਵਾਹ ਨਾ ਕਰਾਂ ਤਾਂ ਚੌਧਰੀ ਮੂਲੂ ਆ ਜਾਂਦਾ ਏ। ਉਹਦੀ ਗੱਲ ਮੋੜੋਗੇ ਤੇ ਉਹ ਸਕੂਲ ਬੰਦ ਕਰਵਾ ਦੇਵੇਗਾ। ਤੁਹਾਨੂੰ ਪਤਾ ਹੀ ਏ ਕਿ ਪਾਕਿਸਤਾਨ ਵਿਚ ਸਵਾਣੀਆਂ ਦੀ ਤਾਲੀਮ ਦੀ ਕਿੰਨੀ ਲੋੜ ਏ।"

ਫਰੀਦਾ ਦੀ ਗੱਲ ਦਰੁਸਤ ਸੀ। ਚੌਧਰੀ ਮੂਲੂ ਦੀ ਗੱਲ ਕੌਣ ਮੋੜ ਸਕਦਾ ਏ! ਜਿਹੜਾ ਆਦਮੀ ਆਪਣੀ ਪੋਤਰੀ ਲਈ ਸਕੂਲ ਖੋਲ੍ਹਦਾ ਏ ਤੇ ਦੋ ਕਨਾਲ ਜ਼ਮੀਨ ਦਿੰਦਾ ਏ ਤੇ ਚਾਂਦੀ ਦੇ ਬਰਤਨਾਂ ਵਿਚ ਲੋਕਾਂ ਨੂੰ ਖਾਣਾ ਖਵਾਉਂਦਾ ਏ, ਉਹਦੀ ਗੱਲ ਕੌਣ ਮੋੜ ਸਕਦਾ ਏ।

"ਇਕ ਦਿਨ ਇਕ ਕੁੜੀ ਸਕੂਲ ਨਾ ਆਈ। ਦੂਜੇ ਦਿਨ ਮੈਂ ਪੁੱਛਿਆ-ਸਫੀਆ ਤੂੰ ਕੱਲ੍ਹ ਸਕੂਲ ਕਿਉਂ ਨਾ ਆਈ?...ਬੋਲੀ-ਕੱਲ੍ਹ ਮੈਂ ਥਿਗੜੇ ਧੋਤੇ ਸਨ।"

"ਥਿਗੜੇ ਕੀ ਹੋਏ?" ਮੇਰੀ ਸਾਥਣ ਬੇਗਮ ਕਮਰ ਨੇ ਸਵਾਲ ਕੀਤਾ।

"ਥਿਗੜੇ ਏਸ ਪਾਸੇ ਕੱਪੜਿਆਂ ਨੂੰ ਆਖਦੇ ਨੇ। ਜ਼ਾਹਰ ਏ, ਉਸ ਕੁੜੀ ਨੂੰ ਆਪਣੇ ਮਾਂ-ਪਿਓ ਤੇ ਭੈਣ-ਭਰਾਵਾਂ ਦੇ ਕੱਪੜੇ ਧੋਣੇ ਪਏ ਸਨ। ਇਥੇ ਲਾਂਡਰੀ ਤੇ ਹੈ ਨਹੀਂ।"

ਮੈਂ ਮਹਿਸੂਸ ਕੀਤਾ, ਮਿਸ ਫਰੀਦਾ ਦਰੁਸਤ ਗੱਲ ਕਰ ਰਹੀ ਏ।

"ਸ਼ਿਕਾਇਤ ਮਿਲ ਰਹੀ ਏ ਕਿ ਤੁਸੀਂ ਕਈ-ਕਈ ਦਿਨ ਸਕੂਲ ਨਹੀਂ ਆਂਵਦੇ", ਮੈਂ ਫਰੀਦਾ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਿਆ।

ਉਸ ਅੱਖਾਂ ਵਿਚ ਅੱਖਾਂ ਪਾ ਕੇ ਜਵਾਬ ਦਿੱਤਾ ਕਿ ਮੇਰੀ ਗੱਲ ਦਰੁਸਤ ਏ।

"ਜਦ ਕਦੇ ਕੋਟ ਮੂਲੂ ਕੋਈ ਮੇਲਾ ਲਗਦਾ ਏ ਜਾਂ ਉਰਸ ਹੋਂਵਦਾ ਏ, ਚੌਧਰੀ ਮੂਲੂ ਦੇ ਬਹੁਤ ਸਾਰੇ ਪ੍ਰਾਹੁਣੇ ਆ ਜਾਂਦੇ ਨੇ ਤੇ ਸਕੂਲ ਬੰਦ ਹੋ ਜਾਂਦਾ ਏ। ਮੈਂ ਲਾਹੌਰ ਚਲੀ ਜਾਂਦੀ ਆਂ, ਕਿਉਂ ਜੋ ਮੈਂ ਲਾਹੌਰ ਦੀ ਰਹਿਣ ਵਾਲੀ ਆਂ। ਇੱਥੇ ਬਹਿ ਕੇ ਮੱਖੀਆਂ ਮਾਰਾਂ? ਕੁੜੀਆਂ ਤਾਂ ਮੇਲਾ ਵੇਖਦੀਆਂ ਨੇ ਜਾਂ ਉਰਸ ਉਤੇ ਜਾ ਕੇ ਵਿਰਦ ਕਰਦੀਆਂ ਨੇ ਜਾਂ ਚੌਧਰੀ ਮੂਲੂ ਦੀ ਹਵੇਲੀ ਡੱਕੀਆਂ ਹੋਈਆਂ ਜੰਜਾਂ ਨਾਲ ਆਏ ਹੋਏ ਭੰਡਾਂ ਦੀਆਂ ਨਕਲਾਂ ਸੁਣਦੀਆਂ ਨੇ।"

ਫਰੀਦਾ ਨੇ ਸੱਚ-ਸੱਚ ਗੱਲ ਦੱਸ ਦਿੱਤੀ ਸੀ। ਉਹਨੇ ਮੇਰੇ ਖ਼ਿਆਲ ਮੁਜਬ ਜ਼ਰਾ ਝੂਠ ਨਹੀਂ ਸੀ ਬੋਲਿਆ। ਦੋਵੇਂ ਕੁੜੀਆਂ ਤੇ ਮੁੱਛਾਂ ਵਾਲਾ ਆਦਮੀ ਫੇਰ ਆਏ ਤੇ ਮੇਜ਼ ਸਮੇਤ ਸਾਰੇ ਬਰਤਨ ਚੁੱਕ ਕੇ ਲੈ ਗਏ। ਪੱਖਾ ਝੱਲਣ ਵਾਲੀ ਜਵਾਨ ਔਰਤ ਵੀ ਚਲੀ ਗਈ।

"ਮੇਰੇ ਖ਼ਿਆਲ ਵਿਚ ਕੋਟ ਮੂਲੂ ਸਕੂਲ ਖੋਲ੍ਹਣ ਦਾ ਕੋਈ ਫਾਇਦਾ ਨਹੀਂ...", ਬੇਗਮ ਕਮਰ ਬੋਲੀ, "ਹਾਜ਼ਰੀ ਬਹੁਤ ਘੱਟ ਏ ਤੇ ਕੁੜੀਆਂ ਤਾਲੀਮ ਵਿਚ ਦਿਲਚਸਪੀ ਨਹੀਂ ਰੱਖਦੀਆਂ। ਸਿਰਫ ਚੌਧਰੀ ਮੂਲੂ ਦੀ ਪੋਤਰੀ ਲਈ ਸਕੂਲ ਕਾਇਮ ਨਹੀਂ ਕੀਤਾ ਜਾ ਸਕਦਾ।" ਬੇਗਮ ਕਮਰ ਨੇ ਆਪਣੀ ਨੋਟ ਬੁੱਕ ਸੰਭਾਲਦਿਆਂ ਆਖਿਆ।

"ਮਿਸ ਫਰੀਦਾ ਤੇਰਾ ਕੀ ਖਿਆਲ ਏ?" ਮੈਂ ਸਵਾਲ ਕੀਤਾ।

"ਮੈਂ ਕੁਝ ਨਹੀਂ ਕਹਿ ਸਕਦੀ। ਮੈਂ ਐਫ.ਏ. ਪਾਸ ਆਂ। ਪੜ੍ਹਾਉਣ ਦੀ ਸਨਦ ਮੇਰੇ ਕੋਲ ਏ। ਸਕੂਲ ਬੰਦ ਹੋ ਜਾਏਗਾ ਤਾਂ ਮੈਂ ਕਿਸੇ ਦੂਜੇ ਸਕੂਲ ਵਿਚ ਲੱਗ ਜਾਵਾਂਗੀ", ਉਹ ਪੱਕਾ ਮੂੰਹ ਕਰ ਕੇ ਬੋਲੀ।

ਮੈਨੂੰ ਬੜੀ ਮਾਯੂਸੀ ਹੋਈ। ਮੇਰਾ ਖਿਆਲ ਸੀ, ਉਹ ਮਿੰਨਤ-ਤਰਲਾ ਕਰੇਗੀ। ਤੇ ਇੰਜ ਮੇਰੇ ਅਹਿਸਾਸੇ-ਕਮਤਰੀ ਦਾ ਥੋੜ੍ਹਾ ਜਿਹਾ ਇਲਾਜ ਹੋਵੇਗਾ। ਬਹਰਹਾਲ, ਅਸਾਂ ਮਿਸ ਫਰੀਦਾ ਕੋਲੋਂ ਇਜਾਜ਼ਤ ਲਈ ਤੇ ਲਾਹੌਰ ਆ ਗਈਆਂ।

ਲਾਹੌਰ ਆ ਕੇ ਅਸਾਂ ਮੁਤਅੱਲਿਕਾ ਹੁਕਾਮ ਨੂੰ ਰਿਪੋਰਟ ਪੇਸ਼ ਕੀਤੀ। ਅਸਾਂ ਲਿਖਿਆ ਕਿ ਕੋਟ ਮੂਲੂ ਦਾ ਪ੍ਰਾਇਮਰੀ ਸਕੂਲ ਬੰਦ ਹੋ ਜਾਣਾ ਚਾਹੀਦਾ ਏ। ਦਸ ਦਿਨ ਬਾਅਦ ਸਕੂਲ ਟੁੱਟ ਗਿਆ।

ਇਕ ਦਿਨ ਮੈਂ ਅਨਾਰਕਲੀ ਦੇ ਬਾਨੋ ਬਜ਼ਾਰ ਵਿਚ ਉੱਨ ਖਰੀਦ ਰਹੀ ਸਾਂ। ਮੈਨੂੰ ਮਿਸ ਫਰੀਦਾ ਨਜ਼ਰ ਆਈ। ਉਹਨੇ ਦੁਲਹਨ ਦਾ ਕੀਮਤੀ ਲਿਬਾਸ ਪਾਇਆ ਹੋਇਆ ਸੀ। ਮੈਂ ਅੱਗੇ ਵਧ ਕੇ ਉਸ ਨੂੰ "ਹੈਲੋ ਫਰੀਦਾ" ਆਖਿਆ। ਉਹ ਮੈਨੂੰ ਫੌਰਨ ਪਛਾਣ ਗਈ ਤੇ ਖੁਸ਼ ਹੋ ਕੇ ਮਿਲੀ।

"ਮਿਸ ਫਰੀਦਾ, ਅੱਜਕੱਲ੍ਹ ਕਿਹੜੇ ਸਕੂਲ ਵਿਚ ਏਂ?" ਮੈਂ ਪੁੱਛਿਆ।

"ਬੇਗਮ ਸਾਹਿਬਾ, ਮੈਂ ਸਕੂਲ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਸ਼ਾਦੀ ਕਰ ਲਈ ਏ", ਉਹ ਖੁਸ਼ ਹੋ ਕੇ ਬੋਲੀ।

"ਸ਼ਾਦੀ ਕਿੱਥੇ ਹੋਈ ਏ?" ਮੈਂ ਉਹਨੂੰ ਪੁੱਛ ਬੈਠੀ।

"ਮੈਂ ਚੌਧਰੀ ਮੂਲੂ ਨਾਲ ਸ਼ਾਦੀ ਕਰ ਲਈ ਏ", ਉਹ ਹੱਸ ਕੇ ਬੋਲੀ ਤੇ ਇਜਾਜ਼ਤ ਲੈ ਕੇ ਟੁਰ ਪਈ।

ਮੈਂ ਵੇਖਿਆ, ਥੋੜ੍ਹੀ ਦੂਰ ਖਲੋਤਾ ਸੱਠ ਸਾਲ ਦਾ ਇਕ ਆਦਮੀ ਮੁੱਛਾਂ ਨੂੰ ਤਾਅ ਦੇ ਰਿਹਾ ਸੀ। ਯਕੀਨਨ ਉਹ ਚੌਧਰੀ ਮੂਲੂ ਸੀ।

## ਬਾਬਾ ਗੁਰਮੁਖ ਸਿੰਘ ਲਲਤੋਂ

*(ਪਿਛਲੇ ਸਫੇ ਤੋਂ ਜਾਰੀ)*

ਅਤੇ ਸਮੇਤ ਮਹਾਤਮਾ ਗਾਂਧੀ ਦੇ ਜਥੇਬੰਦੀਆਂ ਬਦੇਸ਼ੀ ਸਰਕਾਰ ਦੀ ਮਦਦ ਲਈ ਕਹਿ ਰਹੀਆਂ ਸਨ। ਦੂਜੇ ਪਾਸੇ ਗਦਰ ਪਾਰਟੀ, ਬੰਗਾਲ ਦੇ ਇਨਕਲਾਬੀ ਅਤੇ ਕੁਝ ਹੋਰ ਜਥੇਬੰਦੀਆਂ ਜੰਗ ਵਿਚ ਮਦਦ ਨਾ ਕਰ ਕੇ ਹਿੰਦੋਸਤਾਨ ਦੀ ਆਜ਼ਾਦੀ ਹਾਸਲ ਕਰਨ ਲਈ ਆਪਣੀ ਰਣਨੀਤੀ ਦਾ ਐਲਾਨ ਕਰ ਰਹੀਆਂ ਸਨ। ਮੁਲਕ ਭਰ ਤੋਂ ਫੜੇ ਜਾਣ ਵਾਲੇ ਸਾਰੇ ਦੇਸ਼ ਭਗਤ ਲਾਹੌਰ ਸੈਂਟਰਲ ਜੇਲ੍ਹ ਵਿਚ ਲਿਆਂਦੇ ਗਏ। ਇਸ ਜੇਲ੍ਹ ਵਿਚ ਹੀ ਸੰਤ ਵਿਸਾਖਾ ਸਿੰਘ ਨੇ ਗੁਰਮੁਖ ਸਿੰਘ ਨੂੰ ਦੱਸਿਆ ਕਿ ਸਰਬੱਤ ਦੇ ਭਲੇ 'ਤੇ ਵਿਸ਼ਵਾਸ ਰੱਖਣ ਵਾਲਾ ਹੀ ਸੱਚਾ ਸਿੱਖ ਹੋ ਸਕਦਾ ਹੈ। ਕੋਰਟ ਦੇ ਫੈਸਲੇ ਅਨੁਸਾਰ ਗੁਰਮੁਖ ਸਿੰਘ ਅਤੇ ਦੂਜੇ ਗਦਰੀ ਦੇਸ਼ ਭਗਤਾਂ ਨੂੰ ਕਲਕੱਤੇ ਦੀ ਬੰਦਰਗਾਹ ਤੋਂ ਮਹਾਰਾਜਾ ਦੇ ਸਮੁੰਦਰੀ ਜਹਾਜ਼ ਰਾਹੀਂ ਅੰਡੇਮਾਨ ਦੀ ਘੋਰ ਨਰਕੀ ਜੇਲ੍ਹ ਵਿਚ ਲਿਜਾਇਆ ਗਿਆ। ਸੰਨ 1919 ਦੀ ਵਿਸਾਖੀ ਵਾਲੇ ਦਿਨ ਜੱਲ੍ਹਿਆਂ ਵਾਲੇ ਬਾਗ ਦਾ ਸਾਕਾ ਵਰਤ ਗਿਆ।

ਅਫਗਾਨਿਸਤਾਨ ਵਿਚ ਆਰਜ਼ੀ ਹਕੂਮਤ ਦੀ ਕਾਇਮੀ ਤੋਂ ਬਾਅਦ ਫਿਰ ਆਪ ਅਫਗਾਨਿਸਤਾਨ ਤੋਂ ਪੰਜਾਬ ਆਏ ਅਤੇ ਕਈ ਸਾਲ ਅੰਡਰਗਰਾਊਂਡ ਰਹਿ ਕੇ ਆਜ਼ਾਦੀ ਲਈ ਕੰਮ ਕਰਦੇ ਰਹੇ। ਇਕ ਦਿਨ ਅੱਛਰ ਸਿੰਘ ਛੀਨੇ ਨਾਲ ਜਨਰਲ ਪੋਸਟ ਆਫਿਸ ਲਾਹੌਰ ਡਾਕ ਪਾਉਣ ਆਏ ਤਾਂ ਪੁਲਿਸ ਨੇ ਫੜ ਲਏ। ਦੂਜੇ ਦਿਨ ਅਖ਼ਬਾਰਾਂ ਦੀਆਂ ਸੁਰਖੀਆਂ ਸਨ-ਇਸ ਸਾਲ ਪੁਲਿਸ ਦੀ ਸਭ ਤੋਂ ਵੱਡੀ ਕਾਮਯਾਬੀ। ਦੁਬਾਰਾ ਫਿਰ ਉਸੇ ਕਾਲੇ ਪਾਣੀ ਦੀ ਨਰਕੀ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਹਿੰਦੋਸਤਾਨ ਦੇ ਲੋਕਾਂ ਦੇ ਬਦਲਦੇ ਖ਼ਿਆਲਾਂ ਤੇ ਹਾਲਾਤ ਨੂੰ ਦੇਖਦੇ ਹੋਏ ਬ੍ਰਿਟਿਸ਼ ਸਰਕਾਰ ਨੂੰ ਝੁਕਣਾ ਪਿਆ। ਸਾਰੇ ਦੇਸ਼ ਭਗਤਾਂ ਨੂੰ ਕਾਲੇ ਪਾਣੀ ਦੀ ਜੇਲ੍ਹ ਤੋਂ ਆਪਣੇ-ਆਪਣੇ ਸੂਬੇ ਦੀਆਂ ਜੇਲ੍ਹਾਂ ਵਿਚ ਲਿਆਂਦਾ ਗਿਆ। ਗਦਰੀ ਗੁਰਮੁਖ ਸਿੰਘ ਨੂੰ ਮੁਲਤਾਨ ਜੇਲ੍ਹ ਵਿਚ ਰੱਖਿਆ ਗਿਆ। 1946 ਨੂੰ ਉਮਰ ਕੈਦ ਦੀ ਸਜ਼ਾ ਪੂਰੀ ਹੋਣ 'ਤੇ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ।

1947 ਵਿਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਾਂਗਰਸ ਪਾਰਟੀ ਦੀ ਹਕੂਮਤ ਬਣੀ। ਸਰਕਾਰ ਨੇ ਇਨਕਲਾਬੀ ਲਹਿਰਾਂ ਨੂੰ ਲੋਕਾਂ ਦੇ ਦਿਲਾਂ 'ਚੋਂ ਭੁਲਾਉਣ ਲਈ ਪ੍ਰਚਾਰਨਾ, ਕਹਿਣਾ ਅਤੇ ਲਿਖਣਾ ਸ਼ੁਰੂ ਕਰ ਦਿੱਤਾ ਅਤੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਆਜ਼ਾਦੀ ਦਾ ਸਿਹਰਾ ਸਿਰਫ਼ ਮਹਾਤਮਾ ਗਾਂਧੀ ਦੇ ਸਿਰ ਹੈ। ਇਸ ਸੋਚ ਦੇ ਮੱਦੇਨਜ਼ਰ ਗਦਰ ਪਾਰਟੀ ਨੇ ਸੰਨ 1954 ਵਿਚ ਫੈਸਲਾ ਕੀਤਾ ਕਿ ਸਮੂਹ ਇਨਕਲਾਬੀਆਂ ਦੀ ਯਾਦਗਾਰ ਕਾਇਮ ਕੀਤੀ ਜਾਵੇ ਤਾਂ ਜੋ ਦੇਸ਼ ਦੀ ਅਗਲੀ ਪੀੜ੍ਹੀ ਨੂੰ ਇਨ੍ਹਾਂ ਸਮੂਹ ਬਹਾਦਰ ਸੂਰਬੀਰਾਂ ਅਤੇ ਵਤਨਪ੍ਰਸਤਾਂ ਦੀਆਂ ਕੁਰਬਾਨੀਆਂ ਦੇ ਇਤਿਹਾਸ ਦੀ ਸਹੀ ਜਾਣਕਾਰੀ ਮਿਲ ਸਕੇ। ਸੋ, ਗਦਰੀ ਬਾਬਿਆਂ ਨੇ ਗਦਰ ਪਾਰਟੀ ਦੇ 50 ਸਾਲ ਪੂਰੇ ਹੋਣ 'ਤੇ 31 ਮਾਰਚ 1964 ਨੂੰ ਸਿਲਵਰ ਜੁਬਲੀ ਮਨਾਈ ਅਤੇ ਆਪਣੇ ਹੱਥੀਂ ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਹਾਲ ਦੀ ਨੀਂਹ ਰੱਖੀ ਜਿਸ ਵਿਚ ਬੰਗਾਲ, ਬਿਹਾਰ, ਯੂ.ਪੀ., ਕੇਰਲਾ, ਆਂਧਰਾ, ਮਦਰਾਸ ਅਤੇ ਦੇਸ਼ ਦੇ ਹੋਰ ਹਿੱਸਿਆਂ ਤੋਂ ਵੀ ਇਨਕਲਾਬੀ ਹਿੱਸਾ ਲੈਣ ਲਈ ਪਹੁੰਚੇ। ਅਫਗਾਨਿਸਤਾਨ ਵਾਲੀ ਆਰਜ਼ੀ ਹਕੂਮਤ ਦੇ ਪ੍ਰਧਾਨ ਰਾਜਾ ਮਹਿੰਦਰ ਪ੍ਰਤਾਪ ਵੀ ਆਏ। ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ। ਬਾਬਾ ਗੁਰਮੁਖ ਸਿੰਘ ਲਲਤੋਂ ਇਸ ਦੀ ਸਵਾਗਤੀ ਕਮੇਟੀ ਦੇ ਪ੍ਰਧਾਨ ਸਨ ਅਤੇ ਆਪਣੇ ਅੰਤਮ ਸਵਾਸ ਤੱਕ ਇਸ ਯਾਦਗਾਰ ਹਾਲ ਦੇ ਸਰਵੇ-ਸਰਵਾ ਰਹੇ।

ਸਿਹਤ ਦੀ ਖ਼ਰਾਬੀ ਕਾਰਨ ਉਹ ਸਿਵਲ ਹਸਪਤਾਲ ਜਲੰਧਰ ਵਿਚ 13 ਮਾਰਚ 1977 ਨੂੰ ਆਪਣਾ ਇਨਕਲਾਬੀ ਜੀਵਨ ਪੂਰਾ ਕਰ ਗਏ।

ਸਾਰੀ ਉਮਰ ਸੰਗਰਾਮ ਵਿਚ
ਜੁਟਿਆ ਰਿਹਾ ਸੀ ਉਹ।
ਕੱਲ੍ਹ ਤੱਕ ਜੋ ਭਖ ਰਿਹਾ ਸੀ
ਉਹ ਅੰਗਿਆਰਾ ਚਲਾ ਗਿਆ।

#


# ਪੰਜਾਬੀ ਸਿਨੇਮਾ ਦੀ ਪੁਖਤਾ ਪਰਵਾਜ਼

ਪੰਜਾਬੀ ਸਿਨੇਮਾ ਨੇ ਇਕ ਵਾਰ ਫਿਰ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। ਪਿਛਲੇ ਸਮੇਂ ਦੌਰਾਨ ਆਈਆਂ ਕੁਝ ਫਿਲਮਾਂ ਨੇ ਤਾਂ ਹਿੰਦੀ ਫਿਲਮਾਂ ਨੂੰ ਵੀ ਟੱਕਰ ਦਿੱਤੀ ਤੇ ਵੱਡੇ ਸ਼ਹਿਰਾਂ ਦੇ ਸਿਨੇਮਿਆਂ 'ਚ ਕਈ-ਕਈ ਹਫਤੇ ਚੱਲੀਆਂ। ਬੇਸ਼ੱਕ ਬਹੁਤੀਆਂ ਫਿਲਮਾਂ 'ਚ ਪਰਵਾਸੀ ਭਾਰਤੀਆਂ ਦੇ ਸਮਲਿਆਂ ਨੂੰ ਹੀ ਕਾਹਣੀ ਬਣਾਇਆ ਗਿਆ ਹੈ ਪਰ ਵਿਸ਼ੇ ਦੀ ਵਿਲੱਖਣਤਾ ਕਾਰਨ ਇਹ ਦਰਸ਼ਕਾਂ ਨੂੰ ਖਿੱਚਣ 'ਚ ਕਾਮਯਾਬ ਰਹਿੰਦੀਆਂ ਹਨ।

ਪੰਜਾਬੀ ਸਿਨੇਮਾ ਨੂੰ ਨਵੀਂ ਦਿਸ਼ਾ ਵੱਲ ਤੋਰਨ 'ਚ ਮਨਮੋਹਨ ਸਿੰਘ ਦਾ ਵੱਡਾ ਹੱਥ ਹੈ। ਅਸਲ 'ਚ ਬਾਲੀਵੁੱਡ ਜਗਤ ਵਿਚ ਨਾਂ ਤੇ ਨਾਮਣਾ ਖੱਟਣ ਵਾਲੇ ਮਨਮੋਹਨ ਸਿੰਘ ਨੇ ਪੰਜਾਬੀ ਸਿਨੇਮੇ ਨੂੰ ਬੁਲੰਦੀਆਂ ਤੇ ਲੈ ਕੇ ਜਾਣ ਦਾ ਰਿਸਕੀ ਸੁਪਨਾ ਲਿਆ। ਬਾਲੀਵੁੱਡ ਦੇ ਚੋਟੀ ਦੇ ਬੈਨਰਾਂ ਦੀਆਂ ਫ਼ਿਲਮਾਂ ਛੱਡ ਮਨਮੋਹਨ ਸਿੰਘ ਨੇ ਉਸ ਸਮੇਂ ਜਿੰਮੀ ਸ਼ੇਰਗਿੱਲ ਅਭਿਨੀਤ ਪੰਜਾਬੀ ਫ਼ਿਲਮ 'ਯਾਰਾਂ ਨਾਲ ਬਹਾਰਾਂ' ਵਰਗੀ ਸਫਲ ਫ਼ਿਲਮ ਨਾਲ ਪੰਜਾਬੀ ਸਿਨੇਮੇ ਵਿਚ ਦਸਤਕ ਦਿੱਤੀ। ਇਹ ਫ਼ਿਲਮ ਖਤਮ ਹੋ ਰਹੇ ਪੰਜਾਬੀ ਸਿਨੇਮੇ ਲਈ 'ਗੁਲੂਕੋਜ਼' ਸਾਬਤ ਹੋਈ। 'ਯਾਰਾਂ ਨਾਲ ਬਹਾਰਾਂ' ਤੋਂ ਬਾਅਦ ਤੰਦਰੁਸਤੀ ਦੀ ਲੀਹੇ ਚੜ੍ਹੇ ਪੰਜਾਬੀ ਦੀ ਵਿਸ਼ਾਲ ਮਾਰਕੀਟ ਜਿਵੇਂ ਪੰਜਾਬ ਤੋਂ ਇਲਾਵਾ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਯੂਰਪ ਵਿਚ ਵਸਦੇ ਐਨ. ਆਰ. ਆਈਜ਼ ਪੰਜਾਬੀਆਂ ਦੇ ਜਜ਼ਬਾਤ ਦੀ ਨਬਜ਼ ਮਨਮੋਹਨ ਸਿੰਘ ਦੇ ਹੱਥ ਆ ਗਈ। ਇਸੇ ਸਮੇਂ ਹੀ ਪੰਜਾਬੀ ਪਿੱਠ ਭੂਮੀ ਵਾਲੇ ਗੀਤਾਂ ਦਾ ਤੜਕਾ ਹਿੰਦੀ ਫ਼ਿਲਮਾਂ ਵਿਚ ਵੇਖਣ ਨੂੰ ਮਿਲ ਰਿਹਾ ਸੀ। ਇਸ ਵੇਲੇ ਹੀ ਗੈਰ ਪੰਜਾਬੀ ਫ਼ਿਲਮਕਾਰਾਂ ਵੱਲੋਂ ਬਣਾਈਆਂ ਹਿੰਦੀ ਫ਼ਿਲਮਾਂ ਨੇ ਪੰਜਾਬੀ ਪਿੱਠ ਭੂਮੀ ਨੂੰ ਹਿੰਦੀ ਫ਼ਿਲਮਾਂ ਵਿਚ ਵਿਖਾ ਕੇ ਸੁਪਰ ਡੁਪਰ ਹਿੱਟ ਰਹਿਣ ਦਾ ਮਾਣ ਹਾਸਲ ਕੀਤਾ।

ਮਨਮੋਹਨ ਸਿੰਘ ਦੀ ਬਤੌਰ ਨਿਰਦੇਸ਼ਕ ਪਹਿਲੀ ਪੰਜਾਬੀ ਫ਼ਿਲਮ 'ਨਸੀਬੋ' ਭਾਵੇਂ ਦਰਸ਼ਕਾਂ ਦੀ ਆਸ 'ਤੇ ਖਰੀ ਨਹੀਂ ਉੱਤਰੀ ਪਰ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ 'ਤੇ ਪੰਜਾਬ ਪ੍ਰਤੀ ਮੋਹ ਦੀਆਂ ਤੰਦਾਂ ਵਾਲੀਆਂ ਫ਼ਿਲਮਾਂ ਨੇ ਨਵਾਂ ਬਾਜ਼ਾਰ ਹੋਂਦ ਵਿਚ ਲਿਆਂਦਾ। ਇਸ ਲੜੀ ਦੀਆਂ ਫ਼ਿਲਮਾਂ ਵਿਚ ਬਹੁਤੀਆਂ ਦਾ ਨਿਰਦੇਸ਼ਨ ਮਨਮੋਹਨ ਸਿੰਘ ਵੱਲੋਂ ਦਿੱਤਾ ਗਿਆ ਹੈ। ਪਰਵਾਸੀ ਭਾਰਤੀਆਂ ਨਾਲ ਸਬੰਧਤ ਜਜ਼ਬਾਤੀ ਵਿਸ਼ਿਆਂ ਵਾਲੀਆਂ ਫ਼ਿਲਮਾਂ ਵਿਚ 'ਜੀ ਆਇਆਂ ਨੂੰ', 'ਅਸਾਂ ਨੂੰ ਮਾਣ ਵਤਨਾਂ ਦਾ', 'ਦਿਲ ਆਪਣਾ ਪੰਜਾਬੀ', 'ਮਿੱਟੀ ਵਾਜਾਂ ਮਾਰਦੀ', 'ਮੇਰਾ ਪਿੰਡ ਮਾਈ ਹੋਮ', ਤੇ 'ਮੁੰਡੇ ਯੂ. ਕੇ. ਦੇ' ਪ੍ਰਮੁੱਖ ਹਨ।

ਪੰਜਾਬੀ ਗੱਭਰੂ ਜਿੰਮੀ ਸ਼ੇਰਗਿੱਲ ਦਾ ਪੰਜਾਬੀ ਸਿਨੇਮੇ ਵਿਚ ਵੱਡਾ ਯੋਗਦਾਨ ਹੈ। ਸਫਲ ਪੰਜਾਬੀ ਫ਼ਿਲਮਾਂ ਨਾਲ ਹੀ ਜਿੰਮੀ ਨੂੰ ਪੰਜਾਬੀ ਸਿਨੇਮੇ ਵਿਚ




ਨਵੀਂ ਆ ਰਹੀ ਪੰਜਾਬੀ ਫ਼ਿਲਮ 'ਸਰਸਾ' ਦਾ ਇਕ ਪੋਸਟਰ।

ਵੱਡੀ ਮਾਰਕੀਟ ਨਜ਼ਰ ਆਈ। ਇਸੇ ਕਰਕੇ ਹੀ ਜਿੰਮੀ ਨੇ ਆਪਣੇ ਪ੍ਰੋਡਕਸ਼ਨ ਹਾਊਸ ਦਾ ਅਗਾਜ਼ ਕੀਤਾ ਜਿਸ ਵਿਚ ਜਿੰਮੀ ਦੀ ਭੂਮਿਕਾ ਵਾਲੀਆਂ ਫ਼ਿਲਮਾਂ ਮੰਨਤ, ਤੇਰਾ ਮੇਰਾ ਕੀ ਰਿਸ਼ਤਾ, ਮੇਲ ਕਰਾ ਦੇ ਰੱਬਾ, ਮੰਡੇ ਯੂ. ਕੇ. ਦੇ ਤੇ ਧਰਤੀ ਨੂੰ ਸ਼ਾਮਲ ਹੋਣ ਦਾ ਮਾਣ ਹਾਸਲ ਹੈ। ਪੰਜਾਬੀ ਸਿਨੇਮੇ ਵਿਚ ਕੰਮ ਕਰਦੀਆਂ ਵਧੀਆ ਟੀਮਾਂ ਦੀ ਵਧੀਆ ਕਾਰਗੁਜ਼ਾਰੀ ਨੇ ਪਿਛਲੇ ਕੁਝ ਸਾਲਾਂ ਤੋਂ ਬਾਲੀਵੁੱਡ ਦੇ ਚੋਟੀ ਦੇ ਬੈਨਰਾਂ ਦਾ ਧਿਆਨ ਪੰਜਾਬੀ ਸਿਨੇਮੇ ਵੱਲ ਖਿੱਚਿਆ। ਇਸ ਕਰਕੇ ਟਿਪਸ ਇੰਡਸਟਰੀ, ਇਰੋਜ਼ ਇੰਟਰਨੈਸ਼ਨਲ, ਰਿਲਾਇੰਸ ਤੇ ਸਫਲ ਪੰਜਾਬੀ ਗਾਇਕਾਂ ਦੇ ਨਿੱਜੀ ਬੈਨਰਾਂ ਤੋਂ ਇਲਾਵਾ ਜਲੰਧਰ ਵਾਲੇ ਬੱਤਰਾ ਭਰਾਵਾਂ ਰਾਜਨ ਬੱਤਰਾ ਤੇ ਕਪਿਲ ਬੱਤਰਾ ਦੇ ਬੱਤਰਾ ਸ਼ੋਅਵਿੱਜ ਵੱਲੋਂ ਵੱਡੀਆਂ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਜੇਕਰ ਪੰਜਾਬੀ ਫ਼ਿਲਮਾਂ ਦੀ ਵਧ ਰਹੀ ਗਿਮਤੀ 'ਤੇ ਨਜ਼ਰ ਮਾਰੀ ਜਾਵੇ ਤਾਂ ਪਿਛਲੇ ਵਰ੍ਹੇ ਨੌਂ ਪੰਜਾਬੀ ਫ਼ਿਲਮਾਂ ਰਿਲੀਜ਼ ਹੋਈਆਂ ਸਨ ਪਰ ਇਸ ਸਾਲ ਇਹ ਗਿਣਤੀ ਕਾਫੀ ਵਧ ਜਾਵੇਗੀ। ਮੌਜੂਦਾ ਪੰਜਾਬੀ ਸਿਨੇਮੇ ਨੂੰ ਚੜ੍ਹਦੀਆਂ ਕਲਾਂ ਵੱਲ ਲੈ ਕੇ ਜਾਣ ਵਾਲੇ ਚਿਹਰਿਆਂ ਵਿਚ ਮਨਮੋਹਨ ਸਿੰਘ, ਜਿੰਮੀ ਸ਼ੇਰਗਿੱਲ, ਗੁਰਦਾਸ ਮਾਨ, ਹਰਭਜਨ ਮਾਨ, ਬੱਬੂਮਾਨ, ਗਿੱਪੀ ਗਰੇਵਾਲ, ਤੇ ਦਿਲਜੀਤ ਦੁਸਾਂਝ ਤੋਂ ਇਲਾਵਾ ਕੈਨੇਡੀਅਨ ਬੀਬਾ ਨੀਰੂ ਬਾਜਵਾ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਦਲਜੀਤ ਕੌਰ, ਪ੍ਰੀਤੀ ਸਪਰੂ ਤੋਂ ਬਾਅਦ ਨੀਰੂ ਬਾਜਵਾ ਹੀ ਅਜਿਹੀ ਅਭਿਨੇਤਰੀ ਹੈ ਜਿਸ ਦੇ ਖਾਤੇ ਵਿਚ ਸਭ ਤੋਂ ਵੱਧ ਸਫਲ ਪੰਜਾਬੀ ਫ਼ਿਲਮਾਂ ਹਨ। ਪੰਜਾਬੀ ਸੰਗੀਤ ਮਾਰਕੀਟ ਦੇ ਯੁਵਾ ਹੌਟ ਸਟਾਰ ਤੇ ਹੀਰੋ ਬਣ ਉਭਰੇ ਦਿਲਜੀਤ ਦੁਸਾਂਝ ਤੇ ਗਾਇਕ ਹੀਰੋ ਗਿੱਪੀ ਗਰੇਵਾਲ ਦੀ ਫ਼ਿਲਮ ਜਿਹਨੇ ਮੇਰਾ ਦਿਲ ਲੁੱਟਿਆ ਨੇ ਰਿਲੀਜ਼ ਹੁੰਦਿਆਂ ਹੀ ਦੇਸ਼ਾਂ ਵਿਦੇਸ਼ਾਂ ਦੀਆਂ ਟਿਕਟ ਖਿੜਕੀਆਂ 'ਤੇ ਜ਼ਬਰਦਸਤ ਬਿਜ਼ਨਸ ਕਰਕੇ ਕੀਤਾ।

ਗਿੱਪੀ ਗਰੇਵਾਲ ਤੇ ਮੈਡੀਂ ਤੱਖਰ ਅਭਿਨੀਤ ਪੰਜਾਬੀ ਫ਼ਿਲਮ 'ਮਿਰਜ਼ਾ' ਵੀ ਓਪਨਿੰਗ ਵਾਲੇ ਦਿਨ ਨਵੇਂ ਰਿਕਾਰਡ ਬਣਾ ਗਈ। ਦਿਲਜੀਤ ਦੁਸਾਂਝ ਤੇ ਨੀਰੂ ਬਾਜਵਾ ਦੀਆ ਮੁੱਖ ਭੂਮਿਕਾਵਾਂ ਵਾਲੀ 'ਜੱਟ ਐਂਡ ਜੂਲੀਅਟ' ਨੇ ਸਿਨੇਮਿਆਂ ਵਿਚ ਖੁੱਤੀਆਂ ਪਾ ਕੇ ਪਹਿਲੀ ਪੰਜਾਬੀ ਬਲਾਕ ਬਾਸਟਰ ਫ਼ਿਲਮ ਦਾ ਰੁਤਬਾ ਹਾਸਲ ਕਰ ਲਿਆ ਹੈ। ਇਸੇ ਕਰਕੇ ਹੀ 'ਨੱਕ' ਫੇਮ ਸਟਾਰ ਗਾਇਕ ਤੇ ਐਕਟਰ ਹਿਮੇਸ਼ ਰੇਸ਼ਮੀਆਂ ਵੱਲੋਂ 'ਜੱਟ ਐਂਡ ਜੂਲੀਅਟ' ਦਾ ਨਿਰਮਾਣ ਹਿੰਦੀ ਵਿਚ ਕੀਤਾ ਜਾ ਰਿਹਾ ਹੈ।

ਗਿੱਪੀ , ਘੁੱਗੀ, ਬੀਨੂੰ ਤੇ ਮਾਹੀ ਵਾਲੀ 'ਕੈਰੀ ਆਨ ਜੱਟਾ' ਦੀ ਸਫਲਤਾ ਨੇ ਪੰਜਾਬੀ ਸਿਨੇਮੇ ਲਈ ਅਨੇਕਾਂ ਨਵੇਂ ਨਿਰਮਾਤਾਵਾਂ ਨੂੰ 'ਕੈਰੀ ਆਨ' ਕਹਿ ਦਿੱਤਾ ਹੈ। ਸਾਫ-ਸੁਥਰੀਆਂ ਤੇ ਵਿਸ਼ੇ ਭਰਪੂਰ ਫ਼ਿਲਮਾਂ ਨੂੰ ਦਰਸ਼ਕਾਂ ਨੇ ਸਵੀਕਾਰਿਆ ਹੈ। ਅੱਜ




ਪੰਜਾਬੀ ਸਿਨੇਮੇ ਕੋਲ ਖੁਦ ਦੇ ਚੰਗੇ ਗੱਭਰੂ ਨਿਰਦੇਸ਼ਕ ਹਨ ਜਿਨ੍ਹਾਂ ਦਾ ਕੰਮ ਬੋਲਿਆ ਹੈ ਜਿਸ ਵਿਚ ਪੰਜਾਬੀ ਗਾਇਕਾਂ ਦੀ ਪ੍ਰਸਿੱਧੀ ਨੂੰ ਕੈਸ਼ ਕੀਤਾ ਜਾ ਰਿਹਾ ਹੈ। ਨਵੇਂ ਪੰਜਾਬੀ ਫ਼ਿਲਮਕਾਰ ਜਿਥੇ ਪੰਜਾਬੀ ਸਿਨੇਮੇ ਨਾਲ ਜੁੜ ਰਹੇ ਹਨ ਉਥੇ ਬਾਲੀਵੁੱਡ ਦੇ ਚੋਟੀ ਦੇ ਨਿਰਦੇਸ਼ਕ ਜਿਵੇਂ ਧੜਕਣ ਫੇਮ ਧਰਮੇਸ਼ ਦਰਸ਼ਨ ਤੇ ਗੁੱਡੂ ਧਨੋਆ ਵਰਗੇ ਪੰਜਾਬੀ ਫ਼ਿਲਮਾਂ ਕਰ ਰਹੇ ਹਨ।

ਪੰਜਾਬੀ ਸਿਨੇਮੇ ਵਿਚ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਪੰਜਾਬੀ ਸਿਨੇਮੇ ਵਿਚ ਪ੍ਰਵੇਸ਼ ਡਾਕਟਰੀ ਪੇਸ਼ੇ ਨਾਲ ਜੁੜੇ ਕਸਬਾ ਦੋਰਾਹਾ ਦੇ ਡਾ. ਇੰਦਰਰੂਪ ਘੁੰਮਣ, ਡਾ. ਸੁਖਪਾਲ ਮਾਂਗਟ ਤੇ ਅਮਰੀਕਾ ਵੱਸਦੇ ਉਘੇ ਕਾਰੋਬਾਰੀ ਬਿਕਰਮ ਗਿੱਲ ਵੱਲੋਂ ਸੰਜੀਦਾ ਸੋਚ ਦੇ 'ਮੰਨਤ' ਫੇਮ ਨਿਰਦੇਸ਼ਕ ਗੁਰਬੀਰ ਗਰੇਵਾਲ ਵੱਲੋਂ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਸਾਡੀ ਵੱਖਰੀ ਹੈ ਸ਼ਾਨ' 12 ਅਕਤੂਬਰ ਨੂੰ ਵਿਸ਼ਵ ਭਰ ਵਿਚ ਰਲੀਜ਼ ਹੋਈ ਹੈ। ਪੰਜਾਬੀ ਸਿਨੇਮੇ ਨੂੰ ਇਹ ਫ਼ਿਲਮ ਆਧੁਨਿਕ ਪੱਖਾਂ ਤੋਂ ਅਮੀਰ ਬਣਾਉਂਦੀ ਹੈ ਕਿਉਂਕਿ ਇਹ ਫ਼ਿਲਮ (ਲਗਾਨ ਤੇ ਕਾਕਟੇਲ) ਤੋਂ ਬਾਅਦ ਪਹਿਲੀ ਸਿੰਕ ਸਾਊਂਡ ਫ਼ਿਲਮ ਹੈ।

# ਸੇਲਿਨਾ ਜੇਤਲੀ: ਪੰਜਾਬੀ ਪਿਓ ਦੀ ਅਫਗਾਨ ਧੀ



ਪੰਜਾਬੀ ਪਿਤਾ ਤੇ ਅਫਗਾਨੀ ਮਾਂ ਦੇ ਘਰ ਜਨਮੀ ਸੇਲਿਨਾ ਜੇਤਲੀ ਦੇ ਪਿਤਾ ਵੀ.ਕੇ. ਜੇਤਲੀ ਭਾਰਤੀ ਸੈਨਾ ਦੇ ਰਿਟਾਇਰਡ ਕਰਨਲ ਹਨ ਜਦਕਿ ਉਨ੍ਹਾਂ ਦੀ ਮਾਂ ਮੀਤਾ ਅਫਗਾਨ ਹਿੰਦੂ ਹੈ ਤੇ ਭਾਰਤੀ ਸੈਨਾ ਵਿਚ ਹੀ ਇਕ ਨਰਸ ਸੀ। ਖਾਸ ਗੱਲ ਇਹ ਹੈ ਕਿ ਸੇਲਿਨਾ ਜੇਤਲੀ ਦੀ ਮਾਂ 'ਅਫਗਾਨ ਸੁੰਦਰੀ' ਵੀ ਰਹਿ ਚੁੱਕੀ ਹੈ। ਸੇਲਿਨਾ ਦਾ ਇਕ ਭਰਾ ਹੈ ਜੋ ਭਾਰਤੀ ਸੈਨਾ ਵਿਚ ਕੰਮ ਕਰਦਾ ਹੈ।

ਲਖਨਊ ਸਮੇਤ ਕਈ ਸ਼ਹਿਰਾਂ ਵਿਚ ਪਲੀ ਸੇਲਿਨਾ ਨੇ ਲਖਨਊ ਦੇ ਮਾਂਟੇਸਰੀ ਸਕੂਲ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਜਦੋਂ ਉਸ ਦੇ ਪਿਤਾ ਦੀ ਬਦਲੀ ਓੜੀਸਾ ਦੇ ਬਹਿਰਾਮਪੁਰ ਸ਼ਹਿਰ ਵਿਚ ਹੋ ਗਈ ਤਾਂ ਉਸ ਨੇ ਉਥੇ ਵੀ ਪੜ੍ਹਾਈ ਕੀਤੀ। ਅਖੀਰ ਉਸ ਨੇ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਤੋਂ ਵਪਾਰ ਵਿਚ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ। ਉਂਜ ਸੇਲਿਨਾ ਨੇ ਆਪਣਾ ਸਭ ਤੋਂ ਜ਼ਿਆਦਾ ਸਮਾਂ ਕੋਲਕਾਤਾ ਵਿਚ ਬਿਤਾਇਆ ਹੈ। ਸੇਲਿਨਾ ਲਈ ਬਾਲੀਵੁੱਡ ਦਾ ਰਾਹ ਉਸ ਵੇਲੇ ਸੌਖਾ ਹੋਇਆ ਜਦੋਂ ਉਸ ਨੇ ਸਾਲ 2001 ਵਿਚ 'ਫੈਮਿਨਾ ਮਿਸ ਇੰਡੀਆ ਯੂਨੀਵਰਸ' ਦਾ ਖਿਤਾਬ ਜਿੱਤਿਆ। ਉਂਜ ਇਸ ਤੋਂ ਪਹਿਲਾਂ ਵੀ ਉਹ ਫੈਮਿਨਾ ਮਿਸ ਇੰਡੀਆ ਯੂਨੀਵਰਸ ਦੇ ਨਾਲ-ਨਾਲ 'ਮਿਸ ਮਾਰਗੋ ਖੂਬਸੂਰਤ ਤਵਚਾ', 'ਇੰਡੀਆ ਟਾਈਮਜ਼ ਸਰਫਰਸ ਚੁਆਇਸ' ਤੇ 'ਐਮ.ਟੀ.ਵੀ. ਦਾ 'ਮੋਸਟ ਵਾਂਟਿਡ' ਐਵਾਰਡ ਜਿੱਤ ਚੁੱਕੀ ਸੀ।

ਸਾਲ 2003 ਵਿਚ ਫ਼ਿਲਮਕਾਰ ਫਿਰੋਜ਼ ਖਾਨ ਦੀ ਫ਼ਿਲਮ 'ਜਾਨਸ਼ੀਨ' ਨਾਲ ਬਾਲੀਵੁੱਡ ਵਿਚ ਆਪਣਾ ਕਰੀਅਰ ਸ਼ੁਰੂ ਕਰਨ ਵਾਲੀ ਸੇਲਿਨਾ ਬਚਪਨ ਵਿਚ ਸੈਨਾ ਵਿਚ ਭਰਤੀ ਹੋਣ ਦਾ ਇਰਾਦਾ ਰੱਖਦੀ ਸੀ ਪਰ ਜਾਂ ਤਾਂ ਇਕ ਡਾਕਟਰ ਜਾਂ ਫਿਰ ਇਕ ਪਾਇਲਟ ਦੇ ਰੂਪ ਵਿਚ ਪਰ ਜਦੋਂ ਬਾਲੀਵੁੱਡ ਵਿਚ ਸ਼ੁਰੂਆਤ ਹੋ ਗਈ ਤਾਂ ਉਸ ਨੇ ਪੁਰਾਣੇ ਇਰਾਦਿਆਂ ਨੂੰ ਦੂਰ ਸੁੱਟ ਦਿੱਤਾ। 'ਜਾਨਸ਼ੀਨ' ਭਾਵੇਂ ਅਸਫਲ ਫ਼ਿਲਮ ਸਿੱਧ ਹੋਈ ਪਰ ਇਸ ਫ਼ਿਲਮ 'ਚ ਕੀਤੀ ਗਈ ਬੋਲਡ ਅਦਾਕਾਰੀ ਨਾਲ ਸੇਲਿਨਾ ਕੁਝ ਫ਼ਿਲਮਕਾਰਾਂ ਦੀ ਨਜ਼ਰੇ ਚੜ੍ਹ ਗਈ। ਇਹੀ ਕਾਰਨ ਰਿਹਾ ਕਿ ਅਸਫਲ ਫ਼ਿਲਮਾਂ ਨਾਲ ਸ਼ੁਰੂਆਤ ਕਰਨ ਦੇ ਬਾਵਜੂਦ ਉਸ ਦੇ ਖਾਤੇ ਵਿਚ ਫ਼ਿਲਮਾਂ ਆਉਂਦੀਆਂ ਰਹੀਆਂ। ਭਾਵੇਂ ਸੇਲਿਨਾ ਨੇ ਆਪਣੇ ਵਿਆਹ ਦੇ ਇਕ ਮਹੀਨੇ ਬਾਅਦ ਇਹ ਖੁਲਾਸਾ ਕੀਤਾ ਸੀ ਕਿ ਉਸ ਨੇ ਵਿਆਹ ਕਰ ਲਿਆ ਹੈ ਪਰ 24 ਮਾਰਚ, 2012 ਨੂੰ ਦੁਬਈ ਵਿਚ 2 ਜੌੜੇ ਬੇਟਿਆਂ ਦੀ ਮਾਂ ਬਣਦਿਆਂ ਹੀ ਇਹ ਗੱਲ ਸ਼ੀਸ਼ੇ ਵਾਂਗ ਸਾਫ ਹੋ ਗਈ ਕਿ ਬੁਆਏਫ੍ਰੈਂਡ ਪੀਟਰ ਹੌਗ ਨਾਲ ਆਪਣਾ ਪਰਿਵਾਰ ਅੱਗੇ ਵਧਾਉਣ ਲਈ ਉਹ ਕਿੰਨੀ ਕਾਹਲੀ ਸੀ।

# ਪੰਜਾਬੀ ਟ੍ਰਿਬਿਊਨ ਵਿਚ ਸੰਘਰਸ਼ ਦੇ ਵਰ੍ਹੇ ਅਤੇ ਸ਼ਮਸ਼ੇਰ ਸੰਧੂ

*(ਸਫਾ 29 ਦੀ ਬਾਕੀ)*

ਲੱਗਦੈ, ਸ਼ਮਸ਼ੇਰ ਸੰਧੂ ਕਿਸਮਤ ਦਾ ਧਨੀ ਹੈ। 80ਵਿਆਂ ਦੇ ਆਖਰੀ ਵਰ੍ਹਿਆਂ ਵਿਚ ਹਰਭਜਨ ਹਲਵਾਰਵੀ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣ ਗਿਆ। ਅਖਬਾਰ ਦਾ ਵਿਸਤਾਰ ਹੋਇਆ ਤੇ ਅਖਬਾਰ ਦੇ ਵੱਖਰੇ ਖੇਤੀ ਅੰਕ, ਸਭਿਆਚਾਰ ਤੇ ਫਿਲਮ ਅੰਕ, ਪਤਾ ਨਹੀਂ ਕਿਹੜੇ-ਕਿਹੜੇ ਅੰਕ ਬਣਨ ਲੱਗੇ। ਇਨ੍ਹਾਂ ਅੰਕਾਂ ਦੇ ਨਾਲ ਹੀ ਅਖੀਰ ਸ਼ਮਸ਼ੇਰ ਦਾ ਖਹਿੜਾ ਖਬਰਾਂ ਬਣਾਉਣ ਤੋਂ ਛੁੱਟ ਗਿਆ ਅਤੇ ਉਸ ਦੀ ਸ਼ਖਸੀਅਤ ਸੂਹੇ ਗੁਲਾਬ ਦੇ ਫੁੱਲ ਵਾਂਗ ਮੌਲ ਗਈ। ਸ਼ਮਸ਼ੇਰ ਅੰਦਰ ਦੱਬੀ ਪਈ ਮਸਤੀ ਦੇ ਫੁੱਟ ਬਾਹਰ ਨਿਕਲ ਆਉਣ ਦਾ ਸਬੱਬ ਅਖਬਾਰ ਦੇ 'ਫਿਲਮ ਅੰਕ' ਅਤੇ 'ਸਭਿਆਚਾਰਕ ਅੰਕ' ਬਣੇ।

ਸਾਲ 1992 ਵਿਚ ਵੋਟਾਂ ਦੇ ਬਾਈਕਾਟ ਕਰਕੇ ਬਣੀ ਬੇਅੰਤ ਸਿੰਘ ਸਰਕਾਰ ਸਮੇਂ ਪੰਜਾਬ ਵਿਚ ਅਤਿਵਾਦ ਦੇ ਕਥਿਤ ਖਾਤਮੇ ਤੋਂ ਬਾਅਦ ਲੋਕ ਗਾਇਕੀ ਦੇ ਜਿਸ ਕਿਸਮ ਦੇ ਸਭਿਆਚਾਰਕ ਦੌਰ ਦਾ ਆਰੰਭ ਹੋਇਆ, ਸ਼ਮਸ਼ੇਰ ਸੰਧੂ ਉਸ ਦਾ ਨਾਇਕ ਬਣ ਕੇ ਉਭਰਿਆ। ਸ਼ਮਸ਼ੇਰ ਸੰਧੂ ਥੋੜ੍ਹਾ ਸੰਗਾਊ, ਮਿੰਨ੍ਹਾ ਅਤੇ ਮਚਲਾ ਵੀ ਹੈ; ਪਤਾ ਤਾਂ ਉਸ ਨੂੰ ਵੀ ਹੋਣੈ ਪਰ ਮੈਂ ਅਤੇ ਸਾਡਾ ਮਰਹੂਮ ਮਿੱਤਰ ਨਰਿੰਦਰ ਭੁੱਲਰ ਅਕਸਰ ਹੀ ਪੰਜਾਬ ਦੀ ਲੋਕ ਗਾਇਕੀ ਦੇ ਗਗਨਾਂ 'ਤੇ ਅਚਾਨਕ ਹੋਈ ਉਸ ਦੀ ਚੜ੍ਹਤ ਨੂੰ ਵੇਖ ਕੇ ਦਾਰੂ ਪਿਆਲਾ ਪੀਣ ਮੌਕੇ ਹੱਸਦੇ ਹੁੰਦੇ ਸਾਂ। 'ਪੰਜਾਬ ਟਾਈਮਜ਼' ਦੇ ਪੰਨਿਆਂ ਵਿਚ ਜਿਨ੍ਹਾਂ ਪਾਠਕਾਂ ਨੇ ਸ਼ਮਸ਼ੇਰ ਦੀ ਚਰਚਿਤ ਕਹਾਣੀ 'ਭੂਆ ਖਤਮ ਕੌਰ' ਪੜ੍ਹੀ ਹੋਵੇ, ਉਹ ਚੰਗੀ ਤਰ੍ਹਾਂ ਜਾਣਦੇ ਹੋਣਗੇ, ਉਸ ਦੀ ਮਸਤੀ ਦੇ ਜਾਦੂ ਦੀ ਸਮਰੱਥਾ ਨੂੰ। ਇਹੋ ਸਮਰੱਥਾ ਕਈ ਵਰ੍ਹੇ ਖਬਰਾਂ ਦੇ ਭਾਰ ਹੇਠ ਦੱਬੀ ਪਈ ਰਹਿਣ ਤੋਂ ਬਾਅਦ ਸੁਰਜੀਤ ਬਿੰਦਰਖੀਏ ਦੀ ਬੁਲੰਦ ਆਵਾਜ਼ ਰਾਹੀਂ ਕਿਸੇ ਪਹਾੜੀ ਝਰਨੇ ਦੀ ਆਬਸ਼ਾਰ ਵਾਂਗ ਫੁੱਟ ਕੇ ਜਦੋਂ ਬਾਹਰ ਆਈ ਤਾਂ ਪੰਜਾਬ ਦੀ ਫਿਜ਼ਾ ਵਿਚ ਬਾਰੂਦ ਦੀ ਧੁਆਂਖ ਅਤੇ ਗੋਲੀਆਂ ਦੇ ਦਹਿਸ਼ਤੀ ਖੜਕੇ-ਦੜਕੇ ਤੋਂ ਬਾਅਦ ਚਾਰੇ ਪਾਸੇ 'ਤੇਰੇ 'ਚੋਂ ਤੇਰਾ ਯਾਰ ਬੋਲਦਾ' ਦੇ ਬੋਲ ਥਿਰਕ ਉਠੇ ਸਨ। ਨਰਿੰਦਰ ਭੁੱਲਰ ਦੇ ਕਹਿਣ ਅਨੁਸਾਰ ਸ਼ਮਸ਼ੇਰ ਦੇ ਇਸ ਕਾਵਿਕ ਸਵੈ-ਕਥਨ:

'ਪਿੰਡ ਤਾਂ ਸਾਡੇ ਦੇ ਵਿਚ ਅੜੀਓ,
ਇਕ ਗਭਰੂ ਹੈ ਰਹਿੰਦਾ।
ਨਾਮ ਉਹਦਾ ਸ਼ਮਸ਼ੇਰ ਸੰਧੂ ਹੈ,
ਗੀਤ ਜੋੜਦਾ ਰਹਿੰਦਾ।
ਉਹਦੇ ਗੀਤ ਮੱਖਣ ਦੇ ਪੇੜੇ,
ਦਿਲ ਦੀਆਂ ਗੱਲਾਂ ਕਹਿੰਦਾ।'

ਵਿਚ ਸ਼ਮਸ਼ੇਰ ਦਾ ਨਵੇਂ ਸਿਰਿਓਂ ਪੈਦਾ ਹੋਇਆ ਮਸਤ ਆਤਮ-ਵਿਸ਼ਵਾਸ ਹੀ ਤਾਂ ਅੰਕਿਤ ਸੀ। ਨਰਿੰਦਰ ਭੁੱਲਰ ਨੇ ਸ਼ਾਮ ਦੀਆਂ ਮਹਿਫਲਾਂ ਵਿਚ ਅਜਿਹੇ ਮਿੱਠੇ ਮਜ਼ਾਕ ਅਨੇਕਾਂ ਵਾਰ ਸੁਣਾਏ ਜੋ ਅਜ ਵੀ ਮੇਰੀ ਯਾਦ ਵਿਚੋਂ ਕਿਰੇ ਨਹੀਂ ਹਨ।

ਇਸ ਤੋਂ ਪਹਿਲਾਂ ਮੈਂ ਗੱਲ 80ਵਿਆਂ ਦੇ ਸ਼ੁਰੂ ਦੀ ਕਰ ਰਿਹਾ ਸਾਂ। ਜਦੋਂ ਸ਼ਮਸ਼ੇਰ ਦੇ ਮੁਕਾਬਲੇ ਮੈਂ ਹਾਰਿਆ ਤਾਂ ਮੈਨੂੰ ਇਹੋ ਲੱਗਾ ਕਿ ਕਿਸਮਤ ਨੇ ਮੇਰੇ ਨਾਲ ਠੱਗੀ ਮਾਰੀ ਹੈ। ਮੇਰਾ ਉਹ ਨਿਰਾਸ਼ਾ ਦਾ ਸਮਾਂ ਸੀ। ਇਸ ਬਾਰੇ ਅਗਲੇ ਅੰਕ ਵਿਚ।


Vista
CCTV TECHNOLOGY
Corporate people first choice for Security
High End HD Series
SPECIAL OFFER
4 CAMERAS WITH 4 CH DVR
LED MONITOR INCLUDED
$1449
$1349 +Tax
SPECIAL OFFER
8 CAMERAS INSTALLATION INCLUDED
LED MONITOR INCLUDED
$2549
$2349 +Tax
SPECIAL OFFER
12 CAMERAS INSTALLATION INCLUDED
LED MONITOR INCLUDED
$4249
$3749 +Tax
HIGH QUALITY PRODUCT WITH 2 YEARS WARRANTY
HIGH BRAND REPUTATION
16 YEARS HISTORY IN CCTV
ADVANCE PRODUCT DESIGN
TRAINED TECHNICAL STAFF
PROFESSIONAL INSTALLATION
Why Vista CCTV TECHNOLOGY
24/7 HIGH END SECURITY SOLUTION
WE INSTALL ANYWHERE IN USA
16 YEARS EXPERIENCE IN CCTV BUSINESS
2 Years Warranty
QUALITY & RESOLUTION BUILD BY TECHNOLOGY NOT BY THE PRICE
Buy Online : www.ezchase.com
Email : commvision@sbcglobal.net
Call Sukhpal 661-586-5080
Customer Service : 1-800-235-1391
• NOW YOU CAN WATCH YOUR BUSINESS ON YOUR ANY SMART PHONE


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

**WE CAN SELL HUD HOMES ANY WHERE IN CALIFORNIA**

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes
from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095

## JUST SOLD

1. 32467 Woodland Dr., Union City, CA 94587
2. 4172 Eugene St. Fremont, CA 94538
3. 4171 N. Greenland Ter., Fremont, CA 94555
4. 2856 Glen Donegal Dr. San Jose, CA 95148
5. 1969 Catalpa Way Hayward, CA 94545
6. 4276 Solar Cir., Union City, CA 94587
7. 4313 San Marino Ct. Elk Grove, CA 95858
8. 3339 Sueno Dr. San Jose, CA 95148
9. 847 Downing Cir., Lincoln, CA 95648
10. 2952 Remington Way San Jose, CA 95148
11. 27471 Ponderosa Ct. Hayward, CA 94545
12. 5685 Comanche Dr., San Jose, CA 95123
13. 32452 Springwood Dr., Union City, CA 94587
14. 675 Bethal Pl., Livermore, CA 94551
15. 648 Cayuga Dr., San Jose, CA 95123
16. 4080 Gibraltor Dr., Fremont, CA 94536
17. 4167 Asimuth Dr., Union City, CA 94587
18. 2459 Medallion Dr., Union City, CA 94587

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**